ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ


# ਸਾਡੇ ਲੋਕ
SADE LOK
sadelok.com

4-10 ਜੂਨ 2025

ਸਾਲ 16ਵਾਂ - ਅੰਕ 23
email : info@sadelok.com

Ph. : 510-706-1300
Fax : 925-373-1300


## ’84 ’ਚ ਸਿੱਖ ਨਸਲਕੁਸ਼ੀ ਪੀੜਤਾਂ ਨੂੰ ਦਿੱਲੀ ਸਰਕਾਰ ਨੇ 41 ਸਾਲ ਬਾਅਦ ਕੁਝ ਪਰਿਵਾਰਾਂ ਨੂੰ ਦਿੱਤੀਆਂ ਨੌਕਰੀਆਂ

(ਦੇਖੋ ਸਫ਼ਾ 28 ’ਤੇ)





## ਅਮਰੀਕਾ ਵਿਚ ਸਿੱਖਾਂ ਦੀ ਵੱਖਰੀ ਪਹਿਚਾਣ ਦਾ ਪ੍ਰਤੀਕ ਸੈਨ ਫਰਾਂਸਿਸਕੋ ’ਚ ਨਗਰ ਕੀਰਤਨ 7 ਜੂਨ ਦਿਨ ਐਤਵਾਰ ਨੂੰ

(ਦੇਖੋ ਸਫ਼ਾ 20 ’ਤੇ)

## ਪੰਥ ਦੇ ਮਹਾਨ ਕੀਰਤਨੀਏ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਖ਼ਾਲਸਾ ਯੂਕੇ ’ਚ ਦੇ ਕੇ ਅਚਾਨਕ ਵਿਛੋੜਾ



ਸਾਨ ਫਰਾਂਸਿਸਕੋ : ਸਿੱਖ ਪੰਥ ਦੇ ਮਹਾਨ ਕੀਰਤਨੀਏ ਤੇ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਖਾਲਸਾ ਦੇ ਅਕਾਲ ਚਲਾਣੇ ’ਤੇ ਸਿੱਖ ਸੰਗਤਾਂ ’ਚ ਬਹੁਤ ਉਦਾਸੀ ਦਾ ਆਲਮ ਹੈ। ਪਟਿਆਲਾ ਜਿਲ੍ਹੇ ਦੀ ਰਾਜਪੁਰਾ ਤਹਿਸੀਲ ਦੇ ਪਿੰਡ ਕਹਿਲ ਮਾਜਰਾ ਦੇ ਜੰਮਪਲ ਭਾਈ ਇੰਦਰਜੀਤ ਸਿੰਘ ਲੰਬਾ ਸਮਾਂ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਕੀਰਤਨ ਦੀ ਸੇਵਾ ਕਰਦੇ ਰਹੇ ਤੇ ਉਹ ਪਿਛਲੇ ਕਾਫੀ ਅਰਸੇ ਤੋਂ ਅਮਰੀਕਾ ’ਚ ਪਰਿਵਾਰ ਸਮੇਤ ਰਹਿ ਰਹੇ ਸਨ ਤੇ ਉਨ੍ਹਾਂ ਦੇ ਵੱਡੇ ਭਰਾ ਭਾਈ ਜਸਵਿੰਦਰ ਸਿੰਘ ਵੀ ਉਨ੍ਹਾਂ ਨਾਲ ਇਥੇ ਹੀ ਰਹਿ ਰਹੇ ਸਨ। ਗੁਰਮਤਿ ਸੰਗੀਤ ਨਾਲ ਇਸ ਪਰਿਵਾਰ ਦੀ ਵਿਰਾਸਤੀ ਸਾਂਝ ਹੈ ਤੇ ਉਨ੍ਹਾਂ

(ਦੇਖੋ ਸਫ਼ਾ 30 ’ਤੇ)



“ਡੁੱਬ ਗਈਆਂ ਬੇੜੀਆਂ ਤੂਫਾਨ ਚੇਤੇ ਰਹਿ ਗਏ, ਬੁਲਾਂ ਉੱਤੇ ਟਾਵੇਂ-ਟਾਵੇਂ ਨਾਮ ਚੇਤੇ ਰਹਿ ਗਏ...
ਮਾਵਾਂ ਨੇ ਸੰਦੂਕਾਂ ਵਿੱਚ ਹਾਲੇ ਵੀ ਜੋ ਸਾਂਭੀਆਂ ਨੇ, ਪੱਗਾਂ ਉੱਤੇ ਖ਼ੂਨ ਦੇ ਨਿਸ਼ਾਨ ਚੇਤੇ ਰਹਿ ਗਏ... !”

# ਕੈਲੀਫੋਰਨੀਆ ਸੈਨੇਟ ’ਚ ਅੰਤਰਰਾਸ਼ਟਰੀ ਦਮਨ Transnational Repression SB 509 ਬਿੱਲ ਸਰਬਸੰਮਤੀ ਨਾਲ ਪਾਸ

ਸੈਕਰਾਮੈਂਟੋ (ਕੈਲੀਫੋਰਨੀਆ) : (ਸਾਡੇ ਲੋਕ) ਅਮਰੀਕਾ ਦੇ ਸਿੱਖਾਂ ਲਈ ਅਤੇ ਖਾਸ ਕਰਕੇ ਸੰਘਰਸ਼ ਕਰ ਰਹੀਆਂ ਵੱਖ-ਵੱਖ ਦੇਸ਼ਾਂ ਦੀਆਂ ਘੱਟ-ਗਿਣਤੀਆਂ ਲਈ ਬੇਹੱਦ ਖੁਸ਼ੀ ਵਾਲੀ ਖ਼ਬਰ ਸਾਹਮਣੇ ਆ ਰਹੀ ਹੈ ਕਿ ਟਰਾਂਸ ਨੈਸ਼ਨਲ ਰਿਪ੍ਰੈਸ਼ਨ ਬਿੱਲ SB 509 ਸੈਨੇਟ ਦੇ ਵਿਚ ਜੋ ਪੇਸ਼ ਹੋਇਆ ਸੀ ਉਹ ਵੱਖ-ਵੱਖ ਕਮੇਟੀਆਂ ’ਚ ਪਾਸ ਹੋਣ ਤੋਂ ਬਾਅਦ ਅਖੀਰ

(ਦੇਖੋ ਸਫ਼ਾ 29 ’ਤੇ)



ਫਾਈਲ ਫੋਟੋ

## 41 ਵਰ੍ਹੇ ਹੋ ਗਏ ਸ੍ਰੀ ਦਰਬਾਰ ਸਾਹਿਬ ’ਤੇ ਹੋਏ ਜੂਨ 84 ਦੇ ਹਮਲੇ ਨੂੰ, ਨਾ ਪੀੜ ਮੁੱਕੀ-ਨਾ ਜ਼ਖ਼ਮ ਸੁੱਕੇ

41 ਵਰ੍ਹੇ ਹੋ ਚੁੱਕੇ ਹਨ ਸ੍ਰੀ ਦਰਬਾਰ ਸਾਹਿਬ ’ਤੇ ਹੋਏ ਫੌਜੀ ਹਮਲੇ ਨੂੰ। ਜੂਨ 1984 ਵਿਚ ਹੋਏ ਇਸ ਫੌਜੀ ਹਮਲੇ ਦੌਰਾਨ ਜਿਥੇ ਪਾਵਨ ਪਵਿੱਤਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਤਹਿਸ-ਨਹਿਸ ਕੀਤਾ ਗਿਆ, ਉਥੇ ਸ੍ਰੀ ਹਰਿਮੰਦਰ ਸਾਹਿਬ ਦੀ ਗੁਰੂ ਮਰਿਯਾਦਾ ਨੂੰ ਵੀ ਲੀਰੋ-ਲੀਰ ਕੀਤਾ ਗਿਆ। ਜਿਥੇ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਿਜਦਾ ਕਰਨ




(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਗਈਆਂ ਸੰਗਤਾਂ ਨੂੰ ਗੋਲੀਆਂ, ਤੋਪਾਂ ਤੇ ਟੈਂਕਾਂ ਨਾਲ ਉਡਾਇਆ ਗਿਆ, ਬੇਗੁਨਾਹ, ਨਿਹੱਥੇ ਅਤੇ ਸਾਧਾਰਨ ਸ਼ਰਧਾਲੂਆਂ ਦੇ ਪਿਛੇ ਹੱਥ ਬੰਨ੍ਹ ਕਤਾਰਾਂ ’ਚ ਖੜ੍ਹਾ ਕੇ ਗੋਲੀਆਂ ਮਾਰ ਦਿੱਤੀਆਂ ਗਈਆਂ। ਸਿੱਖ ਰੈਫਰੈਂਸ ਲਾਇਬ੍ਰੇਰੀ ’ਚੋਂ ਕਿੰਨਾ ਹੀ ਕੁਝ ਚੁੱਕ ਕੇ ਜਬਤ ਕਰ ਲਿਆ ਗਿਆ ਤੇ ਬਾਕੀ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਲੋਕਾਂ ਦੇ ਮਨਾਂ ਵਿਚ ਅੱਜ ਵੀ ਉਹ ਦਰਦ ਜਿਉਂ ਦਾ ਤਿਉਂ ਤਕਲੀਫ਼ ਦਿੰਦਾ ਹੈ। ਸਿੱਖ ਭਾਈਚਾਰੇ ਨੂੰ 41 ਵਰ੍ਹੇ ਪਹਿਲਾਂ ਜਿਹੜੇ ਇਹ ਜ਼ਖ਼ਮ ਦਿੱਤੇ ਗਏ। ਇਨ੍ਹਾਂ ਜ਼ਖ਼ਮਾਂ ਦੀ ਅੱਜ ਤੱਕ ਨਾ ਪੀੜ ਮੁੱਕੀ ਹੈ ਨਾ ਜ਼ਖ਼ਮ ਸੁੱਕੇ ਹਨ। ਹਾਂ ਮੱਲ੍ਹਮਾਂ ਵੰਡਣ ਦਾ ਡਰਾਮਾ ਵੀ ਉਹੀ ਲੋਕ ਕਰਦੇ ਰਹੇ ਜਿਹੜੇ ਜ਼ਖ਼ਮ ਦੇਣ ਵਾਲਿਆਂ ’ਚ ਸ਼ਾਮਲ ਸਨ। ਇਸ ਤੋਂ ਵੀ ਅਗਾਂਹ ਸਿੱਖ ਕੌਮ ਨਾਲ ਹਮੇਸ਼ਾ ਧੋਖਾ ਤੇ ਧ੍ਰੋਹ ਹੀ ਕੀਤਾ ਗਿਆ ਅੱਜ ਵੀ ਸਿੱਖ ਭਾਰਤ ’ਚ ਇਨਸਾਫ਼ ਦੀ ਉਮੀਦ ਲੈ ਕੇ ਪਿਛਲੇ 41 ਵਰ੍ਹਿਆਂ ਤੋਂ ਅਦਾਲਤਾਂ ’ਚ ਚੱਕਰ ਕੱਟ ਰਹੇ ਹਨ, ਉਥੇ ਹੀ ਪੀੜਤਾਂ ਦੀ ਝੋਲੀ ਧੱਕੇ।
ਅਤੇ ਤਰੀਕਾਂ ਤੋਂ ਇਲਾਵਾ ਕੁਝ ਨਹੀਂ ਪਿਆ। ਸਿਰਫ਼ ਉਸ ਵਾਹਿਗੁਰੂ ਦਾ ਆਸਰਾ ਹੈ।

– ਸਤਨਾਮ ਸਿੰਘ ਖਾਲਸਾ।


**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas: Fiancee visas; H1/L1/H4/L2/NAFTA TN/E2/E3; Student Visa; B-1/B-2 Visitor Visas and; Other Categories of nonimmigrant visas
Other Immigration Services: Citizenship; e-Verify, 1-9 and; Other Compliance; Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ ’ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਾਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

**CJ Singh**
BHHS
License # 24012019
Real Estate Broker
NORTHWEST REAL ESTATE
BERKSHIRE HATHAWAY HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

ਪੋਲੀਟੀਕਲ ਅਸਾਈਲਮ • Political Asylum
Deportation of Defense • BIA Appeal
9 Circuit Court • Federal Court
ਗਰੀਨਕਾਰਡ • ਸਿਟੀਜ਼ਨਸ਼ਿਪ
Green Card • Citizenship
ਡਾਈਵੋਰਸ • ਸਿਵਲ ਐਂਡ ਕਰੀਮੀਨਲ ਕੇਸ
Divorce • Civil and Criminal Cases
Family Petition Immigration
Travel document • Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
209-481-7750
209-624-3919

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
**LAW OFFICES OF EMMANUEL ENYINWA**
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਆਬੂ ਧਾਬੀ 'ਚ ਸਿੱਖ ਦੀ ਪੱਗ ਤੇ ਕਿਰਪਾਨ ਲੁਹਾਈ, 20 ਦਿਨ ਹਿਰਾਸਤ 'ਚ ਰੱਖਿਆ

## ਕੈਥਲ ਦੇ ਅੰਮ੍ਰਿਤਧਾਰੀ ਸਿੱਖ ਪੀੜਤ ਦਲਵਿੰਦਰ ਸਿੰਘ ਦੇ ਪੁੱਤਰ ਮਨਪ੍ਰੀਤ ਸਿੰਘ ਨੇ ਭਾਰਤ ਸਰਕਾਰ ਨੂੰ ਮਾਮਲਾ ਯੂਏਈ ਸਰਕਾਰ ਕੋਲ ਉਠਾਉਣ ਦੀ ਕੀਤੀ ਅਪੀਲ

ਚੰਡੀਗੜ੍ਹ : ਆਬੂ ਧਾਬੀ ਵਿੱਚ ਇੱਕ ਸਿੱਖ ਨੂੰ ਹਿਰਾਸਤ ਵਿੱਚ ਅਪਮਾਨ ਸਹਿਣ ਤੋਂ ਇਲਾਵਾ, ਕਥਿਤ ਤੌਰ 'ਤੇ ਆਪਣੀ ਕਿਰਪਾਨ ਅਤੇ ਪੱਗ ਉਤਾਰਨ ਲਈ ਮਜਬੂਰ ਕੀਤਾ ਗਿਆ। ਨਵੀਂ ਦਿੱਲੀ ਦੇ ਵਸਨੀਕ ਮਨਪ੍ਰੀਤ ਸਿੰਘ ਨੇ ਆਬੂ ਧਾਬੀ ਵਿੱਚ ਆਪਣੇ ਪਿਤਾ ਦਲਵਿੰਦਰ ਸਿੰਘ ਨੂੰ ਪੇਸ਼ ਆਏ ਤਸ਼ੱਦਦ ਅਤੇ ਪ੍ਰੇਸ਼ਾਨੀ ਬਾਰੇ ਭਾਰਤ ਸਰਕਾਰ ਕੋਲ ਸ਼ਿਕਾਇਤ ਦਰਜ ਕਰਵਾਈ ਹੈ।



ਗੱਲਬਾਤ ਕਰਦਿਆਂ ਮਨਪ੍ਰੀਤ ਨੇ ਆਪਣੇ ਪਿਤਾ ਨਾਲ ਵਾਪਰੇ ਦੁਖਦਾਈ ਵਰਤਾਰੇ ਦੀ ਜਾਣਕਾਰੀ ਦਿੱਤੀ ਹੈ। ਕੈਥਲ ਦੇ ਅੰਮ੍ਰਿਤਧਾਰੀ ਸਿੱਖ ਦਲਵਿੰਦਰ ਸਿੰਘ, 21 ਅਪ੍ਰੈਲ ਨੂੰ ਇੱਕ ਗਰੁੱਪ ਦੌਰੇ ਦੇ ਹਿੱਸੇ ਵਜੋਂ ਟੂਰਿਸਟ ਵੀਜ਼ੇ 'ਤੇ ਆਬੂ ਧਾਬੀ ਗਏ ਸਨ। ਜਦੋਂ ਸਮੂਹ ਬੋਚਾਸਨਵਾਸੀ ਅਕਸ਼ਰ ਪੁਰਸ਼ੋਤਮ ਸਵਾਮੀਨਾਰਾਇਣ ਮੰਦਰ ਗਿਆ, ਤਾਂ ਆਬੂ ਧਾਬੀ ਪੁਲੀਸ ਨੇ ਦਲਵਿੰਦਰ ਨੂੰ ਰੋਕਿਆ, ਉਸ ਤੋਂ ਉਸ ਦੀ ਪਹਿਨੀ ਕਿਰਪਾਨ ਬਾਰੇ ਪੁੱਛਗਿੱਛ ਕੀਤੀ।

ਟੂਰ ਗਾਈਡਾਂ ਅਤੇ ਮੰਦਰ ਪ੍ਰਬੰਧਨ ਵੱਲੋਂ ਚਿੰਨ੍ਹਾਂ ਦੀ ਧਾਰਮਿਕ ਮਹੱਤਤਾ ਬਾਰੇ ਸਮਝਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਧਿਕਾਰੀਆਂ ਮੰਨਣ ਲਈ ਤਿਆਰ ਨਹੀਂ ਹੋਏ। ਮਨਪ੍ਰੀਤ ਨੇ ਕਿਹਾ ਕਿ ਉਸਦੇ ਪਿਤਾ ਨੂੰ ਉਨ੍ਹਾਂ ਦੀ 20 ਦਿਨਾਂ ਦੀ ਹਿਰਾਸਤ ਦੌਰਾਨ ਅਪਮਾਨ ਅਤੇ ਮਾਨਸਿਕ ਤਸੀਹੇ ਝੱਲਣੇ ਪਏ। ਸੀਆਈਡੀ, ਬਨਿਆਸ ਜੇਲ੍ਹ ਅਧਿਕਾਰੀਆਂ ਅਤੇ ਰਾਬਾ ਜੇਲ੍ਹ ਅਧਿਕਾਰੀਆਂ ਨੇ ਪਹਿਲਾਂ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਹੋਣ ਤੋਂ ਹੀ ਇਨਕਾਰ ਕਰ ਦਿੱਤਾ ਅਤੇ ਬਾਅਦ ਵਿੱਚ ਦਲਵਿੰਦਰ 'ਤੇ ਪੁਲੀਸ ਨਾਲ ਬਹਿਸ ਕਰਨ ਦੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ।

ਦਲਵਿੰਦਰ ਕਿਉਂਕਿ ਯੂਏਈ ਦੀ ਸਥਾਨਕ ਜ਼ੁਬਾਨ ਜਾਂ ਅੰਗਰੇਜ਼ੀ ਨਹੀਂ ਜਾਣਦੇ ਸਨ, ਜਿਸ ਨਾਲ ਬਹਿਸ ਦੇ ਦੋਸ਼ ਬੇਬੁਨਿਆਦ ਸਾਬਤ ਹੋਏ ਅਤੇ ਇਸ ਦਾ ਅਦਾਲਤ ਦੇ ਹੁਕਮ ਵਿੱਚ ਵੀ ਜ਼ਿਕਰ ਨਹੀਂ ਕੀਤਾ ਗਿਆ।

ਮਨਪ੍ਰੀਤ ਸਿੰਘ ਨੇ ਕਿਹਾ ਕਿ ਨਜ਼ਰਬੰਦੀ ਦੌਰਾਨ ਦਲਵਿੰਦਰ ਸਿੰਘ ਨੂੰ ਅਣਮਨੁੱਖੀ ਹਾਲਤਾਂ ਵਿੱਚ ਰੱਖਿਆ ਗਿਆ। ਉਨ੍ਹਾਂ ਦੀ ਪੱਗ, ਕੜਾ ਅਤੇ ਕੰਘਾ ਜ਼ਬਰਦਸਤੀ ਉਤਾਰ ਦਿੱਤਾ ਗਿਆ, ਜਿਸ ਨਾਲ ਉਨ੍ਹਾਂ ਨੂੰ ਨੰਗੇ ਸਿਰ ਰਹਿਣਾ ਪਿਆ। ਇਸ ਨਾਲ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਲੱਗੀ।

ਨਜ਼ਰਬੰਦੀ ਦੇ ਆਖਰੀ ਦਿਨਾਂ ਵਿੱਚ ਉਨ੍ਹਾਂ ਨੂੰ ਵਾਠਵਾ ਸੈਂਟਰਲ ਜੇਲ੍ਹ (Vathva Central Jail) ਭੇਜਿਆ ਗਿਆ, ਜਿੱਥੇ ਉਨ੍ਹਾਂ ਨੂੰ ਸ਼ਾਕਾਹਾਰੀ ਹੋਣ ਦੇ ਬਾਵਜੂਦ ਖਾਣ ਲਈ ਮਾਸਾਹਾਰੀ ਭੋਜਨ ਪਰੋਸਿਆ ਗਿਆ। ਬਾਅਦ ਵਿਚ ਉਨ੍ਹਾਂ ਨੂੰ ਪੱਗ ਤੋਂ ਬਿਨਾਂ ਹੀ ਮੁਲਕ ਵਿਚੋਂ ਡਿਪੋਰਟ ਕਰ ਦਿੱਤਾ ਗਿਆ।

ਦਲਵਿੰਦਰ ਦੀ ਭਾਲ ਵਿੱਚ ਮਨਪ੍ਰੀਤ ਅਤੇ ਉਨ੍ਹਾਂ ਦੇ ਸਹੁਰੇ ਨੂੰ ਇੱਕ ਤੋਂ ਦੂਜੀ ਜੇਲ੍ਹ ਧੱਕੇ ਖਾਣੇ ਪਏ। ਭਾਰਤੀ ਸਫ਼ਾਰਤਖ਼ਾਨੇ ਦੇ ਦਖਲ ਤੋਂ ਬਾਅਦ ਹੀ ਬਨਿਆਸ ਜੇਲ੍ਹ ਅਧਿਕਾਰੀਆਂ ਨੇ ਉਨ੍ਹਾਂ ਦੀ ਗ੍ਰਿਫਤਾਰੀ ਦੀ ਗੱਲ ਸਵੀਕਾਰੀ। ਉਨ੍ਹਾਂ ਦੀ ਰਿਹਾਈ ਦੇ ਅਦਾਲਤੀ ਹੁਕਮਾਂ ਦੇ ਬਾਵਜੂਦ ਪ੍ਰਕਿਰਿਆ ਵਿੱਚ 15 ਦਿਨਾਂ ਦੀ ਦੇਰੀ ਕੀਤੀ ਗਈ ਅਤੇ ਪਰਿਵਾਰਕ ਜੀਆਂ ਨੂੰ ਉਨ੍ਹਾਂ ਨੂੰ ਮਿਲਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ।

ਮਨਪ੍ਰੀਤ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਹ ਮਾਮਲਾ ਯੂਏਈ ਸਰਕਾਰ ਕੋਲ ਉਠਾਇਆ ਜਾਵੇ, ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਜਿਹੀਆਂ ਘਟਨਾਵਾਂ ਦੁਬਾਰਾ ਨਾ ਵਾਪਰਨ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ
ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜ਼ਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।
ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ
State of California Benefits Identification Card
STATE OF CALIFORNIA BENEFITS IDENTIFICATION CARD
Get more BENEFITS at No Cost $0 Premium
Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

Balsani Welders & Builders
We Design, Manufacture & Ship Nationwide
All Kind of Welding & Fabrication Services Available
Mobile Welding Services
Custom Febrication
Custom Welding / Alnminum Welding
Metal Canopy / Truck/Trailer Welding
Custom Metal Gates / Metal Fences
ਲੋਹੇ ਦੀਆਂ ਚਾਦਰਾਂ ਦੀਆਂ ਚੁਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।
ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ
ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।
ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ
ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।
Wrought Iron Fences / Ornamental Iron Fences / Custom Designed Iron Fences / Black Rod Iron Fences
Wrought Iron Garden Fences / FROM CONCEPTION / - FABRICATION TO INSTALLATION
ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।
S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117
ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ‘ਮੈਮੋਰੀਅਲ ਡੇਅ ਪਰੇਡ’ ’ਚ ਸਿੱਖ ਭਾਈਚਾਰੇ ਨੇ ਸ਼ਹੀਦ ਫੌਜੀਆਂ ਨੂੰ ਦਿੱਤੀ ਸ਼ਰਧਾਂਜਲੀ









ਡੇਟਨ (ਰਾਜ ਗੋਗਨਾ) : ਅਮਰੀਕਾ ਵਿੱਚ ਹਰ ਸਾਲ ‘ਮੈਮੋਰੀਅਲ ਡੇਅ’ ਦੇ ਮੌਕੇ ’ਤੇ ਸ਼ਹੀਦ ਅਮਰੀਕੀ ਫੌਜੀਆਂ ਨੂੰ ਯਾਦ ਕਰਨ ਲਈ ਕਈ ਸ਼ਹਿਰਾਂ ਵਿੱਚ ਪਰੇਡ ਦਾ ਆਯੋਜਨ ਕੀਤਾ ਜਾਂਦਾ ਹੈ। ਓਹਾਇਓ ਸੂਬੇ ਦੇ ਸ਼ਹਿਰ ਸਪਰਿੰਗਫੀਲਡ ਵਿੱਚ ਕੱਢੀ ਜਾਂਦੀ ‘ਮੈਮੋਰੀਅਲ ਡੇਅ ਪਰੇਡ’ ਦੇਸ਼ ਦੀ ਸਭ ਤੋਂ ਵੱਡੀਆਂ ਪਰੇਡਾਂ ’ਚੋਂ ਇੱਕ ਹੈ। ਹਰ ਸਾਲ ਵਾਂਗ ਵੱਖ-ਵੱਖ ਵਿਭਾਗਾਂ, ਜਥੇਬੰਦੀਆਂ, ਵਿਦਿਅਕ ਤੇ ਧਾਰਮਕ ਅਦਾਰਿਆਂ ਦੀਆ ਝਲਕੀਆਂ, ਇਸ ਪਰੇਡ ਦੀ ਵਿਸ਼ੇਸ਼ ਖਿੱਚ ਸਨ। ਫ਼ੌਜ ਦੀਆਂ ਜੀਪਾਂ, ਫਾਇਰ ਟਰੱਕ, ਮੋਟਰਸਾਈਕਲ, ਅਣਗਿਣਤ ਵਾਹਨ ਇਸ ਪਰੇਡ ਦਾ ਹਿੱਸਾ ਸਨ।

ਪਰੇਡ ਵਿਚ ਬਹੁਤ ਸਾਰੇ ਵਾਹਨਾਂ ਉੱਪਰ ਇੱਥੋਂ ਦੇ ਸ਼ਹੀਦਾਂ ਦੀਆਂ ਤਸਵੀਰਾਂ ਪੋਸਟਰਾਂ ’ਤੇ ਲਾ ਕੇ ਉਹਨਾਂ ਨੂੰ ਯਾਦ ਕੀਤਾ ਗਿਆ। ਇਸ ਸਾਲ ਦੀ ਪਰੇਡ ਦੌਰਾਨ ਲਗਭਗ 200 ਸਥਾਨਕ ਸੰਸਥਾਵਾਂ ਅਤੇ ਤਕਰੀਬਨ 2000 ਲੋਕਾਂ ਨੇ ਹਿੱਸਾ ਲਿਆ, ਜਦਕਿ ਹਜ਼ਾਰਾਂ ਦੀ ਗਿਣਤੀ ’ਚ ਨਾਗਰਿਕ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ। ਅਮਰੀਕਨ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਈਆਂ ਸਿੱਖ ਝਾਕੀਆਂ ਵੀ ਇਸ ਪਰੇਡ ਵਿੱਚ ਖਿੱਚ ਦਾ ਕੇਂਦਰ ਰਹੀ। ਜੱਦ 4 ਮੀਲ ਲੰਬੀ ਇਹ ਪਰੇਡ ਬਜਾਰਾਂ ਵਿੱਚੋਂ ਲੰਘੀ ਤਾਂ ਹਮੇਸ਼ਾਂ ਦੀ ਤਰ੍ਹਾਂ ਸਿੱਖ ਝਾਕੀ ਦਾ ਸੜਕ ਦੇ ਦੋਵੇਂ ਪਾਸੇ ਖੜ੍ਹੇ ਅਤੇ ਬੈਠੇ ਹਜ਼ਾਰਾਂ ਸ਼ਹਿਰੀਆਂ ਨੇ ਹੱਥਾਂ ਵਿੱਚ ਅਮਰੀਕੀ ਝੰਡੇ ਲੈ ਕੇ ਹੱਥ ਹਿਲਾ ਕੇ ਨਿੱਘਾ ਸਵਾਗਤ ਕੀਤਾ ਅਤੇ ਉਹ ‘ਮਿਸਟਰ ਸਿੰਘ, ਹੈਪੀ ਮੈਮੋਰੀਅਲ ਡੇਅ’ ਵੀ ਕਹਿ ਰਹੇ ਸਨ।

ਪਿਛਲੇ 26 ਸਾਲਾਂ ਤੋਂ ਸਪਰਿੰਗਫੀਲਡ ਦੇ ਸਮਾਜ ਸੇਵੀ ਅਵਤਾਰ ਸਿੰਘ, ਉਹਨਾਂ ਦੀ ਪਤਨੀ ਸਰਬਜੀਤ ਕੌਰ ਤੇ ਬੱਚੇ ਲਗਾਤਾਰ ਇਸ ਪਰੇਡ ਦਾ ਹਿੱਸਾ ਬਣਦੇ ਆ ਰਹੇ ਹਨ। ਉਹਨਾਂ ਵਲੋਂ ਕਈ ਵਰ੍ਹਿਆਂ ਪਹਿਲਾਂ ਕੀਤੇ ਗਏ ਇਸ ਉਦਮ ਸਦਕਾ ਹੁਣ ਸਿੱਖ ਸੋਸਾਇਟੀ ਆਫ ਡੇਟਨ ਦੀ ਸੰਗਤ, ਨਾਲ ਲੱਗਦੇ ਸ਼ਹਿਰ ਸਿਨਸਿਨਾਟੀ, ਕੋਲੰਬਸ ਅਤੇ ਇੰਡੀਆਨਾ ਸੂਬੇ ਤੋਂ ਵੀ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਇਸ ਵਿੱਚ ਭਾਗ ਲੈਂਦਾ ਹੈ। ਉਹਨਾਂ ਵੱਲੋਂ ਆਈਆਂ ਸੰਗਤਾਂ ਲਈ ਆਪਣੇ ਘਰ ਵਿੱਚ ਵੀ ਵਿਸ਼ੇਸ਼ ਲੰਗਰ ਦਾ ਪ੍ਰਬੰਧ ਕੀਤਾ ਜਾਂਦਾ ਹੈ।ਇਸ ਮੌਕੇ ਯੂ.ਕੇ. ਤੋਂ ਆਏ ਸੰਸਦ ਮੈਂਬਰ ਗੁਰਿੰਦਰ ਸਿੰਘ ਜੋਸਨ (ਸੀ.ਬੀ.ਈ) ਆਪਣੇ ਅਮਰੀਕਾ ਦੇ ਰੁਝੇਵਿਆਂ ਭਰੇ ਦੌਰੇ ਦੇ ਬਾਵਜੂਦ ਪਰੇਡ ਵਿੱਚ ਭਾਗ ਲੈਣ ਪਹੁੰਚੇ। ਅਵਤਾਰ ਸਿੰਘ ਸਣੇ ਸਿੱਖ ਭਾਈਚਾਰੇ ਨੇ ਉਹਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਉਹਨਾਂ ਨੇ ਸਿੱਖ ਭਾਈਚਾਰੇ ਵੱਲੋਂ ਅਮਰੀਕਾ ਦੇ ਵੱਖ-ਵੱਖ ਭਾਈਚਾਰਿਆਂ ਸਣੇ ਪਰੇਡ ’ਚ ਸ਼ਾਮਲ ਹੋ ਕੇ ਦੇਸ਼ ਲਈ ਕੁਰਬਾਨ ਹੋਣ ਵਾਲਿਆਂ ਦਾ ਸਤਿਕਾਰ ਕਰਣ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਕਮਿਉਨਿਟੀ ਕਾਰਕੁੰਨ ਸਮੀਪ ਸਿੰਘ ਗੁਮਟਾਲਾ ਜੋ ਆਪਣੇ ਪਰਿਵਾਰ ਸਣੇ ਕਈ ਸਾਲਾਂ ਤੋਂ ਇਸ ਵਿੱਚ ਸ਼ਮੂਲੀਅਤ ਕਰ ਰਹੇ ਹਨ ਨੇ ਦੱਸਿਆ ਕਿ ਸਤੰਬਰ 2001 ਵਿੱਚ ਅਮਰੀਕਾ ‘ਚ ਹੋਏ ਹਮਲਿਆਂ ਤੋਂ ਬਾਅਦ ਸਿੱਖਾਂ ਨੂੰ ਅਕਸਰ ਨਸਲੀ ਹਮਲਿਆਂ ਦਾ ਸਾਹਮਣਾ ਕਰਨਾ ਪਿਆ। ਇਸ ਕਾਰਨ ਇਹ ਹੋਰ ਵੀ ਜ਼ਰੂਰੀ ਬਣ ਗਿਆ ਕਿ ਅਸੀਂ ਅਜਿਹੀਆਂ ਪਰੇਡ ‘ਚ ਹਿੱਸਾ ਲਈਏ ਤਾਂ ਜੋ ਵੱਧ ਤੋਂ ਵੱਧ ਲੋਕ ਸਿੱਖ ਅਤੇ ਉਹਨਾਂ ਦੀ ਨਿਵੇਕਲੀ ਪਛਾਣ ਬਾਰੇ ਜਾਣ ਸਕਣ। ਪਰੇਡ ਦੌਰਾਨ ਬੀਵਰਕਰੀਕ ਸ਼ਹਿਰ ਦੇ ਵਸਨੀਕ ਸਵਰਨਜੀਤ ਸਿੰਘ ਪੰਨੂ ਅਤੇ ਸਮੂਹ ਪਰਿਵਾਰ ਵੱਲੋਂ ਪਰੇਡ ‘ਚ ਸ਼ਾਮਲ ਹਜ਼ਾਰਾਂ ਲੋਕਾਂ ਨੂੰ ਗਰਮੀ ਤੋਂ ਰਾਹਤ ਦੇਣ ਲਈ ਪਾਣੀ, ਜੂਸ ਅਤੇ ਸੋਡੇ ਵੰਡਣ ਦੀ ਸੇਵਾ ਕੀਤੀ ਗਈ। ਅਮਰੀਕਨ ਲੋਕਾਂ ਨੂੰ ਸਿੱਖਾਂ ਦੀ ਨਿਵੇਕਲੀ ਪਛਾਣ ਤੋਂ ਜਾਣੂ ਕਰਵਾਉਣ ਲਈ ਪੈਂਫਲੈਟ ਵੰਡੇ ਗਏ। ਪਰੇਡ ਦੀਆਂ ਅਨਮੋਲ ਯਾਦਾਂ ਨੂੰ ਕੈਮਰਾਬੰਦ ਕਰਨ ਦੀ ਸੇਵਾ ਡੇਟਨ ਤੋਂ ਏ.ਐਂਡ.ਏ. ਫੋਟੋਗ੍ਰਾਫੀ ਦੇ ਸੁਨੀਲ ਮੱਲੀ ਵਲੋਂ ਕੀਤੀ ਗਈ। ਪਰੇਡ ਉਪਰੰਤ ਲੰਗਰ ਦੀ ਸੇਵਾ ਨਿਭਾਉਣ ਵਾਲਿਆਂ ਵਿੱਚ ਮਹਾਰਾਜਾ ਇੰਡੀਆ, ਜੀਤ ਇੰਡੀਆ, ਤੰਦੂਰ ਇੱਡੀਆ ਤੇ ਜੀਤ ਇੰਡੀਆ ਰੈਸਟੋਰੈਂਟ ਸ਼ਾਮਲ ਸਨ।

## ਭਾਰਤੀ ਮੂਲ ਦੀ ਪਲਕ ਪਟੇਲ ਦੀ ਹੱਤਿਆ ਦੇ ਮਾਮਲੇ ਵਿਚ 10 ਸਾਲ ਬੀਤੇ ਜਾਣ ’ਤੇ ਵੀ ਸ਼ੱਕੀ ਪਤੀ ਨਹੀਂ ਆਇਆ ਕਾਬੂ



ਭਦਰੇਸ਼ਕੁਮਾਰ ਚੇਤਨਬਾਈ ਪਟੇਲ ਤੇ ਪਲਕ ਪੇਟਲ ਦੀ ਫਾਇਲ ਤਸਵੀਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਨਾਪੋਲਿਸ, ਮੈਰੀਲੈਂਡ ਵਿਚ 12 ਅਪ੍ਰੈਲ 2015 ਨੂੰ 21 ਸਾਲਾ ਭਾਰਤੀ ਮੂਲ ਦੀ ਪਲਕ ਪਟੇਲ ਦੀ ਚਾਕੂ ਮਾਰ ਕੇ ਕੀਤੀ ਹੱਤਿਆ ਦੇ ਮਾਮਲੇ ਵਿਚ ਲੋੜੀਂਦਾ ਸ਼ੱਕੀ ਉਸ ਦਾ ਪਤੀ ਭਦਰੇਸ਼ਕੁਮਾਰ ਚੇਤਨਬਾਈ ਪਟੇਲ ਅਜੇ ਵੀ ਲਾਅ ਇਨਫੋਰਸਮੈਂਟ ਏਜੰਸੀਆਂ ਦੀ ਪਹੁੰਚ ਤੋਂ ਬਾਹਰ ਹੈ ਤੇ ਉਸ ਦੀ ਕੋਈ ਉੱਗ ਸੁੱਗ ਨਹੀਂ ਹੈ ਕਿ ਉਹ ਕਿਸੇ ਹੋਰ ਦੇਸ਼ ਵਿਚ ਭੱਜ ਗਿਆ ਹੈ ਜਾਂ ਅਮਰੀਕਾ ਵਿਚ ਹੀ ਕਿਤੇ ਦੜਿਆ ਬੈਠਾ ਹੈ। ਐਫ ਬੀ ਆਈ ਨੇ ਉਸ ਨੂੰ 10 ਅੱਤ ਲੋੜੀਂਦੇ ਭਗੌੜਿਆਂ ਦੀ ਸੂਚੀ ਵਿਚ ਪਾਇਆ ਹੋਇਆ ਹੈ ਤੇ ਉਸ ਉਪਰ 2,50,000 ਡਾਲਰ ਦਾ ਇਨਾਮ ਐਲਾਨਿਆ ਹੋਇਆ ਹੈ। ਐਫ ਬੀ ਆਈ ਨੇ ਪਲਕ ਦੇ 32 ਵੇਂ ਜਨਮ ਦਿਨ ਮੌਕੇ 31 ਮਈ, 2025 ਨੂੰ ਆਮ ਲੋਕਾਂ ਨੂੰ ਫਿਰ ਅਪੀਲ ਕੀਤੀ ਹੈ ਕਿ ਉਹ ਭਗੌੜੇ ਪਟੇਲ ਨੂੰ ਗ੍ਰਿਫਤਾਰ ਕਰਵਾਉਣ ਵਿੱਚ ਮਦਦ ਕਰੇ। ਇਹ ਘਟਨਾ ਇਕ ਮੈਰੀਲੈਂਡ ਡੋਨਟ ਸ਼ਾਪ ਵਿਚ ਅੱਧੀ ਰਾਤ ਤੋਂ ਪਹਿਲਾਂ ਵਾਪਰੀ ਸੀ ਜਿਥੇ ਦੋਨੋਂ ਪਤੀ-ਪਤਨੀ ਕੰਮ ਕਰਦੇ ਸਨ। ਸੀ ਸੀ ਟੀ ਵੀ ਵੀਡੀਓ ਵਿਚ ਪਲਕ ਆਪਣੇ ਪਤੀ ਭਦਰੇਸ਼ਕੁਮਾਰ ਦੇ ਮਗਰ ਸਟੋਰੇਜ ਖੇਤਰ ਵਿਚ ਜਾ ਰਹੀ ਹੈ ਜਿਥੇ ਉਸ ਦਾ ਕਤਲ ਹੋਇਆ ਸੀ। ਐਫ ਬੀ ਆਈ ਬਾਲਟੀਮੋਰ ਫੀਲਡ ਦਫਤਰ ਦੇ ਵਿਸ਼ੇਸ਼ ਏਜੰਟ ਜੋਨਾਥਨ ਸ਼ਫਰ ਅਨੁਸਾਰ ਘਟਨਾ ਉਪਰੰਤ ਭਦਰੇਸ਼ਕੁਮਾਰ ਤੁਰੰਤ ਪਿਛਲੇ ਦਰਵਾਜ਼ੇ ਰਾਹੀਂ ਫਰਾਰ ਹੋ ਗਿਆ ਤੇ ਅੱਜ ਤੱਕ ਲਾਅ ਏਨਫੋਰਸਮੈਂਟ ਅਧਿਕਾਰੀਆਂ ਦੇ ਹੱਥ ਨਹੀਂ ਆਇਆ ਹੈ। ਪਲਕ ਅਰਵਿੰਦਭਾਈ ਪਟੇਲ ਦਾ ਜਨਮ 1993 ਵਿਚ ਅਹਿਮਦਾਬਾਦ ਵਿਚ ਹੋਇਆ ਸੀ। 25 ਨਵੰਬਰ 2013 ਨੂੰ ਉਸ ਦਾ ਵਿਆਹ ਭਦਰੇਸ਼ਕੁਮਾਰ ਪਟੇਲ ਨਾਲ ਹੋਇਆ ਸੀ। ਦੋਨੋਂ ਪਤੀ-ਪਤਨੀ ਸਤੰਬਰ 2014 ਵਿਚ ਅਮਰੀਕਾ ਆਏ ਸਨ। ਦੋਨੋਂ ਆਪਣੇ ਰਿਸ਼ਤੇਦਾਰ ਦੀ ਡੋਨਟ ਸ਼ਾਪ ’ਤੇ ਕੰਮ ਕਰਦੇ ਸਨ। ਮੌਤ ਤੋਂ ਪਹਿਲਾਂ ਪਲਕ ਭਾਰਤ ਜਾਣਾ ਚਹੁੰਦੀ ਸੀ। ਸ਼ਫਰ ਅਨੁਸਾਰ ਪਲਕ ਦੀ ਹੱਤਿਆ ਪਿੱਛੇ ਮਕਸਦ ਅਜੇ ਸਾਫ ਨਹੀਂ ਹੈ ਪਰੰਤੂ ਭਦਰੇਸ਼ਕੁਮਾਰ ਨਹੀਂ ਸੀ ਚਹੁੰਦਾ ਕਿ ਉਹ ਭਾਰਤ ਜਾਵੇ। ਪਲਕ ਨੂੰ ਇਸ ਗੱਲ ਦੀ ਕੋਈ ਭਿਣਕ ਨਹੀਂ ਸੀ ਕਿ ਉਸ ਦਾ ਕਤਲ ਕਰ ਦਿੱਤਾ ਜਾਵੇਗਾ। ਪਲਕ ਦੀ ਮਾਂ ਨੇ ਕਿਹਾ ਹੈ ਕਿ ਉਹ ਆਪਣੀ ਧੀ ਲਈ ਇਨਸਾਫ ਚਹੁੰਦੀ ਹੈ। ਉਸ ਦੇ ਪਤੀ ਨੇ ਬਿਨਾਂ ਕਿਸੇ ਕਾਰਨ ਮੇਰੀ ਧੀ ਨਾਲ ਧੋਖਾ ਕੀਤਾ ਹੈ। ਮੈਨੂੰ ਵਿਸ਼ਵਾਸ਼ ਹੈ ਕਿ ਇਕ ਨਾ ਇਕ ਦਿਨ ਭਦਰੇਸ਼ਕੁਮਾਰ ਫੜਿਆ ਜਾਵੇਗਾ।

## ਅਮਰੀਕਾ ਵਿਚ ਪ੍ਰਵਾਸੀਆਂ ਦੀ ਫੜੋਫੜੀ ਕਾਰਨ ਹਫੜਾਦਫੜੀ ਵਾਲਾ ਮਾਹੌਲ ਬਣਿਆ

- ਇਟਾਲੀਅਨ ਰੈਸਟੋਰੈਂਟ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਰਾਤ ਦੇ ਖਾਣੇ ਤੋਂ ਪਹਿਲਾਂ ਮਾਰਿਆ ਛਾਪਾ
- ਅਦਾਲਤਾਂ ਵਿਚ ਸੁਣਵਾਈ ਮੌਕੇ ਵੀ ਕੀਤੀਆਂ ਜਾ ਰਹੀਆਂ ਹਨ ਗ੍ਰਿਫਤਾਰੀਆਂ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ਾਂ ’ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਵਿੱਚ ਤੇਜੀ ਲਿਆਂਦੀ ਹੈ ਜਿਸ ਕਾਰਨ ਹਫੜਾਦਫੜੀ ਵਾਲਾ ਮਾਹੌਲ ਬਣਿਆ ਨਜਰ ਆ ਰਿਹਾ ਹੈ। ਸ਼ੁਰੂ ਵਿਚ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ ਦੀ ਗੱਲ ਕਹੀ ਗਈ ਸੀ ਪਰੰਤੂ ਬਾਅਦ ਵਿਚ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਦਾ ਘੇਰਾ ਵਧਾ ਦਿੱਤਾ ਗਿਆ ਤੇ ਛੋਟੇ ਮੋਟੇ ਅਪਰਾਧਾਂ ਵਿਚ ਸ਼ਾਮਿਲ ਪ੍ਰਵਾਸੀਆਂ ਨੂੰ ਵੀ ਇਸ ਘੇਰੇ ਵਿਚ ਸ਼ਾਮਿਲ ਕਰ ਲਿਆ ਗਿਆ। ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਫੈਕਟਰੀਆਂ, ਹੋਟਲਾਂ ਤੇ ਖੇਤੀਬਾੜੀ ਫਾਰਮਾਂ ਉਪਰ ਛਾਪੇ ਮਾਰੇ ਜਾ ਰਹੇ ਹਨ ਤੇ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ। ਪ੍ਰਸਿੱਧ ਸੈਨ ਡੀਏਗੋ ਇਟਾਲੀਅਨ ਰੈਸਟੋਰੈਂਟ ਵਿਚ ਰਾਤ ਦੇ ਖਾਣੇ ਤੋਂ ਪਹਿਲਾਂ ਮਾਰੇ ਗਏ ਛਾਪੇ ਦੌਰਾਨ ਕਈ ਵਰਕਰਾਂ ਨੂੰ ਹਿਰਾਸਤ ਵਿਚ ਲਏ ਜਾਣ ਦੀ ਖਬਰ ਹੈ। ਸਥਾਨਕ ਸੀ ਬੀ ਐਸ ਸਟੇਸ਼ਨ ਦੁਆਰਾ ਇਸ ਛਾਪੇ ਦੀ ਇਕ ਵੀਡੀਓ ਜਾਰੀ ਕੀਤੀ ਗਈ ਹੈ ਜਿਸ ਵਿਚ ਇਸ ਛਾਪੇ ਦਾ ਸਥਾਨਕ ਲੋਕ ਵਿਰੋਧ ਕਰਦੇ ਹੋਏ ਨਜ਼ਰ ਆ ਰਹੇ ਹਨ। ਭਾਰੀ ਗਿਣਤੀ ਵਿਚ ਹਥਿਆਰਬੰਦ ਏਜੰਟ ਰੈਸਟੋਰੈਂਟ ਵਿਚ ਦਾਖਲ ਹੋਏ ਤੇ ਉਨਾਂ ਨੇ ਹੋਟਲ ਵਿਚ ਕੰਮ ਕਰ ਰਹੇ ਵਰਕਰਾਂ ਨੂੰ ਹਿਰਾਸਤ ਵਿਚ ਲੈਣਾ ਸ਼ੁਰੂ ਕਰ ਦਿੱਤਾ ਜਿਸ ਦਾ ਮੌਕੇ ’ਤੇ ਹਾਜਰ ਲੋਕਾਂ ਨੇ ਵਿਰੋਧ ਕੀਤਾ। ਏਜੰਟਾਂ ਨੇ ਬੁਲਟ ਪਰੂਫ ਜੈਕਟਾਂ ਪਾਈਆਂ ਹੋਈਆਂ ਸਨ ਤੇ ਆਪਣੇ ਉਪਰ ਹੋਮਲੈਂਡ ਸਕਿਉਰਿਟੀ ਜਾਂਚ ਲੋਗੋ ਚਿਪਕਾਇਆ ਹੋਇਆ ਸੀ। ਪੈਡਰੋ ਰਿਆਸ, ਡਾਇਰੈਕਟਰ ਆਫ ਕੁਏਕਰ ਅਮੈਰੀਕਨ ਫਰੈਂਡਜ ਸਰਵਿਸ ਕਮੇਟੀ ਯੂ ਐਸ- ਮੈਕਸੀਕੋ ਬਾਰਡਰ ਪ੍ਰੋਗਰਾਮ ਨੇ ਮੀਡੀਆ ਨੂੰ ਦਸਿਆ ਕਿ ਏਜੰਟਾਂ ਨੇ ਵਿਰੋਧ ਕਰ ਰਹੀ ਭੀੜ ਉਪਰ ਗਰਨੇਡ ਵੀ ਦਾਗੇ। ਕਾਰਜਕਾਰੀ ਡਾਇਰੈਕਟਰ ਯੂਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਏਜੰਟਾਂ ਨੇ ਛਾਪੇ ਦੌਰਾਨ ਕੁਝ ਵੀ ਗਲਤ ਨਹੀਂ ਕੀਤਾ ਉਨ੍ਹਾਂ ਨੇ ਕੇਵਲ ਆਪਣੀ ਲਾਅ ਇਨਫੋਰਸਮੈਂਟ ਡਿਊਟੀ ਕੀਤੀ ਹੈ। ਉਨਾਂ ਕਿਹਾ ਕਿ ਸਾਨੂੰ ਨਾਜ਼ੀ ਨਾ ਕਿਹਾ ਜਾਵੇ ਤੇ ਨਾ ਹੀ ਅਸੀਂ ਕੋਈ ਖਲਨਾਇਕ ਹਾਂ। ਪਿਛਲੇ ਹਫਤੇ ਦੇ ਸ਼ੁਰੂ ਵਿਚ ਆਈ ਸੀ ਈ ਏਜੰਟਾਂ ਨੇ ਸੈਨ ਐਨਟੋਨੀਓ, ਟੈਕਸਾਸ ਕੋਰਟ ਹਾਊਸ ਵਿਚ ਸੁਣਵਾਈ ਤੋਂ ਬਾਅਦ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲੈ ਲਿਆ ਸੀ ਜਿਸ ਦਾ ਪ੍ਰਵਾਸੀਆਂ ਦੇ ਵਕੀਲਾਂ ਨੇ ਸਖਤ ਵਿਰੋਧ ਕੀਤਾ ਸੀ। ਇਮੀਗਰਾਂਟ ਲੀਗਲ ਰਿਸੋਰਸ ਸੈਂਟਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਬਹੁਤ ਹੀ ਸੰਕਟ ਭਰੇ ਸਮੇਂ ਵਿੱਚ ਪਰਵਾਸੀ ਪਰਿਵਾਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪ੍ਰਵਾਸੀ ਨਿਆਂ ਲਈ ਅਦਾਲਤਾਂ ਵਿਚ ਆਉਂਦੇ ਹਨ ਪਰੰਤੂ ਸੁਣਵਾਈ ਵਿੱਚ ਵਿਘਣ ਪਾਇਆ ਜਾ ਰਿਹਾ ਹੈ। ਇਸ ਬਿਆਨ ਨਾਲ ਇਕ ਵੀਡੀਓ ਵੀ ਜੋੜੀ ਗਈ ਹੈ ਜਿਸ ਵਿਚ ਆਈ ਸੀ ਈ ਏਜੰਟ ਅਦਾਲਤ ਵਿਚ 4 ਬੱਚਿਆਂ ਸਮੇਤ ਇਕ ਮਾਂ ਨੂੰ ਹਿਰਾਸਤ ਵਿਚ ਲੈ ਰਹੇ ਹਨ। ਇਕ ਨਬਾਲਗ ਬੱਚੇ ਦੇ ਹੱਥ ਪਿੱਠ ਪਿੱਛੇ ਬੰਨੇ ਹੋਏ ਨਜਰ ਆ ਰਹੇ ਹਨ। ਐਡੋਵੋਕੇਸੀ ਗਰੁੱਪ ਯੂਨੀਡੋਸ ਪੋਡਮੋਸ ਵੱਲੋਂ ਇਸੇ ਹੀ ਅਦਾਲਤ ਦੇ ਬਾਹਰਵਾਰ ਪ੍ਰਵਾਸੀਆਂ ਦੀ ਗ੍ਰਿਫਤਾਰੀ ਦੀ ਇਕ ਹੋਰ ਵੀਡੀਓ ਜਾਰੀ ਕੀਤੀ ਗਈ ਹੈ ਜਿਸ ਵਿਚ ਉਸ ਸਮੇਂ ਦਾ ਬਹੁਤ ਹੀ ਭਾਵੁਕ ਦ੍ਰਿਸ਼ ਨਜਰ ਆ ਰਿਹਾ ਹੈ ਜਿਸ ਵਿਚ ਸਿਵਲ ਵਰਦੀ ਵਿੱਚ ਏਜੰਟ ਦੋ ਔਰਤਾਂ ਤੇ ਇਕ ਬੱਚੇ ਨੂੰ ਕੈਦੀਆਂ ਨੂੰ ਲਿਜਾਣ ਵਾਲੀ ਗੱਡੀ ਵਿਚ ਜਬਰਨ ਚੜ੍ਹਾ ਰਹੇ ਹਨ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਸੈਕਰਾਮੈਂਟੋ 'ਚ ਕਰਵਾਏ ਗਏ ਕਬੱਡੀ ਕੱਪ ਵਿੱਚ ਨਿਊਯਾਰਕ ਮੈਟਰੋ ਤੇ ਕਿੰਗਸ ਕਲੱਬ ਸੈਕਰਾਮੈਂਟੋ ਨੇ ਸਾਂਝੇ ਤੌਰ 'ਤੇ ਟਰਾਫੀ ਜਿੱਤੀ

ਸੈਕਰਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਕਿੰਗਸ ਸਪੋਰਟਸ ਕਲਚਰ ਕਲੱਬ ਆਫ ਸੈਕਰਾਮੈਂਟੋ ਵੱਲੋਂ ਕਰਵਾਏ ਗਏ ਕਬੱਡੀ ਕੱਪ ਦੇ ਵਿੱਚ ਐਤਕਾਂ ਵੀ ਵੱਖ ਵੱਖ ਟੀਮਾਂ ਨੇ ਸ਼ਮੂਲੀਅਤ ਕੀਤੀ ਜਿਨਾਂ ਵਿੱਚ ਆਲ ਓਪਨ ਦੌਰਾਨ ਬਾਬਾ ਸੰਗ ਢੇਸੀਆਂ, ਮੈਡਵੈਸਟ ਯੂਐਸਏ, ਹਰਖੋਵਾਲ ਸਪੋਰਟਸ ਕਲੱਬ, ਕਿੰਗਸ ਸਪੋਰਟਸ ਕਲੱਬ ਸੈਕਰਾਮੈਂਟੋ ਨਿਊਯਾਰਕ ਮੈਟਰੋ, ਚੜਦਾ ਪੰਜਾਬ ਕਲੱਬ ਸੈਕਰਾਮੈਂਟੋ ਤੇ ਨੰਗਲ ਅੰਬੀਆਂ ਬੇ ਏਰੀਆ ਸਪੋਰਟਸ ਕਲੱਬ ਨੇ ਸਮੂਲੀਅਤ ਕੀਤੀ ਇਸ ਕਬੱਡੀ ਕੱਪ ਦੇ ਵਿੱਚ ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ ਤੇ ਨਿਊਯਾਰਕ ਮੈਟਰੋ ਨੇ ਸਾਂਝੇ ਤੌਰ 'ਤੇ ਟਰਾਫੀ ਤੇ ਕਬਜ਼ਾ ਕੀਤਾ। ਇਸ ਦੌਰਾਨ ਚੜਦਾ ਪੰਜਾਬ ਤੇ ਬੇਅ ਏਰੀਆ ਸਾਂਝੇ ਤੌਰ 'ਤੇ ਦੂਸਰੇ ਸਥਾਨ ਤੇ ਰਹੇ। ਇਸ ਉਪਰੰਤ ਸਥਾਨਕ ਟੀਮਾਂ ਦੇ ਵਿੱਚ ਫਰਿਜਨੋ ਸਪੋਰਟਸ ਕਲੱਬ ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ ਸੈਂਟਰ ਵੈਲੀ ਸਪੋਰਟਸ ਕਲੱਬ ਨੇ ਸ਼ਮੂਲੀਅਤ ਕੀਤੀ ਤੇ ਇਹਨਾਂ ਦੇ ਵਿੱਚੋਂ ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਪਹਿਲੇ ਸਥਾਨ ਤੇ ਰਿਹਾ ਤੇ ਸੈਂਟਰਲ ਵੈਲੀ ਸਪੋਰਟਸ ਕਲੱਬ ਦੂਜੇ ਸਥਾਨ ਤੇ ਰਿਹਾ। ਇਸ ਕਬੱਡੀ ਕੱਪ ਦੌਰਾਨ ਸੁਲਤਾਨ ਸਮਸਪੁਰੀਆ ਨੂੰ ਬੈਸਟ ਰੇਡਰ ਦਾ





ਖਿਤਾਬ ਦਿੱਤਾ ਗਿਆ ਤੇ ਮਨੀ ਮੱਲ੍ਹੀਆਂ ਨੂੰ ਬੈਸਟ ਜਾਫੀ ਦਾ ਖਿਤਾਬ ਦਿੱਤਾ ਗਿਆ। ਇਸ ਕਬੱਡੀ ਟੂਰਨਾਮੈਂਟ ਨੂੰ ਮੁੱਖ ਤੌਰ ਤੇ ਸਪੋਂਸਰ ਕਰਨ ਵਾਲਿਆਂ ਵਿੱਚ ਸ਼ੇਰੂ ਭਾਟੀਆ, ਜੈਸੀ ਥਾਂਦੀ ਮੈਕਸ ਏਜੰਟ ਫਾਇਨਾਂਸ਼ੀਅਲ, ਜਸਵਿੰਦਰ ਬੈਂਸ, ਬੀ ਜੇ ਗੀਅਰ, ਜਸਪ੍ਰੀਤ ਸਿੰਘ ਅਟਰਨੀ ਐਟ ਲਾਅ, ਐਂਟੀਲੋਪ ਬ੍ਰਦਰਜ, ਕਿੰਗ ਟਰੱਕ ਰਿਪੇਅਰ, ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਪਾਲਾ ਜਲਾਲਪੁਰੀਆ ਨੂੰ ਗੋਲਡ ਮੈਡਲ ਦੇ ਨਾਲ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਕਬੱਡੀ ਦੀ ਮੁਖ ਸਟੇਜ ਤੋਂ ਬੀਬੀ ਆਸ਼ਾ ਸ਼ਰਮਾ ਅਦਬ ਤੇ ਤਰਦੀਬ ਨਾਲ ਸਟੇਜ ਤੋਂ ਟੂਰਨਾਮੈਂਟ ਨੂੰ ਸੰਭਾਲਦੇ ਰਹੇ। ਟੀਮਾਂ ਦਾ ਰਿਕਾਰਡ ਗੁਰਮੇਲ ਸਿੰਘ ਦਿਓਲ ਤੇ ਖੇਡ ਦੀ ਕੁਮੈਂਟਰੀ ਇਕਬਾਲ ਗਾਲਿਬ ਨੇ ਕੀਤੀ। ਪ੍ਰਬੰਧਕੀ ਕੰਮ ਵਿੱਚ ਮੁੱਖ ਤੌਰ ਤੇ ਗੁਰਮੁਖ ਸੰਧੂ, ਕਿੰਦੂ ਰਮੀਦੀ, ਸੋਢੀ ਢੀਂਡਸਾ,ਗੁਰਨੇਕ ਢਿੱਲੋਂ, ਜੈਸੀ ਢਿੱਲੋਂ, ਸੁਖਵਿੰਦਰ ਧੂੜ, ਗੁਰਚਰਨ ਚੰਨੀ, ਸੀਤਲ ਸਿੰਘ ਨਿੱਜਰ, ਬੂਟਾ ਢਿੱਲੋ, ਬੂਟਾ ਲੋਧੀ, ਰਣਵੀਰ ਦੁਸਾਂਝ, ਹਰਨੇਕ ਸੰਧੂ, ਅਮਨਦੀਪ ਸੰਧੂ, ਜਸਵਿੰਦਰ ਸਿੰਘ ਰਾਏ, ਬਲਜੀਤ ਸਿੰਘ ਬਾਸੀ, ਜਸਕਰਨਪ੍ਰੀਤ ਸਿੰਘ, ਹਰਮੀਤ ਸਿੰਘ ਅਟਵਾਲ, ਸਤਨਾਮ ਸਿੰਘ ਸੋਕਰ, ਬੂਟਾ ਸਿੱਧੂ, ਰਵਿੰਦਰ ਜੌਹਲ, ਸਾਬੀ ਧਾਲੀਵਾਲ ਆਦਿ ਨੇ ਸੁਸੱਜੇ ਪ੍ਰਬੰਧ ਕੀਤੇ ਹੋਏ ਸਨ, ਇਸ ਦੌਰਾਨ ਪ੍ਰਬੰਧਕਾਂ ਨੇ ਇਸ ਕਬੱਡੀ ਕੱਪ ਨੂੰ ਫਿਰ 23 ਮਈ 2026 ਨੂੰ ਅਗਲੇ ਸਾਲ ਕਰਾਉਣ ਦਾ ਐਲਾਨ ਵੀ ਕੀਤਾ। ਇਸ ਮੌਕੇ ਦਰਸ਼ਕਾਂ ਲਈ ਮੁਫਤ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਸੀ ਤੇ ਬੀਬੀਆਂ ਨੂੰ ਅਲੱਗ ਬੈਠਣ ਲਈ ਵਿਸ਼ੇਸ਼ ਥਾਂ ਦੀ ਸਹੂਲਤ ਦਿੱਤੀ ਗਈ ਸੀ ਇਸ ਮੌਕੇ ਸਕਿਉਰਟੀ ਦਾ ਖਾਸ ਪ੍ਰਬੰਧ ਵੀ ਸੀ।

# ਕੈਲਗਰੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



ਕੈਲਗਰੀ : ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਵਿਖੇ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ। ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਸਾਰਾ ਦਿਨ ਦੀਵਾਨ ਸਜਾਏ ਗਏ। ਇਸ ਸਮੇਂ ਭਾਈ ਹਰਪਾਲ ਸਿੰਘ, ਖਾਲਸਾ ਸਕੂਲ ਦੇ ਬੱਚੇ, ਗਿਆਨੀ ਭਾਈ ਬਲਬੀਰ ਸਿੰਘ ਗਰੌਹ, ਭਾਈ ਜਗਦੇਵ ਸਿੰਘ ਜਾਚਕ, ਭਾਈ ਗੁਰਇਕਬਾਲ ਸਿੰਘ, ਭਾਈ ਜਗਦੀਪ ਸਿੰਘ, ਭਾਈ ਗੁਰਜੀਤ ਸਿੰਘ ਅਤੇ ਭਾਈ ਕੁਲਵਿੰਦਰ ਸਿੰਘ ਹੁਰਾਂ ਗੁਰਬਾਣੀ ਕੀਰਤਨ ਦੁਆਰਾ ਸ਼ਹੀਦੀ ਇਤਿਹਾਸ ਨਾਲ ਜੋੜਿਆ। ਇਸ ਸਮੇਂ ਬੀਬੀ ਮਨਿੰਦਰ ਕੌਰ ਹੁਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਪ੍ਰਤੀ ਸੰਗਤਾਂ ਨੂੰ ਅਪੀਲ ਕੀਤੀ ਕਿ ਜਦੋਂ ਤੁਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਘਰਾਂ ਵਿਚੋਂ ਜਾਂ ਕਿਸੇ ਹੋਰ ਸਥਾਨ 'ਤੇ ਲਿਜਾਂਦੇ ਹੋ ਤਾਂ ਮਰਿਆਦਾ ਦਾ ਧਿਆਨ ਜਰੂਰ ਰੱਖਿਆ ਕਰੋ। ਇਸ ਮੌਕੇ ਜੂਨ 1984 ਦੇ ਸ਼ਹੀਦਾਂ ਨੂੰ ਸਮਰਪਿਤ ਗੁਰੂ ਨਾਨਕ ਫ੍ਰੀ ਕਿਚਨ ਤੇ ਸਿੱਖ ਮੋਟਰਸਾਈਕਲ ਰਾਈਡਰਜ਼ ਕੈਲਗਰੀ ਵਲੋਂ ਛਬੀਲਾਂ ਦੀ ਸੇਵਾ ਕੀਤੀ ਗਈ। ਪ੍ਰੋਗਰਾਮ ਸਮੇਂ ਸਟੇਜ ਸਕੱਤਰ ਦੀ ਸੇਵਾ ਭਾਈ ਪ੍ਰਦੀਪ ਸਿੰਘ ਬੈਨੀਪਾਲ ਹੁਰਾਂ ਨੇ ਨਿਭਾਈ।

# ਅਮਰੀਕਾ: ਫ਼ਲਸਤੀਨ ਹਮਾਇਤੀ ਨੇ 'ਪੈਟਰੋਲ ਬੰਬ' ਸੁੱਟਿਆ, ਅੱਠ ਜ਼ਖ਼ਮੀ

## ਜ਼ਖ਼ਮੀਆਂ 'ਚੋਂ ਕੁਝ ਦੀ ਹਾਲਤ ਨਾਜ਼ੁਕ; ਹਮਲਾਵਰ ਨੂੰ ਹਿਰਾਸਤ ਵਿਚ ਲਿਆ

ਬੋਲਡਰ (ਅਮਰੀਕਾ) : ਅਮਰੀਕਾ ਵਿਚ ਇਕ ਵਿਅਕਤੀ ਨੇ 'ਫ਼ਲਸਤੀਨ ਨੂੰ ਆਜ਼ਾਦ ਕਰੋ' ਦਾ ਨਾਅਰਾ ਲਾਉਂਦੇ ਹੋਏ ਗਾਜ਼ਾ ਵਿਚ ਇਜ਼ਰਾਇਲੀ ਬੰਦੀਆਂ ਵੱਲ ਧਿਆਨ ਖਿੱਚਣ ਲਈ ਇਕੱਤਰ ਹੋਏ ਸਮੂਹ 'ਤੇ 'ਪੈਟਰੋਲ ਬੰਬ' ਸੁੱਟਿਆ, ਜਿਸ ਵਿਚ ਅੱਠ ਲੋਕ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਕਿਹਾ ਕਿ ਹਮਲੇ ਨੂੰ ਅੰਜਾਮ ਦੇਣ ਵਾਲੇ ਮਸ਼ਕੂਕ ਦੀ ਪਛਾਣ 45 ਸਾਲਾ ਸਾਬਰੀ ਸੋਲੀਮਨ ਵਜੋਂ ਹੋਈ ਹੈ ਤੇ ਐੱਫਬੀਆਈ ਹਮਲੇ ਦੀ ਜਾਂਚ ਦਹਿਸ਼ਤੀ ਕਾਰਵਾਈ ਵਜੋਂ ਕਰ ਰਹੀ ਹੈ। ਹਮਲਾਵਰ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਇਹ ਹਮਲਾ ਬੋਲਡਰ ਸ਼ਹਿਰ ਦੀ ਮਕਬੂਲ ਪਰਲ ਸਟਰੀਟ ਪੈਡੇਸਟਰਨ ਮਾਲ ਵਿਚ ਹੋਇਆ ਹੈ। ਇਜ਼ਰਾਈਲ ਤੇ ਹਮਾਸ ਵਿਚਾਲੇ ਜਾਰੀ ਜੰਗ ਦੇ ਪਿਛੋਕੜ ਵਿਚ ਇਹ ਘਟਨਾ ਹੋਈ ਹੈ। ਇਸ ਜੰਗ ਨੇ ਆਲਮੀ ਤਣਾਅ ਵਧਾ ਦਿੱਤਾ ਹੈ ਤੇ ਇਸ ਕਰਕੇ ਅਮਰੀਕਾ ਵਿਚ ਯਹੂਦੀ ਵਿਰੋਧੀ ਹਿੰਸਾ ਵਿੱਚ ਵਾਧਾ ਹੋਇਆ ਹੈ। ਇਸ ਘਟਨਾ ਤੋਂ ਇਕ ਹਫ਼ਤਾ ਪਹਿਲਾਂ ਵਾਸ਼ਿੰਗਟਨ ਵਿਚ ਯਹੂਦੀ ਅਜਾਇਬਘਰ ਦੇ ਬਾਹਰ 'ਫਲਤਸੀਨ ਨੂੰ ਆਜ਼ਾਦ ਕਰੋ' ਦੇ ਨਾਅਰੇ ਲਾਉਣ ਵਾਲੇ



ਅਮਰੀਕੀ ਪੁਲੀਸ ਦੇ ਅਧਿਕਾਰੀ ਮਸ਼ਕੂਕ ਨੂੰ ਹਿਰਾਸਤ 'ਚ ਲੈਂਦੇ ਹੋਏ।

ਇਕ ਵਿਅਕਤੀ 'ਤੇ ਇਜ਼ਰਾਇਲੀ ਅੰਬੈਸੀ ਦੇ ਦੋ ਕਰਮੀਆਂ ਦੀ ਗੋਲੀ ਮਾਰ ਕੇ ਹੱਤਿਆ ਕਰਨ ਦਾ ਦੋਸ਼ ਲੱਗਾ ਸੀ। ਐੱਫਬੀਆਈ ਦੇ ਡੈਨਵਰ ਖੇਤਰੀ ਦਫ਼ਤਰ (ਜਿਸ ਵਿਚ ਬੋਲਡਰ ਵੀ ਸ਼ਾਮਲ ਹੈ) ਦੇ ਇੰਚਾਰਜ ਵਿਸ਼ੇਸ਼ ਏਜੰਟ ਮਾਰਕ ਮਿਚਲੇਕ ਨੇ ਕਿਹਾ, "ਦੁੱਖ ਦੀ ਗੱਲ ਹੈ ਕਿ ਅਜਿਹੇ ਹਮਲੇ ਪੂਰੇ ਦੇਸ਼ ਵਿਚ ਆਮ ਹੁੰਦੇ ਜਾ ਰਹੇ ਹਨ। ਇਹ ਇਸ ਗੱਲ ਦੀ ਮਿਸਾਲ ਹੈ ਕਿ ਹਿੰਸਾ ਕਰਨ ਵਾਲੇ ਲੋਕ ਕਿਸ ਤਰ੍ਹਾਂ ਦੇਸ਼ ਭਰ ਵਿਚ ਲੋਕਾਂ ਨੂੰ ਡਰਾ ਰਹੇ ਹਨ।"

# ਅਮਰੀਕਾ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਗੁਰਦੁਆਰਾ ਸੰਤ ਸਾਗਰ ਦੀ ਸੰਗਤ ਨੇ ਲਗਾਈ ਛਬੀਲ

ਸਾਨ ਫਰਾਂਸਿਸਕੋ : ਗੁਰਦੁਆਰਾ ਸੰਤ ਸਾਗਰ ਸੈਕਰਾਮੈਂਟੋ ਦੀ ਸੰਗਤ ਵਲੋਂ ਮੁੱਖ ਸੰਚਾਲਕ ਬਾਬਾ ਸੱਜਣ ਸਿੰਘ ਜੀ ਦੀ ਅਗਵਾਈ ਹੇਠ ਤੇ ਜਨਰਲ ਸਕੱਤਰ ਨਰਿੰਦਰਪਾਲ ਸਿੰਘ ਹੁੰਦਲ ਦੀ ਅਗਵਾਈ 'ਚ ਪੰਜਵੇਂ ਪਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਰੈਲੀ ਬੁਲੇਵਾਰਡ 'ਤੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ। ਛਬੀਲ ਦੀ ਸੇਵਾ ਦਾ ਉਦਘਾਟਨ ਸੈਕਰਾਮੈਂਟੋ ਕਾਉਂਟੀ ਡਿਸਟ੍ਰਿਕ ਅਟਾਰਨੀ ਥੀਨ ਹੋ ਅਤੇ ਐਲਕ ਗਰੋਵ ਦੀ ਮੇਅਰ ਬੌਬੀ ਸਿੰਘ ਐਲਨ ਨੇ ਸਾਂਝੇ ਰੂਪ ਵਿਚ ਕੀਤਾ। ਉਦਘਾਟਨੀ ਸਮਾਰੋਹ ਵਿਚ ਪ੍ਰਸਿੱਧ ਬਿਜ਼ਨਸਮੈਨ ਬੌਬੀ ਗੋਸਲ, ਜਸਨੀਤ ਸਿੰਘ ਹੁੰਦਲ, ਲਖਵਿੰਦਰ ਸਿੰਘ ਲੱਖੀ (ਬੌਬੀ ਸਿੰਘ ਐਲਨ ਦੇ ਪਿਤਾ ਜੀ), ਹਰਦਵਿੰਦਰਪਾਲ ਸਿੰਘ ਸੰਧੂ, ਦਰਸ਼ਨ ਸਿੰਘ ਮੁੰਡੀ, ਕਸ਼ਮੀਰ ਸਿੰਘ ਮੰਢਿਆਲੀ, ਬਲਵੀਰ ਸਿੰਘ ਬੁੱਟਰ, ਪੁਸ਼ਪਾ ਸੈਣੀ, ਸੀਨੀਅਰ ਸਿਟੀਜ਼ਨ ਗਰੁੱਪ ਦੇ ਚੇਅਰਮੈਨ ਪ੍ਰੋ. ਮੁਖਤਾਰ ਸਿੰਘ ਗਿੱਲ




ਆਪਣੀ ਸਮੁੱਚੀ ਟੀਮ ਜੀ.ਪੀ.ਐੱਸ. ਚਾਵਲਾ, ਹਰਬੰਸ ਵੜੈਚ, ਬਲਬੀਰ ਸਿੰਘ ਬੁੱਟਰ, ਗੁਰਦਿਆਲ ਸਿੰਘ ਪੱਡਾ, ਮਨਜੀਤ ਸੈਣੀ, ਗੁਰਮੀਤ ਸਿੰਘ ਢਿੱਲੋਂ, ਕੁਲਵੰਤ ਸਿੰਘ ਨੱਤ, ਜਗਤਾਰ ਸਿੰਘ ਕਾਹਲੋਂ, ਰਘਬੀਰ ਸਿੰਘ ਚੌਧਰੀ, ਗੁਰਿੰਦਰ ਸਿੰਘ ਭਿੰਡਰ, ਸਰਦੂਲ ਸਿੰਘ ਗਿੱਲ, ਦਵਿੰਦਰ ਸਿੰਘ ਢਿੱਲੋਂ, ਪ੍ਰੀਤਮ ਸਿੰਘ ਗਰੇਵਾਲ, ਗੁਰਿੰਦਰਪਾਲ ਸਿੰਘ ਚਾਵਲਾ, ਗੁਰਮੀਤ ਸਿੰਘ ਢਿੱਲੋਂ ਨਾਲ ਸ਼ਾਮਿਲ ਹੋਏ। ਬੈੱਲ ਗੈਸ ਸਟੇਸ਼ਨ ਦੇ ਮਾਲਕ ਬਾਘ ਸਿੰਘ ਅਟਵਾਲ ਅਤੇ ਬਲਜੀਤ ਸਿੰਘ ਖੈਲਾ ਵਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਬੇਅੰਤ ਸਿੰਘ ਗਿੱਲ, ਅਵਤਾਰ ਸਿੰਘ ਜੌਹਲ, ਬਲਰਾਜ ਸਿੰਘ ਹੀਰ, ਹੈਪੀ ਔਲਖ, ਮਿਲਨਪ੍ਰੀਤ ਚਾਵਲਾ, ਰਵੀ ਨਾਗਰਾ, ਰਣਬੀਰ ਭੱਟੀ, ਉਪਕਾਰ ਭਿੰਡਰ, ਕੁਲਵੀਰ ਸਿੰਘ ਰਾਗੀ, ਹਰਵਿੰਦਰ ਕੈਲੀ, ਗੁਰਪ੍ਰੀਤ ਸਿੰਘ ਗੋਪੀ, ਦਿਲਜਾਨ ਸਿੰਘ, ਅਨਮੋਲ ਸਿੰਘ, ਬੀਰ ਬਹਾਦਰ ਸਿੰਘ, ਪ੍ਰਭਜੋਤ ਸਿੰਘ, ਸਾਹਿਬ ਸਿੰਘ, ਦਮਨ ਸਿੰਘ, ਸੰਦੀਪ ਲੱਖਣ, ਕਮਲ ਲੱਖਣ, ਅਰਸ਼ਵੀਰ ਸਿੰਘ, ਸ਼ਰਨਜੀਤ ਸਿੰਘ, ਦਿਆਲ ਸਿੰਘ, ਕੁਲਜੀਤ ਸਿੰਘ, ਜਤਿੰਦਰ ਸਿੰਘ, ਬਿਕਰਮ ਸਿੰਘ, ਪ੍ਰਦੀਪ ਸਿੰਘ, ਪ੍ਰਮਿੰਦਰ ਸਿੰਘ, ਬਲਵਿੰਦਰ ਸਿੰਘ ਹੈੱਡ ਗ੍ਰੰਥੀ, ਬਲਜਿੰਦਰ ਸਿੰਘ ਰਾਗੀ, ਬੇਤਾਬ ਸਿੰਘ, ਰਮੇਸ਼ ਸਿੰਘ, ਸੰਦੀਪ ਸਿੰਘ ਨੇ ਛਬੀਲ ਵਰਤਾਉਣ ਦੀ ਤਨਦਹੀ ਨਾਲ ਸੇਵਾ ਕਰਵਾਈ। ਇਸ ਦੌਰਾਨ ਲਗਭਗ 5 ਹਜਾਰ ਤੋਂ ਵੱਧ ਆਉਣ ਜਾਣ ਵਾਲੇ ਰਾਹੀਆਂ ਨੇ ਛਬੀਲ ਦਾ ਠੰਢਾ ਮਿੱਠਾ ਪਾਣੀ, ਰੂਹ ਅਫਜ਼ਾ, ਜੂਸ, ਕਾਲੇ ਛੋਲਿਆਂ ਦੀਆਂ ਘੁੰਗਣੀਆਂ ਤੇ ਕੜਾਹ ਪ੍ਰਸ਼ਾਦਿ ਛਕਿਆ। ਸ੍ਰ. ਹੁੰਦਲ ਨੇ ਛਬੀਲ ਵਿਚ ਸਹਿਯੋਗ ਕਰਨ ਵਾਲੇ ਸਮੂਹ ਸੰਗਤੀ ਮੈਂਬਰਾਂ ਦਾ ਧੰਨਵਾਦ ਕੀਤਾ।

# ਮਸਕ ਦਾ ਅਸਤੀਫ਼ਾ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੂਸਰੀ ਵਾਰ ਰਾਸ਼ਟਰਪਤੀ ਦਾ ਅਹੁਦਾ 20 ਜਨਵਰੀ, 2025 ਨੂੰ ਸੰਭਾਲਿਆ ਸੀ। ਇਸ ਤੋਂ ਪਹਿਲਾਂ ਉਹ ਸਾਲ 2016 ਵਿਚ ਦੇਸ਼ ਦੇ ਰਾਸ਼ਟਰਪਤੀ ਚੁਣੇ ਗਏ ਸਨ ਤੇ ਉਨ੍ਹਾਂ ਨੇ 20 ਜਨਵਰੀ, 2017 ਨੂੰ ਆਪਣਾ ਅਹੁਦਾ ਸੰਭਾਲਿਆ ਸੀ। ਪਰ ਉਨ੍ਹਾਂ ਦੀਆਂ ਤੇਜ਼-ਤਰਾਰ ਨੀਤੀਆਂ ਅਤੇ ਅਕਸਰ ਬੇਸਮਝੀ ਭਰੇ ਬੋਲਾਂ ਨੇ ਉਸ ਸਮੇਂ ਦੁਨੀਆ ’ਚ ਵੱਡੀ ਚਰਚਾ ਛੇੜ ਦਿੱਤੀ ਸੀ, ਕਿਉਂਕਿ ਅਮਰੀਕਾ ਦੁਨੀਆ ਦਾ ਸਭ ਤੋਂ ਤਾਕਤਵਰ ਦੇਸ਼ ਮੰਨਿਆ ਜਾਂਦਾ ਹੈ। ਇਸ ਦੀਆਂ ਹਰ ਤਰ੍ਹਾਂ ਦੀਆਂ ਨੀਤੀਆਂ ਦਾ ਦੁਨੀਆ ਭਰ ਦੇ ਦੇਸ਼ਾਂ ਉੱਤੇ ਅਸਰ ਪੈਂਦਾ ਹੈ। ਵੱਡੀ ਕੌਮਾਂਤਰੀ ਸੰਸਥਾ ਸੰਯੁਕਤ ਰਾਸ਼ਟਰ ਸੰਘ ਨੂੰ ਵੀ ਅਮਰੀਕਾ ਤੋਂ ਹੀ ਵਧੇਰੇ ਆਰਥਿਕ ਸਹਿਯੋਗ ਮਿਲਦਾ ਰਿਹਾ ਹੈ। ਹੋਰ ਅਨੇਕਾਂ ਵੱਡੀਆਂ ਸੰਸਥਾਵਾਂ ਨਾਲ ਵੀ ਇਹ ਦੇਸ਼ ਜੁੜਿਆ ਰਿਹਾ ਹੈ। ਇਕ ਪ੍ਰਭਾਵਸ਼ਾਲੀ ਦੇਸ਼ ਹੋਣ ਕਾਰਨ ਦਰਜਨਾਂ ਹੀ ਹੋਰ ਛੋਟੇ ਦੇਸ਼ ਕਈ ਤਰ੍ਹਾਂ ਨਾਲ ਇਸ ’ਤੇ ਨਿਰਭਰ ਹਨ।

ਦੁਨੀਆ ਵਿਚ ਫੈਲੇ ਅੱਤਵਾਦ ਦੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਵੀ ਅਕਸਰ ਅਮਰੀਕਾ ਵੱਲ ਹੀ ਦੇਖਿਆ ਜਾਂਦਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਵੀ ਉਨ੍ਹਾਂ ਦੀ ਨੀਤੀ ਅਮਰੀਕਾ ਕੇਂਦਰਤ ਹੀ ਰਹੀ ਸੀ। ਭਾਵ ਆਪਣੀਆਂ ਕੌਮਾਂਤਰੀ ਜ਼ਿੰਮੇਵਾਰੀਆਂ ਨੂੰ ਅਣਗੌਲਿਆ ਕਰਕੇ ਸਭ ਤੋਂ ਪਹਿਲੀ ਤਰਜੀਹ ਆਪਣੇ ਦੇਸ਼ ਨੂੰ ਹੋਰ ਸ਼ਕਤੀਸ਼ਾਲੀ ਅਤੇ ਅਮੀਰ ਬਣਾਉਣ ਦੀ ਕੋਸ਼ਿਸ਼ ਕਰਨਾ। ਇਸ ਨਾਲ ਇਕ ਵਾਰ ਤਾਂ ਉਨ੍ਹਾਂ ਦੇ ਪਹਿਲੇ ਕਾਰਜਕਾਲ ਦੌਰਾਨ ਵੀ ਦੇਸ਼ ਦਾ ਪ੍ਰਬੰਧਕੀ ਤਾਣਾ-ਬਾਣਾ ਖਿੱਲਰਦਾ ਮਹਿਸੂਸ ਹੋਣ ਲੱਗਾ ਸੀ। ਇਕ ਸ਼ਕਤੀਸ਼ਾਲੀ ਦੇਸ਼ ਦਾ ਰਾਸ਼ਟਰਪਤੀ ਹੋਣ ਕਾਰਨ ਉਸ ਸਮੇਂ ਡੋਨਾਲਡ ਟਰੰਪ ਦੀ ਨੀਤੀ ਦੁਨੀਆ ਦੇ ਹੋਰ ਅਨੇਕਾਂ ਮੁਲਕਾਂ ਨੂੰ ਦਰਪੇਸ਼ ਮਸਲਿਆਂ ਸੰਬੰਧੀ ਉਨ੍ਹਾਂ ਨਾਲ ਗੱਲਬਾਤ ਕਰਨ ਜਾਂ ਆਪਣੇ ਸਹਿਯੋਗੀ ਦੇਸ਼ਾਂ ਨਾਲ ਸਲਾਹ-ਮਸ਼ਵਰਾ ਕਰਨ ਦੀ ਬਜਾਏ ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਧਮਕਾਉਣ ਜਾਂ ਹੁਕਮ ਚਾੜ੍ਹਨ ਦੀ ਰਹੀ ਸੀ। ਇਨ੍ਹਾਂ ਨੀਤੀਆਂ ਨਾਲ ਕੌਮਾਂਤਰੀ ਪੱਧਰ ’ਤੇ ਵੀ ਅਤੇ ਉਨ੍ਹਾਂ ਦੇ ਆਪਣੇ ਦੇਸ਼ ਵਿਚ ਵੀ ਵੱਡਾ ਪ੍ਰਤੀਕਰਮ ਹੋਇਆ ਸੀ ਤੇ ਡੋਨਾਲਡ ਟਰੰਪ ਆਪਣੇ ਉਸ ਕਾਰਜਕਾਲ ਵਿਚ ਵੀ ਬਹੁਤ ਵਿਵਾਦਪੂਰਨ ਰਾਸ਼ਟਰਪਤੀ ਬਣ ਗਏ ਸਨ। ਸ਼ਾਇਦ ਇਸੇ ਕਾਰਨ ਉਨ੍ਹਾਂ ਦੀ 2020 ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਦੁਬਾਰਾ ਹੋਈਆਂ ਚੋਣਾਂ ਵਿਚ ਹਾਰ ਹੋਈ ਸੀ ਤੇ ਡੈਮੋਕ੍ਰੇਟਿਕ ਪਾਰਟੀ ਦੇ ਜੋ ਬਾਈਡਨ ਰਾਸ਼ਟਰਪਤੀ ਬਣ ਗਏ ਸਨ। ਉਸ ਸਮੇਂ ਵੀ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਜਿਸ ਤਰ੍ਹਾਂ ਦਾ ਵਤੀਰਾ ਟਰੰਪ ਤੇ ਉਸ ਦੇ ਸਾਥੀਆਂ ਨੇ ਧਾਰਨ ਕੀਤਾ ਸੀ, ਉਹ ਸੈਂਕੜੇ ਵਰ੍ਹਿਆਂ ਤੋਂ ਦੇਸ਼ ਵਿਚ ਬਣੀਆਂ ਲੋਕਰਾਜੀ ਪਰੰਪਰਾਵਾਂ ਦੇ ਉਲਟ ਸੀ, ਜਿਸ ਕਰਕੇ ਬਾਅਦ ’ਚ ਡੋਨਾਲਡ ਟਰੰਪ ਨੂੰ ਲੰਮੇ ਸਮੇਂ ਤੱਕ ਅਦਾਲਤਾਂ ਦੇ ਚੱਕਰ ਵੀ ਲਾਉਣੇ ਪਏ ਸਨ। ਉਸ ਤੋਂ ਬਾਅਦ 2024 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਅਮਰੀਕਾ ਦੇ ਲੋਕਾਂ ਨੇ ਇਕ ਵਾਰ ਫਿਰ ਉਨ੍ਹਾਂ ਨੂੰ ਜਿੱਤ ਦੁਆਈ ਪਰ ਇਸ ਵਾਰ ਉਹ ਮਹਿਜ 5 ਮਹੀਨੇ ਦੇ ਸ਼ਾਸਨ ਕਾਲ ਵਿਚ ਹੀ ਬੇਹੱਦ ਵਿਵਾਦਗ੍ਰਸਤ ਵਿਅਕਤੀ ਬਣ ਗਏ ਹਨ। ਉਨ੍ਹਾਂ ਦੀਆਂ ਅੰਦਰੂਨੀ ਤੇ ਕੌਮਾਂਤਰੀ ਨੀਤੀਆਂ ਨਾਲ ਵੱਡਾ ਰੋਸ ਪੈਦਾ ਹੋਇਆ ਹੈ। ਅਹੁਦਾ ਸੰਭਾਲਦਿਆਂ ਹੀ ਉਨ੍ਹਾਂ ਵਲੋਂ ਆਪਣੇ ਨੇੜਲੇ ਗੁਆਂਢੀ ਦੇਸ਼ ਗਰੀਨਲੈਂਡ ਨੂੰ ਕਬਜ਼ੇ ਵਿਚ ਲੈਣ ਅਤੇ ਕੈਨੇਡਾ ਵਰਗੇ ਵੱਡੇ ਰਕਬੇ ਵਾਲੇ ਦੇਸ਼ ਨੂੰ ਆਪਣਾ 51ਵਾਂ ਰਾਜ ਬਣਾ ਲੈਣ ਦੇ ਬਿਆਨਾਂ ਨੇ ਇਨ੍ਹਾਂ ਦੇਸ਼ਾਂ ਅਤੇ ਇਨ੍ਹਾਂ ਦੇ ਭਾਈਵਾਲਾਂ ਨੂੰ ਟਰੰਪ ਵਿਰੁੱਧ ਲਿਆ ਖੜ੍ਹਾ ਕੀਤਾ ਸੀ। ਉਨ੍ਹਾਂ ਵਲੋਂ ਦੁਨੀਆ ਭਰ ਦੇ ਦੇਸ਼ਾਂ ’ਤੇ ਇਕ ਪਾਸੜ ਤੌਰ ’ਤੇ ਟੈਰਿਫ ਲਾਉਣ ਦੀ ਨੀਤੀ ਨੇ ਵੀ ਅੱਜ ਬਹੁਤ ਸਾਰੇ ਦੇਸ਼ਾਂ ਨੂੰ ਉਨ੍ਹਾਂ ਦੇ ਪ੍ਰਸ਼ਾਸਨ ਦੇ ਖ਼ਿਲਾਫ਼ ਕਰ ਦਿੱਤਾ ਹੈ। ਇਸ ਵਿਚ ਚੀਨ ਵਰਗਾ ਵੱਡਾ ਦੇਸ਼ ਵੀ ਸ਼ਾਮਿਲ ਹੈ ਤੇ ਭਾਰਤ ਵੀ ਇਸ ਤੋਂ ਪ੍ਰਭਾਵਿਤ ਹੋਇਆ ਹੈ। ਸਭ ਤੋਂ ਵਧ ਅਸਰ ਯੂਰਪੀ ਦੇਸ਼ਾਂ ’ਤੇ ਪਿਆ ਹੈ। ਯੂਰਪੀ ਯੂਨੀਅਨ ਦੇ ਦੇਸ਼ ਵੀ ਦੁਨੀਆ ਵਿਚ ਇਕ ਵੱਡੀ ਸ਼ਕਤੀ ਵਜੋਂ ਉੱਭਰੇ ਹਨ। ਚਾਹੇ ਬਰਤਾਨੀਆ ਕੁਝ ਸਾਲ ਪਹਿਲਾਂ ਯੂਰਪੀ ਯੂਨੀਅਨ ਤੋਂ ਵੱਖ ਹੋ ਗਿਆ ਸੀ ਪਰ ਫਿਰ ਵੀ ਉਹ ਬਹੁਤੇ ਮਾਮਲਿਆਂ ’ਚ ਗੁਆਂਢੀ ਦੇਸ਼ਾਂ ਨਾਲ ਹੀ ਦਮ ਭਰਦਾ ਹੈ। ਡੋਨਾਲਡ ਟਰੰਪ ਦੀਆਂ ਨੀਤੀਆਂ ਕਾਰਨ ਅੱਜ ਯੂਰਪ ਦੇ ਬਹੁਤੇ ਦੇਸ਼ ਉਨ੍ਹਾਂ ਦੀ ਆਲੋਚਨਾ ਵੀ ਕਰ ਰਹੇ ਹਨ ਤੇ ਅਮਰੀਕਾ ਸੰਬੰਧੀ ਆਪਣੀਆਂ ਨੀਤੀਆਂ ’ਤੇ ਦੁਬਾਰਾ ਵਿਚਾਰ ਕਰਕੇ ਆਪਣੇ ਦੇਸ਼ਾਂ ਨੂੰ ਨਵੀਆਂ ਦਿਸ਼ਾਵਾਂ ਵੱਲ ਤੋਰਨ ਦਾ ਵੀ ਯਤਨ ਕਰ ਰਹੇ ਹਨ। ਡੋਨਾਲਡ ਟਰੰਪ ਦੁਨੀਆ ਦੇ ਵੱਡੇ ਵਪਾਰੀਆਂ ’ਚੋਂ ਇਕ ਹੈ। ਇਸ ਵਾਰ ਉਨ੍ਹਾਂ ਨੇ ਆਪਣੀ ਚੋਣ ਮੁਹਿੰਮ ਵਿਚ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਐਲਨ ਮਸਕ ਨੂੰ ਵੀ ਆਪਣਾ ਸਾਥੀ ਬਣਾਇਆ ਸੀ, ਜਿਸ ਨੇ ਉਸ ਦੀ ਚੋਣ ਮੁਹਿੰਮ ਵਿਚ ਵੱਡੀ ਮਾਲੀ ਮਦਦ ਵੀ ਕੀਤੀ ਸੀ। ਸਰਕਾਰ ਬਣਨ ਤੋਂ ਬਾਅਦ ਉਸ ਨੇ ਐਲਨ ਮਸਕ ਨੂੰ ਸਰਕਾਰ ਵਲੋਂ ਦੇਸ਼ ’ਚ ਕੀਤੇ ਜਾਂਦੇ ਫਾਲਤੂ ਖ਼ਰਚ ਦੇ ਨਾਲ-ਨਾਲ ਕੌਮਾਂਤਰੀ ਤੌਰ ’ਤੇ ਵੀ ਕੀਤੇ ਜਾਂਦੇ ਬੇਲੋੜੇ ਖ਼ਰਚਿਆਂ ਨੂੰ ਨਿਯਮਿਤ ਕਰਨ ਲਈ ਬਣੇ ਵਿਭਾਗ ਦਾ ਮੁਖੀ ਥਾਪ ਦਿੱਤਾ ਸੀ।

ਐਲਨ ਮਸਕ ਨੇ ਇਸ ਸਮੇਂ ਵਿਚ ਚਾਹੇ ਇਹ ਖ਼ਰਚੇ ਘਟਾਉਣ ਲਈ ਵੱਡੇ ਕਦਮ ਚੁੱਕੇ ਸਨ ਪਰ ਅਜਿਹਾ ਕਰਦਿਆਂ ਉਸ ਨੇ ਦੇਸ਼ ਵਿਚ ਲੋਕ ਭਲਾਈ ਦੀਆਂ ਸਕੀਮਾਂ ਅਤੇ ਕੌਮਾਂਤਰੀ ਮੰਚ ’ਤੇ ਅਮਰੀਕਾ ਦੀਆਂ ਜ਼ਿੰਮੇਵਾਰੀਆਂ ਨੂੰ ਅਣਗੌਲਿਆਂ ਕਰ ਦਿੱਤਾ। ਸੰਯੁਕਤ ਰਾਸ਼ਟਰ ਸੰਘ ਸਮੇਤ ਵੱਡੇ ਕੌਮਾਂਤਰੀ ਮੰਚ ਜੋ ਦੁਨੀਆ ਭਰ ਦੇ ਮਸਲਿਆਂ ਨੂੰ ਹੱਲ ਕਰਨ ਲਈ ਯਤਨਸ਼ੀਲ ਹਨ, ਨੂੰ ਵਿਸਾਰ ਦੇਣ ਦੀ ਨੀਤੀ ਨੇ ਅਮਰੀਕਾ ਵਿਰੁੱਧ ਨਵੀਂ ਕਤਾਰਬੰਦੀ ਨੂੰ ਜਨਮ ਦਿੱਤਾ ਹੈ। ਅਮਰੀਕੀ ਯੂਨੀਵਰਸਿਟੀਆਂ ਨਾਲ ਵੀ ਟਰੰਪ ਦਾ ਟਕਰਾਅ ਵਧਦਾ ਜਾ ਰਿਹਾ ਹੈ, ਉਥੇ ਦੀਆਂ ਵੱਡੀਆਂ ਯੂਨੀਵਰਸਿਟੀਆਂ ਦੀ ਆਪਣੀ ਆਜ਼ਾਦ ਹਸਤੀ ਅਤੇ ਪਰੰਪਰਾ ਲੰਮੇ ਸਮੇਂ ਤੋਂ ਬਣੀ ਹੋਈ ਹੈ। ਸਿਆਸੀ ਆਧਾਰ ’ਤੇ ਟਰੰਪ ਵਲੋਂ ਹਾਰਵਰਡ ਯੂਨੀਵਰਸਿਟੀ ਵਿਚ ਦਿੱਤੇ ਜਾ ਰਹੇ ਦਖ਼ਲ ਨੇ ਦੇਸ਼ ਦੀਆਂ ਯੂਨੀਵਰਸਿਟੀਆਂ ਦੇ ਪ੍ਰਬੰਧਕਾਂ ਨੂੰ ਹੈਰਾਨ-ਪ੍ਰੇਸ਼ਾਨ ਕਰ ਦਿੱਤਾ ਹੈ। ਇਸ ਤੋਂ ਇਲਾਵਾ ਅਮਰੀਕੀ ਪ੍ਰਸ਼ਾਸਨ ਵਲੋਂ ਲੋਕ ਪੱਖੀ ਨੀਤੀਆਂ ਨੂੰ ਨਜ਼ਰਅੰਦਾਜ਼ ਕਰਨ ਸਦਕਾ ਹੋ ਰਹੀ ਆਲੋਚਨਾ ਨੂੰ ਮੁੱਖ ਰੱਖਦਿਆਂ ਐਲਨ ਮਸਕ ਨੂੰ ਵੀ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰਨਾ ਪਿਆ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਲਗਭਗ 5 ਮਹੀਨੇ ਦੇ ਆਪਣੇ ਸ਼ਾਸਨ ਵਿਚ ਹੀ ਡੋਨਾਲਡ ਟਰੰਪ ਨੇ ਆਪਣੀਆਂ ਨੀਤੀਆਂ ਨਾਲ ਆਪਣੇ ਦੇਸ਼ ਅਤੇ ਦੁਨੀਆ ਦੇ ਹੋਰ ਬਹੁਤ ਸਾਰੇ ਦੇਸ਼ਾਂ ਨੂੰ ਅਸਥਿਰ ਕਰ ਦਿੱਤਾ ਹੈ, ਤਾਂ ਬਾਕੀ ਰਹਿੰਦੇ ਸਮੇਂ ਵਿਚ ਉਹ ਅਜਿਹੀਆਂ ਨੀਤੀਆਂ ’ਤੇ ਚੱਲਦੇ ਹੋਏ ਅਮਰੀਕਾ ਅਤੇ ਦੁਨੀਆ ਦੇ ਹੋਰ ਦੇਸ਼ਾਂ ਵਿਚ ਕਿਸ ਤਰ੍ਹਾਂ ਦਾ ਮਾਹੌਲ ਬਣਾ ਦੇਣਗੇ, ਇਹ ਸੋਚ ਕੇ ਦੁਨੀਆ ਵਿਚ ਵੱਡੀ ਚਿੰਤਾ ਪੈਦਾ ਹੋ ਰਹੀ ਹੈ, ਜਿਸ ਦਾ ਬਿਨਾਂ ਸ਼ੱਕ ਨੇੜ ਭਵਿੱਖ ਵਿਚ ਅਮਰੀਕਾ ’ਤੇ ਵੀ ਵੱਡਾ ਅਸਰ ਪੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਪੰਜਾਬ ਦੀ ਜ਼ਿਮਨੀ ਚੋਣ ਅਤੇ ਭਾਜਪਾ ਦੀ ਖ਼ਾਮੋਸ਼ੀ



**ਜਯੋਤੀ ਮਲਹੋਤਰਾ**

ਲੁਧਿਆਣਾ ਪੱਛਮੀ ਅਸੈਂਬਲੀ ਹਲਕੇ ਵਿੱਚ 19 ਜੂਨ ਨੂੰ ਹੋਣ ਵਾਲੀ ਚੋਣ ਤੋਂ ਦਸ ਦਿਨ ਪਹਿਲਾਂ, ਪੰਜਾਬ ਭਾਜਪਾ ਦੋ ਸਵਾਲ ਪੁੱਛ ਰਹੀ ਹੈ। ਪਹਿਲਾ ਹੈ, ਲੁਧਿਆਣਾ ਪੱਛਮੀ ਕਿੱਥੇ ਹੈ? ਤੇ ਦੂਜਾ ਹੈ, ਲੁਧਿਆਣਾ ਪੱਛਮੀ ਤੋਂ ਕੌਣ? ਸੂਬੇ ਵਿੱਚ ਪਾਰਟੀ ਅੰਦਰ ਸੰਕਟ ਇਹ ਹੈ ਕਿ ਇਹ ਦੇਸ਼ ਦੇ ਬਾਕੀ ਹਿੱਸਿਆਂ ਅੰਦਰ ਸਰਪਟ ਚੱਲ ਰਹੀ ਇਸ ਦੀ ਅਜੇਤੂ ਮੁਹਿੰਮ ਤੋਂ ਐਨ ਉਲਟ ਹੈ, ਜਿਸ ਦੇ ਹੋਕਰੇ ਪਿਛਲੇ ਕਈ ਮਹੀਨਿਆਂ ਤੋਂ ਸੁਣਾਈ ਦੇ ਰਹੇ ਹਨ ਅਤੇ ਇਸ ਨੇ ਜਿਨ੍ਹਾਂ ਵੀ ਰਾਜਾਂ ’ਤੇ ਨਜ਼ਰ ਟਿਕਾਈ, ਉੱਥੇ ਆਪਣੀ ਸਰਕਾਰ ਕਾਇਮ ਕਰ ਲਈ। ਹਰਿਆਣਾ, ਮਹਾਰਾਸ਼ਟਰ ਅਤੇ ਦਿੱਲੀ; ਇੱਥੋਂ ਤੱਕ ਕਿ ਮਨੀਪੁਰ ਵਿਚ ਭਾਜਪਾ ਦੇ ਲੋਕ ਬਹੁਗਿਣਤੀ (44) ਵਿਧਾਇਕਾਂ ਦੀ ਹਮਾਇਤ ਜੁਟਾਉਣ ਦਾ ਯਤਨ ਕਰ ਰਹੇ ਹਨ ਤਾਂ ਕਿ ਉੱਥੇ ਮੁੜ ਆਪਣੀ ਸਰਕਾਰ ਕਾਇਮ ਕੀਤੀ ਜਾ ਸਕੇ। ਭਾਜਪਾ ਦੀ ਪ੍ਰਚਾਰ ਮੁਹਿੰਮ ਨੂੰ ਚੌਵੀ ਘੰਟੇ ਤੇ ਪੂਰਾ ਹਫ਼ਤਾ ਇਹ ਰੇਖਾਂਕਿਤ ਕਰਨ ਲਈ ਕਿ ਇਹ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੈ, ਜਿਸ ਕੋਲ 90 ਕਰੋੜ ਦੀ ਮੈਂਬਰਸ਼ਿਪ ਹੈ, ਲਈ ਅਪਰੇਸ਼ਨ ਸਿੰਧੂਰ ਦੀ ਲੋੜ ਨਹੀਂ ਹੈ। ਭਾਜਪਾ ਚੀਨ ਦੀ ਕਮਿਊਨਿਸਟ ਪਾਰਟੀ ਨਾਲੋਂ ਵੀ ਵੱਡੀ ਹੋਣ ਦੇ ਦਾਅਵੇ ਕਰ ਰਹੀ ਹੈ।

ਯਕੀਨਨ, ਅਪਰੇਸ਼ਨ ਸਿੰਧੂਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਹਿਮੀਅਤ ਨੂੰ ਨਾ ਕੇਵਲ ਪਾਰਟੀ ਅੰਦਰ ਸਗੋਂ ਸਮੁੱਚੇ ਦੇਸ਼ ਅਤੇ ਕੌਮਾਂਤਰੀ ਮੰਚ ਉੱਪਰ ਵੀ ਹੋਰ ਮਜ਼ਬੂਤ ਕੀਤਾ ਹੈ। ਉਨ੍ਹਾਂ ਨੇ ਪਾਕਿਸਤਾਨ ਦੇ ਅੰਦਰ ਦਹਿਸ਼ਤਗਰਦੀ ਦੇ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਦਾ ਫ਼ੈਸਲਾ ਕੀਤਾ। ਫਿਰ ਜਦੋਂ ਪਾਕਿਸਤਾਨੀਆਂ ਨੇ ਬਾਰਾਮੁੱਲਾ ਤੋਂ ਲੈ ਕੇ ਭੁਜ ਤੱਕ ਭਾਰਤੀ ਫ਼ੌਜੀ ਬੁਨਿਆਦੀ ਢਾਂਚੇ ਉੱਪਰ ਡਰੋਨਾਂ ਅਤੇ ਮਿਜ਼ਾਈਲਾਂ ਦਾ ਮੀਂਹ ਵਰ੍ਹਾ ਕੇ ਮੋੜਵਾਂ ਹਮਲਾ ਕੀਤਾ ਤਾਂ ਇਹ ਪ੍ਰਧਾਨ ਮੰਤਰੀ ਹੀ ਸਨ ਜਿਨ੍ਹਾਂ ਨੇ ਹਵਾਈ ਜੰਗ ਨੂੰ ਤੇਜ਼ ਕਰਨ ਦਾ ਫ਼ੈਸਲਾ ਕਰਦੇ ਹੋਏ, ਪਾਕਿਸਤਾਨ ਦੇ 11 ਫ਼ੌਜੀ ਅੱਡਿਆਂ ਤੇ ਰਨਵੇਅਜ਼ ਉੱਪਰ ਬੰਬਾਰੀ ਕੀਤੀ। ਬ੍ਰਹਮੋਸ ਮਿਜ਼ਾਈਲ ਨੇ ਯਕੀਨਨ ਆਪਣਾ ਕੰਮ ਕੀਤਾ ਅਤੇ ਰਾਵਲਪਿੰਡੀ ਦੀਆਂ ਅੱਖਾਂ ’ਚ ਅੱਖਾਂ ਪਾ ਕੇ ਕਾਰਵਾਈ ਕਰਨ ਦਾ ਸਿਹਰਾ ਯਕੀਨਨ ਸ੍ਰੀ ਮੋਦੀ ਨੂੰ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਉਨ੍ਹਾਂ ਦੇ ਕਰੀਬੀ, ਸ਼ਕਤੀਸ਼ਾਲੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਹ ਦਰਸਾਇਆ ਕਿ ਕਿਵੇਂ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਵਿਚਕਾਰ ਕੋਈ ਮਤਭੇਦ ਜਾਂ ਅਸਹਿਮਤੀ ਨਹੀਂ ਹੈ। ਇਹ ਉਵੇਂ ਹੀ ਸੀ ਜਿਵੇਂ ਇੱਕ ਦੂਜੇ ਦੇ ਵਾਕਾਂ ਨੂੰ ਪੂਰਾ ਕਰ ਰਹੇ ਹੋਣ। ਪਾਰਟੀ ਅਤੇ ਦੇਸ਼ ਉੱਪਰ ਇਨ੍ਹਾਂ ਦੋਵਾਂ ਦਾ ਪੂਰਾ ਕੰਟਰੋਲ ਹੈ।

ਅਮਿਤ ਸ਼ਾਹ ਬਾਬਤ ਵਾਰ-ਵਾਰ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਨ੍ਹਾਂ ਦਾ ਹਰ ਅਮਲ ਗਿਣਿਆ-ਮਿਥਿਆ ਹੁੰਦਾ ਹੈ। ਇਹ ਕਿਹਾ ਜਾਂਦਾ ਹੈ ਕਿ ਉਹ ਪੰਚਾਇਤ ਤੋਂ ਲੈ ਕੇ ਲੋਕ ਸਭਾ ਤੱਕ ਹਰ ਚੋਣ ਲੜਦੇ ਹਨ, ਜਿਵੇਂ ਮਹਾਰਾਸ਼ਟਰ ਦੀ ਬਿਸਾਤ ’ਤੇ ਦਾਅ ਲਾਉਂਦਿਆਂ ਉਹ ਹਰ ਚਾਲ ਚੱਲਣ ’ਤੇ ਤਿੰਨ ਅਗਲੀਆਂ ਚਾਲਾਂ ਬਾਰੇ ਸੋਚਦੇ ਸਨ। ਭਾਰਤ-ਪਾਕਿਸਤਾਨ ਟਕਰਾਅ ਦੇ ਖਾਤਮੇ ਤੋਂ ਕੁਝ ਦਿਨਾਂ ਦੇ ਅੰਦਰ ਹੀ, ਜਿਵੇਂ ਪ੍ਰਧਾਨ ਮੰਤਰੀ ਵੱਲੋਂ ਦੇਸ਼ ਭਰ ਵਿੱਚ ਦੌਰੇ ਕਰ ਕੇ ਹੁਣੇ ਖਤਮ ਹੋਏ ਟਕਰਾਅ ਬਾਰੇ ਲੋਕਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਤਾਂ ਸ੍ਰੀ ਸ਼ਾਹ ਜ਼ਮੀਨੀ ਪੱਧਰ ’ਤੇ ਨੁਕਸਾਨ ਦਾ ਪਤਾ ਲਾਉਣ ਲਈ ਜੰਮੂ ਖੇਤਰ ਵਿੱਚ ਵਾਪਸ ਆਏ ਹਨ।

ਸ਼ਾਇਦ ਇਨ੍ਹਾਂ ’ਚੋਂ ਕੁਝ ਵੀ ਨਵਾਂ ਨਹੀਂ ਹੈ। 2014 ਵਿੱਚ ਜਦੋਂ ਭਾਜਪਾ ਸੱਤਾ ਵਿੱਚ ਆਈ ਸੀ ਤਾਂ ਉਦੋਂ ਤੋਂ ਹੀ ਮੋਦੀ-ਸ਼ਾਹ ਨੇ ਭਾਜਪਾ ਅਤੇ ਦੇਸ਼ ਉੱਪਰ ਪਕੜ ਬਣਾਈ ਹੋਈ ਹੈ- ਵਿਰੋਧੀ ਧਿਰ ਨੂੰ ਪਾੜ ਕੇ ਰੱਖਿਆ, ਸਮਾਜ ਤੇ ਮੀਡੀਆ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ, ਦੇਵੀ ਦੇਵਤਿਆਂ ਦੇ ਹਵਾਲਿਆਂ ਨਾਲ ਰਾਸ਼ਟਰਵਾਦ ਨੂੰ ਦਰਸਾਇਆ ਹੈ, ਹਾਲਾਂਕਿ ਜਿਵੇਂ ਅਸੀਂ ਜਾਣਦੇ ਹਾਂ ਕਿ ਹਿੰਦੂ ਦੇਵਤਿਆਂ ਬਾਰੇ ਸਭ ਤੋਂ ਪਿਆਰੀ ਗੱਲ ਇਹ ਹੈ ਕਿ ਇਹ ਵੀ ਅਪੂਰਨ ਹੁੰਦੇ ਹਨ।

ਅਤੀਤ ਅਤੇ ਵਰਤਮਾਨ ਦੇ ਸਾਰੇ ਪਾਰਟੀ ਪ੍ਰਧਾਨ ਇਹ ਜਾਣਦੇ ਹਨ। ਮੌਜੂਦਾ ਪ੍ਰਧਾਨ ਜੇਪੀ ਨੱਡਾ ਜੋ ਹਿਮਾਚਲ ਪ੍ਰਦੇਸ਼ ਤੋਂ ਇੱਕ ਭੱਦਰਪੁਰਸ਼ ਹਨ, ਨੂੰ ਇਹ ਹੈਰਾਨੀ ਹੋ ਰਹੀ ਹੋਵੇਗੀ ਕਿ ਉਨ੍ਹਾਂ ਦਾ ਵਧਿਆ ਹੋਇਆ ਕਾਰਜਕਾਲ ਕਿੰਨੀ ਕੁ ਦੇਰ ਚੱਲੇਗਾ। ਕਿਹਾ ਜਾ ਰਿਹਾ ਹੈ ਕਿ ਆਰਐੱਸਐੱਸ ਪੂਰੀ ਤਰ੍ਹਾਂ ਮੋਦੀ ਰੇਲ ਵਿੱਚ ਸਵਾਰ ਹੈ, ਉਨ੍ਹਾਂ ਦੇ ਹਿੰਦੁਤਵ ਦਾ ਸੰਦੇਸ਼ ਦੇਸ਼ ਦੀ ਗਲੀ-ਗਲੀ ਵਿੱਚ ਪਹੁੰਚਾਇਆ ਜਾ ਰਿਹਾ ਹੈ ਅਤੇ ਆਪਣੇ ਸ਼ਤਾਬਦੀ ਵਰ੍ਹੇ ਵਿੱਚ ਉਹ ਇਸ ਤੋਂ ਵੱਧ ਹੋਰ ਕਿਸ ਚੀਜ਼ ਦੀ ਖਾਹਿਸ਼ ਕਰ ਸਕਦੇ ਹਨ।

ਚਲੋ ਪਹਿਲੇ ਸਵਾਲ ’ਤੇ ਆਉਂਦੇ ਹਾਂ। ਕਿਉਂ ਭਾਜਪਾ ’ਚ ਕੋਈ ਵੀ, ਇੱਥੋਂ ਤੱਕ ਕਿ ਮੋਦੀ-ਸ਼ਾਹ ਵੀ, ਪੰਜਾਬ ਦੇ ਇੱਕ ਖੂੰਜੇ ’ਚ ਹੋ ਰਹੀ ਜ਼ਿਮਨੀ ਚੋਣ, ਲੁਧਿਆਣਾ ਪੱਛਮੀ, ਵਿੱਚ ਦਿਲਚਸਪੀ ਨਹੀਂ ਲੈ ਰਿਹਾ, ਇਹ ਦੇਖਦੇ ਹੋਏ ਵੀ ਕਿ ਪੰਜਾਬ, ਜੋ ਸੰਵੇਦਨਸ਼ੀਲ ਸਰਹੱਦੀ ਰਾਜ ਹੈ, ਹੁਣੇ-ਹੁਣੇ ਪਾਕਿਸਤਾਨ ਨਾਲ ਲਗਭਗ ਜੰਗ ਵਰਗੇ ਹਾਲਾਤ ’ਚੋਂ ਲੰਘਿਆ ਹੈ, ਚਾਹੇ ਇਹ ਜ਼ਿਆਦਾਤਰ ਹਵਾਈ ਯੁੱਧ ਹੀ ਸੀ ਅਤੇ ਕੋਈ ਹੋਰ ਨਹੀਂ ਬਲਕਿ ਪ੍ਰਧਾਨ ਮੰਤਰੀ ਮੋਦੀ ਖ਼ੁਦ ਟਕਰਾਅ ਖ਼ਤਮ ਹੋਣ ਦੇ ਇੱਕ ਦਿਨ ਦੇ ਅੰਦਰ ਹੀ ਆਦਮਪੁਰ ਆਏ, ਮਹੱਤਵਪੂਰਨ ਸੀ ਕਿਉਂਕਿ ਐੱਸ-400 ਪ੍ਰਣਾਲੀ ਨੇ ਪਾਕਿਸਤਾਨ ਦੀਆਂ ਹਤਫ਼ ਮਿਜ਼ਾਈਲਾਂ ਨੂੰ ਰੋਕੀ ਰੱਖਿਆ?

ਬਿਲਕੁਲ ਦਿਲਚਸਪੀ ਨਾ ਹੋਣ ਦੀ ਗੱਲ ਵਿਚਾਰੋ। ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਈ ਮਹੀਨੇ ਪਹਿਲਾਂ ਅਸਤੀਫ਼ਾ ਦੇ ਦਿੱਤਾ ਤੇ ਉਨ੍ਹਾਂ ਦੀ ਜਗ੍ਹਾ ਭਰਨ ਲਈ ਕੋਈ ਹਲਚਲ ਨਹੀਂ ਹੋਈ। ਬੇਖ਼ੌਫ਼ ਅਮਰਿੰਦਰ ਸਿੰਘ, ਜਿਨ੍ਹਾਂ ਕਾਂਗਰਸ ਨੂੰ ਸਬਕ ਸਿਖਾਉਣ ਲਈ ਇਸ ਨੂੰ ਛੱਡਿਆ ਸੀ ਤੇ ਭਾਜਪਾ ਵਿੱਚ ਸ਼ਮੂਲੀਅਤ ਕੀਤੀ ਸੀ, ਰਾਜਨੀਤੀ ਦੀ ਗਹਿਮਾ-ਗਹਿਮੀ ਤੇ ਗੁਬਾਰ ਤੋਂ ਕਿਤੇ ਦੂਰ ਹਨ ਤੇ ਸੈਰ-ਸਪਾਟੇ ਦੀ ਯੋਜਨਾਬੰਦੀ ’ਚ ਰੁੱਝੇ ਹਨ। ਗੁਜਰਾਤ ਤੋਂ ਆਇਆ ਵਿਜੈ ਰੂਪਾਣੀ ਜੋ ਪੰਜਾਬ ਭਾਜਪਾ ਦਾ ਇੰਚਾਰਜ ਹੈ, ਬੋਰੀਅਤ ’ਚ ਖਿੱਝ ਕੇ ਕਿਤੇ ਲੁਕ-ਛਿਪ ਜਾਂਦਾ ਹੈ, ਪਰ ਸਾਰੇ ਉਸ ਨੂੰ ਦੇਖ ਸਕਦੇ ਹਨ।

ਲੁਧਿਆਣਾ ਪੱਛਮੀ ਹਲਕਾ ਜ਼ਿਆਦਾਤਰ ਹਿੰਦੂ ਬਹੁਗਿਣਤੀ ਵਾਲਾ ਹੈ, ਲਗਭਗ 85 ਪ੍ਰਤੀਸ਼ਤ, 18 ਮਹੀਨਿਆਂ ਬਾਅਦ ਹੋਣ ਵਾਲੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਲਈ ਖਾਤਾ ਖੋਲ੍ਹਣ ਦੀ ਸਹੀ ਜਗ੍ਹਾ। ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ, ਭਾਜਪਾ ਨੇ ਜ਼ਿਆਦਾ ਮਾੜੀ ਕਾਰਗੁਜ਼ਾਰੀ ਨਹੀਂ ਦਿਖਾਈ ਸੀ, ਕਰੀਬ 18 ਪ੍ਰਤੀਸ਼ਤ ਵੋਟਾਂ ਲਈਆਂ ਸਨ। ਪ੍ਰਧਾਨ ਮੰਤਰੀ, ਜਿਨ੍ਹਾਂ ਐਮਰਜੈਂਸੀ ਦੌਰਾਨ ਪੰਜਾਬ ਵਿੱਚ ਕਾਫ਼ੀ ਵਕਤ ਬਿਤਾਇਆ, ਕਿਹਾ ਜਾਂਦਾ ਹੈ ਕਿ ਪੰਜਾਬ ਲਈ ਉਨ੍ਹਾਂ ਦੇ ਮਨ ’ਚ ਖ਼ਾਸ ਜਗ੍ਹਾ ਹੈ ਪਰ ਸਾਫ਼ ਤੌਰ ’ਤੇ ਆਤਮ-ਵਿਸ਼ਵਾਸ ਦੀ ਘਾਟ ਹੈ।

ਮੰਨਿਆ ਜਾ ਰਿਹਾ ਹੈ ਕਿ ਲੁਧਿਆਣੇ ਦਾ ਮੁੰਡਾ ਵਿਕਰਮ ਸੰਧੂ ਪੱਛਮੀ ਹਲਕੇ ਤੋਂ ਉਮੀਦਵਾਰ ਹੋ ਸਕਦਾ ਹੈ- ਉਸ ਨੇ ਪਿਛਲੀ ਵਾਰ ਵੀ ਚੋਣ ਲੜੀ ਸੀ- ਸਿਵਾਏ ਇਸ ਦੇ ਕਿ ਸਥਾਨਕ ‘ਸੰਗਠਨ’ ਜਾਂ ਆਰਐੱਸਐੱਸ ਪ੍ਰਤੀਨਿਧੀ, ਮੰਤਰੀ ਸ੍ਰੀਨਿਵਾਸੁਲੂ ਇਸ ਨੂੰ ਮਨਜ਼ੂਰ ਨਾ ਕਰਨ। ਸ੍ਰੀਨਿਵਾਸੁਲੂ ਇਸ ਦੀ ਥਾਂ ਜੀਵਨ ਗੁਪਤਾ ਨੂੰ ਪਸੰਦ ਕਰਦੇ ਹਨ ਜੋ ਇੱਕ ਹੋਰ ਮੁਕਾਮੀ ਬਾਸ਼ਿੰਦਾ ਹੈ; ਉਹ ਪੂਰੀ ਤਰ੍ਹਾਂ ‘ਸੰਗਠਨ’ ਨੂੰ ਸਮਰਪਿਤ ਹੈ, ਪਰ ਇਸ਼ਾਰਾ ਮਿਲੇ ਤਾਂ, “ਦਸ ਵੋਟਾਂ ਵੀ ਸ਼ਾਇਦ ਨਾ ਮਿਲਣ।

ਇਸ ਦੌਰਾਨ ਸ੍ਰੀਨਿਵਾਸੁਲੂ ਪੰਜਾਬ ਭਾਜਪਾ ’ਚ ਸਭ ਤੋਂ ਜ਼ਿਆਦਾ ਨਾ-ਪਸੰਦ ਕੀਤੇ ਗਏ ਹਨ। ਰੱਬ ਤੋਂ ਡਰਨ ਵਾਲਾ, ਤੇਲਗੂ ਭਾਸ਼ੀ ਭਲਾਮਾਣਸ, ਉਸ ਨੇ ਚਾਅ ਨਾਲ ਮੀਲਾਂ ਗਾਹੇ ਹਨ, ਪਿੰਡਾਂ ਦੇ ਪਿੰਡ, ਪਰ ਕੋਈ ਫ਼ਾਇਦਾ ਨਹੀਂ ਹੋਇਆ। ਇਹ ਅਸਲ ’ਚ ਉਸ ਦੀ ਗ਼ਲਤੀ ਨਹੀਂ ਹੈ। ਉਹ ਪੰਜਾਬੀਆਂ ਲਈ ਬੁਝਾਰਤ ਬਣਿਆ ਹੋਇਆ ਹੈ ਤੇ ਪੰਜਾਬੀ ਉਸ ਲਈ ਬੁਝਾਰਤ ਹਨ। ਇੱਥੇ ਨਿਊਟਨ ਦਾ ਤੀਜਾ ਸਿਧਾਂਤ ਲਾਗੂ ਹੁੰਦਾ ਹੈ; ਹਰੇਕ ਕਿਰਿਆ ਦੀ ਬਰਾਬਰ ਅਤੇ ਉਲਟ ਪ੍ਰਤੀਕਿਰਿਆ ਹੁੰਦੀ ਹੈ।

ਬੇਸ਼ੱਕ, ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ, ਪੰਜਾਬ ਅਤੇ ਆਂਧਰਾ ਪ੍ਰਦੇਸ਼ ’ਚੋਂ ਗੁਜ਼ਰਦਿਆਂ, ਭਾਰਤ ਇੱਕ ਹੀ ਹੈ, ਪਰ ਭਾਜਪਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ ‘ਮੈਗੀ’ ਵਿੱਚ ਕੁਝ ਲੋਕਲ ਸੁਆਦ ਹਮੇਸ਼ਾ ਚੰਗਾ ਲੱਗਦਾ ਹੈ।

ਦੁਬਾਰਾ ਫੇਰ ਅਸਲ ਸਵਾਲ ’ਤੇ ਆਉਂਦੇ ਹਾਂ। ਭਾਜਪਾ ਲੁਧਿਆਣਾ ਪੱਛਮੀ ਚੋਣ ਲੜਨ ਵਿੱਚ ਦਿਲਚਸਪੀ ਕਿਉਂ ਨਹੀਂ ਲੈ ਰਹੀ? ਸ਼ਾਇਦ ਇਸ ਨੂੰ ਯੋਗ ਉਮੀਦਵਾਰ ਨਹੀਂ ਮਿਲ ਸਕਿਆ। ਇਸ ਤਰ੍ਹਾਂ ਨਹੀਂ ਕਿ ਇਹ ਕਿਸੇ ਵਿਆਪਕ ਅਲਾਮਤ ਦਾ ਹਿੱਸਾ ਹੈ; ਗੱਲ ਇਹ ਹੈ ਕਿ ਪੰਜਾਬ ਕੋਲ ਸਿਰਫ਼ 13 ਲੋਕ ਸਭਾ ਸੀਟਾਂ ਹਨ ਤੇ ਅਕਾਲੀ ਦਲ ਤੋਂ ਬਿਨਾਂ ਇਸ ਨੂੰ ਪੰਜਾਬ ਦੇ ਸਿੱਖ ਬਹੁਗਿਣਤੀ ਵਾਲੇ ਪਿੰਡਾਂ ਵਿੱਚ ਵੜਨਾ ਮੁਸ਼ਕਿਲ ਲੱਗ ਰਿਹਾ ਹੈ।

ਸ਼ਾਇਦ ਉੱਤੇ ਲਿਖਿਆ ਕੁਝ ਵੀ ਸੱਚ ਨਾ ਹੋਵੇ ਤੇ ਅਸਲ ਕਾਰਨ ਇਹ ਹੈ ਕਿ ਪੰਜਾਬੀ ਸਦੀਆਂ ਤੋਂ ਦਿੱਲੀ ਦਰਬਾਰ ਦਾ ਵਿਰੋਧ ਕਰਨ ਦੇ ਐਨੇ ਆਦੀ ਹੋ ਚੁੱਕੇ ਹਨ ਕਿ ਉਨ੍ਹਾਂ ਲਈ ਭਗਵਾਂ ਪਾਰਟੀ ਤੋਂ ਨਾਬਰ ਹੋਣਾ ਵਧੇਰੇ ਸੌਖਾ ਹੈ। ਫਿਰ ਭਾਜਪਾ ਆਖ਼ਿਰ ਕਿਉਂ ਇਸ ਹਾਲਤ ਨੂੰ ਬਦਲਣਾ ਨਹੀਂ ਚਾਹੁੰਦੀ?

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਅਮਰੀਕਾ 'ਚ ਮਾਰਿਆ ਗਿਆ ਗੁਜਰਾਤੀ ਵਿਅਕਤੀ, ਪਰਿਵਾਰ ਦੀ ਮਦਦ ਲਈ ਇਕੱਠੇ ਹੋਏ 1 ਲੱਖ ਡਾਲਰ



ਨਿਊਯਾਰਕ (ਰਾਜ ਗੋਗਨਾ)- ਅਮਰੀਕਾ ਦੇ ਸੂਬੇ ਟੈਨੇਸੀ ਵਿੱਚ ਇੱਕ ਲੁਟੇਰੇ ਦੁਆਰਾ ਗੋਲੀ ਮਾਰ ਕੇ ਮਾਰੇ ਗਏ ਗੁਜਰਾਤੀ-ਭਾਰਤੀ ਪ੍ਰਿੰਸ ਪਟੇਲ ਦੇ ਪਰਿਵਾਰ ਦੀ ਮਦਦ ਲਈ ਸ਼ੁਰੂ ਕੀਤੀ ਗਈ ਕ੍ਰਾਊਡ ਫੰਡਿੰਗ ਮੁਹਿੰਮ ਵਿੱਚ ਨਾ ਸਿਰਫ਼ ਭਾਰਤੀ, ਸਗੋਂ ਅਮਰੀਕੀ ਵੀ ਯੋਗਦਾਨ ਪਾ ਰਹੇ ਹਨ। ਹੁਣ ਤੱਕ 100,000 ਡਾਲਰ ਤੋਂ ਵੱਧ ਇਕੱਠੇ ਕੀਤੇ ਜਾ ਚੁੱਕੇ ਹਨ। ਲੰਘੀ 20 ਮਈ ਨੂੰ ਟੈਨੇਸੀ ਰਾਜ ਦੇ ਸ਼ਹਿਰ ਲੇਵਿਸਬਰਗ ਵਿੱਚ ਇੱਕ ਡਕੈਤੀ ਦੌਰਾਨ ਗੋਲੀ ਲੱਗਣ ਕਾਰਨ ਡਿੰਗੂਚਾ (ਗੁਜਰਾਤ) ਦੇ ਰਹਿਣ ਵਾਲੇ ਪਰੇਸ਼ ਪਟੇਲ ਉਰਫ਼ ਪ੍ਰਿੰਸ ਪਟੇਲ ਦੇ ਪਰਿਵਾਰ ਦੀ ਮਦਦ ਲਈ ਸ਼ੁਰੂ ਕੀਤੀ ਗਈ ਇੱਕ ਕ੍ਰਾਊਡ ਫੰਡਿੰਗ ਮੁਹਿੰਮ ਨੇ 100,000 ਡਾਲਰ ਤੋਂ ਵੱਧ ਦੀ ਰਕਮ ਇਕੱਠੀ ਕੀਤੀ ਹੈ।

ਪ੍ਰਿੰਸ ਆਪਣੀ ਪੰਜ ਸਾਲ ਦੀ ਧੀ ਜੀਆ ਅਤੇ ਪਤਨੀ ਕਿੰਜਲ ਨਾਲ ਅਮਰੀਕਾ ਵਿੱਚ ਰਹਿੰਦਾ ਸੀ ਅਤੇ ਇੱਕ ਗੈਸ ਸਟੇਸ਼ਨ 'ਤੇ ਕੰਮ ਕਰਦਾ ਸੀ। ਜਦੋਂ ਉਸਨੂੰ ਮਾਰ ਦਿੱਤਾ ਗਿਆ ਉਦੋਂ ਉਹ ਰਾਤ ਦੀ ਸ਼ਿਫਟ ਵਿੱਚ ਕੰਮ ਕਰ ਰਿਹਾ ਸੀ। ਇਕ ਗੈਰ ਗੋਰਾ ਆਦਮੀ ਸਟੋਰ ਵਿੱਚ ਦਾਖਲ ਹੋਇਆ ਅਤੇ ਉਸ ਨੇ ਪ੍ਰਿੰਸ ਵੱਲ ਬੰਦੂਕ ਤਾਣੀ ਅਤੇ ਉਸਨੂੰ ਕੈਸ਼ ਰਜਿਸਟਰ ਖਾਲੀ ਕਰਨ ਲਈ ਕਿਹਾ। ਪ੍ਰਿੰਸ ਪਟੇਲ ਨੇ ਪਹਿਲਾਂ ਹੀ ਲੁਟੇਰੇ ਦੇ ਕਹਿਣ ਅਨੁਸਾਰ ਨਕਦੀ ਕੱਢ ਕੇ ਕਾਊਂਟਰ 'ਤੇ ਰੱਖਣੀ ਸ਼ੁਰੂ ਕਰ ਦਿੱਤੀ ਸੀ, ਪਰ ਉਸੇ ਸਮੇਂ ਲੁਟੇਰੇ ਨੇ ਗੋਲੀ ਚਲਾ ਦਿੱਤੀ, ਜਿਸ ਕਾਰਨ ਪ੍ਰਿੰਸ ਡਿੱਗ ਪਿਆ। ਲੁਟੇਰਾ ਉਸ ਦੇ ਪੈਸੇ ਲੈ ਕੇ ਭੱਜ ਜਾਣ ਤੋਂ ਬਾਅਦ ਵੀ ਪ੍ਰਿੰਸ ਨੂੰ ਦੁਬਾਰਾ ਗੋਲੀ ਮਾਰਨ ਲਈ ਵਾਪਸ ਆਇਆ ਤਾਂ ਜੋ ਉਹ ਬਚ ਨਾ ਜਾਵੇ।

ਪ੍ਰਿੰਸ ਆਪਣੇ ਪਰਿਵਾਰ ਦਾ ਇਕਲੌਤਾ ਕਮਾਉਣ ਵਾਲਾ ਮੈਂਬਰ ਸੀ, ਉਸ ਦੀ ਅਚਾਨਕ ਮੌਤ ਤੋਂ ਬਾਅਦ ਉਸਦੀ ਧੀ ਤੋਂ ਇਲਾਵਾ, ਭਾਰਤ ਵਿੱਚ ਰਹਿਣ ਵਾਲੇ ਪਰਿਵਾਰ ਦੀ ਜ਼ਿੰਮੇਵਾਰੀ ਵੀ ਉਸਦੀ ਪਤਨੀ 'ਤੇ ਆ ਗਈ ਹੈ। ਪ੍ਰਿੰਸ ਹੁਣ ਇਸ ਦੁਨੀਆ ਵਿੱਚ ਨਹੀਂ ਹੈ, ਪਰ ਅਮਰੀਕਾ ਵਿੱਚ ਰਹਿਣ ਵਾਲੇ ਗੁਜਰਾਤੀ ਇਸ ਮੁਸ਼ਕਲ ਹਾਲਾਤ ਵਿੱਚ ਉਸਦੇ ਪਰਿਵਾਰ ਦੀ ਮਦਦ ਕਰ ਰਹੇ ਹਨ। ਉਸ ਦੇ ਨਜ਼ਦੀਕੀ ਪਰਿਵਾਰ ਦੇ ਲੋਕਾਂ ਦਾ ਟੀਚਾ ਪ੍ਰਿੰਸ ਦੇ ਪਰਿਵਾਰ ਲਈ 175,000 ਹਜ਼ਾਰ ਡਾਲਰ ਇਕੱਠਾ ਕਰਨਾ ਹੈ, ਜਿਸ ਦੇ ਤਹਿਤ 30 ਮਈ ਤੱਕ 895 ਲੋਕਾਂ ਦੁਆਰਾ 109,143 ਡਾਲਰ ਦਾਨ ਕੀਤੇ ਜਾ ਚੁੱਕੇ ਹਨ। ਇਹ ਕ੍ਰਾਊਡ ਫੰਡਿੰਗ ਅਜੇ ਪਟੇਲ ਨਾਮ ਦੇ ਇੱਕ ਵਿਅਕਤੀ ਦੁਆਰਾ ਕੀਤੀ ਜਾ ਰਹੀ ਹੈ ਜਿਸਨੇ ਆਪਣੀ ਪਛਾਣ ਪ੍ਰਿੰਸ ਦੇ ਚਚੇਰੇ ਭਰਾ ਵਜੋਂ ਦੱਸੀ ਹੈ।

# 5 ਲੱਖ ਤੋਂ ਵੱਧ ਪ੍ਰਵਾਸੀ ਹੋਣਗੇ ਡਿਪੋਰਟ ! ਅਦਾਲਤ ਨੇ ਟਰੰਪ ਨੂੰ ਦਿੱਤੀ ਖੁੱਲ੍ਹੀ ਛੁੱਟੀ

ਵਾਸ਼ਿੰਗਟਨ (ਰਾਜ ਗੋਗਨਾ) : ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਮੀਗ੍ਰੇਸ਼ਨ ਨੀਤੀ 'ਤੇ ਬੀਤੇ ਦਿਨ ਅਮਰੀਕੀ ਸੁਪਰੀਮ ਕੋਰਟ ਨੇ ਇੱਕ ਵੱਡਾ ਫੈਸਲਾ ਸੁਣਾਇਆ, ਜਿਸ ਨਾਲ ਟਰੰਪ ਪ੍ਰਸ਼ਾਸਨ ਨੂੰ ਅਮਰੀਕਾ ਵਿੱਚ ਰਹਿ ਰਹੇ ਲੱਖਾਂ ਪ੍ਰਵਾਸੀਆਂ ਦੀ ਅਸਥਾਈ ਕਾਨੂੰਨੀ ਸਥਿਤੀ ਨੂੰ ਖਤਮ ਕਰਨ ਦੀ ਆਗਿਆ ਮਿਲ ਗਈ। ਇਹ ਪ੍ਰਵਾਸੀ ਵੈਨੇਜ਼ੁਏਲਾ, ਕਿਊਬਾ, ਹੈਤੀ ਅਤੇ ਨਿਕਾਰਾਗੁਆ ਵਰਗੇ ਦੇਸ਼ਾਂ ਤੋਂ ਹਨ। ਇਸ ਫੈਸਲੇ ਨਾਲ ਦੇਸ਼ ਨਿਕਾਲੇ ਦੀ ਪ੍ਰਕਿਰਿਆ ਤੇਜ਼ ਹੋ ਸਕਦੀ ਹੈ ਅਤੇ ਟਰੰਪ ਦੀ ਸਖ਼ਤ ਇਮੀਗ੍ਰੇਸ਼ਨ ਪ੍ਰਤੀ ਨੀਤੀ ਨੂੰ ਮਜ਼ਬੂਤੀ ਮਿਲ ਸਕਦੀ ਹੈ।



ਇਹ ਫੈਸਲਾ ਸਾਲ 2022-23 ਵਿੱਚ ਸਰਹੱਦ ਪਾਰ ਤੋਂ ਵੱਧ ਰਹੀ ਘੁਸਪੈਠ ਦੇ ਮੱਦੇਨਜ਼ਰ ਪਿਛਲੀ ਬਾਈਡੇਨ ਸਰਕਾਰ ਵੱਲੋਂ ਇਨ੍ਹਾਂ ਦੇਸ਼ਾਂ ਦੇ ਲੋਕਾਂ ਲਈ ਪੈਰੋਲ ਪ੍ਰੋਗਰਾਮ ਸ਼ੁਰੂ ਕਰਨ ਤੋਂ ਬਾਅਦ ਲਿਆ ਗਿਆ ਹੈ। ਇਸ ਦੇ ਤਹਿਤ ਕੁਝ ਸ਼ਰਤਾਂ ਪੂਰੀਆਂ ਕਰਕੇ ਦੋ ਸਾਲਾਂ ਲਈ ਅਮਰੀਕਾ ਵਿੱਚ ਕੰਮ ਕਰਨ ਅਤੇ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਪ੍ਰੋਗਰਾਮ ਨੇ ਲਗਭਗ 5.3 ਲੱਖ ਲੋਕਾਂ ਨੂੰ ਦੇਸ਼ ਨਿਕਾਲਾ ਤੋਂ ਰਾਹਤ ਪ੍ਰਦਾਨ ਕੀਤੀ। ਪਹਿਲਾਂ ਇੱਕ ਸੰਘੀ ਅਦਾਲਤ ਨੇ ਇਸ ਫੈਸਲੇ 'ਤੇ ਰੋਕ ਲਗਾ ਦਿੱਤੀ ਸੀ, ਪਰ ਹੁਣ ਸੁਪਰੀਮ ਕੋਰਟ ਨੇ ਉਸ ਰੋਕ ਨੂੰ ਹਟਾ ਦਿੱਤਾ ਹੈ।

ਡੋਨਾਲਡ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਵਿੱਚ ਹੀ ਇਸ ਪ੍ਰੋਗਰਾਮ ਨੂੰ ਖਤਮ ਕਰਨ ਦਾ ਹੁਕਮ ਦੇ ਦਿੱਤਾ। ਉਸਨੇ ਹੋਮਲੈਂਡ ਸਿਕਿਓਰਿਟੀ ਸੈਕਟਰੀ ਕ੍ਰਿਸਟੀ ਨੋਮ ਨੂੰ ਤਨਖਾਹ ਯੋਜਨਾ ਨੂੰ ਖਤਮ ਕਰਨ ਦਾ ਹੁਕਮ ਦਿੱਤਾ। ਇਸ ਫੈਸਲੇ ਨੂੰ ਪਹਿਲਾਂ ਮੈਸੇਚਿਉਸੇਟਸ ਦੀ ਇੱਕ ਅਦਾਲਤ ਨੇ ਰੋਕ ਦਿੱਤਾ ਸੀ ਜਿੱਥੇ 23 ਲੋਕਾਂ ਦੇ ਇੱਕ ਸਮੂਹ ਨੇ ਇਸ ਦਾ ਵਿਰੋਧ ਕੀਤਾ ਸੀ। ਪਰ ਹੁਣ ਸੁਪਰੀਮ ਕੋਰਟ ਨੇ ਹੇਠਲੀ ਅਦਾਲਤ ਦੇ ਹੁਕਮ ਨੂੰ ਪਲਟ ਦਿੱਤਾ ਹੈ। ਇਸਦਾ ਮਤਲਬ ਹੈ ਕਿ ਟਰੰਪ ਸਰਕਾਰ ਦਾ ਫੈਸਲਾ ਹੁਣ ਲਾਗੂ ਕੀਤਾ ਜਾ ਸਕਦਾ ਹੈ ਅਤੇ ਹਜ਼ਾਰਾਂ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਕੱਢਣ ਦਾ ਰਾਹ ਪੱਧਰਾ ਹੋ ਗਿਆ ਹੈ।

# ਓਰੇਗੋਨ 'ਚ ਬੇਘਰਿਆਂ ਦੇ ਰੈਣ ਬਸੇਰੇ 'ਤੇ ਹਮਲਾ, ਹਮਲਾਵਰ ਨੇ 11 ਲੋਕਾਂ ਨੂੰ ਕੀਤਾ ਜ਼ਖਮੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਓਰੇਗੋਨ ਵਿਚ ਸਲੇਮ ਵਿਖੇ ਬੇਘਰਿਆਂ ਦੇ ਇਕ ਰੈਣ ਬਸੇਰੇ ਵਿਚ ਹੋਏ ਹਮਲੇ ਵਿੱਚ ਘੱਟੋ ਘੱਟ 11 ਲੋਕਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਸ਼ੱਕੀ ਦੋਸ਼ੀ ਨੂੰ ਕਾਬੂ ਕਰ ਲਿਆ ਗਿਆ ਹੈ। ਸਲੇਮ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਕ ਵਿਅਕਤੀ 8 ਇੰਚ ਲੰਬਾ ਚਾਕੂ ਲੈ ਕੇ ਰੈਣ ਬਸੇਰੇ ਯੂਨੀਅਨ ਗੋਸਪਲ ਮਿਸ਼ਨ ਸਲੇਮ ਵਿਚ ਤਕਰੀਬਨ 7.30 ਵਜੇ ਸ਼ਾਮ ਨੂੰ ਦਾਖਲ ਹੋਇਆ ਤੇ ਉਥੇ ਮੌਜੂਦ ਲੋਕਾਂ ਉਪਰ ਹਮਲਾ ਕਰ ਦਿੱਤਾ। ਦਰਜਨ ਦੇ ਕਰੀਬ ਲੋਕਾਂ ਨੂੰ ਜ਼ਖਮੀ ਕਰਨ ਉਪਰੰਤ ਉਹ ਫਰਾਰ ਹੋ ਗਿਆ।




ਪੁਲਿਸ ਅਨੁਸਾਰ ਸ਼ੱਕੀ ਦੀ ਪਛਾਣ 42 ਸਾਲਾ ਟੋਨੀ ਵਿਲਅਮਜ ਵਜੋਂ ਹੋਈ ਹੈ ਤੇ ਉਹ ਰੈਣ ਬਸੇਰੇ ਤੋਂ ਦੂਸਰੇ ਪਾਸੇ ਰਹਿੰਦਾ ਹੈ। ਪੁਲਿਸ ਅਨੁਸਾਰ ਪੀੜਤਾਂ ਵਿਚ ਰੈਣ ਬਸੇਰੇ ਦੇ 2 ਸਟਾਫ ਮੈਂਬਰ ਵੀ ਸ਼ਾਮਲ ਹਨ ਜਿਨਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ। ਪੁਲਸ ਅਨੁਸਾਰ ਜ਼ਖਮੀਆਂ ਵਿਚ 26 ਤੋਂ 57 ਸਾਲ ਦੇ ਵਿਅਕਤੀ ਸ਼ਾਮਿਲ ਹਨ। ਇਨ੍ਹਾਂ ਵਿਚ 5 ਗੰਭੀਰ ਜ਼ਖਮੀ ਸ਼ਾਮਲ ਹਨ।


CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# LM Trans



NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਸ਼ਾਇਰਾ ਸੁਰਜੀਤ ਸਖੀ ਦੀ ਕਿਤਾਬ 'ਗੱਲ ਤਾਂ ਚਲਦੀ ਰਹੇ..' ਉਪਰ ਵਿਚਾਰ ਚਰਚਾ

## ਜੂਨ 8 ਨੂੰ ਹੇਵਰਡ ਵਿੱਚ ਸਮਾਗਮ

ਹੇਵਰਡ: ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ 8 ਜੂਨ ਦਿਨ ਐਤਵਾਰ ਨੂੰ ਹੇਵਰਡ ਵਿਖੇ ਵਿਸ਼ੇਸ਼ ਸਾਹਿਤਕ ਬੈਠਕ ਕੀਤੀ ਜਾ ਰਹੀ ਹੈ ਜਿਸ ਵਿੱਚ ਉੱਘੀ ਪੰਜਾਬੀ ਸ਼ਾਇਰਾ ਸੁਰਜੀਤ ਸਖੀ ਦੀ ਪਹਿਲੀ ਵਾਰਤਕ ਕਿਤਾਬ 'ਗੱਲ ਤਾਂ ਚਲਦੀ ਰਹੇ..' ਉੱਪਰ ਸਾਹਿਤਕ ਗੋਸ਼ਟੀ ਕੀਤੀ ਜਾਏਗੀ। ਇਹ ਬੈਠਕ ਸੈਫਾਇਰ ਬੈਂਕੁਇਟ ਹਾਲ, 24989 Santa Clara St, Hayward, California ਵਿੱਚ 8 ਜੂਨ ਦਿਨ ਐਤਵਾਰ ਨੂੰ 12 ਵਜੇ ਦੁਪਹਿਰੇ ਸ਼ੁਰੂ ਹੋਏਗੀ। ਹਾਜ਼ਰ ਲੇਖਕਾਂ ਅਤੇ ਪਾਠਕਾਂ ਲਈ ਦੁਪਹਿਰ ਦਾ ਖਾਣਾ 12 ਤੋਂ 1 ਵਜੇ ਤੱਕ ਚਲੇਗਾ ਅਤੇ ਤੁਰੰਤ ਬਾਅਦ ਸਾਹਿਤ ਗੋਸ਼ਟੀ ਦਾ ਅਰੰਭ ਹੋਏਗਾ।




ਸੁਰਜੀਤ ਸਖੀ ਪੰਜਾਬੀ ਗ਼ਜ਼ਲ ਅਤੇ ਸ਼ਾਇਰੀ ਵਿੱਚ ਪ੍ਰਮੁੱਖ ਨਾਮ ਹੈ। ਉਹ ਪੰਜਾਬੀ ਸ਼ਾਇਰੀ ਦੀਆਂ ਕਈ ਕਿਤਾਬਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾ ਚੁੱਕੇ ਹਨ ਪਰ ਇਹ ਨਵੀਂ ਕਿਤਾਬ ਵਾਰਤਕ ਨਿਬੰਧਾਂ ਦੀ ਹੈ ਜਿਸ ਵਿੱਚ ਪੰਜਾਬੀ ਕਾਵਿ ਜਗਤ ਦੇ 12 ਨਾਮਵਰ ਸ਼ਾਇਰਾਂ ਦੀ ਸਖ਼ਸ਼ੀਅਤ ਅਤੇ ਉਹਨਾਂ ਦੀ ਸ਼ਾਇਰੀ ਬਾਰੇ ਲੇਖ ਹਨ। ਸੁਰਜੀਤ ਸਖੀ ਨੂੰ ਸਾਹਿਤਕ ਸਫਰ ਦੌਰਾਨ ਕਿਤਾਬ ਵਿੱਚ ਸ਼ਾਮਲ ਇਹਨਾਂ ਸ਼ਾਇਰਾਂ ਅਤੇ ਉਹਨਾਂ ਦੀ ਸ਼ਾਇਰੀ ਦੇ ਅੰਗ-ਸੰਗ ਵਿਚਰਨ ਦਾ ਮੌਕਾ ਮਿਲਿਆ ਹੈ ਜਿਸ ਦੇ ਆਧਾਰ 'ਤੇ ਉਹਨਾਂ ਬਾਰੇ ਗੱਲ ਚਲਦੀ ਰੱਖਣ ਦਾ ਸਾਹਸ ਕਰਦਿਆਂ ਖ਼ੂਬਸੂਰਤ ਵਾਰਤਕ ਦੀ ਸਿਰਜਣਾ ਕੀਤੀ ਹੈ ਜਿਸ ਵਿੱਚ ਪ੍ਰਸੰਸਾ ਅਤੇ ਆਲੋਚਨਾ ਦੀ ਰਲੀ ਮਿਲੀ ਮਹਿਕ ਸ਼ਾਮਲ ਹੈ। ਕਿਤਾਬ ਵਿੱਚ ਸ਼ਾਮਲ ਸਖ਼ਸ਼ੀਅਤਾਂ ਹਨ: ਸੁਰਜੀਤ ਪਾਤਰ, ਗੁਰਭਜਨ ਗਿੱਲ, ਵਿਜੇ ਵਿਵੇਕ, ਸੁਖਵਿੰਦਰ ਅੰਮ੍ਰਿਤ, ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ, ਸੁਰਿੰਦਰ ਸੋਹਲ, ਜਸਵਿੰਦਰ, ਕੁਲਵਿੰਦਰ, ਗੁਰਤੇਜ ਕੋਹਾਰਵਾਲਾ ਅਤੇ ਚਰਨਜੀਤ ਸਿੰਘ ਪੰਨੂ।

ਬੈਠਕ ਦੇ ਅੰਤ ਵਿੱਚ ਹਾਜ਼ਰ ਸ਼ਾਇਰ ਕਵੀ ਦਰਬਾਰ ਵਿੱਚ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕਰਨਗੇ।

# ਸ਼ਿਕਾਗੋ 'ਚ ਇਕ ਚਰਚ ਨੇੜੇ ਹੋਈ ਗੋਲੀਬਾਰੀ ਵਿਚ 7 ਨੌਜਵਾਨ ਜ਼ਖਮੀ, ਹਮਲਾਵਰ ਫਰਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਸ਼ਿਕਾਗੋ ਵਿਚ ਤੜਕਸਾਰ ਸੇਂਟ ਸਬੀਨਾ ਚਰਚ ਨੇੜੇ ਹੋਈ ਗੋਲਬਾਰੀ ਵਿਚ 7 ਨੌਜਵਾਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਉਸ ਦੇ ਲੱਤ ਤੇ ਛਾਤੀ ਵਿਚ ਗੋਲੀਆਂ ਵੱਜੀਆਂ ਹਨ ਜਦ ਕਿ ਬਾਕੀਆਂ ਦੇ ਲੱਤਾਂ, ਬਾਹਾਂ ਜਾਂ ਪਿੱਠ 'ਤੇ ਗੋਲੀਆਂ ਵੱਜੀਆਂ ਹਨ। ਇਹ ਜਾਣਕਾਰੀ ਸ਼ਿਕਾਗੋ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਬਿਆਨ ਅਨੁਸਾਰ ਪੁਲਿਸ ਪੱਛਮੀ 78 ਵੀਂ ਸਟਰੀਟ 'ਤੇ ਤੜਕਸਾਰ ਤਕਰੀਬਨ 2 ਵਜੇ ਲੋਕਾਂ ਦੇ ਵੱਡੇ ਇਕੱਠ ਨੂੰ ਤਿਤਰ ਬਿਤਰ ਕਰਨ ਦਾ ਯਤਨ ਕਰ ਰਹੀ ਸੀ ਜਦੋਂ ਇਕ ਗੱਡੀ ਵਿਚ ਆਏ ਹਮਲਾਵਰਾਂ ਨੇ ਭੀੜ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਗੋਲੀਆਂ ਚਲਾਉਣ ਉਪਰੰਤ ਹਮਲਾਵਰ ਫਰਾਰ ਹੋ ਗਏ। ਪੁਲਿਸ ਨੇ ਕਿਹਾ ਹੈ ਕਿ ਇਸ ਮਾਮਲੇ ਵਿਚ ਅਜੇ ਤੱਕ ਕਿਸੇ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। 3 ਪੀੜਤ 17 ਸਾਲ, 3 ਪੀੜਤ 18 ਸਾਲ ਤੇ ਇਕ ਜ਼ਖਮੀ ਦੀ ਉਮਰ 19 ਸਾਲ ਹੈ। ਫਾਦਰ ਮਿਸ਼ੈਲ ਫਲੇਗਰ ਨੇ ਸ਼ੋਸਲ ਮੀਡੀਆ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ ਕਿ ਸਮੂਹਿਕ ਨ੍ਰਿਤ ਤੋਂ ਬਾਅਦ ਇਕ ਘਰ ਵਿਚ ਇਕੱਤਰ ਹੋਏ ਲੋਕਾਂ 'ਤੇ ਗੋਲੀਆਂ ਵਰਾਈਆਂ ਗਈਆਂ ਹਨ। "ਉਨਾਂ ਕਿਹਾ ਹੈ ਕਿ ਅਸੀਂ ਦੁੱਖੀ ਹਾਂ ਪਰੰਤੂ ਹਾਰੇ ਨਹੀਂ ਹਾਂ। ਅਸੀਂ ਖੜੇ ਰਹਾਂਗੇ, ਬੋਲਾਂਗੇ ਤੇ ਸੇਵਾ ਕਰਦੇ ਰਹਾਂਗੇ।"

# ਨਿਊ ਓਰਲੀਨਜ ਜੇਲ 'ਚੋਂ ਕੈਦੀਆਂ ਦੇ ਭੱਜਣ ਵਿੱਚ 14 ਲੋਕਾਂ ਨੇ ਮਦਦ ਕੀਤੀ, 2 ਕੈਦੀ ਅਜੇ ਵੀ ਫਰਾਰ

ਸੈਕਰਾਮੈਂਟੋ,ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) : ਦੋ ਹਫਤੇ ਪਹਿਲਾਂ 16 ਮਈ ਨੂੰ ਨਿਊ ਓਰਲੀਨਜ ਜੇਲ ਵਿਚੋਂ ਫਰਾਰ ਹੋਏ 10 ਕੈਦੀਆਂ ਦੀ ਘੱਟੋ ਘੱਟ 14 ਲੋਕਾਂ ਨੇ ਮੱਦਦ ਕੀਤੀ। ਮੱਦਦਗਾਰਾਂ ਵਿਚ ਕੈਦੀਆਂ ਦੇ ਮਿੱਤਰ ਤੇ ਪਰਿਵਾਰਕ ਮੈਂਬਰ ਸ਼ਾਮਿਲ ਹਨ।ਅਦਾਲਤ ਵਿਚ ਦਾਇਰ ਦਸਤਾਵੇਜ਼ਾਂ ਅਨੁਸਾਰ ਇਨਾਂ ਨੇ ਕੈਦੀਆਂ ਨੂੰ ਖਾਣਾ ਦਿੱਤਾ, ਨਕਦੀ ਦਿੱਤੀ, ਗੱਡੀਆਂ ਦਿੱਤੀਆਂ ਤੇ ਪਨਾਹ ਵੀ ਦਿੱਤੀ। ਕੁਝ ਕੈਦੀਆਂ ਨੂੰ ਤਾਂ ਭੱਜਣ ਤੋਂ ਪਹਿਲਾਂ ਵੀ ਮੱਦਦ ਮਿਲੀ। ਇਨਾਂ ਤੋਂ ਇਲਾਵਾ ਕੁਝ ਹੋਰ ਲੋਕਾਂ ਦੇ ਨਾਂ ਵੀ ਪੁਲਿਸ ਦੀ ਰਿਪੋਰਟ ਵਿਚ ਹਨ ਪਰੰਤੂ ਉਨਾਂ ਵਿਰੁੱਧ ਅਜੇ ਦੋਸ਼ ਆਇਦ ਨਹੀਂ ਕੀਤੇ ਗਏ। ਇਕ ਸਾਬਕਾ ਜੇਲ ਮੁਲਾਜ਼ਮ ਲੈਨਟਨ ਵੈਨਬੁਰੇਨ ਨਾਮੀ ਕੈਦੀ ਨੂੰ ਆਪਣੀ ਗੱਡੀ ਵਿਚ ਆਪਣੇ ਇਕ ਰਿਸ਼ਤੇਦਾਰ ਦੇ ਘਰ ਲੈ ਕੇ ਗਿਆ ਜਦ ਕਿ ਬਾਅਦ ਵਿਚ ਇਕ ਹੋਰ ਦੋਸਤ ਨੇ ਵੈਨਬੁਰੇਨ ਨੂੰ ਲੁੱਕਣ ਵਾਸਤੇ ਇਕ ਫਲੈਟ ਦਿੱਤਾ। ਪੁਲਿਸ ਅਨੁਸਾਰ ਕੁਝ ਨੇ ਐਪਸ ਰਾਹੀਂ ਪੈਸੇ ਭੇਜੇ ਤੇ ਪੁੱਛਗਿੱਛ ਦੌਰਾਨ ਝੂਠ ਬੋਲਿਆ। ਡੈਰਿਕ ਗਰੋਵਸ ਤੇ ਐਨਟੋਨੀ ਮੈਸੀ ਨਾਮੀ ਕੈਦੀ ਅਜੇ ਵੀ ਫਰਾਰ ਹਨ ਜਿਨਾਂ ਉਪਰ ਪੁਲਿਸ ਨੇ 50-50 ਹਜਾਰ ਡਾਲਰ ਦਾ ਇਨਾਮ ਰਖਿਆ ਹੈ।

# ਪੋਲੈਂਡ ਚੋਣਾਂ ਦੇ ਨਤੀਜਿਆਂ ਦਾ ਹੋਇਆ ਐਲਾਨ, ਟਰੰਪ ਸਮਰਥਕ ਕੈਰੋਲ ਨਵਰੋਕੀ ਬਣੇ ਨਵੇਂ ਰਾਸ਼ਟਰਪਤੀ

ਵਾਰਸਾ : ਕੰਜ਼ਰਵੇਟਿਵ ਨੇਤਾ ਕੈਰੋਲ ਨਵਰੋਕੀ ਨੇ ਪੋਲੈਂਡ ਵਿੱਚ ਰਾਸ਼ਟਰਪਤੀ ਚੋਣ ਜਿੱਤ ਲਈ ਹੈ। ਇਹ ਜਾਣਕਾਰੀ ਸੋਮਵਾਰ ਨੂੰ ਵੋਟਾਂ ਦੀ ਗਿਣਤੀ ਦੇ ਅੰਤਿਮ ਅੰਕੜਿਆਂ ਤੋਂ ਪ੍ਰਾਪਤ ਹੋਈ ਹੈ। ਇਸ ਅਨੁਸਾਰ, ਨਵਰੋਕੀ ਨੂੰ ਕਰੀਬੀ ਮੁਕਾਬਲੇ ਵਿੱਚ 50.89 ਫੀਸਦੀ ਵੋਟਾਂ ਮਿਲੀਆਂ ਜਦੋਂ ਕਿ ਉਨ੍ਹਾਂ ਦੇ ਵਿਰੋਧੀ ਵਾਰਸਾ ਦੇ ਮੇਅਰ ਰਾਫਾਲ ਟ੍ਰਜ਼ਾਸਕੋਵਸਕੀ ਨੂੰ 49.11 ਫੀਸਦੀ ਵੋਟਾਂ ਮਿਲੀਆਂ। ਇਸ ਚੋਣ ਮੁਕਾਬਲੇ ਵਿੱਚ, ਉਦਾਰਵਾਦੀ ਯੂਰਪੀ ਸੰਘ ਪੱਖੀ ਟ੍ਰਜ਼ਾਸਕੋਵਸਕੀ ਦਾ ਮੁਕਾਬਲਾ ਸੱਜੇ-ਪੱਖੀ 'ਲਾਅ ਐਂਡ ਜਸਟਿਸ ਪਾਰਟੀ' ਦੁਆਰਾ ਸਮਰਥਤ ਰੂੜੀਵਾਦੀ ਇਤਿਹਾਸਕਾਰ ਕੈਰੋਲ ਨਵਰੋਕੀ ਨਾਲ ਸੀ। ਜਾਰੀ ਕੀਤੇ ਗਏ ਇੱਕ ਸ਼ੁਰੂਆਤੀ ਐਗਜ਼ਿਟ ਪੋਲ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਟ੍ਰਜ਼ਾਸਕੋਵਸਕੀ ਜਿੱਤ ਵੱਲ ਵਧ ਰਹੇ ਹਨ। ਹਾਲਾਂਕਿ, ਕੁਝ ਘੰਟਿਆਂ ਬਾਅਦ



ਨਤੀਜਿਆਂ ਨੇ ਤਸਵੀਰ ਨੂੰ ਉਲਟਾ ਦਿੱਤਾ। ਨਤੀਜਾ ਦਰਸਾਉਂਦਾ ਹੈ ਕਿ ਪੋਲੈਂਡ ਆਪਣੇ ਨਵੇਂ ਨੇਤਾ ਦੀ ਅਗਵਾਈ ਵਿੱਚ ਰਾਸ਼ਟਰਵਾਦੀ ਰਸਤਾ ਅਪਣਾ ਸਕਦਾ ਹੈ। ਉਨ੍ਹਾਂ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਮਰਥਨ ਪ੍ਰਾਪਤ ਹੈ। ਨਵਰੋਕੀ ਮੌਜੂਦਾ ਰਾਸ਼ਟਰਪਤੀ ਐਂਡਰੇਜ਼ ਡੂਡਾ ਦੀ ਥਾਂ ਲੈਣਗੇ, ਜੋ ਕਿ ਇੱਕ ਰੂੜੀਵਾਦੀ ਨੇਤਾ ਹਨ ਅਤੇ ਜਿਨ੍ਹਾਂ ਦਾ ਦੂਜਾ ਅਤੇ ਆਖਰੀ ਕਾਰਜਕਾਲ 6 ਅਗਸਤ ਨੂੰ ਖਤਮ ਹੋ ਰਿਹਾ ਹੈ। ਪੋਲੈਂਡ ਦੀ ਰਾਜਨੀਤਿਕ ਪ੍ਰਣਾਲੀ ਵਿੱਚ ਜ਼ਿਆਦਾਤਰ ਸ਼ਕਤੀ ਪ੍ਰਧਾਨ ਮੰਤਰੀ ਕੋਲ ਹੁੰਦੀ ਹੈ, ਜਿਸਨੂੰ ਸੰਸਦ ਦੁਆਰਾ ਚੁਣਿਆ ਜਾਂਦਾ ਹੈ। ਹਾਲਾਂਕਿ, ਰਾਸ਼ਟਰਪਤੀ ਦੀ ਭੂਮਿਕਾ ਸਿਰਫ਼ ਰਸਮੀ ਨਹੀਂ ਹੁੰਦੀ। ਰਾਸ਼ਟਰਪਤੀ ਕੋਲ ਵਿਦੇਸ਼ ਨੀਤੀ ਅਤੇ ਵੀਟੋ ਕਾਨੂੰਨ ਨੂੰ ਪ੍ਰਭਾਵਿਤ ਕਰਨ ਦੀ ਸ਼ਕਤੀ ਹੁੰਦੀ ਹੈ।






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਕੁਝ ਕੁ ਦੇਸ਼ਾਂ ਵਿਚ ਇਸਲਾਮ ਦੇ ਪੈਰੋਕਾਰਾਂ ਲਈ ਇਸ ਤੋਂ ਛੋਟ ਹੈ ਕਿ ਇਕ ਮੁਸਲਮਾਨ ਪਤੀਇਕ ਤੋਂ ਵੱਧ ਵਿਆਹ ਕਰ ਸਕਦਾ ਹੈ। ਸਿੱਖ ਰਹਿਤ ਮਰਯਾਦਾ ਵਿਚ ਇਹ ਮੱਦ ਅੰਕਤ ਹੋਣ ਦੇ ਬਾਵਜੂਦ ਇਸ ਨੂੰ ਅਮਲ ਵਿਚ ਨਹੀਂ ਲਿਆਇਆ ਜਾ ਸਕਦਾ। ਜੇਕਰ ਕੋਈ ਇਸ ਤਰ੍ਹਾਂ ਕਰਦਾ ਹੈ ਤਾਂ ਇਹ ਦੰਡ ਯੋਗ ਅਪਰਾਧ ਹੈ। ਇਸ ਮੱਦ ਵਿਚ ਇਹ ਛੋਟ ਦੇਣ ਦੀ ਲੋੜ ਕਿਉਂ ਪਈ ਇਹ ਸਪਸ਼ਟ ਨਹੀਂ ਹੋ ਸਕਿਆ।ਜਦੋਂ ਇਹ ਤਰਮੀਮ ਕੀਤੀ ਗਈ ਸੀ ਤਾਂ ਉਸ ਸਮੇਂ ਦੀ ਕਾਰਵਾਈ ਤੋਂ ਵੀ ਸਪਸ਼ਟ ਹੈ ਕਿ ਇਸ ਬਾਰੇ ਸਪਸ਼ਟ ਤੌਰ 'ਤੇ ਅਸਹਿਮਤੀ ਸੀ। ਜੇ ਗੁਰੂ ਪੰਥ ਚਾਹੇ ਤਾਂ ਇਸ ਵਿਚ ਸੋਧ ਬਾਰੇ ਵਿਚਾਰ ਕਰ ਸਕਦਾ ਹੈ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

ਅਨੰਦ ਕਾਰਜ ਸਮੇਂ ਕਈ ਵਾਰ ਇਹ ਕਿਹਾ ਜਾਂਦਾ ਹੈ ਕਿ ਬੱਚੇ ਬੱਚੀ ਦੋਹਾਂ ਨੇ ਅੰਮ੍ਰਿਤਪਾਨ ਕੀਤਾ ਹੋਵੇ। ਪਰ ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਅੰਕਤ ਹੈ ਕਿ ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ। ਇਸ ਦਾ ਅਰਥ ਹੈ ਕਿ ਅਨੰਦ ਕਾਰਜ ਵੇਲੇ ਇਹ ਲਾਜ਼ਮੀ ਨਹੀਂ ਹੈ। ਹਾਂ ਜਦੋਂ ਉਹ ਉਸਦੀ ਸੰਘਣੀ ਹੋ ਜਾਏ ਤਾਂ ਉਹ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ। ਇਸ ਦਾ ਅਰਥ ਹੈ ਕਿ ਅਨੰਦ ਕਾਰਜ ਦੇ ਸਮੇਂ ਦੋਨਾਂ ਦਾ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਨਹੀਂ।

3. ਮ੍ਰਿਤਕ ਸੰਸਕਾਰ

(ੳ) ਪ੍ਰਾਣੀ ਨੂੰ ਮਰਨ ਵੇਲੇ-ਜੇ ਮੰਜੇ 'ਤੇ ਹੋਵੇ ਤਾਂ-ਹੇਠ ਨਹੀਂ ਉਤਾਰਨਾ, ਦੀਵਾ-ਵੱਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ 'ਵਾਹਿਗੁਰੂ' 'ਵਾਹਿਗੁਰੂ' ਕਰਨਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੧੦੧੫, ਪੰਨਾ ੨੫)

ਮੰਜੇ ਤੋਂ ਹੇਠਾਂ ਉਤਾਰਨਾ

ਮ੍ਰਿਤਕ ਸੰਸਕਾਰ ਸ਼ਖਸੀ ਰਹਿਣੀ ਦਾ ਤੀਸਰਾ ਅਤੇ ਅਖ਼ੀਰਲਾ ਸੰਸਕਾਰ ਹੈ। ਪੁਰਾਤਨ ਪ੍ਰਚਲਤ ਵਿਚਾਰਾਂ ਅਨੁਸਾਰ ਮੰਜੇ ਉਤੇ ਹੋਈ ਮੌਤ ਬਾਰੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਚਾਰ ਵੱਖ ਸਨ। ਹਿੰਦੂ ਇਸ ਗੱਲ ਲਈ ਯਤਨ ਕਰਦੇ ਸਨ ਕਿ ਬੰਦੇ ਦੀ ਮੌਤ ਜ਼ਮੀਨ 'ਤੇ ਹੋਏ ਕਿਉਂਕਿ ਉਨ੍ਹਾਂ ਦੀ ਸਮਝ ਮੁਤਾਬਕ ਧਰਤੀ ਅਤੇ ਆਕਾਸ਼ ਦੇ ਵਿਚਕਾਰ ਭੂਤਾਂ ਪ੍ਰੇਤਾਂ ਦਾ ਵਾਸਾ ਹੈ। ਇਸ ਲਈ ਜੇਕਰ ਮੰਜੇ ਉਤੇ ਜੀਵ ਪ੍ਰਾਣ ਤਿਆਗਦਾ ਹੈ ਤਾਂ ਉਹ ਭੂਤ ਪ੍ਰੇਮ ਬਣੇਗਾ। ਗੁਰਮਤਿ ਨੇ ਇਸ ਭਰਮ ਨੂੰ ਤੋੜਨ ਲਈ ਇਸ ਨੂੰ ਮਨਮਤ ਕਰਾਰ ਦਿੱਤਾ।

ਦੀਵਾ ਵੱਟਂ

ਬ੍ਰਾਹਮਣ ਦੇ ਕਰਮਕਾਂਡ ਦੀ ਕਿ ਹੋਰ ਰੀਤ ਸੀ, ਮਰੇ ਪ੍ਰਾਣੀ ਦੇ ਹੱਥ 'ਤੇ ਦੀਵਾ ਬਾਲ ਕੇ ਰੱਖਣਾ। ਮਨੌਤ ਇਹ ਸੀ ਕਿ ਇਹ ਉਸ ਨੂੰ ਜਮਪੁਰੀ ਜਾਣ ਲੱਗਿਆਂ ਹਨ੍ਹੇਰੇ ਵਿਚ ਰਾਹ ਵਿਖਾਏਗਾ। ਗੁਰੂ ਸਾਹਿਬ ਨੇ ਬਖਸ਼ਿਸ਼ ਕੀਤੀ ਕਿ ਉਸ ਅੰਧਿਆਰੇ ਮਾਰਗ ਵਿਚ ਕੇਵਲ ਵਾਹਿਗੁਰੂ ਦਾ ਨਾਮ ਹੀ ਸਹਾਈ ਹੋਏਗਾ। ਹੋਰ ਕੁਝ ਵੀ ਨਹੀਂ।




ਜਿਹ ਪੈਡੈ ਮਹਾ ਅੰਧ ਗੁਬਾਰਾ॥
ਹਰਿ ਕਾ ਨਾਮੁ ਸੰਗਿ ਉਜਿਆਰਾ॥ (ਅੰਗ ੨੬੪)

ਗਊ ਮਣਸਾਉਣਾ

ਬ੍ਰਿਪਵਾਦ ਦੀ ਇਕ ਹੋਰ ਰਸਮ ਸੀ ਗਊ ਮਣਸਾਉਣ ਦੀ। ਇਸ ਵਿਚ ਮਰ ਰਹੇ ਜਜਮਾਨ ਦੇ ਹੱਥਾਂ ਨਾਲ ਗਊ ਦੇ ਪੂਛ ਫੜ ਕੇ ਉਹ ਗਊ ਕਿਸੇ ਬ੍ਰਾਹਮਣ ਨੂੰ ਦਾਨ ਦਿੱਤੀ ਜਾਂਦੀ ਹੈ। ਉਨ੍ਹਾਂ ਦੇ ਵਿਸ਼ਵਾਸ ਮੁਤਾਬਕ ਗਊ ਉਸ ਨੂੰ ਭਵਸਾਗਰ ਤੋਂ ਪਾਰ ਉਤਾਰ ਦੇਵੇਗੀ। ਇਤਨਾ ਹੀ ਨਹੀਂ ਹਿੰਦੂ ਮਤ ਵਿਚ ਨਾ ਕੇਵਲ ਗਊ ਬਲਕਿ ਉਸਦੇ ਗੋਬਰ ਅਤੇ ਗਊ-ਮੂਤਰ ਨੂੰ ਵੀ ਪਵਿੱਤਰ ਕਰ ਕੇ ਮੰਨਿਆ ਜਾਂਦਾ ਹੈ। ਸੂਤਕ ਦੇ ਵਹਿਮ ਨੂੰ ਕੱਢਣ ਲਈ ਗਊ ਦੇ ਗੋਬਰ ਦਾ ਪੋਚਾ ਮਾਰਿਆ ਜਾਂਦਾ ਹੈ। ਇਸੇ ਤਰ੍ਹਾਂ ਗੋਬਰ ਅਤੇ ਗਊ-ਮੂਤਰ ਨੂੰ ਹੋਰ ਚੀਜ਼ਾਂ ਵਿਚ ਰਲਾ ਕੇ ਪੰਚ ਗਵਯ ਬਣਾਇਆ ਜਾਂਦਾ ਹੈ। ਸ਼ਾਸਤਰਾਂ ਅਨੁਸਾਰ ਇਸ ਦਾ ਸੇਵਨ ਕਈ ਪਾਪਾਂ ਦਾ ਨਾਸ਼ਕਾਰੀ ਮੰਨਿਆ ਗਿਆ ਹੈ। ਅਲਬੱਤਾ ਸ਼ੂਦਰ ਨੂੰ ਇਸ ਦੇ ਸੇਵਨ ਦਾ ਅਧਿਕਾਰ ਨਹੀਂ ਹੈ। ਸੋ ਬਿਪ੍ਰਵਾਦ ਨੇ ਜਿਥੇ ਗੋਬਰ ਨੂੰ ਪਾਰ ਉਤਾਰਣ ਵਾਲਾ ਮੰਨਿਆ ਹੈ, ਉਥੇ ਗੁਰਮਤਿ ਨੇ ਇਸ ਨੂੰ ਪਾਖੰਡ ਕਰਮ ਜਾਣ ਕੇ ਪੂਰੀ ਤਰ੍ਹਾਂ ਰੱਦ ਕਰਦਿਆਂ ਹੁਕਮ ਕੀਤਾ, "ਮ:੧॥ ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥" (ਅੰਗ 471) ਵਾਹਿਗੁਰੂ ਦਾ ਨਾਮ ਹੀ ਤਾਰਨਹਾਰ ਹੈ, ਇਹ ਗੋਬਰ ਤੁਹਾਨੂੰ ਤਾਰ ਨਹੀਂ ਸਕਦਾ।

(ਅ) ਪ੍ਰਾਣੀ ਦੇ ਦੇਹ ਤਿਆਗਣ 'ਤੇ ਧਾਹ ਨਹੀਂ ਮਾਰਨੀ, ਪਿੱਟਣਾ, ਜਾਂ ਸਿਆਪਾ ਨਹੀਂ ਕਰਨਾ, ਮਨ ਨੂੰ ਵਾਹਿਗੁਰੂ ਦੀ ਰਜ਼ਾ, ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ ਦਾ ਜਾਪ ਕਰੀ ਜਾਣਾ ਚੰਗਾ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੫)

ਮ੍ਰਿਤਕ ਪ੍ਰਾਣੀ ਦੇ ਵਿਜੋਗ ਵਿਚ ਦੁਖ ਜਾਂ ਵਿਛੋੜਾ ਤਾਂ ਕੁਦਰਤੀ ਹੈ ਪਰ ਪੰਜਾਬ ਦੀ ਇਕ ਹੋਰ ਰਸਮ ਸੀ, ਮ੍ਰਿਤਕ ਪ੍ਰਾਣੀ ਦੇ ਨਮਿੱਤ ਪਿੱਟਣਾ ਜਾਂ ਸਿਆਪਾ ਕਰਨਾ।

(ਚਲਦਾ)

# ਥਾਈਲੈਂਡ ਦੀ ਓਪਲ ਸੁਚਾਤਾ ਚੁਆਂਗਸ੍ਰੀ ਨੇ ਜਿੱਤਿਆ ਮਿਸ ਵਰਲਡ ਦਾ ਖਿਤਾਬ

ਹੈਦਰਾਬਾਦ : ਥਾਈਲੈਂਡ ਦੀ ਓਪਲ ਸੁਚਾਤਾ ਚੁਆਂਗਸ੍ਰੀ ਨੇ ਮਿਸ ਵਰਲਡ 2025 ਦਾ ਖਿਤਾਬ ਜਿੱਤਿਆ ਹੈ। ਸੁਚਾਤਾ ਨੇ ਆਪਣੀ ਪ੍ਰਤਿਭਾ, ਆਤਮਵਿਸ਼ਵਾਸ ਤੇ ਸਮਾਜਿਕ ਯੋਗਦਾਨ ਦੁਆਰਾ ਸਾਰਿਆਂ ਨੂੰ ਪਿੱਛੇ ਛੱਡ ਦਿੱਤਾ ਤੇ ਇਹ ਸਥਾਨ ਪ੍ਰਾਪਤ ਕੀਤਾ। ਸੁਚਾਤਾ ਚੁਆਂਗਸ੍ਰੀ, ਜਿਸਨੂੰ ਪਿਆਰ ਨਾਲ 'ਓਪਲ' ਕਿਹਾ ਜਾਂਦਾ ਹੈ, ਦਾ ਜਨਮ 20 ਮਾਰਚ 2003 ਨੂੰ ਥਾਈਲੈਂਡ ਦੇ ਫੁਕੇਟ ਸ਼ਹਿਰ ਵਿਚ ਹੋਇਆ ਸੀ। ਇਸ ਸਾਲ ਫਾਈਨਲ ਹੈਦਰਾਬਾਦ ਦੇ ਹਾਈਟੈਕਸ ਪ੍ਰਦਰਸ਼ਨੀ ਕੇਂਦਰ ਵਿਚ ਹੋਇਆ। ਭਾਰਤ ਦੀ ਨੰਦਿਨੀ ਗੁਪਤਾ 108 ਦੇਸ਼ਾਂ ਦੇ ਪ੍ਰਤੀਯੋਗੀਆਂ ਨਾਲ ਮੁਕਾਬਲਾ ਕਰਨ ਤੋਂ ਬਾਅਦ ਟਾਪ-20 ਵਿਚ ਪਹੁੰਚੀ, ਪਰ ਉਹ ਟਾਪ-8 ਵਿਚੋਂ ਬਾਹਰ ਹੋ ਗਈ। ਫਾਈਨਲ ਦੀ ਸ਼ੁਰੂਆਤ ਟਾਪ-40 ਪ੍ਰਤੀਯੋਗੀਆਂ ਦੇ ਸੱਭਿਆਚਾਰਕ ਰੈਂਪ ਵਾਕ ਨਾਲ ਹੋਈ ਜਿਸ ਵਿਚ ਭਾਰਤ ਦੀ ਨੰਦਿਨੀ ਗੁਪਤਾ ਸ਼ੋਅ-ਸਟਾਪਰ ਸੀ। ਭਾਰਤ ਨੇ 72 ਸਾਲਾਂ ਦੇ ਇਤਿਹਾਸ ਵਿਚ ਸਭ ਤੋਂ ਵੱਧ ਮਿਸ ਵਰਲਡ ਖਿਤਾਬ ਜਿੱਤੇ ਹਨ। ਰੀਤਾ ਫਾਰੀਆ ਮਿਸ ਵਰਲਡ ਜਿੱਤਣ ਵਾਲੀ ਪਹਿਲੀ ਭਾਰਤੀ ਹੈ। ਉਨ੍ਹਾਂ ਤੋਂ ਬਾਅਦ,




ਐਸ਼ਵਰਿਆ ਰਾਏ, ਪ੍ਰਿਯੰਕਾ ਚੋਪੜਾ, ਯੁਕਤਾ ਮੁਖੀ, ਡਾਇਨਾ ਹੇਡਨ ਤੇ ਮਾਨੁਸ਼ੀ ਛਿੱਲਰ ਵੀ ਮਿਸ ਵਰਲਡ ਰਹਿ ਚੁੱਕੀਆਂ ਹਨ। ਤੁਹਾਨੂੰ ਦੱਸ ਦੇਈਏ ਕਿ ਇਸ ਮੁਕਾਬਲੇ ਵਿਚ ਮਿਸ ਮਾਰਟੀਨਿਕ ਨੇ ਚੌਥਾ ਸਥਾਨ, ਮਿਸ ਪੋਲੈਂਡ ਨੇ ਤੀਜਾ ਸਥਾਨ ਅਤੇ ਮਿਸ ਇਥੋਪੀਆ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

# ਸਿੱਖਾਂ ਵਲੋਂ ਲੰਡਨ ਵਿਚ ਜੂਨ 1984 ਦੇ ਹਮਲੇ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ

## 1984 ਘੱਲੂਘਾਰੇ 'ਚ ਬਰਤਾਨੀਆ ਸਰਕਾਰ ਦੀ ਭੂਮਿਕਾ ਦੀ ਜਾਂਚ 31 ਜੁਲਾਈ ਤੱਕ ਸ਼ੁਰੂ ਕਰਨ ਦੀ ਮੰਗ

ਲੰਡਨ : ਲੰਡਨ ਵਿਚ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਉਸ ਸਮੇਂ ਦੀ ਕਾਂਗਰਸ ਸਰਕਾਰ ਦੀ ਸ਼ਹਿ 'ਤੇ ਭਾਰਤੀ ਫੌਜ ਵਲੋਂ ਕੀਤੇ ਹਮਲੇ ਦੀ 41ਵੀਂ ਵਰ੍ਹੇਗੰਢ ਮੌਕੇ ਸਿੱਖਾਂ ਵਲੋਂ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ। ਜਿਸ ਵਿਚ ਬਰਤਾਨੀਆਂ ਦੀ ਲੇਬਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ 31 ਜੁਲਾਈ 2025 ਤੱਕ ਬਰਤਾਨੀਆਂ ਸਰਕਾਰ ਦੀ 1984 ਘੱਲੂਘਾਰੇ ਵਿਚ ਭੂਮਿਕਾ ਦੀ ਜਨਤਕ ਜਾਂਚ ਸ਼ੁਰੂ ਨਾ ਕੀਤੀ ਤਾਂ 1 ਅਗਸਤ ਤੋਂ ਜਾਂਚ ਦਾ ਵਿਰੋਧ ਕਰਨ ਵਾਲੇ ਸਾਂਸਦਾਂ ਦਾ ਵਿਰੋਧ ਸ਼ੁਰੂ ਕੀਤਾ ਜਾਵੇਗਾ। ਹਜ਼ਾਰਾਂ ਸਿੱਖ ਸਵੇਰੇ ਵੈਲਿੰਗਟਨ ਆਰਚ ਵਿਖੇ ਇਕੱਠੇ ਹੋਣੇ ਸ਼ੁਰੂ ਹੋਏ ਤੇ ਮਾਰਚ ਕਰਦਿਆਂ ਟ੍ਰੈਫਲਗਰ ਸਕੁਏਅਰ ਪਹੁੰਚੇ, ਜਿੱਥੇ ਇਨਸਾਫ ਰੈਲੀ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਸਿੱਖਾਂ ਨਾਲ ਭਾਰਤ ਵਿਚ ਹੋਈਆਂ ਵਧੀਕੀਆਂ ਤੇ ਹੁਣ ਤੱਕ ਇਨਸਾਫ ਨਾ ਦਿੱਤੇ ਜਾਣ ਬਾਰੇ ਖੁੱਲ੍ਹ ਕੇ ਵਿਚਾਰਾਂ ਕੀਤੀਆਂ। ਰੋਸ ਪ੍ਰਦਰਸ਼ਨ ਵਿਚ ਸਾਊਥਾਲ, ਬ੍ਰਮਿੰਘਮ, ਕਵੈਂਟਰੀ, ਡਰਬੀ, ਇਲਫੋਰਡ ਤੇ ਵੁਲਵਰਹੈਂਪਟਨ, ਸਲੋਹ ਆਦਿ ਸ਼ਹਿਰਾਂ ਤੋਂ ਹਜ਼ਾਰਾਂ ਸਿੱਖਾਂ ਨੇ ਸ਼ਮੂਲੀਅਤ ਕੀਤੀ। ਰੋਸ ਰੈਲੀ ਨੂੰ ਐਫ. ਐਸ. ਓ. ਦੇ ਕੋਆਰਡੀਨੇਟਰ ਭਾਈ ਜੋਗਾ ਸਿੰਘ, ਭਾਈ ਕੁਲਦੀਪ ਸਿੰਘ ਚਹੇੜੂ, ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ



ਅਮਰੀਕ ਸਿੰਘ ਗਿੱਲ, ਭਾਈ ਮਨਿੰਦਰ ਸਿੰਘ ਕੈਨੇਡਾ, ਭਾਈ ਦਬਿੰਦਰਜੀਤ ਸਿੰਘ, ਡਾ: ਗੁਰਤੇਜ ਸਿੰਘ ਅਮਰੀਕਾ, ਬਲਵਿੰਦਰ ਸਿੰਘ ਵੁਲਵਰਹੈਂਪਟਨ, ਮਨਪ੍ਰੀਤ ਸਿੰਘ ਖਾਲਸਾ, ਨਰਿੰਦਰਜੀਤ ਸਿੰਘ ਥਾਂਦੀ, ਜਸ ਸਿੰਘ ਡਰਬੀ, ਹਰਵਿੰਦਰ ਸਿੰਘ, ਬਸੰਤ ਕੌਰ, ਸੁਰਿੰਦਰ ਕੌਰ, ਗੁਰਪ੍ਰਤਾਪ ਸਿੰਘ ਢਿਲੋਂ ਆਦਿ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਯੂ.ਕੇ. ਦੇ 400 ਤੋਂ ਵੱਧ ਗੁਰਦੁਆਰਿਆਂ ਤੇ ਸਿੱਖ ਸੰਗਠਨਾਂ ਨੇ 31 ਮਾਰਚ 2025 ਨੂੰ ਕੀਰ ਸਟਾਰਮਰ ਨੂੰ ਪੱਤਰ ਲਿਖ ਕੇ ਇੱਕ ਸੁਤੰਤਰ ਜਨਤਕ ਜਾਂਚ ਕਰਵਾਉਣ ਦੀ ਉਨ੍ਹਾਂ ਦੀ ਲਿਖਤੀ ਵਚਨਬੱਧਤਾ ਨੂੰ ਮੁੜ ਯਾਦ ਕਰਵਾਇਆ ਗਿਆ। ਇਸ ਮੌਕੇ ਭਾਈ ਹਰਦੀਸ਼ ਸਿੰਘ, ਤਰਸੇਮ ਸਿੰਘ ਦਿਓਲ, ਜਸਪਾਲ ਸਿੰਘ ਬੈਂਸ, ਜਤਿੰਦਰ ਸਿੰਘ ਬਾਸੀ, ਰਘਬੀਰ ਸਿੰਘ ਬੀਰਾ, ਗੁਰਨਾਮ ਸਿੰਘ ਆਦਿ ਵੀ ਹਾਜ਼ਰ ਸਨ।

# BASRA
## Heating & Air Conditioning

CA LIC. #969929

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

# ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377


ਜੂਨ 1984
ਦੇ ਤੀਜੇ ਘੱਲੂਘਾਰਾ ਮੌਕੇ ਸਮੂਹ ਪੰਥਕ ਜਥੇਬੰਦੀਆਂ ਅਤੇ
ਗੁਰਦੁਆਰਾ ਕਮੇਟੀਆਂ ਵੱਲੋਂ ਭਾਰਤੀ ਅੰਬੈਸੀ, ਵਾਸ਼ਿੰਗਟਨ ਡੀਸੀ ਦੇ ਸਾਹਮਣੇ
ਭਾਰੀ ਰੈਲੀ ਅਤੇ ਮੁਜ਼ਾਹਰਾ
ਸ਼ਨਿਚਰਵਾਰ 7 ਜੂਨ 2025 | 11:00 am to 2:00 pm
2107 Massachusetts Ave NW, Washington, DC 20008
ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ | ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ | ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ | ਸਿੱਖਸ ਫਾਰ ਜਸਟਿਸ | ਸਿੱਖ ਯੂਥ ਆਫ ਅਮਰੀਕਾ
ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ | ਦਲ ਖਾਲਸਾ | ਧੰਨ ਧੰਨ ਬਾਬਾ ਬੁੱਢਾ ਜੀ ਐਸੋਸੀਏਸ਼ਨ
ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ | ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ | ਗੁਰੂ ਰਾਮਦਾਸ ਵੈਲਫੇਅਰ ਸੋਸਾਇਟੀ ਹਰਿਆਣਾ
ਪੰਥਕ ਸਿੱਖ ਸੋਸਾਇਟੀ | ਸ਼ਹੀਦ ਊਧਮ ਸਿੰਘ ਸੋਸਾਇਟੀ | ਸ਼ਹੀਦ ਭਾਈ ਮਨੀ ਸਿੰਘ ਸੋਸਾਇਟੀ ਨਿਊਯਾਰਕ | ਸਿੱਖ ਕੌਂਸਲ ਆਫ ਨਿਊਯਾਰਕਸ.
Himmat Singh 646-358-7745
Balwinder Singh Chatha 703-966-3913
Avtar Singh Pannu 718-207-1394
Surjeet Singh Kular 917-434-2483
Davinder Singh Boparae 718-909-0651
Jasvir Singh 646-775-0062
Buta Singh Kharodh 609-351-0321
Dalvinder Singh 240-645-2525

# ਫ਼ੌਜੀਆਂ ਦਾ ਅਪਮਾਨ ਕਰਨ ਵਾਲੇ ਭਾਜਪਾ ਆਗੂਆਂ ਖ਼ਿਲਾਫ਼ ਰੋਸ

## ਪੁਲਿਸ ਨੇ ਪ੍ਰਦਰਸ਼ਨ ਕਰ ਰਹੇ ਯੂਥ ਕਾਂਗਰਸੀ ਵਰਕਰ ਹਿਰਾਸਤ 'ਚ ਲਏ




ਨਵੀਂ ਦਿੱਲੀ : ਭਾਰਤੀ ਯੁਵਾ ਕਾਂਗਰਸ ਨੇ ਅੱਜ ਊਧਮਪੁਰ ਤੋਂ ਭਾਜਪਾ ਵਿਧਾਇਕ ਆਰ.ਐਸ. ਪਠਾਨੀਆ ਅਤੇ ਭਾਜਪਾ ਆਗੂਆਂ ਵੱਲੋਂ ਭਾਰਤੀ ਫੌਜ ਦੇ ਕੀਤੇ ਜਾ ਰਹੇ ਅਪਮਾਨ ਦਾ ਵਿਰੋਧ ਕੀਤਾ।

ਪ੍ਰਦਰਸ਼ਨ ਦੌਰਾਨ ਯੂਥ ਕਾਂਗਰਸ ਵਰਕਰਾਂ ਨੇ ਭਾਜਪਾ ਵਿਧਾਇਕ ਪਠਾਨੀਆ ਦੇ ਪੁਤਲੇ ਨੂੰ ਫਾਹਾ ਲਾ ਕੇ ਗੁੱਸਾ ਜ਼ਾਹਰ ਕੀਤਾ ਅਤੇ ਫਿਰ ਪੁਤਲਾ ਫੂਕਿਆ। ਯੂਥ ਕਾਂਗਰਸ ਵਰਕਰ ਯੂਥ ਕਾਂਗਰਸ ਦਫ਼ਤਰ ਤੋਂ ਰਾਏਸੀਨਾ ਰੋਡ ਵੱਲ ਵਧੇ ਤਾਂ ਦਿੱਲੀ ਪੁਲੀਸ ਨੇ ਉਨ੍ਹਾਂ ਨੂੰ ਬੈਰੀਕੇਡਿੰਗ ਕਰ ਕੇ ਰੋਕ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਭਾਜਪਾ ਵਿਧਾਇਕ ਰਣਬੀਰ ਪਠਾਨੀਆ ਦਾ ਬਿਆਨ ਫੌਜ ਦਾ ਸਿੱਧਾ ਅਪਮਾਨ ਹੈ। ਪਹਿਲਾਂ ਵਿਜੇ ਸ਼ਾਹ, ਫਿਰ ਦੇਵੜਾ, ਹੁਣ ਪਠਾਨੀਆ। ਉਨ੍ਹਾਂ ਸਵਾਲ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਾਮਲੇ 'ਤੇ ਚੁੱਪ ਕਿਉਂ ਹਨ। ਦਿੱਲੀ ਪ੍ਰਦੇਸ਼ ਯੂਥ ਕਾਂਗਰਸ ਦੇ ਸੂਬਾ ਪ੍ਰਧਾਨ ਅਕਸ਼ੈ ਲਾਕੜਾ ਨੇ ਕਿਹਾ ਕਿ ਅੱਜ ਭਾਜਪਾ ਆਗੂਆਂ ਅਤੇ ਉਨ੍ਹਾਂ ਦੇ ਵਿਧਾਇਕਾਂ ਵੱਲੋਂ ਫ਼ੌਜ ਬਾਰੇ ਗਾਲਾਂ ਕੱਢਣਾ ਅਤੇ ਬਿਆਨ ਦੇਣਾ ਫੈਸ਼ਨ ਬਣ ਗਿਆ ਹੈ। ਇਹ ਭਾਜਪਾ ਆਗੂ ਦੇਸ਼ ਦੇ ਅਸਲੀ ਗੱਦਾਰ ਹਨ ਅਤੇ ਅਜਿਹੇ ਗੱਦਾਰਾਂ ਨੂੰ ਜਲਦੀ ਤੋਂ ਜਲਦੀ ਬਰਖ਼ਾਸਤ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਵਿਰੁੱਧ ਦੇਸ਼ਧਰੋਹ ਦਾ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਭਾਜਪਾ ਆਗੂਆਂ ਵਿਰੁੱਧ ਜਲਦੀ ਤੋਂ ਜਲਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਨਹੀਂ ਤਾਂ ਯੂਥ ਕਾਂਗਰਸ ਸੰਘਰਸ਼ ਤੇਜ਼ ਕਰੇਗਾ। ਪ੍ਰਦਰਸ਼ਨ ਕਰ ਰਹੇ ਯੂਥ ਕਾਰਕੁਨਾਂ ਨੂੰ ਦਿੱਲੀ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ ਅਤੇ ਬੱਸ ਵਿੱਚ ਭਰ ਕੇ ਨੇੜੇ ਦੇ ਪੁਲੀਸ ਸਟੇਸ਼ਨ ਲੈ ਗਈ ਤੇ ਕੁਝ ਘੰਟੇ ਉੱਥੇ ਰੱਖਣ ਤੋਂ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ ਗਿਆ।

# ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਅਕਾਲ ਤਖਤ ਸਾਹਿਬ ਤੋਂ ਕੌਮ ਦੇ ਨਾਂ ਸੰਦੇਸ਼ ਦੇਣ ਤੋਂ ਰੋਕਿਆ ਜਾਵੇ : ਭਾਈ ਹਰਨਾਮ ਸਿੰਘ ਧੁੰਮਾ

ਅੰਮ੍ਰਿਤਸਰ : ਘੱਲੂਘਾਰਾ ਦਿਵਸ ਮੌਕੇ 6 ਜੂਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਮਦਮੀ ਟਕਸਾਲ ਵਿਚਾਲੇ ਟਕਰਾਅ ਦੀ ਸੰਭਾਵਨਾ ਬਣ ਸਕਦੀ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਾੜਨਾ ਕੀਤੀ ਹੈ ਕਿ ਜੇਕਰ 6 ਜੂਨ ਵਾਲੇ ਦਿਨ ਸ੍ਰੀ ਅਕਾਲ ਤਖਤ ਤੋਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਅਤੇ ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਕਰਨ ਦਾ ਯਤਨ ਕੀਤਾ ਤਾਂ ਇਸ ਕਾਰਵਾਈ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



ਦਮਦਮੀ ਟਕਸਾਲ ਦੇ ਹੈੱਡਕੁਆਰਟਰ ਚੌਕ ਮਹਿਤਾ ਸਥਿਤ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਅੱਜ ਬਾਅਦ ਦੁਪਹਿਰ ਕੀਤੇ ਇੱਕ ਪੱਤਰਕਾਰ ਸੰਮੇਲਨ ਦੌਰਾਨ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਗਿਆਨੀ ਕੁਲਦੀਪ ਸਿੰਘ ਗੜਗੱਜ ਸਿੱਖ ਕੌਮ ਦੇ ਪ੍ਰਵਾਨਿਤ ਜਥੇਦਾਰ ਨਹੀਂ ਹਨ। ਉਨ੍ਹਾਂ ਨੂੰ ਸਮੂਹ ਸਿੱਖ ਕੌਮ ਵੱਲੋਂ ਮਾਨਤਾ ਨਹੀਂ ਮਿਲੀ ਹੈ, ਉਂਝ ਵੀ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਪੰਜ ਪਿਆਰਿਆਂ ਵੱਲੋਂ ਉਨ੍ਹਾਂ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੈ ਅਤੇ ਕਿਸੇ ਤਨਖਾਹੀਆ ਕਰਾਰ ਦਿੱਤੇ ਵਿਅਕਤੀ ਨੂੰ ਪੰਥ ਨੂੰ ਸੰਦੇਸ਼ ਦੇਣ ਦਾ ਕੋਈ ਹੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਹੋਇਆ ਤਾਂ ਦਮਦਮੀ ਟਕਸਾਲ ਸਮੇਤ ਸੰਤ ਸਮਾਜ, ਸਿੰਘ ਸੰਪਰਦਾਵਾਂ, ਸਿੱਖ ਫੈਡਰੇਸ਼ਨਾਂ, ਨਿਹੰਗ ਜਥੇਬੰਦੀਆਂ ਤੇ ਹੋਰਨਾਂ ਵੱਲੋਂ ਇਸ ਦਾ ਸਖਤ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਟਕਰਾਅ ਵਾਲੀ ਸਥਿਤੀ ਪੈਦਾ ਹੋਈ ਤਾਂ ਇਸ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਹੋਵੇਗੀ।

ਉਨ੍ਹਾਂ ਸਰਕਾਰ ਨੂੰ ਵੀ ਸੁਚੇਤ ਕੀਤਾ ਹੈ ਕਿ ਉਹ ਅਜਿਹੀ ਟਕਰਾਅ ਵਾਲੀ ਸਥਿਤੀ ਨੂੰ ਰੋਕਣ ਲਈ ਆਪਣੀ ਜ਼ਿੰਮੇਵਾਰੀ ਨਿਭਾਵੇ। ਇਸ ਸਬੰਧੀ ਸਰਕਾਰ ਨੂੰ ਪਹਿਲਾਂ ਹੀ ਸੁਚੇਤ ਕਰ ਦਿੱਤਾ ਗਿਆ ਹੈ।

ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਦਮਦਮੀ ਟਕਸਾਲ ਇਸ ਮੌਕੇ ਕਿਸੇ ਵੀ ਤਰ੍ਹਾਂ ਦਾ ਟਕਰਾਅ ਨਹੀਂ ਚਾਹੁੰਦੀ ਹੈ, ਇਸ ਲਈ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਗਿਆਨੀ ਗੜਗੱਜ ਨੂੰ ਸੰਦੇਸ਼ ਜਾਰੀ ਕਰਨ ਤੋਂ ਰੋਕੇ। ਉਨ੍ਹਾਂ ਦੀ ਥਾਂ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਜਾਂ ਸ੍ਰੀ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰ ਸਕਦੇ ਹਨ, ਜਿਸ ਨਾਲ ਟਕਰਾਅ ਤੋਂ ਬਚਿਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਅਤੇ ਹੋਰ ਸਿੱਖ ਜਥੇਬੰਦੀਆਂ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਜਥੇਦਾਰਾਂ ਦੀ ਇਸ ਨਿਯੁਕਤੀ ਖ਼ਿਲਾਫ਼ ਵਿਰੋਧ ਕਰ ਚੁੱਕੇ ਹਨ। ਇਸ ਸਬੰਧੀ 28 ਮਾਰਚ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਦੇ ਬਾਹਰ ਧਰਨਾ ਵੀ ਦਿੱਤਾ ਸੀ ਅਤੇ ਸ਼੍ਰੋਮਣੀ ਕਮੇਟੀ ਨੇ 15 ਅਪਰੈਲ ਦਾ ਸਮਾਂ ਮੰਗਿਆ ਸੀ ਪਰ ਸ਼੍ਰੋਮਣੀ ਕਮੇਟੀ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਮਗਰੋਂ ਦਮਦਮੀ ਟਕਸਾਲ ਤੇ ਸਿੱਖ ਜਥੇਬੰਦੀਆਂ ਨੇ ਉਸ ਨੂੰ 10 ਮਈ ਤੱਕ ਦਾ ਸਮਾਂ ਦਿੱਤਾ ਸੀ। ਹੁਣ ਇਹ ਸਮਾਂ ਵੀ ਲੰਘ ਚੁੱਕਾ ਹੈ ਪਰ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ। ਦੱਸਣਯੋਗ ਹੈ ਕਿ ਇਸੇ ਮਾਮਲੇ ਵਿੱਚ ਦਮਦਮੀ ਟਕਸਾਲ ਵੱਲੋਂ 11 ਜੂਨ ਨੂੰ ਸੁਖਬੀਰ ਸਿੰਘ ਬਾਦਲ ਦੇ ਘਰ ਦੇ ਬਾਹਰ ਰੋਸ ਧਰਨਾ ਦੇਣ ਦਾ ਐਲਾਨ ਕੀਤਾ ਹੋਇਆ ਹੈ।

ਦਮਦਮੀ ਟਕਸਾਲ ਦੇ ਮੁਖੀ ਨੇ ਦੋਸ਼ ਲਾਇਆ ਕਿ ਪੰਥ ਵਿੱਚ ਪੈਦਾ ਹੋਏ ਟਕਰਾਅ ਲਈ ਸ਼੍ਰੋਮਣੀ ਕਮੇਟੀ ਜ਼ਿੰਮੇਵਾਰ ਹੈ, ਜਿਸ ਕਾਰਨ ਪੰਥ ਵਿੱਚ ਸੰਕਟ ਵਧ ਰਿਹਾ ਹੈ।

# ਪੰਜਾਬਣ ਪੁਲਿਸ ਅਧਿਕਾਰੀ ਦਾ 'ਕਿੰਗ ਚਾਰਲਸ ਕੋਰੋਨੇਸ਼ਨ ਮੈਡਲ' ਨਾਲ ਸਨਮਾਨ

ਐਬਟਸਫੋਰਡ : ਕੈਨੇਡਾ ਦੇ ਸੰਸਦ ਮੈਂਬਰ ਮਾਰਕ ਡਾਲਟਨ ਨੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੀ ਸੀਨੀਅਰ ਪੰਜਾਬਣ ਅਧਿਕਾਰੀ ਵੈਂਡੀ ਮੇਹਟ ਦਾ ਵੱਕਾਰੀ ਸਨਮਾਨ 'ਕਿੰਗ ਚਾਰਲਸ ਕੋਰੋਨੇਸ਼ਨ ਮੈਡਲ ਨਾਲ ਸਨਮਾਨ ਕੀਤਾ ਹੈ। ਕਿੰਗ ਚਾਰਲਸ ਕੋਰੋਨੇਸ਼ਨ ਮੈਡਲ 6 ਮਈ, 2023 ਨੂੰ ਇੰਗਰਲੈਂਡ ਦੇ ਕਿੰਗ ਚਾਰਲਸ ਤੀਜਾ ਦੀ ਤਾਜਪੋਸ਼ੀ ਮੌਕੇ ਸਿਰਜਿਆ ਗਿਆ ਸੀ। ਕਿੰਗ ਚਾਰਲਸ ਦੀ ਤਾਜਪੋਸ਼ੀ ਨੂੰ ਦਰਸਾਉਣ ਵਾਲਾ ਇਹ ਪਹਿਲਾ ਕੈਨੇਡੀਅਨ ਯਾਦਗਾਰੀ ਮੈਡਲ ਹੈ। ਇਸ ਦੌਰਾਨ ਕੈਨੇਡਾ ਦੀ ਗਵਰਨਰ ਜਨਰਲ ਮੈਰੀ ਸਾਈਮਨ ਨੇ ਵੈਂਡੀ ਮੇਹਟ ਨੂੰ 'ਆਰਡਰ ਆਫ਼ ਮੈਰਿਟ' ਨਾਲ ਸਨਮਾਨਿਤ ਕੀਤਾ ਹੈ। ਚੀਫ਼ ਸੁਪਰਡੈਂਟ ਪੁਲਿਸ ਵੈਂਡੀ ਮੇਹਟ ਨੂੰ ਇਹ ਸਨਮਾਨ ਪੁਲਿਸ ਵਿਭਾਗ ਵਿਚ ਕੀਤੀਆਂ ਸ਼ਾਨਦਾਰ ਸੇਵਾਵਾਂ ਬਦਲੇ ਦਿੱਤਾ ਗਿਆ ਹੈ। ਬ੍ਰਿਟਿਸ਼ ਕੋਲੰਬੀਆ



ਐਸੋਸੀਏਸ਼ਨ ਆਫ ਚੀਫ਼ਸ ਆਫ਼ ਪੁਲਿਸ ਦੀ ਪ੍ਰਧਾਨ ਵੈਂਡੀ ਮੇਹਟ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿਚ ਚੀਫ਼ ਸੁਪਰਡੈਂਟ ਵਜੋਂ ਸੇਵਾਵਾਂ ਨਿਭਾਅ ਰਹੀ ਹੈ ਤੇ ਉਹ 2 ਸ਼ਹਿਰਾਂ ਦੀ ਪੁਲਿਸ ਸੁਪਰਡੈਂਟ ਰਹਿ ਚੁੱਕੀ ਹੈ।

# ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਵ.ਫਦ ਨੇ ਬਾਬਾ ਹਰਨਾਮ ਸਿੰਘ ਖਾਲਸਾ ਨਾਲ ਕੀਤੀ ਮੁਲਾਕਾਤ

ਅੰਮ੍ਰਿਤਸਰ : ਘੱਲੂਘਾਰਾ ਦਿਵਸ ਮੌਕੇ 6 ਜੂਨ ਨੂੰ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸਿੱਖ ਕੌਮ ਦੇ ਨਾਮ ਦਿੱਤੇ ਜਾਣ ਵਾਲੇ ਸੰਦੇਸ਼ ਦਾ ਵਿਰੋਧ ਕੀਤੇ ਜਾਣ ਦੇ ਐਲਾਨ ਮਗਰੋਂ ਪੈਦਾ ਹੋਏ ਪੰਥਕ ਸੰਕਟ ਨੂੰ ਹੱਲ ਕਰਨ ਲਈ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇੱਕ ਵਫਦ ਨੇ ਚੌਂਕ ਮਹਿਤਾ ਸਥਿਤ ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਬਾਬਾ ਹਰਨਾਮ ਸਿੰਘ ਖਾਲਸਾ ਨਾਲ ਮੁਲਾਕਾਤ ਕੀਤੀ ਹੈ।



ਇਹ ਮੁਲਾਕਾਤ ਭਾਵੇਂ ਸੁਖਾਵੇਂ ਮਾਹੌਲ ਵਿੱਚ ਹੋਈ ਅਤੇ ਦੋਵਾਂ ਧਿਰਾਂ ਨੇ ਕਰੀਬ ਡੇਢ ਘੰਟਾ ਬੰਦ ਕਮਰਾ ਮੀਟਿੰਗ ਕੀਤੀ ਹੈ ਪਰ ਮੀਟਿੰਗ ਫਿਲਹਾਲ ਬੇਸਿੱਟਾ ਰਹੀ ਹੈ। ਮੀਟਿੰਗ ਤੋਂ ਬਾਅਦ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਮੀਡੀਆ ਨਾਲ ਗੱਲ ਕਰਦਿਆਂ ਸਪਸ਼ਟ ਕੀਤਾ ਹੈ ਕਿ ਜੇਕਰ 6 ਜੂਨ ਨੂੰ ਸ੍ਰੀ ਅਕਾਲ ਤਖਤ ਦੀ ਫਸੀਲ ਤੋਂ ਕੋਈ ਗ਼ੈਰ-ਪ੍ਰਵਾਨਿਤ ਜਥੇਦਾਰ ਸਿੱਖ ਕੌਮ ਦੇ ਨਾਂ ਸੰਦੇਸ਼ ਦਿੰਦਾ ਹੈ ਤਾਂ ਉਸ ਦਾ ਵਿਰੋਧ ਹੋਣਾ ਸੁਭਾਵਿਕ ਹੈ ਅਤੇ ਜੇਕਰ ਵਿਰੋਧ ਹੁੰਦਾ ਹੈ ਤਾਂ ਸਥਿਤੀ ਵਿਗੜ ਸਕਦੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸਮੁੱਚੀ ਸਿੱਖ ਕੌਮ ਨੇ ਮਾਨਤਾ ਨਹੀਂ ਦਿੱਤੀ ਹੈ ਅਤੇ ਉਹ ਕੌਮ ਦੇ ਪ੍ਰਵਾਨਿਤ ਜਥੇਦਾਰ ਨਹੀਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਸਿੱਖ ਕੌਮ ਦੇ ਪ੍ਰਵਾਨਤ ਜਥੇਦਾਰ ਨੂੰ ਹੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਜੋਂ ਸੇਵਾ ਸੌਂਪੇ।

ਉਨ੍ਹਾਂ ਸਪਸ਼ਟ ਕੀਤਾ ਕਿ ਦਮਦਮੀ ਟਕਸਾਲ 6 ਜੂਨ ਨੂੰ ਘੱਲੂਘਾਰਾ ਦਿਵਸ ਮੌਕੇ ਕਿਸੇ ਵੀ ਤਰ੍ਹਾਂ ਦੇ ਟਕਰਾਅ ਦੇ ਹੱਕ ਵਿੱਚ ਨਹੀਂ ਹੈ ਅਤੇ ਸ਼੍ਰੋਮਣੀ ਕਮੇਟੀ ਨਾਲ ਕਦੇ ਵੀ ਟਕਰਾਅ ਨਹੀਂ ਚਾਹੁੰਦੀ ਹੈ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਮਦਮੀ ਟਕਸਾਲ ਦੇ ਮੁਖੀ ਨੂੰ ਭਰੋਸਾ ਦਿੱਤਾ ਕਿ ਇਸ ਮਸਲੇ ਦਾ ਇੱਕ ਦੋ ਦਿਨਾਂ ਵਿੱਚ ਸਾਰਥਿਕ ਹੱਲ ਲੱਭ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਸਿੱਖ ਕੌਮ ਦੀ ਸਤਿਕਾਰਤ ਜਥੇਬੰਦੀ ਹੈ ਅਤੇ ਸ਼੍ਰੋਮਣੀ ਕਮੇਟੀ ਕਦੇ ਵੀ ਉਸ ਨਾਲ ਟਕਰਾਅ ਨਹੀਂ ਚਾਹੁੰਦੀ ਹੈ। ਉਨ੍ਹਾਂ ਕਿਹਾ ਹੈ ਕਿ ਅੱਜ ਮੀਟਿੰਗ ਦੌਰਾਨ ਸੁਖਾਵੇਂ ਮਾਹੌਲ ਵਿੱਚ ਗੱਲ ਹੋਈ ਹੈ ਅਤੇ ਉਮੀਦ ਹੈ ਕਿ ਮੌਜੂਦਾ ਸਥਿਤੀ ਦਾ ਸੁਖਾਵਾਂ ਹੱਲ ਨਿਕਲ ਆਵੇਗਾ।

ਦੱਸਣਯੋਗ ਹੈ ਕਿ ਦਮਦਮੀ ਟਕਸਾਲ ਦੇ ਮੁਖੀ ਵੱਲੋਂ ਸੁਝਾਅ ਦਿੱਤਾ ਗਿਆ ਸੀ ਕਿ ਜਥੇਦਾਰ ਗੜਗੱਜ ਦੀ ਥਾਂ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਅਤੇ ਸ੍ਰੀ ਅਕਾਲ ਤਖਤ ਦੇ ਮੁੱਖ ਗ੍ਰੰਥੀ ਵੱਲੋਂ ਵੀ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਜਾ ਸਕਦਾ ਹੈ ਅਤੇ ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਜਾ ਸਕਦਾ ਹੈ। ਅਜਿਹਾ ਕਰਨ ਨਾਲ ਸਥਿਤੀ ਟਕਰਾਅ ਵਾਲੀ ਬਣਨ ਤੋਂ ਬਚ ਸਕਦੀ ਹੈ। ਜੇਕਰ ਸ਼੍ਰੋਮਣੀ ਕਮੇਟੀ ਵੱਲੋਂ ਦਮਦਮੀ ਟਕਸਾਲ ਵੱਲੋਂ ਦਿੱਤੇ ਸੁਝਾਅ 'ਤੇ ਕੋਈ ਕਾਰਵਾਈ ਹੁੰਦੀ ਹੈ ਤਾਂ 6 ਜੂਨ ਦਾ ਦਿਨ ਸੁਖਾਵੇਂ ਮਾਹੌਲ ਵਿੱਚ ਲੰਘਣ ਦੀ ਸੰਭਾਵਨਾ ਬਣ ਜਾਵੇਗੀ। ਫਿਲਹਾਲ ਇਸ ਮਾਮਲੇ ਸਬੰਧੀ ਅਗਲਾ ਫੈਸਲਾ ਸ਼੍ਰੋਮਣੀ ਕਮੇਟੀ ਵੱਲੋਂ ਹੀ ਕੀਤਾ ਜਾਣਾ ਹੈ।

# ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤਾ ਹਮਲਾ ਭੁਲਾਇਆ ਨਹੀਂ ਜਾ ਸਕਦਾ : ਭਾਈ ਖ਼ਾਲਸਾ

ਵੇਰਕਾ : 1 ਜੂਨ 84 ਨੂੰ ਭਾਰਤੀ ਫੌਜਾਂ ਦੁਆਰਾ ਵਿਸ਼ਵ ਪ੍ਰਸਿੱਧ ਧਾਰਮਿਕ ਅਸਥਾਨ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤਾ ਹਮਲਾ ਸਿੱਖਾਂ ਤੋਂ ਭੁਲਾਇਆ ਨਹੀਂ ਜਾ ਸਕਦਾ ਕਿਉਂਕਿ ਇਸ ਦਿਨ ਹੀ ਭਾਰਤੀ ਫੌਜ ਨੇ ਸ੍ਰੀ ਦਰਬਾਰ 'ਤੇ ਹਮਲੇ ਦੀ ਸ਼ੁਰੂਆਤ ਕਰਕੇ ਜਿਥੇ ਦਰਬਾਰ ਸਾਹਿਬ ਵਿਚ 28 ਹੋਲ ਵੱਡੀਆਂ ਵੱਡੀਆਂ ਗੰਨਾਂ ਨਾਲ ਕੀਤੇ ਅਤੇ ਮਹਿੰਗਾ ਸਿੰਘ ਬੱਬਰ ਸਮੇਤ 7 ਹੋਰਾਂ ਨੂੰ ਸ਼ਹੀਦ ਕੀਤਾ ਸੀ, ਇਸ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਭਾਰਤੀ ਫੌਜਾਂ ਵਲੋਂ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਦੀ ਜ਼ੋਰਦਾਰ ਸ਼ਬਦਾਂ 'ਚ ਨਿੰਦਾ ਕਰਦੀ ਹੋਈ 1 ਜੂਨ 84 ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ



ਕਰਦੀ ਹੈ ਉਥੇ ਲੋਕਾਂ ਨੂੰ ਅਪੀਲ ਕਰਦੀ ਹੈ ਕਿ 1 ਜੂਨ ਤੋਂ 6 ਜੂਨ ਤੱਕ ਘੱਲੂਘਾਰਾ ਦਿਵਸ ਮੌਕੇ ਸਮੂਹ ਧਾਰਮਿਕ ਅਸਥਾਨਾਂ ਤੇ ਧਾਰਮਿਕ ਸਮਾਗਮਾਂ ਰਾਹੀਂ ਦਰਬਾਰ ਸਾਹਿਬ ਦੇ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਜਾਵੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ 1 ਜੂਨ ਨੂੰ ਵਰਦੀ ਗੋਲੀ 'ਚ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦੀਆਂ ਪੰਜ ਪ੍ਰਕਰਮਾ ਕਰਕੇ ਇਸ ਹਮਲੇ ਨੂੰ ਆਪਣੀਆਂ ਅੱਖਾਂ 'ਚ ਕੈਦ ਕਰੀ ਬੈਠੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਇੱਕ ਲਿਖਤੀ ਬਿਆਨ ਰਾਹੀਂ ਕੀਤਾ।

# ਸ਼ੋਕ ਸਮਾਚਾਰ

## ਫਰਿਜ਼ਨੋ ਨਿਵਾਸੀ ਸ਼ਮਿੰਦਰ ਕੌਰ ਭਡੋਲ ਦੇ ਅਕਾਲ ਚਲਾਣੇ 'ਤੇ ਪਰਿਵਾਰ ਨੂੰ ਸਦਮਾ

### ਅੰਤਮ ਸੰਸਕਾਰ 8 ਜੂਨ ਨੂੰ ਹੋਵੇਗਾ

ਫਰਿਜ਼ਨੋ/ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਬੀਤੇ ਦਿਨੀ ਫਰਿਜ਼ਨੋ ਨਿਵਾਸੀ ਮਾਤਾ ਸ਼ਮਿੰਦਰ ਕੌਰ ਭਡੋਲ (ਪਤਨੀ ਸਵ. ਦਰਸ਼ਨ ਸਿੰਘ ਭੰਡੋਲ) ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਸ. ਰਾਜ ਸਿੱਧੂ ਮੋਗਾ ਨੇ ਇਸ ਦੁੱਖ ਦੀ ਘੜੀ ਵਿੱਚ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਸਮੇਂ ਉਨ੍ਹਾਂ ਦੀ ਉਮਰ ਲਗਭਗ 72 ਸਾਲ ਸੀ। ਉਨ੍ਹਾਂ ਦਾ ਪੰਜਾਬ ਤੋਂ ਪਿਛਲਾ ਪਿੰਡ ਲੋਹਗੜ, ਜ਼ਿਲ੍ਹਾ ਮੋਗਾ ਸੀ। ਜਦ ਕਿ ਮਾਤਾ ਜੀ ਦੇ ਪੇਕਿਆਂ ਦਾ ਪਿੰਡ ਕਿਸ਼ਨਪੁਰਾ ਕਲਾ ਸੀ ਅਤੇ ਪਿਤਾ ਦਾ ਨਾਂ ਸਵ. ਸਰਵਨ ਸਿੰਘ ਸੀ। ਉਹ ਆਪਣੇ ਪਿੱਛੇ ਦੋ ਪੁੱਤਰ ਕੁਲਵੰਤ ਸਿੰਘ ਭੰਡੋਲ ਅਤੇ ਕੁਲਦੀਪ ਸਿੰਘ ਭੰਡੋਲ ਤੋਂ ਇਲਾਵਾ ਧੀ ਰਾਜਵੰਤ ਕੌਰ ਦੀ ਪਰਿਵਾਰਕ ਫੁਲਵਾੜੀ ਨੂੰ ਛੱਡ ਗਏ ਹਨ।



ਮਾਤਾ ਸਮਿੰਦਰ ਕੌਰ ਭੰਡੋਲ ਦਾ ਅੰਤਮ ਸੰਸਕਾਰ ਅਤੇ ਸਰਧਾਜਲੀਆਂ ਦੀ ਰਸਮ "ਸਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 8 ਜੂਨ, ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ 1 ਵਜੇ ਤੱਕ ਹੋਵੇਗੀ। ਜਿਸ ਦਾ ਪਤਾ: 4800 E. Clayton Avenue, Fowler CA 93625 ਹੈ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਨਾਨਕਸਰ ਚੈਰੀ ਐਵਨਿਊ, ਫਰਿਜ਼ਨੋ ਵਿਖੇ ਹੋਵੇਗੀ। ਜਿਸ ਦਾ ਪਤਾ: 3060 S. Cherry Ave., Fresno, California - 93706 ਹੈ। ਅਸੀਂ "ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ" ਵੱਲੋਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਪਰਿਵਾਰ ਨਾਲ ਸੰਪਰਕ ਕਰਨ ਲਈ ਹਰਨੇਕ ਸਿੰਘ ਭੰਡੋਲ (559) 505-0803, ਕੁਲਦੀਪ ਸਿੰਘ ਭੰਡੋਲ (403) 923-6871 ਅਤੇ ਇਕਬਾਲ ਸਿੰਘ ਕਲੇਰ (559) 974-2121 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪਰਵਾਸੀ ਪੰਜਾਬੀ ਦੀਆਂ ਹੁਣ ਤੱਕ 600 ਤੋਂ ਵੱਧ ਸ਼ਿਕਾਇਤਾਂ ਦਾ ਨਿਬੇੜਾ: ਧਾਲੀਵਾਲ

### ਪਰਵਾਸੀ ਭਾਰਤੀ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਵੱਲੋਂ ਛੇਵੀਂ ਆਨਲਾਈਨ ਐਨਆਰਆਈ ਮਿਲਣੀ



ਅੰਮ੍ਰਿਤਸਰ : ਪਰਵਾਸੀ ਭਾਰਤੀ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੀਆਂ ਪੰਜਾਬ ਨਾਲ ਜੁੜੀਆਂ ਸ਼ਿਕਾਇਤਾਂ ਦੇ ਨਿਬੇੜੇ ਲਈ ਸ਼ੁਰੂ ਕੀਤੀ ਗਈ ਆਨਲਾਈਨ ਮਿਲਣੀ ਵਿੱਚ ਹੁਣ ਤੱਕ 600 ਤੋਂ ਵੱਧ ਸ਼ਿਕਾਇਤਾਂ ਦਾ ਨਿਬੇੜਾ ਕੀਤਾ ਜਾ ਚੁੱਕਾ ਹੈ। ਅੱਜ ਇਸੇ ਲੜੀ ਵਿੱਚ ਉਨ੍ਹਾਂ ਅੰਮ੍ਰਿਤਸਰ ਵਿੱਚ ਛੇਵੀਂ ਆਨਲਾਈਨ ਐਨਆਰਆਈ ਮਿਲਣੀ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਡੀਆਈਜੀ ਪਰਵਾਸੀ ਮਾਮਲੇ ਰਾਜਪਾਲ ਸਿੰਘ ਸੰਧੂ, ਆਈਜੀ ਜਗਜੀਤ ਸਿੰਘ ਵਾਲੀਆ, ਜ਼ਿਲ੍ਹਾ ਮਾਲ ਅਫ਼ਸਰ ਨਵਕੀਰਤ ਸਿੰਘ ਤੇ ਹੋਰ ਅਧਿਕਾਰੀ ਹਾਜ਼ਰ ਸਨ।

ਮਿਲਣੀ ਬਾਰੇ ਜਾਣਕਾਰੀ ਦਿੰਦਿਆਂ ਧਾਲੀਵਾਲ ਨੇ ਦੱਸਿਆ ਕਿ ਅੱਜ ਦੁਨੀਆ ਭਰ ਵਿੱਚੋਂ ਵੱਖ ਵੱਖ ਮਾਧਿਅਮ ਰਾਹੀਂ 123 ਪਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਮਿਲੀਆਂ ਹਨ। ਉਨ੍ਹਾਂ ਕਿਹਾ, "ਅਸੀਂ ਹਰ ਮਹੀਨੇ ਇਹ ਮਿਲਣੀ ਕਰਦੇ ਹਾਂ। ਜੂਨ ਮਹੀਨੇ ਦੀ ਮਿਲਣੀ ਤੋਂ ਪਹਿਲਾਂ-ਪਹਿਲਾਂ ਇਨ੍ਹਾਂ ਸਾਰੀਆਂ ਸ਼ਿਕਾਇਤਾਂ ਦਾ ਨਿਬੇੜਾ ਕਰ ਦਿੱਤਾ ਜਾਵੇਗਾ।" ਮੰਤਰੀ ਨੇ ਦੱਸਿਆ ਕਿ ਇਨ੍ਹਾਂ ਛੇ ਮਹੀਨਿਆਂ ਵਿੱਚ ਵੱਖ-ਵੱਖ ਦੇਸ਼ਾਂ ਤੋਂ 658 ਕੇਸ ਆਏ ਸਨ, ਜਿਨ੍ਹਾਂ ਵਿੱਚੋਂ ਸਿਰਫ 51 ਕੇਸ ਅਦਾਲਤੀ ਮਾਮਲਿਆਂ ਕਾਰਨ ਬਕਾਇਆ ਰਹਿ ਗਏ ਹਨ, ਬਾਕੀ ਸਾਰੇ ਮਸਲਿਆਂ ਦਾ ਹੱਲ ਕੀਤਾ ਜਾ ਚੁੱਕਾ ਹੈ। ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਹਰ ਮਸਲਾ ਹਰ ਮਹੀਨੇ ਦੀ ਪਰਵਾਸੀ ਭਾਰਤੀ ਮਿਲਣੀ ਵਿੱਚ ਰੱਖ ਸਕਦੇ ਹਨ।

## ਸ੍ਰੀ ਦਰਬਾਰ ਸਾਹਿਬ ਦੇ ਬਾਹਰ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਵਾਲਾ ਵਿਅਕਤੀ ਕਾਬੂ

ਅੰਮ੍ਰਿਤਸਰ : ਸ੍ਰੀ ਦਰਬਾਰ ਸਾਹਿਬ ਦੇ ਬਾਹਰ ਗੁਰੂ ਰਾਮਦਾਸ ਜੀ ਲੰਗਰ ਹਾਲ ਨੇੜੇ ਸਰਾਂ ਵਾਲੇ ਗੇਟ ਦੇ ਕੋਲ ਇਕ ਵਿਅਕਤੀ ਵਲੋਂ ਗੁਟਕਾ ਸਾਹਿਬ ਦੇ ਅੰਗ ਪਾੜਨ ਉਪਰੰਤ ਸੜਕ 'ਤੇ ਖਿਲਾਰ ਕੇ ਬੇਅਦਬੀ ਕੀਤੀ ਗਈ। ਪ੍ਰਾਪਤ ਵੇਰਵਿਆਂ ਅਨੁਸਾਰ ਗੁਰਪ੍ਰੀਤ ਸਿੰਘ ਨਾਂਅ ਦਾ ਇਹ 35 ਕੁ ਵਰਿਆਂ ਦਾ ਵਿਅਕਤੀ ਸਥਾਨਕ ਫੱਟ ਵਾਲੀ ਗਲੀ ਦਾ ਵਸਨੀਕ ਦੱਸਿਆ ਜਾਂਦਾ ਹੈ, ਜਿਸ ਨੂੰ ਨਿਤਨੇਮ ਦੇ ਗੁਟਕਾ ਸਾਹਿਬਾਨ ਦੀ ਬੇਅਦਬੀ ਕਰਦੇ ਹੋਏ ਨੂੰ ਸ਼ਰਧਾਲੂਆਂ ਵਲੋਂ ਕਾਬੂ ਕਰਕੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੇ ਹਵਾਲੇ ਕੀਤਾ ਗਿਆ, ਜਿਨ੍ਹਾਂ ਵਲੋਂ ਬਾਅਦ 'ਚ ਉਸ ਨੂੰ ਪੁਲਿਸ ਹਵਾਲੇ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਪੁਲਿਸ ਵਲੋਂ ਮਾਮਲੇ ਦੀ ਡੂੰਘਾਈ ਨਾਲ ਤਫਤੀਸ਼ ਕੀਤੀ ਜਾ ਰਹੀ ਹੈ।



### ਝੂਠਾ ਮੁਕਾਬਲਾ

## ਦੋ ਸਾਬਕਾ ਐੱਸਐੱਚਓਜ਼ ਨੂੰ ਅੱਠ ਤੇ ਥਾਣੇਦਾਰ ਨੂੰ ਤਿੰਨ ਸਾਲ ਦੀ ਸਜ਼ਾ

### ਪੀੜਤ ਪਰਿਵਾਰ ਅਦਾਲਤ ਦੇ ਫ਼ੈਸਲੇ ਤੋਂ ਅਸੰਤੁਸ਼ਟ



ਐੱਸਏਐੱਸ ਨਗਰ (ਮੁਹਾਲੀ) : ਇਥੋਂ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਕਰੀਬ 32 ਸਾਲ ਪੁਰਾਣੇ ਝੂਠੇ ਪੁਲੀਸ ਮੁਕਾਬਲੇ ਦਾ ਨਿਬੇੜਾ ਕਰਦਿਆਂ ਰਾਵਲਪਿੰਡੀ (ਕਪੂਰਥਲਾ) ਦੇ ਤਤਕਾਲੀ ਐੱਸਐੱਚਓ ਮਨਜੀਤ ਸਿੰਘ, ਉਸ ਸਮੇਂ ਦੇ ਫਗਵਾੜਾ ਸਿਟੀ ਥਾਣੇ ਦੇ ਐੱਸਐੱਚਓ ਗੁਰਮੇਜ ਸਿੰਘ ਅਤੇ ਥਾਣਾ ਰਾਵਲਪਿੰਡੀ ਦੇ ਤਤਕਾਲੀ ਏਐੱਸਆਈ ਕਰਮਜੀਤ ਸਿੰਘ ਨੂੰ ਦੋਸ਼ੀ ਮੰਨਦਿਆਂ ਸਜ਼ਾ ਅਤੇ ਜੁਰਮਾਨਾ ਲਾਇਆ ਹੈ। ਇਨ੍ਹਾਂ ਅਧਿਕਾਰੀਆਂ 'ਤੇ ਸਾਲ 1993 ਵਿੱਚ ਦੋ ਸਿੱਖ ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰਨ ਦਾ ਦੋਸ਼ ਹੈ।

ਦੋਵੇਂ ਥਾਣਾ ਮੁਖੀਆਂ ਮਨਜੀਤ ਸਿੰਘ ਤੇ ਗੁਰਮੇਜ ਸਿੰਘ ਨੂੰ ਧਾਰਾ 364 ਵਿੱਚ 8-8 ਸਾਲ ਦੀ ਕੈਦ ਅਤੇ 50-50 ਹਜ਼ਾਰ ਰੁਪਏ ਜੁਰਮਾਨਾ, ਜਦਕਿ ਧਾਰਾ 120ਬੀ ਵਿੱਚ 5-5 ਸਾਲ ਦੀ ਕੈਦ ਤੇ 50-50 ਹਜ਼ਾਰ ਰੁਪਏ ਜੁਰਮਾਨਾ ਲਾਇਆ ਗਿਆ। ਇਸੇ ਤਰ੍ਹਾਂ ਏਐੱਸਆਈ ਕਰਮਜੀਤ ਸਿੰਘ ਨੂੰ ਧਾਰਾ 364 ਤੇ 120ਬੀ ਵਿੱਚ ਤਿੰਨ ਸਾਲ ਦੀ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨਾ ਲਾਇਆ ਗਿਆ ਹੈ। ਜਾਂਚ ਏਜੰਸੀ ਸੀਆਈਏ ਸਟਾਫ਼ ਦੇ ਮੁਲਾਜ਼ਮ ਕਸ਼ਮੀਰ ਸਿੰਘ ਅਤੇ ਹਰਜੀਤ ਸਿੰਘ ਖ਼ਿਲਾਫ਼ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੀ, ਜਿਸ ਕਰਕੇ ਅਦਾਲਤ ਨੇ ਦੋਵਾਂ ਨੂੰ ਬਰੀ ਕਰ ਦਿੱਤਾ ਗਿਆ। ਦੋਵੇਂ ਨੌਜਵਾਨਾਂ ਨੂੰ ਮਾਰਨ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਸੁਲਤਾਨਪੁਰ ਲੋਧੀ ਦੇ ਤਤਕਾਲੀ ਐੱਸਐੱਚਓ ਮੋਹਨ ਸਿੰਘ ਅਤੇ ਏਐੱਸਆਈ ਇਕਬਾਲ ਸਿੰਘ ਦੀ ਜਾਂਚ ਦੌਰਾਨ ਮੌਤ ਹੋ ਚੁੱਕੀ ਹੈ। ਪੀੜਤ ਪਰਿਵਾਰਾਂ ਦੇ ਵਕੀਲਾਂ ਜਗਜੀਤ ਸਿੰਘ ਬਾਜਵਾ, ਪੁਸ਼ਪਿੰਦਰ ਸਿੰਘ ਨੱਤ ਅਤੇ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ 27 ਮਾਰਚ 1993 ਨੂੰ ਸਵੇਰੇ ਕਰੀਬ ਸਾਢੇ 8 ਵਜੇ ਥਾਣਾ ਰਾਵਲਪਿੰਡੀ, ਕਪੂਰਥਲਾ ਦੇ ਏਐੱਸਆਈ ਕਰਮਜੀਤ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਪਲਵਿੰਦਰ ਸਿੰਘ ਉਰਫ਼ ਪੱਪੂ ਵਾਸੀ ਪਿੰਡ ਰਾਵਲਪਿੰਡੀ ਸਥਿਤ ਉਸ ਦੇ ਘਰੋਂ ਚੁੱਕਿਆ ਸੀ। ਉਸੇ ਦਿਨ ਇੱਕ ਹੋਰ ਵਿਅਕਤੀ ਬਲਬੀਰ ਸਿੰਘ ਵਾਸੀ ਪਿੰਡ ਢੱਡੇ, ਫਗਵਾੜਾ ਨੂੰ ਰਾਵਲਪਿੰਡੀ ਦੇ ਉਸ ਸਮੇਂ ਦੇ ਐੱਸਐੱਚਓ ਮਨਜੀਤ ਸਿੰਘ ਨੇ ਪਿੰਡੋਂ ਚੁੱਕਿਆ ਸੀ। ਉਨ੍ਹਾਂ ਨੂੰ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਿਆ ਗਿਆ। ਤਿੰਨ ਅਪਰੈਲ 1993 ਨੂੰ ਚੋਰੀ-ਡਕੈਤੀ ਦੇ ਮਾਮਲੇ ਵਿੱਚ ਫਗਵਾੜਾ ਸਿਟੀ ਪੁਲੀਸ ਨੇ ਦੋਵੇਂ ਨੌਜਵਾਨਾਂ ਦੀ ਗ੍ਰਿਫ਼ਤਾਰੀ ਪਾ ਲਈ। ਉਨ੍ਹਾਂ ਤੋਂ ਸਕੂਟਰ ਤੇ ਸੋਨੇ ਦੀ ਅੰਗੂਠੀ ਬਰਾਮਦ ਕੀਤੀ ਗਈ ਦਿਖਾਈ ਸੀ ਅਤੇ ਕੁਝ ਘੰਟਿਆਂ ਮਗਰੋਂ ਪਲਵਿੰਦਰ ਸਿੰਘ ਅਤੇ ਬਲਬੀਰ ਸਿੰਘ ਨੂੰ ਉਨ੍ਹਾਂ ਦੇ ਖ਼ੁਲਾਸੇ ਵਾਲੇ ਬਿਆਨਾਂ ਮੁਤਾਬਕ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਬਰਾਮਦਗੀ ਕਰਦੇ ਸਮੇਂ ਪੁਲੀਸ ਹਿਰਾਸਤ 'ਚੋਂ ਫ਼ਰਾਰ ਦਿਖਾਇਆ ਗਿਆ। ਇਸ ਸਬੰਧੀ 3 ਅਪਰੈਲ 1993 ਨੂੰ ਥਾਣਾ ਸਦਰ ਫਗਵਾੜਾ ਵਿੱਚ ਵੱਖਰਾ ਕੇਸ ਦਰਜ ਕੀਤਾ ਗਿਆ।

5 ਅਪਰੈਲ 1993 ਨੂੰ ਪਲਵਿੰਦਰ ਸਿੰਘ ਅਤੇ ਬਲਬੀਰ ਸਿੰਘ ਨੂੰ ਸੁਲਤਾਨਪੁਰ ਲੋਧੀ ਪੁਲੀਸ ਨਾਲ ਮੁਕਾਬਲੇ ਵਿੱਚ ਮਾਰੇ ਗਏ ਦਿਖਾਇਆ ਗਿਆ ਅਤੇ ਇਸ ਸਬੰਧੀ ਥਾਣਾ ਸੁਲਤਾਨਪੁਰ ਲੋਧੀ ਵਿੱਚ ਵੱਖਰਾ ਕੇਸ ਦਰਜ ਕੀਤਾ ਗਿਆ ਪਰ ਉਨ੍ਹਾਂ ਦੀ ਮੌਤ ਦੀ ਜਾਣਕਾਰੀ ਉਨ੍ਹਾਂ ਦੇ ਪਰਿਵਾਰਾਂ ਨੂੰ ਨਹੀਂ ਦਿੱਤੀ ਗਈ ਅਤੇ ਦੋਵੇਂ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਦੱਸ ਕੇ ਪੁਲੀਸ ਨੇ ਅੰਤਿਮ ਸਸਕਾਰ ਵੀ ਖ਼ੁਦ ਹੀ ਕਰ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਪੀੜਤ ਪਰਿਵਾਰਾਂ ਦੇ ਵਕੀਲਾਂ ਜਗਜੀਤ ਸਿੰਘ ਬਾਜਵਾ, ਪੁਸ਼ਪਿੰਦਰ ਸਿੰਘ ਨੱਤ ਅਤੇ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਮੁਹਾਲੀ ਅਦਾਲਤ ਦੇ ਫ਼ੈਸਲੇ ਤੋਂ ਪੀੜਤ ਪਰਿਵਾਰ ਸੰਤੁਸ਼ਟ ਨਹੀਂ ਹੈ। ਉਨ੍ਹਾਂ ਅਨੁਸਾਰ ਅਦਾਲਤ ਨੇ ਦੋਸ਼ੀਆਂ ਨੂੰ ਬਹੁਤ ਘੱਟ ਸਜ਼ਾ ਸੁਣਾਈ ਹੈ, ਜਦਕਿ ਅਪਰਾਧ ਬਹੁਤ ਵੱਡਾ ਹੈ। ਇਸ ਮਾਮਲੇ ਵਿੱਚ ਪੁਲੀਸ ਅਧਿਕਾਰੀ ਹਰਦਿਆਲ ਸਿੰਘ, ਨਿਰਮਲ ਸਿੰਘ, ਦਲਜੀਤ ਸਿੰਘ, ਜਿਨ੍ਹਾਂ ਨੂੰ ਪੁਲੀਸ ਮੁਕਾਬਲੇ ਵਿੱਚ ਹਿੱਸਾ ਲੈਣ ਵਾਲਿਆਂ ਵਜੋਂ ਦਿਖਾਇਆ ਗਿਆ ਸੀ, ਨੇ ਅਦਾਲਤ ਵਿੱਚ ਦੱਸਿਆ ਅਜਿਹਾ ਕੁਝ ਨਹੀਂ ਹੋਇਆ ਸੀ। ਉਨ੍ਹਾਂ ਨੇ ਕਦੇ ਵੀ ਕਿਸੇ ਮੁਕਾਬਲੇ ਵਿੱਚ ਹਿੱਸਾ ਨਹੀਂ ਲਿਆ।

## ਬੰਦੀ ਸਿੰਘਾਂ ਦੀ ਰਿਹਾਈ: ਕੌਮੀ ਇਨਸਾਫ ਮੋਰਚੇ ਵੱਲੋਂ ਰਾਸ਼ਟਰਪਤੀ ਤੇ ਰਾਜਪਾਲ ਦੇ ਨਾਂ ਚੇਤਾਵਨੀ ਪੱਤਰ



ਤਲਵੰਡੀ ਸਾਬੋ : ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ ਮੋਰਚੇ ਦੇ ਸੱਦੇ 'ਤੇ ਅੱਜ ਭਾਈ ਡੱਲ ਸਿੰਘ ਗਤਕਾ ਅਕੈਡਮੀ ਦੇ ਮੁਖੀ ਭਾਈ ਸਰਬਜੀਤ ਸਿੰਘ ਖਾਲਸਾ ਪ੍ਰਧਾਨ ਗਤਕਾ ਦਲ ਪੰਜਾਬ ਦੀ ਅਗਵਾਈ ਵਿੱਚ ਸਿੱਖ ਜਥੇਬੰਦੀਆਂ ਨੇ ਰੋਸ ਮਾਰਚ ਕਰਕੇ ਇੱਕ ਚੇਤਾਵਨੀ ਪੱਤਰ ਰਾਜਪਾਲ ਪੰਜਾਬ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਨਾਂਅ ਸਥਾਨਕ ਉਪ ਮੰਡਲ ਸਿਵਲ ਅਧਿਕਾਰੀ ਨੂੰ ਸੌਂਪਿਆ। ਸਿੱਖ ਜਥੇਬੰਦੀਆਂ ਪਹਿਲਾਂ ਭਾਈ ਡੱਲ ਸਿੰਘ ਗਤਕਾ ਅਕੈਡਮੀ ਬਠਿੰਡਾ ਰੋਡ ਸਥਿੱਤ ਇਕੱਠੀਆਂ ਹੋਈਆਂ ਅਤੇ ਫਿਰ ਅਕੈਡਮੀ ਮੁਖੀ ਭਾਈ ਸਰਬਜੀਤ ਸਿੰਘ ਖਾਲਸਾ ਦੀ ਅਗਵਾਈ ਵਿੱਚ ਰੋਸ ਮਾਰਚ ਕਰਦਿਆਂ ਐੱਸਡੀਐੱਮ ਤਲਵੰਡੀ ਸਾਬੋ ਦਫਤਰ ਪੁੱਜੀਆਂ। ਉਨ੍ਹਾਂ ਐੱਸਡੀਐੱਮ ਦੇ ਮੌਕੇ 'ਤੇ ਨਾ ਹੋਣ ਕਰਕੇ ਇੱਕ ਚੇਤਾਵਨੀ ਪੱਤਰ ਗਵਰਨਰ ਪੰਜਾਬ ਅਤੇ ਰਾਸ਼ਟਰਪਤੀ ਦੇ ਨਾਮ ਉਪ ਮੰਡਲ ਸਹਾਇਕ ਰਮਨੀਤ ਕੌਰ ਨੂੰ ਸੌਂਪਿਆ। ਇਸ ਮੌਕੇ ਸਰਬਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਪਿਛਲੇ ਲੰਮੇਂ ਸਮੇਂ ਤੋਂ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ, ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਸਖ਼ਤ ਕਾਨੂੰਨ ਬਣਾਉਣ ਅਤੇ ਪੰਜਾਬ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਕੌਮੀ ਇਨਸਾਫ ਮੋਰਚੇ ਦੇ ਸੱਦੇ 'ਤੇ ਇਹ ਚੇਤਾਵਨੀ ਪੱਤਰ ਸੌਂਪਿਆ ਗਿਆ ਹੈ।

## ਕੈਨੇਡਾ: ਪੰਜਾਬੀ ਕਾਰੋਬਾਰੀ ਦੇ ਦੋ ਕਾਤਲ ਬ੍ਰਿਟਿਸ਼ ਕੋਲੰਬੀਆ ਤੋਂ ਕਾਬੂ

### 14 ਮਈ ਨੂੰ ਮਿਸੀਸਾਗਾ 'ਚ ਦਿਨ ਦਿਹਾੜੇ ਹਰਜੀਤ ਸਿੰਘ ਢੱਡਾ ਨੂੰ ਮਾਰੀਆਂ ਸੀ ਗੋਲੀਆਂ

ਵੈਨਕੂਵਰ : ਪੀਲ ਪੁਲਿਸ ਨੇ ਬਰੈਂਪਟਨ ਵਿੱਚ 14 ਮਈ ਨੂੰ ਹੋਏ ਹਰਜੀਤ ਸਿੰਘ ਢੱਡਾ ਦੀ ਹੱਤਿਆ ਕਰਨ ਵਾਲੇ ਕਥਿਤ ਮੁਲਜ਼ਮਾਂ ਚੋਂ ਦੋ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਡੈਲਟਾ ਤੋਂ ਉੱਥੋਂ ਦੀ ਪੁਲੀਸ ਦੀ ਮਦਦ ਨਾਲ ਗ੍ਰਿਫਤਾਰ ਕਰ ਲਿਆ ਹੈ। ਦੋਹਾਂ ਦੀ ਪਛਾਣ ਅਮਨ ਅਤੇ ਦਿੱਗਵਿਜੇ (ਦੋਵੇਂ 21 ਸਾਲ) ਵਜੋਂ ਹੋਈ ਹੈ। ਸਥਾਨਕ ਅਦਾਲਤ ਤੋਂ ਪ੍ਰਵਾਨਗੀ ਲੈਣ ਉਪਰੰਤ ਬਰੈਂਪਟਨ ਵਿਚ ਜੱਜ ਅੱਗੇ ਪੇਸ਼ ਕਰਨ ਉਪਰੰਤ ਜੇਲ੍ਹ ਭੇਜ ਦਿੱਤਾ ਗਿਆ ਹੈ। ਪੀਲ ਪੁਲਿਸ ਦੇ



ਡਿਪਟੀ ਚੀਫ ਨਿਸ਼ਾਨ ਦੁਰਾਹਪਾ ਨੇ ਦੱਸਿਆ ਕਿ ਹੱਤਿਆਰਿਆਂ ਨੇ ਢੱਡਾ ਨੂੰ ਮਾਰਨ ਤੋਂ ਪਹਿਲਾਂ ਉਸਦੀਆਂ ਗਤੀਵਿਧੀਆਂ ਦੀ ਰੇਕੀ ਕੀਤੀ, ਫਿਰ ਇੱਕ ਵਾਹਨ ਚੋਰੀ ਕੀਤਾ ਤੇ ਉਸ ਨੂੰ ਮਾਰਨ ਤੋਂ ਬਾਅਦ ਭੱਜਦੇ ਹੋਏ ਵਾਹਨ ਥੋੜੀ ਦੂਰ ਛੱਡ ਦਿੱਤਾ ਤੇ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਬੇਸ਼ੱਕ ਮੁਲਜ਼ਮ ਭੱਜ ਕੇ ਬ੍ਰਿਟਿਸ਼ ਕੋਲੰਬੀਆ ਪਹੁੰਚ ਗਏ, ਪਰ ਪੀਲ ਪੁਲੀਸ ਨੇ ਪਿੱਛਾ ਕਰਦਿਆਂ ਆਖਰਕਾਰ ਡੈਲਟਾ, ਸਰੀ, ਐਬਟਸਫੋਰਡ ਦੇ ਪੁਲੀਸ ਦਲਾਂ ਅਤੇ ਕੇਂਦਰੀ ਪੁਲੀਸ ਦੇ ਸਹਿਯੋਗ ਨਾਲ ਦੋਹਾਂ ਨੂੰ ਡੈਲਟਾ ਵਿਚਲੇ ਟਿਕਾਣੇ ਤੋਂ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਅੱਗੇ ਜਾਂਚ ਕੀਤੀ ਜਾ ਰਹੀ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਟ੍ਰਾਵਨਕੋਰ ਵਿਚ ਥੀਆਂ ਦੀ ਵਸੋਂ 9 ਲੱਖ ਹੈ ਅਤੇ ਉਨ੍ਹਾਂ ਦਾ ਇਕ ਭਾਰੀ ਹਿੱਸਾ ਹਿੰਦੂ ਮਤ ਤਿਆਗਣ ਲਈ ਯਤਨ ਕਰ ਰਿਹਾ ਹੈ। ਉਨ੍ਹਾਂ ਦੀ ਭਾਈਚਾਰਕ ਅਵਸਥਾ ਇਹ ਹੈ ਕਿ ਕੋਈ ਆਦਮੀ ਵਿਦਿਆ, ਸਭਿਆਚਾਰ ਅਤੇ ਸਭਿਅਤਾ ਦੇ ਮਾਮਲੇ ਵਿਚ ਉਨ੍ਹਾਂ ਪਰ ਇਤਰਾਜ਼ ਨਹੀਂ ਕਰ ਸਕਦਾ। ਇਸ ਗੱਲ ਦੇ ਬਾਵਜੂਦ ਸਵਰਨ ਹਿੰਦੂ ਉਨ੍ਹਾਂ ਨੂੰ ਅਛੂਤ ਖ਼ਿਆਲ ਕਰਦੇ ਹਨ। ਇਹੋ ਕਾਰਨ ਹੈ ਜੋ ਕਿ ਉਨ੍ਹਾਂ ਨੂੰ ਮਹਾਰਾਜਾ ਟ੍ਰਾਵਨਕੋਰ ਧਰਮ ਤਿਆਗਣ ਲਈ ਮਜ਼ਬੂਰ ਕਰ ਰਿਹਾ ਹੈ। ਅਸਲੀ ਗੱਲ ਇਹ ਹੈ ਕਿ ਧਰਮ ਦੀ ਤਬਦੀਲੀ ਕਿ ਪਰਲੋਕ ਦੇ ਸੁਖ ਬਦਲ ਨਹੀਂ ਸਕਦੇ ਬਲਕਿ ਇਸ ਸੰਸਾਰ ਵਿਚ ਬਾਕੀ ਜੀਵਨ ਆਰਾਮ ਤੇ ਸੁਖ ਨਾਲ ਬਤੀਤ ਕਰਨ ਲਈ ਕੀਤੀ ਜਾ ਰਹੀ ਹੈ। ਇਸ ਵੇਲੇ ਮੁਸਲਮਾਨ ਥੀਆਂ ਨੂੰ ਅੱਗੇ ਨਾਲੋਂ ਵਧੇਰੇ ਆਪਣੇ ਵੱਲ ਖਿੱਚਣ ਦਾ ਯਤਨ ਕਰ ਰਹੇ ਹਨ। ਇਸ ਕੰਮੰਮ ਵਿਚ ਜਦ ਮੈਂ ਉਨ੍ਹਾਂ ਦਾ ਜੋਸ਼ ਤੇ ਉਤਸ਼ਾਹ ਵੇਖਦਾ ਹਾਂ ਤਾਂ ਮੈਂ ਇਹ ਕਹਿਣ ਪੁਰ ਮਜ਼ਬੂਰ ਹੁੰਦਾ ਹਾਂ 'ਐ ਹਿੰਦੂ ਮਤ ਤੇਰੇ ਵਿਚ ਇਹ ਵਹਿਸ਼ਤ ਭਰੇ ਅਸੂਲ ਕਿਥੋਂ ਆ ਗਏ?'

ਹੁਣ ਇਕ ਪ੍ਰਸਿੱਧ ਮੁਸਲਮਾਨ ਆਗੂ ਮਿਸ਼ਨਰੀ ਕੰਮ ਕਰਨ ਲਈ ਆਪਣੀ ਤੀਵੀਂ ਸਣੇ ਇਥੇ ਪੁੱਜ ਗਿਆ ਹੈ। ਉਹ ਥੀਆਂ ਕੌਮਾਂ ਦੇ ਕੇਂਦਰਾਂ ਵਿਚ ਫੇਰਾ ਪਾਉਂਦਾ ਹੈ ਅਤੇ ਲੈਕਚਰ ਕਰਦਾਹੈ। ਜਿਸ ਦੇ ਨਤੀਜੇ ਵਜੋਂ ਕਈ ਮੁਸਲਮਾਨ ਹੋ ਰਹੇ ਹਨ।

ਇਸ ਨਾਜ਼ਕ ਸਮੇਂ ਸਿੱਖ ਕੀ ਕਰ ਰਹੇ ਹਨ? ਮੈਂ ਬਿਨਾਂ ਕਿਸੇ ਝਿਜਕ ਦੇ ਕਹਿ ਸਕਦਾ ਹਾਂ ਕਿ ਸਿੱਖ ਕੇਵਲ ਸੁੱਤੇ ਪਏ ਹਨ। ਮੈਂ ਇਹ ਮੁੜ ਮੁੜ ਆਖਾਂਵਾ ਕਿ ਉਹ ਆਪਣਾ ਕੀਮਤੀ ਸਮਾਂ ਤੇ ਸੁਨਹਿਰੀ ਮੌਕਾ ਅਜਾਈਂ ਗਵਾ ਰਹੇ ਹਨ ਅਤੇ ਇਸ ਮਾਮਲੇ ਵਿਚ ਉਹ ਆਪਣੇ ਫਰਜ਼ਾਂ ਤੇ ਜ਼ਿੰਮੇਵਾਰੀਆਂ ਨੂੰ ਭਲਾਈ ਬੈਠੇ ਹਨ। ਜਦ ਮੈਂ ਇਹ ਸੱਚਾਈ ਪ੍ਰਗਟ ਕਰਦਾ ਹਾਂ ਤਾਂ ਮੈਨੂੰ ਆਸ ਹੈ ਕਿ ਕੋਈ ਆਦਮੀ ਮੇਰੇ ਨਾਲ ਝਗੜਾ ਪੈਦਾ ਨਹੀਂ ਕਰੇਗਾ। ਸਾਨੂੰ ਇਹ ਗੱਲ ਨਹੀਂ ਭੁਲਾਉਣੀ ਚਾਹੀਦੀ ਕਿ ਦਲਿਤ ਜਾਤੀਆਂ ਦੀਆਂ ਬੰਦਸ਼ਾਂ ਕੇਵਲ ਸਿੱਖ ਹੀ ਨਹੀਂ ਹਟਾ ਸਕਦੇ ਬਲਕਿ ਮੁਸਲਮਾਨ ਤੇ ਈਸਾਈ ਬਣਿਆਂ ਭੀ ਉਹ ਹਟ ਸਕਦੀਆਂ ਹਨ।




### ਸਿੱਖਾਂ 'ਤੇ ਪੁਲਿਸ ਜਬਰ ਆਦਿ ਬਾਰੇ

ਸਿੱਖ ਮਤ ਵਿਚ ਆਏ ਕੁਝ ਥੀਆਂ ਦੀ ਹਾਲਤ ਅੱਗੇ ਨਾਲੋਂ ਵੀ ਭੈੜੀ ਹੈ। ਹਾਲਾਤ ਇਤਨੇ ਨਾਜ਼ਕ ਹੋ ਗਏ ਹਨ ਕਿ ਦੂਜੀਆਂ ਕੌਮਾਂ ਇਨ੍ਹਾਂ ਸਿੱਖਾਂ ਲਈ ਸਭ ਕੁਝ ਕਰਨ ਨੂੰ ਤਿਆਰ ਹਨ। ਪਹਿਲਾਂ ਤਾਂ ਦੋਹਾਂ ਸਿੱਖਾਂ ਨੂੰ ਮਾਰ ਕੁਟਾਈ ਹੋਈ ਤੇ ਰਿਜ਼ਰਵ ਪੁਲਿਸ ਦੇ ਇਕ ਮੁਸਲਮਾਨ ਇੰਸਪੈਕਟਰ ਨੇ ਇਕ ਕਿਰਪਾਨ ਖੋਹ ਲਈ। ਇਸ ਤੋਂ ਉਪਰੰਤ ਨੈਰਾਂ ਨੇ ਉਨ੍ਹਾਂ ਸਿੱਖਾਂ ਦੀ ਮੁਰੰਮਤ ਕਰਨੀ ਅਰੰਭ ਦਿੱਤੀ। ਉਨ੍ਹਾਂ ਨੈਰਾਂ ਨੇ ਦੋ ਸਿੱਖਾਂਨੂੰ ਬੁਰੀ ਤਰ੍ਹਾਂ ਮਾਰਿਆ। ਇਸ ਥਾਂ ਵੀ ਪੁਲਿਸ ਅਫ਼ਸਰ ਮੁਸਲਮਾਨ ਹੀ ਸੀ। ਭਾਵੇਂ ਉਸ ਨੂੰ ਰਿਪੋਰਟ ਕੀਤੀ ਗਈ ਪਰ ਉਸ ਨੇ ਕੋਈ ਪ੍ਰਵਾਹ ਨਾ ਕੀਤੀ। ਇਹ ਵੀ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਪੁਲਿਸ ਸ਼ਹਿ ਦੇ ਰਹੀ ਹੈ। ਪੰਜਾਬ ਵਿਚ ਸਬੰਧਤ ਸੱਜਣਾਂ ਤੇ ਸਭਾਵਾਂ ਨੂੰ ਮੈਂ ਇਤਲਾਹ ਦਿੱਤੀ ਪਰ ਹੌਸਲਾ ਵਧਾਉਣ ਦੀ ਖ਼ਾਤਰ ਇਕ ਲਫ਼ਜ਼ ਤੱਕ ਨਾ ਕਿਸੇ ਕਿਹਾ ਤੇ ਨਾ ਕਿਸੇ ਉਤਰ ਵਜੋਂ ਭੇਜਿਆ। ਮੈਂ ਆਪਣੇ ਲੋਕਾਂ ਨੂੰ ਪੂਰੀ ਤਰ੍ਹਾਂ ਜਵਾਬਦੇਹ ਹਾਂ, ਇਸ ਵੇਲੇ ਮੈਂ ਬੜੀ ਮੁਸੀਬਤ ਵਿਚ ਹਾਂ ਕਿਉਂਕਿ ਮੈਂ ਆਪਣੇ ਲੋਕਾਂ ਨੂੰ ਇਸ ਸਬੰਧੀਚ ਕੋਈ ਉਤਰ ਨਹੀਂ ਦੇ ਸਕਦਾ। ਮੈਨੂੰ ਬੜਾ ਭਾਰੀ ਸ਼ੱਕ ਹੈ ਕਿ ਸ਼ਾਇਦ ਪੰਜਾਬ ਵਿਚ ਕੋਈ ਅਜਿਹਾ ਸਿੱਖ ਮੌਜੂਦ ਹੈ ਜੋ ਸਿੱਖੀ ਦੇ ਵਾਧੇ ਵਿਚ ਦਿਲਚਸਪੀ ਰੱਖਦਾ ਹੋਵੇ। ਮੇਰਾ ਖ਼ਿਆਲ ਸੀ ਕਿ ਪੰਜਾਬ ਵਿਚ ਸਿੱਖ ਮੌਜੂਦ ਹਨ ਜੋ ਕਿ ਉਨ੍ਹਾਂ ਸੂਰਬੀਰਾਂ ਦੀਸੰਤਾਨ ਹਨ ਅਤੇ ਜਿਨ੍ਹਾਂ ਨੇ ਹਿੰਦੁਸਤਾਨ ਦੇ ਇਤਿਹਾਸ ਵਿਚ ਅੱਜ ਤੱਕ ਦੋ ਸਾਲ ਪਹਿਲਾਂ ਨਵੇਂ ਹਾਲਾਤ ਪੈਦਾ ਕਰ ਦਿੱਤੇ ਸਨ। ਇਸ ਗੱਲ ਨੇ ਮੈਨੂੰ ਅੰਮ੍ਰਿਤਸਰ ਲਿਆਂਦਾ ਤੇ ਆਪਣੇ ਸਾਥੀਆਂ ਸਣੇ ਅੰਮ੍ਰਿਤ ਛਕਣ ਲਈ ਪ੍ਰੇਰਿਤ ਕੀਤਾ। ਮੈਂ ਇਕ ਗੱਲ ਹੋਰ ਕਹਿ ਕੇ ਇਸ ਮਾਮਲੇ ਨੂੰ ਖਤਮ ਕਰਾਂਗਾ। ਮੁਸਲਿਮ ਮਿਸ਼ਨਰੀਆਂ ਆਪਣੇ ਕੰਮ ਲਈ ਬੜੀ ਸਰਗਰਮੀ ਨਾਲ ਕਮ ਕਰ ਰਹੀਆਂ ਹਨ ਅਤੇ ਅਸੀਂ ਚੁੱਪ ਵਟੀ ਬੈਠੇ ਹਾਂ, ਮੈਂ ਇਸ ਤਰ੍ਹਾਂ ਕੰਮ ਕਰਨ ਦੀ ਤਾਕਤ ਨਾ ਹੋਣ ਪੁਰ ਬੜਾ ਸਖਤ ਅਫ਼ਸੋਸ ਕਰਦਾ ਹਾਂ। ਜੇ ਪੰਜਾਬੀ ਸਿੱਖ ਮਿਸ਼ਨਰੀ ਕੰਮ ਵਿਚ ਜ਼ਰਾ ਵਧੇਰੇ ਸਰਗਰਮੀ ਵਿਖਾਉਂਦੀ ਤਾਂ ਮੈਂ ਬਹੁਤ ਕੁਝ ਕਰ ਸਕਦਾ। ਹੁਣ ਡਾਕਟਰ ਕੇ. ਪੀ. ਥੈਲ, ਮੇਰਾ ਇਕ ਗੂੜ੍ਹਾ ਮਿੱਤਰ ਬੜੇ ਜੋਸ਼ ਨਾਲ ਇਸਲਾਮ ਦੇ ਪ੍ਰਚਾਰ ਦਾ ਕੰਮ ਕਰ ਰਿਹਾ ਹੈ।

(ਚਲਦਾ)





ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਆਪਣੇ ਜਜ਼ਬਾਤਾਂ ਨੂੰ ਸਾਂਝਾ ਕਰਨ ਨਾਲ ਬਿਮਾਰੀ ਦਾ ਦੁੱਖ ਘਟਦਾ ਹੈ। ਕਿਸੇ ਵੀ ਬਿਮਾਰੀ ਪ੍ਰਤੀ ਸ਼ਰਮਿੰਦਗੀ ਮਹਿਸੂਸ ਨਾ ਕਰੋ, ਖ਼ਾਸ ਤੌਰ 'ਤੇ ਮਾਨਸਿਕ ਬਿਮਾਰੀਆਂ ਬਾਰੇ ਜਿਵੇਂ ਕਿ ਡਿਪਰੈਸ਼ਨ, ਜੋ ਕਿ ਕਿਸੇ ਵੀ ਹੋਰ ਮੈਡੀਕਲ ਬਿਮਾਰੀ ਦੀ ਤਰ੍ਹਾਂ ਹੈ ਅਤੇ ਇਸਦਾ ਇਲਾਜ ਵੀ ਹੋ ਸਕਦਾ ਹੈ।

**ਜੋ ਗੱਲਾਂ ਤੁਹਾਨੂੰ ਚੰਗੀਆਂ ਲੱਗਦੀਆਂ ਹਨ, ਉਹਨਾਂ ਨੂੰ ਮਾਣੋ :**

ਬਿਮਾਰੀ ਜੀਵਨ ਦਾ ਅੰਤ ਨਹਲ ਹੈ। ਜੋ ਕੰਮ ਤੁਹਾਨੂੰ ਚੰਗੇ ਲੱਗਦੇ ਹਨ, ਉਨ੍ਹਾਂ ਕੰਮਾਂ ਨੂੰ ਕਰਨ ਵਿੱਚ ਆਪਣੇ ਆਪ ਨੂੰ ਵਿਅਸਤ ਰੱਖੋ। ਸੈਰ ਕਰਨਾ, ਪੜ੍ਹਨਾ, ਬਾਗ਼-ਬਗ਼ੀਚੇ ਵਿੱਚ ਕੰਮ ਕਰਨਾ ਤੁਹਾਡੇ ਦਿਮਾਗ਼ ਨੂੰ ਹੋਰ ਵੀ ਜ਼ਿਆਦਾ ਆਸ਼ਾਵਾਦੀ ਬਣਾਉਣ ਵਿੱਚ ਮੱਦਦਗਾਰ ਹੁੰਦਾ ਹੈ।

**ਸਟ੍ਰੈੱਸ**

**ਸਟ੍ਰੈੱਸ ਕੀ ਹੈ ?**

ਸਰੀਰ ਅਤੇ ਮਨ ਦੀ ਪ੍ਰਤੀਕਿਰਿਆ ਜੋ ਰੋਜ਼ਾਨਾ ਦੀ ਜ਼ਿੰਦਗੀ ਦੇ ਬਦਲਾਅ ਅਤੇ ਲੋੜਾਂ ਕਰਕੇ ਹੁੰਦੀ ਹੈ, ਉਸਨੂੰ ਸਟ੍ਰੈੱਸ ਕਿਹਾ ਜਾਂਦਾ ਹੈ। ਸਟ੍ਰੈੱਸ ਜ਼ਿੰਦਗੀ ਦਾ ਇੱਕ ਹਿੱਸਾ ਹੈ। ਹਰ ਕਿਸੇ ਨੂੰ ਘੱਟ ਜਾਂ ਜ਼ਿਆਦਾ, ਸਟ੍ਰੈੱਸ ਜ਼ਰੂਰ ਹੁੰਦਾ ਹੈ। ਸਟ੍ਰੈੱਸ ਜ਼ਿੰਦਗੀ ਦੀਆਂ ਕੁਝ ਛੋਟੀਆਂ-ਮੋਟੀਆਂ ਗੱਲਾਂ ਕਰਕੇ ਵੀ ਹੋ ਸਕਦਾ ਹੈ, ਜਿਵੇਂ ਕਿ ਸੜਕ ਉੱਤੇ ਟਰੈਫ਼ਿਕ ਜਾਮ ਦੀ ਸਟ੍ਰੈੱਸ ਜਾਂ ਜ਼ਿੰਦਗੀ ਦੀਆਂ ਹੋਰ ਵੱਡੀਆਂ ਗੱਲਾਂ ਕਰਕੇ, ਜਿਵੇਂ ਕਿ ਬਿਮਾਰੀ ਜਾਂ ਪਰਿਵਾਰ ਵਿੱਚ ਕਿਸੇ ਦੀ ਮੌਤ।

**ਲੱਛਣ :**

1. ਬਲੱਡ ਪ੍ਰੈਸ਼ਰ ਦਾ ਵਧਣਾ।
2. ਪਸੀਨਾ ਆਉਣਾ।




3. ਦਿਲ ਦੀ ਧੜਕਣ ਦਾ ਤੇਜ਼ ਹੋਣਾ।
4. ਖਾਣਾ ਨਾ ਪਚਣਾ ਅਤੇ ਪੇਟ ਖ਼ਰਾਬ ਰਹਿਣਾ।
5. ਸਿਰ ਦਰਦ ਅਤੇ ਸਰੀਰ ਦੁੱਖਣਾ।
6. ਗ਼ੁੱਸਾ ਅਤੇ ਖਿਝਣਾ।
7. ਨੀਂਦ ਨਾ ਆਉਣਾ।

**ਰੋਕਥਾਮ/ਬਚਾਅ :**

1. ਬਹੁਤ ਸਾਰੀਆਂ ਸਟ੍ਰੈੱਸ ਪੈਦਾ ਕਰਨ ਵਾਲੀਆਂ ਗੱਲਾਂ ਸਾਡੇ ਕਾਬੂ ਵਿੱਚ ਨਹੀਂ ਹੁੰਦੀਆਂ, ਇਸ ਲਈ ਸਾਨੂੰ ਸਿਰਫ਼ ਉਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਜਿਨ੍ਹਾਂ ਉੱਤੇ ਸਾਡਾ ਕਾਬੂ ਹੈ।
2. ਸਾਨੂੰ ਆਪਣੀ ਜ਼ਿੰਦਗੀ 'ਤੇ ਸਟ੍ਰੈੱਸ ਨੂੰ ਭਾਰੂ ਨਹੀਂ ਹੋਣ ਦੇਣਾ ਚਾਹੀਦਾ। ਇਹ ਸਿੱਖਣ ਦੀ ਲੋੜ ਹੈ ਕਿ ਸਟ੍ਰੈੱਸ 'ਤੇ ਅਸਲ ਕਾਬੂ ਕਿਵੇਂ ਪਾਈਏ। ਜੇਕਰ ਅਸਲ ਸਹੀ ਤਰੀਕੇ ਨਾਲ ਸਟ੍ਰੈੱਸ 'ਤੇ ਕਾਬੂ ਨਹੀਂ ਪਾ ਸਕਦੇ, ਇਸ ਨਾਲ ਸਾਡੀ ਸਰੀਰਕ ਅਤੇ ਮਾਨਸਿਕ ਬਿਮਾਰੀ ਵੱਧ ਸਕਦੀ ਹੈ।
3. ਸਾਰੇ ਸਟ੍ਰੈੱਸ ਬੁਰੇ ਨਹੀਂ ਹੁੰਦੇ, ਕੁਝ ਸਟ੍ਰੈੱਸ ਵਾਲੀਆਂ ਗੱਲਾਂ ਸਾਡੀ ਜ਼ਿੰਦਗੀ ਵਿੱਚ ਚੰਗੀਆਂ ਤਬਦੀਲੀਆਂ ਲਿਆਉਣ ਵਿੱਚ ਮੱਦਦਗਾਰ ਹੁੰਦੀਆਂ ਹਨ।

**ਇਹ ਨਾ ਕਰੋ :**

1. ਸ਼ਰਾਬ ਨਾ ਪੀਓ, ਇਹ ਸਟ੍ਰੈੱਸ ਨੂੰ ਗੰਭੀਰ ਬਣਾਉਂਦੀ ਹੈ।
2. ਚਿੰਤਾ ਨਾ ਕਰੋ, ਮੁਸ਼ਕਲ ਦੇ ਹੱਲ ਵੱਲ ਆਪਣਾ ਧਿਆਨ ਦਿਓ।
3. ਦਵਾਈਆਂ : ਦਵਾਈਆਂ ਇਸ ਸਮੱਸਿਆ ਦਾ ਹੱਲ ਨਹੀਂ ਹਨ।
4. ਆਤਮਹੱਤਿਆ : ਇਹ ਕਿਸੇ ਵੀ ਸਮੱਸਿਆ ਦਾ ਹੱਲ ਨਹਲ ਹੈ, ਜ਼ਿੰਦਗੀ ਦੇ ਵੱਡੇ ਮੰਤਵ ਨੂੰ ਦੇਖੋ। ਸਟ੍ਰੈੱਸ ਵਾਲੀਆਂ ਗੱਲਾਂ ਆਉਂਦੀਆਂ ਜਾਂਦੀਆਂ ਰਹਿਣਗੀਆਂ।

**ਇਹ ਕਰੋ :**

1. ਆਪਣੇ ਜਜ਼ਬਾਤਾਂ ਨੂੰ ਆਪਣੇ ਪਰਿਵਾਰ ਅਤੇ ਵਿਸ਼ਵਾਸਯੋਗ ਦੋਸਤਾਂ ਦੇ ਨਾਲ ਸਾਂਝਾ ਕਰੋ, ਇਸ ਨਾਲ ਸਮੱਸਿਆਵਾਂ ਨੂੰ ਸਮਝਣ ਵਿੱਚ ਅਤੇ ਹੱਲ ਕਰਨ ਵਿੱਚ ਮੱਦਦ ਮਿਲਦੀ ਹੈ।
2. ਰੋਣ ਨਾਲ ਮਨ ਹਲਕਾ ਹੁੰਦਾ ਹੈ, ਜੇਕਰ ਰੋਣਾ ਆਉਂਦਾ ਹੈ ਤਾਂ ਇਸਨੂੰ ਨਾ ਰੋਕੋ।
3. ਆਰਾਮ ਨਾਲ ਬੈਠ ਕੇ ਹੌਲੀ ਅਤੇ ਡੂੰਘੇ ਸਾਹ ਲਵੋ। ਆਪਣੇ ਨੱਕ ਰਾਹੀਂ ਹੌਲੀ ਹੌਲੀ ਸਾਹ ਅੰਦਰ ਨੂੰ ਖਿੱਚੋ ਅਤੇ ਮੂੰਹ ਰਾਹੀਂ ਬਾਹਰ ਕੱਢੋ।
4. ਆਪਣੀਆਂ ਮਾਸਪੇਸ਼ੀਆਂ ਵੱਲ ਆਪਣਾ ਧਿਆਨ ਕੇਂਦਰਿਤ ਕਰੋ ਅਤੇ ਮਾਸਪੇਸ਼ੀਆਂ ਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਆਰਾਮ ਦੀ ਹਾਲਤ ਵਿੱਚ ਲਿਆਓ। ਇਸਨੂੰ ਵਾਰ ਵਾਰ ਕਰੋ।
5. ਹਲਕੀਆਂ ਕਸਰਤਾਂ ਜਿਵੇਂ ਕਿ ਪੈਦਲ ਚੱਲਣਾ ਸਟ੍ਰੈੱਸ ਨੂੰ ਖ਼ਤਮ ਕਰਦੀਆਂ ਹਨ ਅਤੇ ਦਿਮਾਗ਼ ਨੂੰ ਆਰਾਮ ਦਿਵਾਉਂਦੀਆਂ ਹਨ।
6. ਆਪਣੇ ਆਪ ਨੂੰ ਉਹਨਾਂ ਕੰਮਾਂ ਵਿੱਚ ਵਿਅਸਤ ਰੱਖੋ ਜਿਨ੍ਹਾਂ ਨੂੰ ਤੁਸੀਂ ਕਰਨਾ ਪਸੰਦ ਕਰਦੇ ਹੋ ਜਿਵੇਂ ਕਿ ਪੜ੍ਹਨਾ, ਬਾਗ਼-ਬਗ਼ੀਚੇ ਵਿੱਚ ਕੰਮ ਕਰਨਾ, ਲਿਖਣਾ ਆਦਿ।
7. ਦੂਸਰਿਆਂ ਦੀ ਸਹਾਇਤਾ ਕਰਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ।
8. ਪਰਮਾਤਮਾ ਅੱਗੇ ਅਰਦਾਸ ਕਰੋ : ਧਾਰਮਿਕ ਵਿਅਕਤੀ ਹੋਰ ਵਿਅਕਤੀਆਂ ਨਾਲੋਂ ਸਟ੍ਰੈੱਸ ਨੂੰ ਆਸਾਨੀ ਨਾਲ ਕਾਬੂ ਵਿੱਚ ਰੱਖ ਸਕਦੇ ਹਨ ਕਿਉਂਕਿ ਅਰਦਾਸ ਵਿੱਚ ਬਹੁਤ ਸ਼ਕਤੀ ਹੁੰਦੀ ਹੈ।
9. ਅਧਿਆਤਮਕ ਪੁਸਤਕਾਂ ਪੜ੍ਹੋ।

**ਤਣਾਓ ਯ ਦੂਰ ਕਰਨ ਦੇ ਤਰੀਕੇ**

**ਡੂੰਘਾ ਸਾਹ ਲੈਣ ਦੀ ਵਿਧੀ :**

1. ਨੀਚੇ ਲੇਟ ਜਾਓ ਅਤੇ ਆਪਣੇ ਹੱਥਾਂ ਨੂੰ ਆਪਣੇ ਪੇਟ 'ਤੇ ਰੱਖੋ, ਆਪਣੇ ਪੇਟ ਦੇ ਪੱਠਿਆਂ ਦਾ ਇਸਤੇਮਾਲ ਕਰਦੇ ਹੋਏ ਡੂੰਘਾ ਸਾਹ ਲਵੋ। ਸਾਹ ਪੇਟ ਨਾਲ ਲਵੋ, ਨਾ ਕਿ ਛਾਤੀ ਨਾਲ। ਪੇਟ ਸਾਹ ਲੈਣ ਸਮੇਂ ਉੱਪਰ ਅਤੇ ਸਾਹ ਛੱਡਣ ਸਮੇਂ ਥੱਲੇ ਹੋਣਾ ਚਾਹੀਦਾ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਅਪਰੇਸ਼ਨ ਸਿੰਧੂਰ ਦਾ ਘਰੋਗੀ ਬਿਰਤਾਂਤ

ਸੀ ਉਦੈ ਭਾਸਕਰ

ਮੁੱਢਲੀ ਸਮੀਖਿਆ ਤੋਂ ਪਤਾ ਲੱਗਦਾ ਹੈ ਕਿ ਅਪਰੇਸ਼ਨ ਸਿੰਧੂਰ ਭਾਰਤੀ ਹਥਿਆਰਬੰਦ ਬਲਾਂ ਦੇ ਤੈਅ ਕੀਤੇ ਉਦੇਸ਼ਾਂ ਨੂੰ ਵਡੇਰੇ ਰੂਪ ਵਿੱਚ ਹਾਸਿਲ ਕਰਨ ਵਿੱਚ ਸਫਲ ਰਿਹਾ ਹੈ। ਭਾਰਤ ਦੀ ਦ੍ਰਿੜ ਸੰਕਲਪ ਫ਼ੌਜੀ ਕਾਰਵਾਈ ਜੋ ਪਹਿਲਗਾਮ ਵਿੱਚ ਹੋਏ ਖ਼ੌਫਨਾਕ ਦਹਿਸ਼ਤਗਰਦ ਹਮਲੇ ਦੇ ਜਵਾਬ ਵਜੋਂ ਪਾਕਿਸਤਾਨ ਵਿੱਚ ਦਹਿਸ਼ਤਗਰਦੀ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਸੀ, 7 ਮਈ ਨੂੰ ਸ਼ੁਰੂ ਹੋਈ ਸੀ ਅਤੇ 10 ਮਈ ਨੂੰ ਗੋਲੀਬੰਦੀ ਦਾ ਐਲਾਨ ਕਰ ਦਿੱਤਾ ਗਿਆ। ਖ਼ਾਸ ਤੌਰ 'ਤੇ ਰਣਨੀਤਕ ਮਾਪਕਾਂ ਨਾਲ ਸਬੰਧਿਤ ਬੰਦਿਸ਼ਾਂ ਤੇ ਬੇਯਕੀਨੀਆਂ ਅਤੇ ਇਸ ਤੱਥ ਦੇ ਮੱਦੇਨਜ਼ਰ ਕਿ ਭਾਰਤ ਤੇ ਪਾਕਿਸਤਾਨ ਦੋਵੇਂ ਪਰਮਾਣੂ ਤਾਕਤਾਂ ਹਨ, ਦੇ ਬਾਵਜੂਦ ਰੱਖਿਆ ਬਲਾਂ ਨੇ ਜਿਸ ਢੰਗ ਨਾਲ ਇਹ ਅਪਰੇਸ਼ਨ ਅਸਰਦਾਰ ਢੰਗ ਨਾਲ ਸਿਰੇ ਚੜ੍ਹਾਇਆ, ਉਸ ਦੀ ਸ਼ਲਾਘਾ ਕੀਤੀ ਜਾ ਰਹੀ ਹੈ।

ਅਪਰੇਸ਼ਨ ਸਿੰਧੂਰ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿਆਸੀ ਸੂਝ-ਬੂਝ, ਦ੍ਰਿੜਤਾ ਅਤੇ ਸੰਜਮ ਦਾ ਪ੍ਰਦਰਸ਼ਨ ਹੈ, ਨੇ ਸਰਹੱਦ ਪਾਰ ਦਹਿਸ਼ਤਗਰਦੀ ਨੂੰ ਸ਼ਹਿ ਦੇਣ ਵਾਲਿਆਂ ਲਈ ਡਰਾਵੇ ਦਾ ਮਜ਼ਬੂਤ ਸੰਦੇਸ਼ ਦਿੱਤਾ ਹੈ ਪਰ ਵਿਦੇਸ਼ ਅਤੇ ਘਰੋਗੀ ਖੇਤਰਾਂ ਵਿੱਚ ਚੁਣੌਤੀਆਂ ਨੂੰ ਮੁਖ਼ਾਤਿਬ ਹੋਣ ਦੀ ਲੋੜ ਹੈ।

ਅਪਰੇਸ਼ਨ ਸਿੰਧੂਰ ਬਾਰੇ ਭਾਰਤੀ ਬਿਰਤਾਂਤ ਇਹ ਰਿਹਾ ਹੈ ਕਿ ਇਹ ਪਾਕਿਸਤਾਨ ਵੱਲੋਂ ਸ਼ਹਿ ਪ੍ਰਾਪਤ ਦਹਿਸ਼ਤਵਾਦ ਦੇ ਸਨਮੁੱਖ ਸਹੀ ਜੇਤੂਵਾਦ ਦਾ ਪ੍ਰਤੀਕ ਹੈ। ਭਾਰਤੀ ਸੰਸਦ ਮੈਂਬਰਾਂ ਦੇ ਵਫ਼ਦ ਇਹ ਸੰਦੇਸ਼ ਦੁਨੀਆ ਭਰ ਵਿੱਚ ਉਨ੍ਹਾਂ ਆਲੋਚਕਾਂ ਤੱਕ ਪਹੁੰਚਾ ਰਹੇ ਹਨ ਜੋ ਭਾਰਤੀ ਬਿਰਤਾਂਤ ਨੂੰ ਬਹੁਤੇ ਹਾਂਦਰੂ ਢੰਗ ਨਾਲ ਨਹੀਂ ਲੈਂਦੇ। ਚੀਨ ਅਤੇ ਕੁਝ ਹੋਰ ਦੇਸ਼ ਸਾਡੇ ਵਿਰੋਧੀ ਪ੍ਰਤੀ ਕੁਝ ਜ਼ਿਆਦਾ ਹੀ ਹਮਦਰਦੀ ਵਰਤ ਰਹੇ ਹਨ ਜਿਵੇਂ ਅਪਰੇਸ਼ਨ ਸਿੰਧੂਰ ਦੇ ਚੱਲਦਿਆਂ ਹੀ ਇਸਲਾਮਾਬਾਦ ਨੂੰ ਆਈਐੱਮਐੱਫ ਦਾ ਕਰਜ਼ਾ ਜਾਰੀ ਕਰਨ ਤੋਂ ਦੇਖਿਆ ਜਾ ਸਕਦਾ ਹੈ। ਅਗਲੀ ਚੁਣੌਤੀ ਜੂਨ ਵਿੱਚ ਆਵੇਗੀ ਜਦੋਂ ਫਾਇਨੈਂਸ਼ੀਅਲ ਐਕਸ਼ਨ ਟਾਸਕ ਫੋਰਸ ਦੀ ਮੀਟਿੰਗ ਹੋਵੇਗੀ। ਨਵੀਂ ਦਿੱਲੀ ਇਹ ਚਾਹੇਗੀ ਕਿ ਪਾਕਿਸਤਾਨ ਨੂੰ ਦਹਿਸ਼ਤਗਰਦੀ ਦੀ ਹਮਾਇਤ ਕਰਨ ਬਦਲੇ 'ਗ੍ਰੇਅ ਸੂਚੀ' ਵਿੱਚ ਸ਼ਾਮਿਲ ਕੀਤਾ ਜਾਵੇ। ਮੀਟਿੰਗ ਦੇ ਸਿੱਟੇ ਤੋਂ ਉਸ ਡਿਗਰੀ ਦਾ ਅੰਦਾਜ਼ਾ ਲੱਗ ਸਕੇਗਾ ਕਿ ਕੌਮਾਂਤਰੀ ਬਰਾਦਰੀ ਦੱਖਣੀ ਏਸ਼ੀਆ ਵਿੱਚ ਰਾਜਕੀ ਸ਼ਹਿ ਪ੍ਰਾਪਤ ਦਹਿਸ਼ਤਗਰਦੀ ਮੁਤੱਲਕ ਭਾਰਤ ਨਾਲ ਕਿਸ ਹੱਦ ਤੱਕ ਸਹਿਮਤ ਹੈ। ਘਰੋਗੀ ਪ੍ਰਸੰਗ ਵਿੱਚ ਪ੍ਰੇਸ਼ਾਨਕੁਨ ਸਮਾਜਿਕ-ਰਾਜਨੀਤਕ ਰੁਝਾਨ ਨਜ਼ਰ ਆ ਰਿਹਾ ਹੈ। ਕੀ ਸਰਕਾਰ ਦੀ ਪੁਰਜ਼ੋਰ ਹਮਾਇਤ ਕਰਨ ਵਾਲੀਆਂ ਆਵਾਜ਼ਾਂ, ਜਿਨ੍ਹਾਂ ਨੂੰ ਘੱਟਗਿਣਤੀਆਂ ਨੂੰ ਦੁਤਕਾਰਨ ਲਈ ਪੱਠੇ ਪਾਏ ਜਾਂਦੇ ਰਹੇ ਹਨ, ਹੁਣ ਬੇਕਾਬੂ ਹੋਣ ਦੀ ਕੋਸ਼ਿਸ਼ ਕਰ ਰਹੀਆਂ ਹਨ ? ਨਹੀਂ ਤਾਂ ਕੀ ਕਾਰਨ ਹੈ ਕਿ ਸਰਕਾਰ ਅਤੇ ਇਸ ਦੇ ਸੋਹਲੇ ਗਾਉਣ ਵਾਲਿਆਂ ਦੇ ਟੋਲਿਆਂ (ਜੋ ਉਪਰੋਂ ਇਸ਼ਾਰਾ ਮਿਲਣ 'ਤੇ ਕਿਸੇ ਦੀ ਵਾਹ-ਵਾਹ ਕਰਨ ਅਤੇ ਕਿਸੇ ਦੀ ਲਾਹ-ਪਾਹ ਕਰਨ ਵਿੱਚ ਦੇਰ ਨਹੀਂ ਲਾਉਂਦੇ) ਨੇ ਹਾਲੀਆ ਹਫ਼ਤਿਆਂ ਵਿੱਚ ਵਾਪਰੇ ਕੁਝ ਬੇਸੁਆਦੀ ਵਿਵਾਦਾਂ ਬਾਰੇ ਹੈਰਾਨੀਜਨਕ ਚੁੱਪ ਵੱਟੀ ਹੋਈ ਹੈ।

ਪਹਿਲਗਾਮ/ਅਪਰੇਸ਼ਨ ਸਿੰਧੂਰ ਤੋਂ ਬਾਅਦ ਭਾਰਤ ਦੀ ਅੰਦਰੂਨੀ ਸੁਰੱਖਿਆ, ਸਮਾਜਿਕ ਸਦਭਾਵਨਾ ਅਤੇ ਕਸ਼ਮੀਰ ਵਿੱਚ ਆਮ ਵਰਗੇ ਹਾਲਾਤ ਦੀ ਬਹਾਲੀ ਲਈ ਜਟਿਲ ਚੁਣੌਤੀਆਂ ਪੈਦਾ ਹੋ ਗਈਆਂ ਹਨ। ਦੇਸ਼ ਅੰਦਰ ਧਰੁਵੀਕਰਨ ਦਾ ਰੌਅ ਤਿੱਖਾ ਹੋ ਰਿਹਾ ਹੈ, ਜਿਸ ਦੇ ਨਾਲ ਹੀ ਖਰਵਾ ਰਾਸ਼ਟਰਵਾਦੀ ਮੁਹਾਵਰਾ, ਬਿਰਤਾਂਤ ਉੱਪਰ ਭਾਰੂ ਪੈ ਰਿਹਾ ਹੈ। ਸੋਸ਼ਲ ਮੀਡੀਆ ਅਤੇ ਟੀਵੀ ਚੈਨਲਾਂ ਉੱਪਰ ਤਿੱਖੀਆਂ ਟੀਕਾ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ। ਕਸ਼ਮੀਰੀ ਮੁਸਲਮਾਨਾਂ ਖ਼ਿਲਾਫ਼ ਗਹਿਰਾ ਦਵੈਸ਼ ਭਾਵ ਉੱਭਰ ਕੇ ਸਾਹਮਣੇ ਆ ਗਿਆ ਹੈ। ਹਾਲੀਆ ਸਾਲਾਂ ਦੌਰਾਨ ਜ਼ਿਆਦਾਤਰ ਲੋਕਰਾਜੀ ਮੁਲਕਾਂ ਅੰਦਰ ਕਿਸੇ 'ਗ਼ੈਰ-ਸਮੂਹ' ਨੂੰ ਨਿਸ਼ਾਨਾ ਬਣਾਉਣ ਦਾ ਰੁਝਾਨ ਚੁਣਾਵੀ ਗਤੀਮਾਨਾਂ ਦੀ ਚਹੇਤੀ ਖ਼ੁਰਾਕ ਬਣ ਰਿਹਾ ਹੈ। ਸੋਸ਼ਲ ਮੀਡੀਆ ਦਾ ਪਸਾਰ ਹੋਣ ਨਾਲ ਇਹ ਬਹੁਤ ਖ਼ਤਰਨਾਕ ਢੰਗ ਨਾਲ ਫੈਲਾਇਆ ਜਾਣ ਲੱਗ ਪਿਆ ਹੈ। ਅਮਰੀਕਾ ਅਤੇ ਯੂਰੋਪ ਵਿੱਚ ਪਰਵਾਸੀ ਕਾਮੇ ਅਤੇ ਭਾਰਤ ਵਿਚਲੀਆਂ ਘੱਟਗਿਣਤੀਆਂ ਇਸ ਦਾ ਸੰਤਾਪ ਦਾ ਸ਼ਿਕਾਰ ਬਣ ਰਹੀਆਂ ਹਨ। ਕਿਸੇ 'ਦੂਜੇ' ਜਾਂ 'ਬਾਹਰਲੇ' ਨੂੰ ਕੌਮੀ ਸੁਰੱਖਿਆ ਲਈ ਖ਼ਤਰਾ ਬਣਾ ਕੇ ਪੇਸ਼ ਕਰਨ ਲਈ ਬਹੁਗਿਣਤੀ ਵਾਲੀ ਭਾਵਨਾ ਨੂੰ ਸ਼ਹਿ ਦੇਣ ਨਾਲ ਵਕਤੀ ਜਿੱਤਾਂ ਤਾਂ ਮਿਲ ਸਕਦੀਆਂ ਹਨ ਅਤੇ ਚੁਣਾਵੀ ਲਾਭ ਪ੍ਰਾਪਤ ਹੋ ਸਕਦੇ ਹਨ ਪਰ ਇਹ ਸਮੂਹਿਕ ਜਨੂੰਨ ਮਨੁੱਖੀ ਕਦਰਾਂ-ਕੀਮਤਾਂ ਨੂੰ ਤਜ ਕੇ ਆਪਣੀ ਬਦਸੂਰਤ ਖ਼ੁਦਮੁਖ਼ਤਾਰੀ ਹਾਸਿਲ ਕਰ ਸਕਦਾ ਹੈ- ਜਿਵੇਂ ਹਾਲੀਆ ਘਟਨਾਵਾਂ ਨੇ ਦਰਸਾਇਆ ਹੈ। ਪਹਿਲਗਾਮ ਕਤਲੇਆਮ ਤੋਂ ਕੁਝ ਦਿਨਾਂ ਬਾਅਦ ਇੱਕ ਨੇਵੀ ਅਫਸਰ ਦੀ ਵਿਧਵਾ ਮੁਟਿਆਰ ਹਿਮਾਂਸ਼ੀ ਨਰਵਾਲ ਨੇ ਜਦੋਂ ਇਨਸਾਫ਼ ਅਤੇ ਤਹੰਮਲ ਦੀ ਫਰਿਆਦ ਕੀਤੀ ਤਾਂ ਉਸ ਨੂੰ ਟਰੋਲ ਸੈਨਾ ਨੇ ਬੁਰੀ ਤਰ੍ਹਾਂ ਨਿਸ਼ਾਨਾ ਬਣਾਇਆ ਸੀ। ਉਸ ਖ਼ਿਲਾਫ਼ ਜ਼ਹਿਰੀਲੀਆਂ ਜ਼ਾਤੀ ਟਿੱਪਣੀਆਂ ਕੀਤੀਆਂ। ਕੋਈ ਵੀ ਸੰਸਥਾ ਜਾਂ ਸੀਨੀਅਰ ਸਰਕਾਰੀ ਅਹਿਲਕਾਰ ਉਸ ਦੇ ਹੱਕ ਵਿੱਚ ਖੜ੍ਹਾ ਦਿਖਾਈ ਨਾ ਦਿੱਤਾ; ਤੇ ਹਜੂਮ ਦੀ ਚੜ੍ਹ ਮੱਚਦੀ ਰਹੀ। ਜਦੋਂ ਵਿਦੇਸ਼ ਸਕੱਤਰ ਵਿਕਰਮ ਮਿਸਰੀ ਜੋ ਸਭ ਤੋਂ ਸੀਨੀਅਰ ਭਾਰਤੀ ਡਿਪਲੋਮੈਟ ਹਨ, ਨੇ ਗੋਲੀਬੰਦੀ ਦਾ ਐਲਾਨ ਕੀਤਾ ਤਾਂ ਉਸ ਨੂੰ ਦੁਤਕਾਰਿਆ ਗਿਆ ਅਤੇ ਉਸ ਦੀ ਧੀ ਦੀ ਦੇਸ਼ਭਗਤੀ ਨੂੰ ਵੀ ਪੁਣਿਆ ਗਿਆ। ਇਹ ਬੇਹੂਦਗੀ ਸੀ ਕਿਉਂਕਿ ਮਿਸਰੀ ਸਿਰਫ਼ ਸਰਕਾਰ ਦੀ ਤਰਫ਼ੋਂ ਬੋਲ ਰਹੇ ਸਨ, ਫਿਰ ਵੀ ਸਾਊਥ ਬਲਾਕ 'ਚੋਂ ਕੋਈ ਵੀ ਉਸ ਅਫਸਰ ਦੇ ਹੱਕ ਵਿਚ ਨਾ ਨਿੱਤਰਿਆ ਕਿਉਂਕਿ ਉਨ੍ਹਾਂ ਨੂੰ ਟਕਰਾਅ ਜਾਰੀ ਰੱਖਣ ਦੇ ਚਾਹਵਾਨ ਹਜੂਮ ਦੇ ਗੁੱਸੇ ਦਾ ਨਿਸ਼ਾਨਾ ਬਣਨ ਤੋਂ ਡਰ ਲਗਦਾ ਸੀ। ਅਪਰੇਸ਼ਨ ਸਿੰਧੂਰ ਬਾਰੇ ਮੀਡੀਆ ਨੂੰ ਜਾਣਕਾਰੀ ਮੁਹੱਈਆ ਕਰਨ ਵਾਲੀ ਕਰਨਲ ਸੋਫ਼ੀਆ ਨੂੰ ਭਾਜਪਾ ਦੇ ਸ਼ਾਸਨ ਵਾਲੇ ਸੂਬੇ ਮੱਧ ਪ੍ਰਦੇਸ਼ ਦੇ ਇੱਕ ਮੰਤਰੀ ਵੱਲੋਂ 'ਦਹਿਸ਼ਤਗਰਦਾਂ ਦੀ ਭੈਣ'




ਗਰਦਾਨ ਦਿੱਤਾ ਗਿਆ। ਉਸ ਦੀ ਮਾੜੀ ਮੋਟੀ ਝਾੜ-ਝੰਬ ਵੀ ਨਾ ਹੋਈ ਅਤੇ ਫਿਰ ਇਸ ਦੀ ਵਜਾਹਤ ਕਰਦਿਆਂ ਇਸ ਨੂੰ 'ਭਾਸ਼ਾਈ ਗ਼ਲਤੀ' ਕਰਾਰ ਦਿੱਤਾ ਗਿਆ। ਕੁਝ ਇੱਦਾਂ ਦਾ ਹੀ ਪੈਂਤੜਾ ਉਸ ਭਾਜਪਾ ਐੱਮਪੀ ਮੁਤੱਲਕ ਲਿਆ ਗਿਆ ਜਿਸ ਨੇ ਪਹਿਲਗਾਮ ਦੀਆਂ ਵਿਧਵਾਵਾਂ ਦੀ ਬਹਾਦਰੀ 'ਤੇ ਕਿੰਤੂ ਕੀਤਾ ਸੀ। ਇਤਿਹਾਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਦੀਆਂ ਤੋਂ ਕੁਲੀਨ ਸੱਤਾ ਨੂੰ ਪੁਖ਼ਤਾ ਕਰਨ ਲਈ ਹਜੂਮ ਨੂੰ ਸਨਕ ਦੀ ਪਾਣ ਚਾੜ੍ਹੀ ਜਾਂਦੀ ਰਹੀ ਹੈ ਪਰ ਇਸ ਨਾਲ ਸਾਮਰਾਜ ਅਤੇ ਰਿਆਸਤ ਦੀਆਂ ਅੰਤੜੀਆਂ ਨੂੰ ਜੰਗਾਲ ਲੱਗ ਜਾਂਦਾ ਹੈ। ਐਡਵਰਡ ਗਿੱਬਨ ਨੇ ਆਪਣੀ ਬੇਮਿਸਾਲ ਕਿਰਤ 'ਦਿ ਹਿਸਟਰੀ ਆਫ ਦਿ ਡੈਕਲਾਈਨ ਐਂਡ ਫਾਲ ਆਫ ਦਿ ਰੋਮਨ ਐਂਪਾਇਰ' ਵਿੱਚ ਰੋਮ ਵਿੱਚ ਗਣਰਾਜ ਤੇ ਸਾਮਰਾਜ ਦੇ ਸਿਆਸੀ ਤੇ ਸਮਾਜਿਕ ਗਤੀਮਾਨਾਂ ਦੇ ਪ੍ਰਸੰਗ ਵਿੱਚ ਹਜੂਮ ਦੀ ਭੂਮਿਕਾ ਦੀ ਘੋਖ ਪੜਤਾਲ ਕੀਤੀ ਹੈ।

ਗਿੱਬਨ ਲਿਖਦੇ ਹਨ ਕਿ ਰੋਮਨ ਹਜੂਮ (ਪਲੈਬਜ਼ ਅਰਬਾਨਾ) ਜਦੋਂ ਕ੍ਰੋਧਿਤ ਹੁੰਦਾ ਹੈ ਤਾਂ ਇਹ ਭੜਕਾਊ ਤੇ ਅਣਕਿਆਸਿਆ ਹੋ ਜਾਂਦਾ ਹੈ। ਇਹ ਬਾਦਸ਼ਾਹ ਪ੍ਰਤੀ ਅਕੱਟ ਵਫ਼ਾਦਾਰੀ ਦਿਖਾ ਸਕਦਾ ਹੈ ਅਤੇ ਜੇ ਇਸ ਨਾਲ ਬਾਤਚੀਤ ਨਾ ਹੋਵੇ ਜਾਂ ਇਸ ਦਾ ਮਨੋਰੰਜਨ ਨਾ ਕੀਤਾ ਜਾਵੇ ਤਾਂ ਇਹ ਤਬਾਹਕੁਨ ਬਦਅਮਨੀ ਵੀ ਪੈਦਾ ਕਰ ਸਕਦਾ ਹੈ। ਬੇਕਾਬੂ ਹੁੰਦੇ ਚਲੇ ਗਏ ਜਨ ਸਮੂਹ ਦੇ ਹੱਲਿਆਂ ਵਿੱਚ ਆਮ ਨਾਗਰਿਕ ਖ਼ੂਬੀਆਂ ਨੂੰ ਤਿਆਗ ਦਿੱਤਾ ਗਿਆ ਅਤੇ ਗਣਰਾਜ ਦੀ ਰੂਹ ਲਗਾਤਾਰ ਕਮਜ਼ੋਰ ਹੁੰਦੀ ਗਈ; ਸਿੱਟੇ ਵਜੋਂ ਰੋਮਨ ਸਾਮਰਾਜ ਦਾ ਪਤਨ ਹੋ ਗਿਆ। ਇੱਕ ਭਾਰਤੀ ਟੀਵੀ ਪੈਨਲਿਸਟ ਵੱਲੋਂ ਇਰਾਨੀ ਵਿਦੇਸ਼ ਮੰਤਰੀ ਖ਼ਿਲਾਫ਼ ਖੁੱਲ੍ਹੇਆਮ ਗਾਲੀ-ਗਲੋਚ ਵਾਲੀ ਭਾਸ਼ਾ ਵਰਤਣ ਦੇ ਮਾਮਲੇ ਵਿੱਚ ਇਹੀ ਨੁਕਤਾ ਹੈ। ਭਾਰਤੀ ਹਜੂਮ ਨੇ ਕੱਟੜ ਬਹੁਗਿਣਤੀਵਾਦੀ ਰਾਸ਼ਟਰਵਾਦ ਦਾ ਚੋਲਾ ਗ੍ਰਹਿਣ ਕਰ ਲਿਆ ਅਤੇ ਦਹਿਸ਼ਤਗਰਦੀ ਨੂੰ ਭਾਵੁਕ ਬਾਇਨਰੀਆਂ ਵਿੱਚ ਢਾਲ ਦਿੱਤਾ ਗਿਆ ਜਿੱਥੇ ਭਾਰਤੀ ਮੁਸਲਮਾਨਾਂ ਬਾਰੇ ਧਾਰਨਾ ਬਣਾ ਦਿੱਤੀ ਗਈ ਕਿ ਉਹ ਜਹਾਦੀ ਝੁਕਾਵਾਂ ਨੂੰ ਸ਼ਹਿ ਦਿੰਦੇ ਹਨ। ਕੀ ਅਸੀਂ ਇਸ ਹਜੂਮ ਨੂੰ ਆਪਣੇ ਸਮਾਜਿਕ ਤਾਣੇ-ਬਾਣੇ ਵਿੱਚ ਨਫ਼ਰਤ ਅਤੇ ਜ਼ਹਿਰ ਘੋਲਣ ਦੀ ਸ਼ਕਤੀ ਬਣਨ ਦੀ ਆਗਿਆ ਦੇ ਰਹੇ ਹਾਂ ? ਇਸ ਨਾਲ ਭਾਰਤ ਦੀ ਸਮਾਜਿਕ ਧਾਰਮਿਕ ਸਦਭਾਵਨਾ ਨੂੰ ਸੱਟ ਮਾਰਨ ਦੇ ਵਿਰੋਧੀਆਂ ਦੇ ਉਦੇਸ਼ ਨੂੰ ਅਗਾਂਹ ਵਧਾਉਣ ਵਿੱਚ ਹੀ ਮਦਦ ਮਿਲੇਗੀ। ਅਪਰੇਸ਼ਨ ਸਿੰਧੂਰ ਇਸ ਸਮੇਂ ਰੋਕ ਦਿੱਤਾ ਗਿਆ ਹੈ। ਰਾਵਲਪਿੰਡੀ ਵਿੱਚ ਸਰਹੱਦ ਪਾਰ ਦਹਿਸ਼ਤਗਰਦੀ ਦੇ ਸਰਪ੍ਰਸਤਾਂ ਉੱਪਰ ਇਸ ਦੇ ਪ੍ਰਭਾਵ ਬਾਰੇ ਅਜੇ ਤਾਈਂ ਉਡੀਕ ਕੀਤੀ ਜਾ ਰਹੀ ਹੈ। ਦਿੱਲੀ ਨੂੰ ਆਪਣੇ ਦਹਿਸ਼ਤਗਰਦੀ ਵਿਰੋਧੀ ਬਿਰਤਾਂਤ ਬਾਰੇ ਕੌਮਾਂਤਰੀ ਭਾਈਚਾਰੇ ਨੂੰ ਕਾਇਲ ਕਰਨਾ ਪਵੇਗਾ ਅਤੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਘਰੋਗੀ ਬਿਰਤਾਂਤ ਸੰਵਿਧਾਨਕ ਚੌਖਟੇ ਅੰਦਰ ਹੀ ਰਹੇ।

# ਮਰੇ ਹੋਏ ਨੂੰ ਮਾਰਨ ਵਾਲਾ ਸੂਰਮਾਂ ?



ਪਿੰਡ ਦੇ ਬਾਹਰਵਾਰ ਖੇਤਾਂ ਦੇ ਨਾਲ ਲਗਦੇ ਘਰ ਹੋਣ ਕਰਕੇ ਬਰਸਾਤਾਂ ਦੇ ਮੌਸਮ ਵਿਚ ਸਾਡੇ ਮਹੱਲੇ ਅਕਸਰ ਸੱਪ-ਸਲੂਪੀ ਨਿਕਲਦੇ ਹੀ ਰਹਿੰਦੇ ਸਨ। ਸ਼ਾਮ ਸਵੇਰੇ ਉਦੇ ਈ ਪਤਾ ਲੱਗਣਾ ਜਦੋਂ ਕਿਸੇ ਪਾਸਿਉਂ 'ਸੱਪ ਉਏਸੱਪ ਉਏ' ਦਾ ਰੌਲਾ ਪੈ ਜਾਣਾ!

ਫਿਰ ਜਿਵੇਂ ਪਿੰਡਾਂ 'ਚ ਅਕਸਰ ਹੁੰਦਾ ਈ ਐ. ਸੁਣਦੌ ਸੁਣਦੌ ਹਰੇਕ ਜਣੇ ਨੇ ਹੱਥ ਆਉਂਦਾ ਡਾਂਗ ਸੋਟਾ ਫੜ ਕੇ ਉੱਧਰ ਨੂੰ ਭੱਜ ਪੈਣਾ ।ਕਈ ਵਾਰ ਤਾਂ ਸੱਪ ਨੇ ਅੜਿੱਕੇ ਹੀ ਨਾ ਆਉਣਾ. ਕਿਤੇ ਖੱਲੀਂ ਖੂੰਜੀਂ ਜਾ ਛੁਪਣਾ! ਪਰ ਜਦ ਕਿਤੇ 'ਕੱਠੀ ਹੋਈ ਭੀੜ ਵਿੱਚੋਂ ਕਿਸੇ ਹੱਥੋਂ ਸੱਪ ਮਾਰਿਆ ਜਾਣਾ ਤਾਂ ਉੱਥੇ ਮਰੇ ਸੱਪ ਨੂੰ ਦੇਖਦੀ ਖੜ੍ਹੀ ਮਲੱਖ ਨੇ ਸੱਪਾਂ ਬਾਰੇ ਮਿੱਥ-ਮਨੌਤਾਂ ਸੁਣਾਉਣ ਲੱਗ ਪੈਣਾ।

ਕਈ ਵਾਰ ਦੇਖਿਆ ਹੈ ਕਿ ਮਾਰਿਆ ਕੁੱਟਿਆ ਪਿਆ ਵੀ ਸੱਪ ਪੂਛ ਹਿਲਾਉਂਦਾ ਰਹਿੰਦਾ ਹੈ ਜਿਵੇਂ ਕਿਤੇ ਉਹ ਮਰਦਾ ਮਰਦਾ ਵੀ 'ਵਿਸੁ ਘੋਲ ?' ਰਿਹਾ ਹੁੰਦਾ ਹੋਵੇ!

ਅਜਿਹੇ ਮੌਕਿਆਂ 'ਤੇ ਸਾਡੇ ਪਿੰਡ ਦੇ ਇਕ ਬੰਦੇ ਨੇ ਪਿੱਛਿਉਂ ਅਚਾਨਕ ਭੀੜ ਵਿਚੋਂ ਬੜੀ ਫੁਰਤੀ ਨਾਲ ਮੋਹਰੇ ਆ ਕੇ ਚਿੱਥੇ ਪਏ ਸੱਪ ਦੀ ਹਿਲਦੀ ਪੂਛ ਉੱਤੇ ਸੋਟੇ ਮਾਰਨ ਲੱਗ ਜਾਣਾ- "ਓਏ ਇਹ ਹਲੇ ਕਿੱਥੇ ਮਰਿਆ ਐ ?.. ਹਲੇ ਨੀ ਮਰਿਆ!




ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724


ਮਰੇ ਪਏ ਸੱਪ ਉੱਤੇ ਹੀ ਧੈੜ ਧੈੜ ਲਾਠੀ ਵਾਹੁੰਦੇ ਨੂੰ ਦੇਖ ਕੇ ਲੋਕਾਂ ਨੇ ਉਹਦੀ 'ਬਹਾਦਰੀ' ਉੱਤੇ ਹੱਸਣਾ ਵੀ ਬੜਾ ਪਰ ਉਹ ਮਹੱਲੇ ਵਾਲਿਆਂ ਅੱਗੇ ਤੀਸ ਮਾਰ ਖਾਂਹ ਬਣਨ ਵਾਂਗ 'ਨਾਗ ਮਾਰ ਖਾਂਹ' ਸੂਰਮਾਂ ਬਹਾਦਰ ਬਣ ਬਣ ਕੇ ਆਪਣੀ ਕਮੀਜ਼ ਦੀਆਂ ਬਾਹਾਂ ਦੇ ਕਫ 'ਤਾਂਹ ਨੂੰ ਚੜ੍ਹਾਉਦਾ ਰਹਿੰਦਾ !!

# ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕੋਈ ਵੀ ਸ਼ਰਾਰਤ ਨਹੀਂ ਹੋਣ ਦਿਆਂਗੇ : ਸਿਮਰਨਜੀਤ ਸਿੰਘ ਮਾਨ



ਅੰਮ੍ਰਿਤਸਰ: ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਵੱਲੋਂ 6 ਜੂਨ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਣ ਵਾਲੀ ਸ਼ਹੀਦੀ ਅਰਦਾਸ ਵਿੱਚ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਫ਼ਸੀਲ ਤੋਂ ਸੰਦੇਸ਼ ਨਾ ਦੇਣ ਸੰਬੰਧੀ ਆਏ ਬਿਆਨ ਸਬੰਧੀ ਕਿਹਾ ਕਿ "ਸ੍ਰੀ ਅਕਾਲ ਤਖਤ ਸਾਹਿਬ ਸਾਡਾ ਸਿੱਖਾਂ ਦਾ ਆਧਿਆਤਮਿਕ ਤਖਤ ਹੈ। ਇੱਥੇ ਨਿਮਰਤਾ ਅਤੇ ਸਨਮਾਨ ਨਾਲ, ਸ਼ਹੀਦਾਂ ਦੀ ਯਾਦ 'ਚ ਇਕਜੁੱਟ ਹੋ ਕੇ ਅਰਦਾਸ ਕਰਨੀ ਚਾਹੀਦੀ ਹੈ। ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਆਵਾਜ਼ ਰੋਕਣ ਦੀ ਕੋਸ਼ਿਸ਼, ਗ਼ੈਰ ਜਾਇਜ਼ ਅਤੇ ਵੰਡ ਪੈਦਾ ਕਰਨ ਵਾਲੀ ਗੱਲ ਹੈ। ਅਸੀਂ ਇਹੋ +ਜਹੀ ਸ਼ਰਾਰਤ ਨਹੀਂ ਹੋਣ ਦਿਆਂਗੇ। ਮਾਨ ਨੇ ਕਿਹਾ ਕਿ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਗਿਆਨੀ ਹਰਨਾਮ ਸਿੰਘ ਤਖਤ ਦੀ ਮਰਿਆਦਾ ਨੂੰ ਬਣਾਈ ਰੱਖਣ ਅਤੇ ਆਪਣੇ ਬਿਆਨਾਂ ਵਿੱਚ ਸੰਜੀਦਗੀ ਅਤੇ ਸਤਿਕਾਰ ਨਿਭਾਉਣ। ਉਨ੍ਹਾਂ ਕਿਹਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਇਹ ਵੀ ਅਪੀਲ ਕੀਤੀ ਗਈ ਕਿ 6 ਜੂਨ ਨੂੰ ਹੋਣ ਵਾਲੇ ਸਮਾਗਮ ਪੂਰੇ ਸਾਂਝੇਪਣ, ਏਕਤਾ ਅਤੇ ਨਿਮਰਤਾ ਨਾਲ ਮਨਾਏ ਜਾਣ, ਤਾਂ ਜੋ ਸਾਡੇ ਸ਼ਹੀਦਾਂ ਦੀ ਯਾਦ ਅਸਲ ਰੂਪ ਵਿੱਚ ਸਫਲ ਹੋ ਸਕੇ। ਉਨ੍ਹਾਂ ਨੇ ਕਿਹਾ ਕਿ ਗਿਆਨੀ ਹਰਨਾਮ ਸਿੰਘ ਵੱਲੋਂ 6 ਜੂਨ ਨੂੰ ਅਲੱਗ ਤੌਰ 'ਤੇ ਦਮਦਮੀ ਟਕਸਾਲ ਮਹਿਤਾ ਵਿਖੇ ਸਮਾਗਮ ਕਰਨਾ ਵੀ ਸਹੀ ਨਹੀ ਹੈ। ਇਹ ਸਮਾਂ ਵੰਡ ਦਾ ਨਹੀਂ, ਏਕਤਾ ਦਾ ਹੈ। ਅਸੀਂ ਅਪੀਲ ਕਰਦੇ ਹਾਂ ਕਿ ਇਹ ਸਮਾਗਮ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੀ ਕੀਤਾ ਜਾਵੇ, ਤਾਂ ਜੋ ਸਾਰੀ ਕੌਮ ਨੂੰ ਇੱਕ ਸੰਦੇਸ਼ ਦੀ ਇੱਕ ਹੀ ਅਵਾਜ਼ ਆਵੇ।

# ਪੰਜਾਬ ਨੂੰ ਮੁੜ ਕਾਲੇ ਦੌਰ ਵੱਲ ਧੱਕਣ ਦੀ ਸਾਜਿਸ਼: ਗਿਆਨੀ ਹਰਪ੍ਰੀਤ ਸਿੰਘ

## ਡੇਢ ਦਹਾਕੇ ਬਾਅਦ ਡੇਰਾਬਸੀ ਹਲਕੇ 'ਚ ਦਿਖਿਆ ਪੰਥਕ ਰੰਗ



ਲਾਲੜੂ : ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਬਣੀ ਭਰਤੀ ਕਮੇਟੀ ਦੀ ਮੀਟਿੰਗ ਦੌਰਾਨ ਕਰੀਬ ਡੇਢ ਦਹਾਕੇ ਬਾਅਦ ਹਲਕੇ ਵਿੱਚ ਪੰਥਕ ਰੰਗ ਦੇਖਣ ਨੂੰ ਮਿਲਿਆ। ਮਰਹੂਮ ਅਕਾਲੀ ਆਗੂ ਕੈਪਟਨ ਕੰਵਲਜੀਤ ਸਿੰਘ ਦੀ ਸਿਆਸੀ ਗੋਦ ਦਾ ਨਿੱਘ ਮਾਨਣ ਵਾਲੇ ਹਲਕੇ ਨੇ ਆਪਣੀ ਪੰਥਕ ਸੋਚ ਨੂੰ ਉਭਾਰਿਆ। ਸ਼ ?ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਨਿਰਮੈਲ ਸਿੰਘ ਜੌਲਾ ਦੀ ਅਗਵਾਈ ਹੇਠ ਵੱਡੀ ਗਿਣਤੀ ਸੰਗਤ ਨੇ ਹਾਜ਼ਰੀ ਭਰੀ।

ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਦੀ ਤਾਜ਼ਾ ਸਿਆਸੀ ਹਾਲਤ 'ਤੇ ਚਿੰਤਾ ਜਤਾਈ, ਉਨ੍ਹਾਂ ਪੁਲੀਸ ਹਿਰਾਸਤ ਵਿੱਚ ਮਾਰੇ ਗਏ ਨੌਜਵਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਨੂੰ ਮੁੜ ਕਾਲੇ ਦੌਰ ਵੱਲ ਧੱਕਣ ਦੀ ਸਾਜਿਸ਼ ਚੱਲ ਰਹੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਯੂਨੀਵਰਸਿਟੀ ਦੇ ਨਾਂ ਬਦਲਣ ਦੀ ਮੰਗ ਕਰਨ ਵਾਲੀ ਚਿੱਠੀ ਨੂੰ ਇੱਕ ਵੱਡੀ ਸਾਜਿਸ਼ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਰੋਧੀ ਤਾਕਤਾਂ ਬੋਲੀ, ਰਾਜਧਾਨੀ, ਪਾਣੀ ਤੇ ਕਿਸਾਨੀ ਮੁੱਦਿਆਂ ਨੂੰ ਸਿੱਖ ਮੁੱਦਿਆਂ ਵਜੋਂ ਪੇਸ਼ ਕਰਕੇ ਪੰਜਾਬ ਦੇ ਹਿੰਦੂ ਅਤੇ ਸਿੱਖਾਂ ਵਿੱਚ ਵੰਡੀ ਪਾਉਣ ਦੀਆਂ ਚਾਲਾਂ ਚਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਰਾਖੀ ਲਈ ਸਾਰਿਆਂ ਨੂੰ ਇੱਕ ਪਲੇਟਫਾਰਮ 'ਤੇ ਆਉਣ ਦੀ ਲੋੜ ਹੈ। ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਪੰਜਾਬ ਤੇ ਪੰਥ ਪ੍ਰਸਤ ਲੀਡਰਸ਼ਿਪ ਦੇਣ ਲਈ ਭਰਤੀ ਕਮੇਟੀ ਪੂਰੀ ਤਰ੍ਹਾਂ ਵਚਨਬੱਧ ਹੈ। ਭਰਤੀ ਦੇ ਸਮਾਪਤ ਹੁੰਦਿਆਂ ਹੀ ਜਥੇਬੰਦਕ ਢਾਂਚੇ ਲਈ ਤਿਆਰੀ ਸ਼ੁਰੂ ਕਰ ਦਿੱਤੀ ਜਾਵੇਗੀ ਤੇ ਇਸ ਭਰਤੀ ਮੁਹਿੰਮ ਵਿੱਚੋਂ ਮਿਲਣ ਵਾਲੀ ਲੀਡਰਸ਼ਿਪ ਨਿੱਜਪ੍ਰਸਤ ਅਤੇ ਸਵਾਰਥੀ ਹਿੱਤਾਂ ਤੋਂ ਉਪਰ ਉਠ ਕੇ ਪੰਥ ਅਤੇ ਪੰਜਾਬ ਦੇ ਮੁੱਦਿਆਂ 'ਤੇ ਪਹਿਰਾ ਦੇਵੇਗੀ। ਜਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਅੱਜ ਇਕੱਠੇ ਹੋਣ ਦੀ ਲੋੜ ਹੈ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਕੀ ਹੋਏ ਲੀਡਰਸ਼ਿਪ ਨੂੰ ਅਖੌਤੀ ਲੀਡਰਸ਼ਿਪ ਗਰਦਾਨਦਿਆਂ ਸਵਾਲ ਕੀਤਾ ਕਿ ਅੱਜ ਅਖੌਤੀ ਲੀਡਰਸ਼ਿਪ ਖ਼ੈਰ-ਖਵਾਹ ਬਣਨ ਦਾ ਡਰਾਮਾ ਕਰ ਰਹੀ ਹੈ। ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਉਨ੍ਹਾਂ ਦੀ ਲੀਡਰਸ਼ਿਪ ਸੂਬੇ ਦੇ ਹੱਕਾਂ 'ਤੇ ਪਹਿਰਾ ਨਹੀਂ ਦੇ ਸਕੀ। ਪਾਰਟੀ 'ਤੇ ਕਾਬਜ਼ ਲੀਡਰਸ਼ਿਪ ਦੇ ਆਪਣੇ ਨਿੱਜੀ ਸਵਾਰਥ ਕਰਕੇ ਵੱਡੇ ਮੁੱਦਿਆਂ 'ਤੇ ਕੀਤੀ ਸੌਦੇਬਾਜ਼ੀ ਨੇ ਵੱਡਾ ਨੁਕਸਾਨ ਕੀਤਾ। ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਪੰਥਕ ਅਤੇ ਪੰਜਾਬ ਦੀ ਨੁਮਾਇੰਦਾ ਜਮਾਤ ਤੇ ਇੱਕ ਪਰਿਵਾਰ ਅਤੇ ਇੱਕ ਵਿਅਕਤੀ ਵਿਸ਼ੇਸ਼ ਦਾ ਕਾਬਜ਼ ਹੋ ਜਾਣਾ ਪੰਥ ਅਤੇ ਪੰਜਾਬ ਦੋਵਾਂ ਲਈ ਖਤਰਨਾਕ ਸਾਬਤ ਹੋਇਆ। ਮੰਚ ਸੰਚਾਲਨ ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਨੇ ਕੀਤਾ। ਇਸ ਮੀਟਿੰਗ ਵਿੱਚ ਸੁਰਿੰਦਰ ਸਿੰਘ ਧਰਮਗੜ੍ਹ, ਹਰਵਿੰਦਰ ਸਿੰਘ ਕਸੌਲੀ, ਮਾਜਰਾ, ਸੁਰਜੀਤ ਸਿੰਘ ਤਸਿੰਬਲੀ, ਜਸਵਿੰਦਰ ਸਿੰਘ ਮਲਕਪੁਰ, ਰਵਿੰਦਰ ਸਿੰਘ ਵਜੀਦਪੁਰ, ਹਰਪ੍ਰੀਤ ਸਿੰਘ ਅਮਲਾਲਾ, ਅਵਤਾਰ ਸਿੰਘ ਜਵਾਹਰਪੁਰ, ਕੁਲਦੀਪ ਸਿੰਘ ਮਾਲਣ ਅਤੇ ਸਮੂਹ ਗੁਰਦੁਆਰਾ ਕਮੇਟੀਆਂ ਦੇ ਪ੍ਰਧਾਨ, ਮੈਂਬਰ ਅਤੇ ਪੰਚ-ਸਰਪੰਚ ਹਾਜ਼ਰ ਸਨ।

# ਸੰਤ ਭਿੰਡਰਾਂਵਾਲਿਆਂ ਦੇ ਪੁੱਤਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੋਂ ਸਨਮਾਨ ਨਹੀਂ ਲੈਣਗੇ

## ਸ਼੍ਰੋਮਣੀ ਕਮੇਟੀ ਸ਼ਹੀਦੀ ਸਮਾਗਮ ਮੌਕੇ ਭਾਈ ਗੜਗੱਜ ਨੂੰ ਸ਼ਹੀਦ ਪਰਿਵਾਰਾਂ ਦਾ ਸਨਮਾਨ ਕਰਨ ਤੋਂ ਰੋਕੇ : ਭਾਈ ਈਸ਼ਰ ਸਿੰਘ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਥਾਪਣ ਦਾ ਮਾਮਲਾ ਦਿਨੋਂ ਦਿਨ ਹੋਰ ਉਲਝਦਾ ਜਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 20ਵੀ ਸਦੀ ਦੇ ਮਹਾਨ ਸਿੱਖ ਦੀ ਉਪਾਧੀ ਨਾਲ ਨਿਵਾਜੇ ਗਏ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ ਅਤੇ ਭਾਈ ਇੰਦਰਜੀਤ ਸਿੰਘ ਨੇ ਕਿਹਾ ਕਿ 6 ਜੂਨ 1984 ਘੱਲੂਘਾਰੇ ਦੀ 41ਵੀਂ ਵਰ੍ਹੇਗੰਢ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋ ਰਹੇ ਸਮਾਗਮ ਮੌਕੇ ਗਿਆਨੀ ਕੁਲਦੀਪ ਸਿੰਘ ਗੜਗੱਜ ਸ਼ਹੀਦ ਪਰਿਵਾਰਾਂ ਦਾ ਸਨਮਾਨ ਕਰਦੇ ਹਨ ਤਾਂ ਉਹ ਇਹ ਸਨਮਾਨ ਕਿਸੇ ਵੀ ਹਾਲਤ ਵਿੱਚ ਨਹੀਂ ਲੈਣਗੇ।

ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੂੰ ਸ਼ਹੀਦੀ ਸਮਾਗਮ ਮੌਕੇ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ਼ਹੀਦ ਪਰਿਵਾਰਾਂ ਦਾ ਸਨਮਾਨ ਕਰਨ ਤੋਂ ਰੋਕਣ ਦੀ ਅਪੀਲ ਕੀਤੀ ਹੈ। ਜੇਕਰ ਗੜਗੱਜ ਉਹਨਾਂ ਦਾ ਸਨਮਾਨ ਕਰਦੇ ਹਨ ਤਾਂ ਉਹ ਇਹ ਸਨਮਾਨ ਕਿਸੇ ਵੀ ਹਾਲਤ ਵਿੱਚ ਨਹੀਂ ਲੈਣਗੇ।

ਦਮਦਮੀ ਟਕਸਾਲ, ਸਿੱਖ ਸਟੂਡੈਂਟਸ ਫੈਡਰੇਸ਼ਨ, ਦਲ ਖ਼ਾਲਸਾ ਅਤੇ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਘੱਲੂਘਾਰੇ ਮੌਕੇ ਗੈਰ ਸਿਧਾਂਤਕ ਤਰੀਕੇ ਨਾਲ ਥੋਪੇ ਗਏ ਹੋਣ ਕਾਰਨ ਪੰਥ ਵੱਲੋਂ ਅਪ੍ਰਵਾਨ ਕੀਤੇ ਜਾ ਚੁੱਕੇ ਜਥੇਦਾਰ ਭਾਈ ਕੁਲਦੀਪ ਸਿੰਘ ਗੜਗੱਜ ਨੂੰ ਕਿਸੇ ਵੀ ਹਾਲਤ ਵਿੱਚ ਸੰਦੇਸ਼ ਪੜ੍ਹਨ ਅਤੇ ਸ਼ਹੀਦ ਪਰਿਵਾਰਾਂ ਨੂੰ ਸਿਰੋਪੇ ਦੇਣ ਤੋਂ ਰੋਕਣ ਦੇ ਐਲਾਨ ਕੀਤੇ ਜਾ ਚੁੱਕੇ ਹਨ।

ਯਾਦ ਰਹੇ ਕਿ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਹਰ ਸਾਲ ਸ਼ਹੀਦੀ ਸਮਾਗਮ ਕੀਤਾ ਜਾਂਦਾ ਹੈ। ਜਿੱਥੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅਰਦਾਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਕੌਮ ਦੇ ਨਾਮ ਸੰਦੇਸ਼ ਦਿੱਤਾ ਜਾਂਦਾ ਹੈ, ਉਪਰੰਤ ਸ਼ਹੀਦ ਪਰਿਵਾਰਾਂ ਨੂੰ ਜਥੇਦਾਰ ਵੱਲੋਂ ਸਨਮਾਨ ਦਿੱਤਾ ਜਾਂਦਾ ਹੈ।

# ਪੰਜਾਬ ਦਾ ਯੂਟਿਊਬਰ ਜਾਸੂਸੀ ਦੇ ਦੋਸ਼ ਵਿਚ ਮੁਹਾਲੀ ਤੋਂ ਗ੍ਰਿਫ਼ਤਾਰ

## ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਮੁਹਾਲੀ ਵਿੱਚ ਐੱਫਆਈਆਰ ਦਰਜ; ਯੂਟਿਊਬਰ ਜੋਤੀ ਮਲਹੋਤਰਾ ਦੇ ਸੰਪਰਕ ਵਿਚ ਸੀ ਯੂਟਿਊਬਰ



ਚੰਡੀਗੜ੍ਹ : ਮੁਹਾਲੀ ਦੇ ਸਟੇਟ ਸਪੈਸ਼ਲ ਅਪਰੇਸ਼ਨ ਸੈੱਲ (SSOC) ਨੇ ਵੱਡੇ ਜਾਸੂਸੀ ਤੇ ਦਹਿਸ਼ਤੀ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ ਜਸਬੀਰ ਸਿੰਘ ਨਾਂ ਦੇ ਯੂਟਿਊਬਰ ਨੂੰ ਗ੍ਰਿਫ਼ਤਾਰ ਕੀਤਾ ਹੈ। ਯੂਟਿਊਰ ਰੂਪਨਗਰ ਜ਼ਿਲ੍ਹੇ ਦੇ ਪਿੰਡ ਮਾਹਲਾਂ ਨਾਲ ਸਬੰਧਤ ਹੈ।

ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ ਕਿ ਜਸਬੀਰ ਸਿੰਘ, ਜੋ 'Jann Mahal' ਨਾਂ ਦਾ ਯੂਟਿਊਬ ਚੈਨਲ ਚਲਾਉਂਦਾ ਹੈ, ਦੇ ਦੇਸ਼ ਵਿਰੋਧੀ ਸਰਗਰਮੀਆਂ 'ਚ ਸ਼ਾਮਲ ਵਿਅਕਤੀਆਂ ਨਾਲ ਸਬੰਧਾਂ ਬਾਰੇ ਪਤਾ ਲੱਗਾ ਹੈ। ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਜਸਬੀਰ ਪੀਆਈਓ ਸ਼ਾਕਿਰ ਉਰਫ਼ Jutt Randhawa ਨਾਲ ਨੇੜਿਓਂ ਜੁੜਿਆ ਹੋਇਆ ਸੀ, ਜੋ ਅਤਿਵਾਦ ਦੀ ਹਮਾਇਤ ਵਾਲੇ ਜਾਸੂਸੀ ਨੈੱਟਵਰਕ ਦਾ ਮੁੱਖ ਸਰਗਨਾ ਸੀ।

ਪੁਲੀਸ ਮੁਖੀ ਨੇ ਕਿਹਾ ਕਿ ਜਸਬੀਰ ਹਰਿਆਣਾ ਅਧਾਰਿਤ ਯੂਟਿਊਬਰ ਜੋਤੀ ਮਲਹੋਤਰਾ, ਜਿਸ ਨੂੰ ਹਾਲ ਹੀ ਵਿੱਚ ਜਾਸੂਸੀ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ, ਅਤੇ ਪਾਕਿਸਤਾਨੀ ਨਾਗਰਿਕ ਅਹਿਸਾਨ-ਉਰ-ਰਹੀਮ ਉਰਫ਼ ਦਾਨਿਸ਼ (ਜਿਸ ਨੂੰ ਪਾਕਿਸਤਾਨ ਹਾਈ ਕਮਿਸ਼ਨ 'ਚੋਂ ਕੱਢ ਦਿੱਤਾ ਗਿਆ ਸੀ) ਨਾਲ ਨਿਯਮਤ ਸੰਪਰਕ ਵਿਚ ਸੀ।

ਡੀਜੀਪੀ ਨੇ ਕਿਹਾ ਕਿ ਜਸਬੀਰ ਨੇ ਦਾਨਿਸ਼ ਦੇ ਸੱਦੇ 'ਤੇ ਦਿੱਲੀ ਵਿੱਚ ਆਯੋਜਿਤ ਪਾਕਿਸਤਾਨ ਦੇ ਕੌਮੀ ਦਿਹਾੜੇ ਵਿੱਚ ਸ਼ਿਰਕਤ ਕੀਤੀ ਸੀ, ਜਿੱਥੇ ਉਹ ਕਥਿਤ ਤੌਰ 'ਤੇ ਪਾਕਿਸਤਾਨੀ ਫੌਜ ਦੇ ਅਧਿਕਾਰੀਆਂ ਅਤੇ ਖੁਫੀਆ ਸਰਗਰਮੀਆਂ ਨਾਲ ਜੁੜੇ ਵੱਖ-ਵੱਖ vloggers ਨੂੰ ਮਿਲਿਆ ਸੀ। ਇਹ ਵੀ ਪਤਾ ਲੱਗਾ ਕਿ ਸਿੰਘ ਨੇ ਤਿੰਨ ਵਾਰ (2020, 2021 ਅਤੇ ਹਾਲ ਹੀ ਵਿੱਚ 2024 'ਚ) ਪਾਕਿਸਤਾਨ ਦੀ ਯਾਤਰਾ ਕੀਤੀ ਸੀ। ਯਾਦਵ ਨੇ ਕਿਹਾ ਕਿ ਜਾਂਚ ਦੌਰਾਨ ਜ਼ਬਤ ਕੀਤੇ ਗਏ ਉਸ ਦੇ ਇਲੈਕਟ੍ਰਾਨਿਕ ਯੰਤਰਾਂ ਵਿੱਚ ਕਈ ਪਾਕਿਸਤਾਨ-ਅਧਾਰਿਤ ਸੰਪਰਕ ਸਨ, ਜਿਨ੍ਹਾਂ ਸਾਰਿਆਂ ਦੀ ਹੁਣ ਵਿਆਪਕ ਫੋਰੈਂਸਿਕ ਜਾਂਚ ਕੀਤੀ ਜਾ ਰਹੀ ਹੈ। ਮਲਹੋਤਰਾ ਦੀ ਗ੍ਰਿਫ਼ਤਾਰੀ ਤੋਂ ਬਾਅਦ, ਜਸਬੀਰ ਨੇ ਕਥਿਤ ਤੌਰ 'ਤੇ ਪਤਾ ਲੱਗਣ ਤੋਂ ਬਚਣ ਲਈ ਨੈੱਟਵਰਕ ਦੇ ਮੈਂਬਰਾਂ ਨਾਲ ਆਪਣੇ ਸੰਚਾਰ ਰਿਕਾਰਡ ਮਿਟਾਉਣ ਦੀ ਕੋਸ਼ਿਸ਼ ਕੀਤੀ। ਉਸ ਵਿਰੁੱਧ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਮੁਹਾਲੀ ਵਿੱਚ ਐੱਫਆਈਆਰ ਦਰਜ ਕੀਤੀ ਗਈ ਹੈ।

ਡੀਜੀਪੀ ਨੇ ਕਿਹਾ ਕਿ ਵਿਆਪਕ ਜਾਸੂਸੀ-ਅਤਿਵਾਦ ਨੈੱਟਵਰਕ ਨੂੰ ਖਤਮ ਕਰਨ ਅਤੇ ਇਨ੍ਹਾਂ ਰਾਸ਼ਟਰ ਵਿਰੋਧੀ ਸਰਗਰਮੀਆਂ ਵਿੱਚ ਸ਼ਾਮਲ ਸਾਰੇ ਸਹਿਯੋਗੀਆਂ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ।





# FREEDOM MARCH & SOVEREGNTY RALLY



# ਨਗਰ ਕੀਰਤਨ

**88 Second St, San Francisco**

## ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ

## ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।

ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ।

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿਚ 7 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।

BART ਨਗਰ ਕੀਰਤਨ 'ਤੇ ਜਾਣ ਵਾਲੀਆਂ ਸੰਗਤਾਂ Montgomery ਸਟੇਸ਼ਨ 'ਤੇ ਉਤਰਨ

**For More Info : 1-844-REM-1984. www.REMEMBER84.COM**

ਜਾਰੀ ਕਰਤਾ : ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ, ਕੈਲੀਫੋਰਨੀਆ

# ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵੱਲੋਂ ਰਾਜੋਆਣਾ ਨਾਲ ਮੁਲਾਕਾਤ

### ਰਾਜੋਆਣਾ ਵੱਲੋਂ ਕੇਸ ਦਾ ਜਲਦੀ ਨਿਪਟਾਰਾ ਕਰਵਾਉਣ ਲਈ ਚਾਰਾਜੋਈ ਕਰਨ ਦੀ ਅਪੀਲ



ਪਟਿਆਲਾ : ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਪਟਿਆਲਾ ਜੇਲ੍ਹ ਵਿੱਚ ਫਾਂਸੀ ਦੀ ਸਜ਼ਾ ਤਹਿਤ ਬੰਦ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ। ਜਿਸ ਦੌਰਾਨ ਰਾਜੋਆਣਾ ਵੱਲੋਂ ਆਪਣੇ ਫ਼ਾਂਸੀ ਸਬੰਧੀ ਕੇਸ ਦਾ ਜਲਦੀ ਨਿਪਟਾਰਾ ਕਰਵਾਉਣ ਲਈ ਕਾਨੂੰਨੀ ਚਾਰਾਜੋਈ ਤੇਜ ਕਰਨ ਦੀ ਅਪੀਲ ਕੀਤੀ ਗਈ। ਇਸ ਦੌਰਾਨ ਰਾਜੋਆਣਾ ਨੇ ਸਿੰਘ ਸਾਹਿਬ ਦੇ ਰਾਹੀਂ ਸਮੁੱਚੀ ਸਿੰਘ ਸਿੱਖ ਸੰਗਤ ਦੇ ਨਾਮ ਸੁਨੇਹਾ ਵੀ ਭੇਜਿਆ ਹੈ। ਇਸ ਵਿਚ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹੋ ਰਹੇ ਸਮਾਗਮ ਵਿੱਚ ਸਮੂਹ ਪੰਥ ਸਿੱਖ ਸੰਗਤਾਂ ਸ਼ਿਰਕਤ ਕਰਨ ਅਤੇ ਇਸ ਦਾ ਕਿਸੇ ਨੂੰ ਵੀ ਵਿਰੋਧ ਨਾ ਕਰਨ ਬਾਰੇ ਕਿਹਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਤੇ ਜਥੇਦਾਰ ਰਵਿੰਦਰ ਸਿੰਘ ਖਾਲਸਾ, ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਮੈਨੇਜਰ ਭਾਗ ਸਿੰਘ ਰਾਜਪੁਰਾ ਖਾਲਸਾ ਅਤੇ ਹੈਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ ਮੌਜੂਦ ਸਨ।

# ਪੰਜਾਬ ਸਮੇਤ 6 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ’ਚ ਮੌਕ ਡਰਿੱਲ ਤੇ ਬਲੈਕਆਊਟ ਅਭਿਆਸ

ਚੰਡੀਗੜ੍ਹ/ਸ੍ਰੀਨਗਰ/ਜੈਪੁਰ : ‘ਆਪ੍ਰੇਸ਼ਨ ਸੰਧੂਰ’ ਦੇ ਮੱਦੇਨਜ਼ਰ ਜੰਗ ਸਮੇਂ ਦੀ ਹੰਗਾਮੀ ਤਿਆਰੀ ਅਤੇ ਪ੍ਰਤੀਕਿਰਿਆ ਸਮਰੱਥਾਵਾਂ ਨੂੰ ਵਧਾਉਣ ਲਈ ਜੰਮੂ-ਕਸ਼ਮੀਰ ਤੋਂ ਲੈ ਕੇ ਗੁਜਰਾਤ ਤੱਕ ਪੱਛਮੀ ਸਰਹੱਦ ਨਾਲ ਲੱਗਦੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ’ਚ ਸਨਿਚਰਵਾਰ ਨੂੰ ਮੌਕ ਡਰਿੱਲ ਅਭਿਆਸ ਕੀਤੇ ਗਏ। ਪੰਜਾਬ, ਜੰਮੂ ਕਸ਼ਮੀਰ, ਰਾਜਸਥਾਨ, ਗੁਜਰਾਤ, ਹਰਿਆਣਾ ਅਤੇ ਚੰਡੀਗੜ੍ਹ ’ਚ ‘ਆਪ੍ਰੇਸ਼ਨ ਸ਼ੀਲਡ’ ਅਧੀਨ ਸਿਵਲ ਡਿਫੈਂਸ ਮੌਕ ਡਰਿੱਲ ਤਹਿਤ ਹਵਾਈ ਹਮਲਿਆਂ, ਡਰੋਨ ਹਮਲਿਆਂ ਅਤੇ ਹੋਰ ਯੁੱਧ ਸਮੇਂ ਦੇ ਦਿ?ਸ਼ਾਂ ਦੀ ਨਕਲ ਕਰਨ ਵਾਲੇ ਅਭਿਆਸ ਕੀਤੇ ਗਏ, ਜਦੋਂ ਕਿ ਐਮਰਜੈਂਸੀ ਪ੍ਰਤੀਕਿਰਿਆ ਟੀਮਾਂ ਨੇ ਬਚਾਅ ਕਾਰਜਾਂ ਦਾ ਅਭਿਆਸ ਕੀਤਾ। ਇਹ ਅਭਿਆਸ ਪਹਿਲਾਂ 29 ਮਈ ਨੂੰ ਨਿਰਧਾਰਤ ਕੀਤਾ ਗਿਆ ਸੀ, ਪਰ ਕੇਂਦਰੀ ਗ੍ਰਹਿ ਮੰਤਰਾਲੇ ਦੁਆਰਾ ਮੁਲਤਵੀ ਕਰ ਦਿੱਤਾ ਗਿਆ ਸੀ। 7 ਮਈ ਨੂੰ ਸਰਕਾਰ ਨੇ ਦੇਸ਼ ਭਰ ਵਿਚ ਪਹਿਲਾ ਜਨਤਕ ਸੁਰੱਖਿਆ ਅਭਿਆਸ ਕੀਤਾ। ਸਨਿਚਰਵਾਰ ਨੂੰ ਪੰਜਾਬ ਅਤੇ ਗੁਆਂਢੀ ਸੂਬੇ ਹਰਿਆਣਾ ਦੇ ਸਾਰੇ ਜ਼ਿਲ੍ਹਿਆਂ ’ਚ ਮੌਕ ਡਰਿੱਲ ਕੀਤੇ ਗਏ, ਜਿਸ ਵਿਚ



ਵਲੰਟੀਅਰਾਂ ਦੁਆਰਾ ਜ਼ਖਮੀਆਂ ਦੀ ਨਕਲ ਕਰਦੇ ਹੋਏ ਅਤੇ ਸਟਰੇਚਰ ’ਤੇ ਐਂਬੂਲੈਂਸਾਂ ਤੱਕ ਲਿਜਾਣ ਦੇ ਦ੍ਰਿਸ਼ ਦਿਖਾਏ ਗਏ, ਜਦੋਂ ਕਿ ਅੱਗ ਬੁਝਾਊ ਅਮਲਾ ਅੱਗ ਬੁਝਾਉਣ ਦਾ ਅਭਿਆਸ ਕਰ ਰਹੇ ਸਨ। ਦੋਵਾਂ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ’ਚ ਬਲੈਕਆਊਟ ਰਿਹਰਸਲ ਵੀ ਕੀਤੀ ਗਈ, ਕਿਉਂਕਿ ਕਈ ਥਾਵਾਂ ’ਤੇ ਬਿਜਲੀ ਬੰਦ ਕਰ ਦਿੱਤੀ ਗਈ ਸੀ। ਇਕ ਅਧਿਕਾਰੀ ਅਨੁਸਾਰ ਇਨ੍ਹਾਂ ਅਭਿਆਸਾਂ ’ਚ ਅੱਗ-ਬੁਝਾਊ ਅਮਲਾ, ਪੁਲਿਸ, ਸਿਹਤ ਅਤੇ ਆਫ਼ਤ ਪ੍ਰਬੰਧਨ ਸਮੇਤ ਕਈ ਏਜੰਸੀਆਂ ਦੀ ਤਾਲਮੇਲ ਵਾਲੀ ਭਾਗੀਦਾਰੀ ਸੀ, ਜਦੋਂ ਕਿ ਸਿਵਲ ਡਿਫੈਂਸ, ਨੈਸ਼ਨਲ ਸਰਵਿਸ ਸਕੀਮ (ਐਨ.ਐਸ.ਐਸ.) ਅਤੇ ਨੈਸ਼ਨਲ ਕੈਡਿਟ ਕੋਰ (ਐਨ.ਸੀ.ਸੀ.) ਦੇ ਸਿਖਲਾਈ ਪ੍ਰਾਪਤ ਵਲੰਟੀਅਰਾਂ ਨੇ ਵੀ ਅਭਿਆਸ ਵਿਚ ਹਿੱਸਾ ਲਿਆ। ਬਲੈਕਆਊਟ ਰਿਹਰਸਲਾਂ ਰਾਤ 8 ਵਜੇ ਦੇ ਕਰੀਬ ਸ਼ੁਰੂ ਹੋਈਆਂ ਅਤੇ ਵੱਖ-ਵੱਖ ਸ਼ਹਿਰਾਂ ਵਿਚ 10 ਮਿੰਟ ਤੋਂ ਅੱਧੇ ਘੰਟੇ ਤੱਕ ਜਾਰੀ ਰਹੀਆਂ।

# ਜੇਲ ’ਚੋਂ ਰਿਹਾਅ ਹੋਏ ਕਿਸਾਨਾਂ ਨੇ ਮੁੜ ਸ਼ੁਰੂ ਕੀਤੀ ਭੁੱਖ ਹੜਤਾਲ

### ਬਠਿੰਡਾ ਪੁਲਿਸ ਵੱਲੋਂ ਹਿਰਾਸਤ ’ਚ ਲੈ ਕੇ ਕਿਸਾਨਾਂ ਨੂੰ ਹਸਪਤਾਲ ਦੇ ਕੈਦੀ ਵਾਰਡ ’ਚ ਕੀਤਾ ਦਾਖ਼ਲ



ਬਠਿੰਡਾ : ਪਿਛਲੇ ਕਰੀਬ 10 ਦਿਨਾਂ ਤੋਂ ਲਗਾਤਾਰ ਸੰਘਰਸ਼ ਕਰਦੇ ਆ ਰਹੇ ਕਿਸਾਨਾਂ ਨੂੰ ਪੁਲਿਸ ਵੱਲੋਂ ਲਗਾਤਾਰ ਹਰ ਗ੍ਰਿਫ਼ਤਾਰ ਕਰਕੇ ਪੰਜਾਬ ਦੀਆਂ ਵੱਖ-ਵੱਖ ਜੇਲਾਂ ’ਚ ਭੇਜਿਆ ਜਾ ਰਿਹਾ ਹੈ। ਸਰਕਾਰ ਦੀ ਇਸ ਧੱਕੇਸ਼ਾਹੀ ਖਿਲਾਫ਼ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਵਰਕਰਾਂ ਵੱਲੋਂ ਜੇਲ ਵਿੱਚ ਹੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਗਈ ਸੀ। ਇਸੇ ਦੇ ਚਲਦੇ ਪੁਲਿਸ ਪ੍ਰਸ਼ਾਸਨ ਵੱਲੋਂ ਸ੍ਰੀ ਮੁਕਤਸਰ ਸਾਹਿਬ ਤੋਂ 7 ਕਿਸਾਨਾਂ ਨੂੰ ਰਿਹਾਅ ਕਰ ਦਿੱਤਾ ਸੀ। ਪਰ ਕਿਸਾਨਾਂ ਵੱਲੋਂ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕਰਦੇ ਆਂ ਬੀਤੀ ਦੇਰ ਰਾਤ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਜਿਸ ਤੋਂ ਬਾਅਦ ਪੁਲਿਸ ਵੱਲੋਂ ਕਰੀਬ ਅੱਧੀ ਦਰਜਨ ਕਿਸਾਨਾਂ ਨੂੰ ਹਿਰਾਸਤ ’ਚ ਲੈ ਕੇ ਸਰਕਾਰੀ ਹਸਪਤਾਲ ਦੇ ਕੈਦੀ ਵਾਰਡ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਕੈਦੀ ਵਾਰਡ ਵਿੱਚ ਦਾਖਲ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਸਦੋਹਾ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੁਲਿਸ ਪ੍ਰਸ਼ਾਸਨ ਵੱਲੋਂ ਲਗਾਤਾਰ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੀ ਜਥੇਬੰਦੀ ਦੇ ਕਰੀਬ 100 ਤੋਂ ਉੱਪਰ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਦੀਆਂ ਵੱਖ-ਵੱਖ ਜੇਲਾਂ ’ਚ ਬੰਦ ਕੀਤਾ ਗਿਆ ਹੈ।

ਇਸੇ ਰੋਸ ਵਜੋਂ ਉਹਨਾਂ ਵੱਲੋਂ ਇਹ ਭੁੱਖ ਹੜਤਾਲ ਕੀਤੀ ਗਈ ਸੀ ਤੇ ਅੱਜ ਉਹਨਾਂ ਵੱਲੋਂ ਭੁੱਖ ਹੜਤਾਲ ਸ਼ੁਰੂ ਕਰ ਦਿੱਤਾ ਗਿਆ ਹੈ। ਜਿੰਨਾਂ ਸਮਾਂ ਪੰਜਾਬ ਸਰਕਾਰ ਗਿਰਫਤਾਰ ਕੀਤੇ ਗਏ ਕਿਸਾਨਾਂ ਨੂੰ ਰਿਹਾ ਨਹੀਂ ਕਰਦੀ ਅਤੇ ਘਸੋਖਾਨਾ ਪਿੰਡ ਵਿੱਚ ਚੱਲ ਰਹੇ ਸੰਘਰਸ਼ ਦੀਆਂ ਮੰਗਾਂ ਨੂੰ ਨਹੀਂ ਮੰਨਦੀ ਉਹਨਾਂ ਸਮਾਂ ਉਹ ਅਨਸ਼ਨ ਇਸੇ ਤਰ੍ਹਾਂ ਜਾਰੀ ਰੱਖਣਗੇ ਉਹਨਾਂ ਕਿਹਾ ਕਿ ਪ੍ਰਸ਼ਾਸਨ ਦੀ ਇਸ ਧੱਕੇਸ਼ਾਹੀ ਦਾ ਜਵਾਬ ਕਿਸਾਨਾਂ ਵੱਲੋਂ ਸੰਘਰਸ਼ ਕਰਕੇ ਦਿੱਤਾ ਜਾਵੇਗਾ।

# ‘ਆਪ’ ਆਗੂਆਂ ਵੱਲੋਂ ਬ਼ਗਾਵਤ ਕਰਕੇ ਸੂਬਾਈ ਧਰਨਾ

### ਦਿੱਲੀ ਦੇ ਆਗੂਆਂ ’ਤੇ ਮਿਹਰਬਾਨ ਹੋਣ ਦੀਆਂ ਨੀਤੀਆਂ ਦਾ ਵਿਰੋਧ; ‘ਯੁੱਧ ਦਿੱਲੀ ਵਿਰੁੱਧ’ ਦੇ ਬੈਨਰ ਹੇਠ ਕੀਤਾ ਮੁਜ਼ਾਹਰਾ

ਪਟਿਆਲਾ : ਆਮ ਆਦਮੀ ਪਾਰਟੀ ’ਚ ਉਸ ਸਮੇਂ ਪਟਿਆਲਾ ਤੋਂ ਬਗ਼ਾਵਤ ਦਾ ਮੁੱਢ ਬੱਝਦਾ ਨਜ਼ਰ ਆਇਆ, ਜਦੋਂ ‘ਆਪ’ ਸਰਕਾਰ ਤੇ ਪਾਰਟੀ ਦੀਆਂ ਨੀਤੀਆਂ ਤੋਂ ਖ਼ਫ਼ਾ ਪੰਜਾਬ ਦੇ ਕਈ ਆਗੂਆਂ ਨੇ ਸ਼ਾਹੀ ਸ਼ਹਿਰ ਵਿੱਚ ਸੂਬਾਈ ਧਰਨਾ ਦੇ ਕੇ ‘ਯੁੱਧ ਨਸ਼ਿਆਂ ਵਿਰੁੱਧ’ ਦੀ ਤਰਜ਼ ’ਤੇ ‘ਯੁੱਧ ਦਿੱਲੀ ਵਿਰੁੱਧ’ ਦੇ ਬੈਨਰ ਹੇਠ ਸੰਘਰਸ਼ ਵਿੱਢਣ ਦਾ ਐਲਾਨ ਕਰ ਦਿੱਤਾ। ਹਾਲਾਂਕਿ, ਪਾਰਟੀ ਹਾਈ ਕਮਾਨ ਨੇ ਇਸ ਧਰਨੇ ਦੀ ਅਗਵਾਈ ਕਰਨ ਵਾਲੀ ‘ਆਪ’ ਦੇ ਮਹਿਲਾ ਵਿੰਗ ਦੀ ਸੂਬਾਈ ਪ੍ਰਧਾਨ ਪ੍ਰੀਤੀ ਮਲਹੋਤਰਾ ਨੂੰ ਅਹੁਦੇ ਤੋਂ ਹਟਾ ਦਿੱਤਾ ਹੈ। ਉਨ੍ਹਾਂ ਦੀ ਥਾਂ ਮਹਿਲਾ ਵਿੰਗ ਦੀ ਸੂਬਾਈ ਮੀਤ ਪ੍ਰਧਾਨ ਅਮਨਦੀਪ ਕੌਰ ਨੂੰ ਸੂਬਾਈ ਪ੍ਰਧਾਨਗੀ ਦਾ ਵਾਧੂ ਚਾਰਜ ਦੇ ਦਿੱਤਾ ਹੈ। ਜਾਣਕਾਰੀ ਮੁਤਾਬਕ ਇਸ ਧਰਨੇ ’ਚ ਪ੍ਰੀਤੀ ਮਲਹੋਤਰਾ ਤੋਂ ਇਲਾਵਾ ‘ਆਪ’ ਦੇ ਬੁੱਧੀਜੀਵੀ ਵਿੰਗ ਦੇ ਸੂਬਾਈ ਪ੍ਰਧਾਨ ਮੇਜਰ ਰਮਨਪਾਲ ਸਿੰਘ ਮਲਹੋਤਰਾ, ਸੂਬਾਈ ਆਗੂ ਐਡਵੋਕੇਟ ਪ੍ ?ਰਭਜੀਤਪਾਲ ਸਿੰਘ, ਜਲੰਧਤ ਤੋਂ ਮਹਿਲਾ ਵਿੰਗ ਦੀ ਸੂਬਾ ਸੰਯੁਕਤ ਸਕੱਤਰ ਸੁਖ ਸੰਧੂ, ਜ਼ਿਲ੍ਹਾ ਮੀਤ ਪ੍ਰਧਾਨ ਪਰਵੀਨ ਕੌਰ ਵਿਰਦੀ, ਟਰਾਂਸਪੋਰਟ ਵਿੰਗ ਦੇ ਸੂਬਾ ਸੰਯੁਕਤ ਸਕੱਤਰ ਬਲਜੀਤ ਸ਼ਰਮਾ, ਲੇਬਰ ਵਿੰਗ ਦੇ ਸੂਬਾਈ ਸੰਯੁਕਤ ਸਕੱਤਰ ਡਾ. ਪਰਦੀਪ ਰਾਣਾ ਫਿਰੋਜ਼ਪੁਰ, ‘ਆਪ’ ਦੇ ਬਰਨਾਲਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਬਾਠ, ਐਸਸੀ ਵਿੰਗ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਸੋਮ ਸਿੰਘ, ਪਾਰ ਵਿੰਗ ਮੋੜ ਦੇ ਕੋ-ਕੋਆਰਡੀਨੇਟਰ ਕ੍ਰਿਸ਼ਨ ਲਾਲ ਸ਼ਰਮਾ, ਅਮਰਜੀਤ ਭਾਟੀਆ ਪਟਿਆਲਾ, ਪ੍ਰੀਤੀ ਪਟਿਆਲਾ, ਪੁਸ਼ਪਿੰਦਰ ਜਿੰਦਲ, ਪਰਮਿੰਦਰ ਬਰਾੜ ਜਲੰਧਰ, ਇੰਦਰਜੀਤ ਮੌਦਗਿਲ ਦਿੜ੍ਹਬਾ, ਗੁਰਜਿੰਦਰ ਦਿੜ੍ਹਬਾ, ਨਵਜੋਤ ਮਹਿਤਾ ਹੁਸ਼ਿਆਰਪੁਰ, ਪਰਦੀਪ ਮਹਿਤਾ ਲੁਧਿਆਣਾ, ਇਕਬਾਲ ਸਿੰਘ ਮੁਹਾਲੀ, ਕਰਮਜੀਤ ਸਿੰਘ ਪਟਿਆਲਾ, ਅਮਰੀਕ ਸੰਗਤੀਵਾਲਾ ਦਿੜ੍ਹਬਾ, ਇੰਦਰਜੀਤ ਮੌਦਗਿੱਲ ਦਿੜ੍ਹਬਾ, ਰਾਜਵੰਤ ਸੰਧੂ ਅਤੇ ਬਲਜੀਤ ਸ਼ਰਮਾ ਆਦਿ ਵੀ ਸ਼ਾਮਲ ਰਹੇ। ਪ੍ਰੀਤੀ ਮਲਹੋਤਰਾ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਉਹ ਹਰ ਤਰ੍ਹਾਂ ਦੀਆਂ ਚੁਣੌਤੀਆਂ ਦੇ ਬਾਵਜੂਦ ਵਰਕਰਾਂ ਨਾਲ ਖੜ੍ਹੇ ਰਹਿਣਗੇ। ਉਨ੍ਹਾਂ ਦੋਸ਼ ਲਾਇਆ ਕਿ ਪੁਰਾਣੇ ਵਰਕਰਾਂ ਦੀ ਪਾਰਟੀ ’ਚ ਕੋਈ ਪੁੱਛ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਾਲਿਆਂ ਨੂੰ ਨਜ਼ਰ ਅੰਦਾਜ਼ ਕਰਕੇ ਦਿੱਲੀ ਵਾਲਿਆਂ ਨੂੰ ਚੇਅਰਮੈਨੀਆਂ ਅਤੇ ਅਹੁਦੇਦਾਰੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਪਿਛਲੇ ਦਿਨੀਂ ਦਿੱਲੀ ਵਾਸੀ ਰੀਨਾ ਗੁਪਤਾ ਨੂੰ ਦਿੱਤੀ ਚੇਅਰਮੈਨੀ ’ਤੇ ਵੀ ਇਤਰਾਜ਼ ਕੀਤਾ। ਉਨ੍ਹਾਂ ਸਵਾਲ ਕੀਤਾ ਕਿ ਪੰਜਾਬ ਵਿਚਲੀਆਂ ਮਹਿਲਾਵਾਂ ਨੂੰ ‘ਆਪ’ ਦੇ ਯੋਗ ਕਿਉਂ ਨਹੀਂ ਸਮਝਿਆ ਜਾਂਦਾ। ਉਨ੍ਹਾਂ ਕਿਹਾ ਕਿ ਪਾਰਟੀ ’ਚ ਕਈ ਆਗੂ ਤੇ ਵਰਕਰ ਕਾਫ਼ੀ ਸਮੇਂ ਤੋਂ ਘੁਟਣ ਮਹਿਸੂਸ ਕਰ ਰਹੇ ਹਨ, ਪਰ ਮੁੱਢ ਬੰਨ੍ਹਣ ਮਗਰੋਂ ਕਈ ਹੋਰ ਲੋਕ ਵੀ ਪਾਰਟੀ ਖਿਲਾਫ਼ ਨਿੱਤਰਨਗੇ।




### ਬਾਹਰਲਿਆਂ ਨੂੰ ਚੇਅਰਮੈਨੀਆਂ ਦੇਣਾ ਪੰਜਾਬ ਵਾਸੀਆਂ ਦਾ ਨਿਰਾਦਰ: ਮਲਹੋਤਰਾ

ਬੁੱਧੀਜੀਵੀ ਵਿੰਗ ਦੇ ਸੂਬਾਈ ਪ੍ਰਧਾਨ ਮੇਜਰ ਆਰਪੀਐੱਸ ਮਲਹੋਤਰਾ ਨੇ ਕਿਹਾ ਕਿ ਜਿਹੜੀ ਪਾਰਟੀ ਦੇਸ਼ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਬਣੀ ਸੀ, ਅੱਜ ਉਸੇ ਪਾਰਟੀ ਨੂੰ ਖੜ੍ਹੀ ਕਰਨ ਵਾਲੇ ਵਰਕਰਾਂ ਦੀ ਹੀ ਕੋਈ ਸਾਰ ਨਹੀਂ ਲੈ ਰਿਹਾ, ਬਲਕਿ ਦਿੱਲੀ ਵਾਲਿਆਂ ਨੂੰ ਅੱਗੇ ਲਿਆ ਕੇ ਵਰਕਰਾਂ ਦਾ ਘਾਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੋ ਚੇਅਰਮੈਨੀਆਂ ਪੰਜਾਬ ਤੋਂ ਬਾਹਰਲਿਆਂ ਨੂੰ ਦੇ ਕੇ ਪੰਜਾਬ ਵਾਸੀਆਂ ਦਾ ਨਿਰਾਦਰ ਕੀਤਾ ਗਿਆ ਹੈ।

# ਜਸਟਿਸ ਯਸ਼ਵੰਤ ਵਰਮਾ ਖਿਲਾ਼ਫ ਅਗਲੇ ਸੰਸਦੀ ਇਜਲਾਸ ’ਚ ਮਹਾਦੋਸ਼ ਮਤਾ ਲਿਆਉਣ ਦੀ ਤਿਆਰੀ

ਨਵੀਂ ਦਿੱਲੀ : ਸਰਕਾਰ ਅਗਲੇ ਸੰਸਦੀ ਇਜਲਾਸ ਵਿੱਚ ਜਸਟਿਸ ਯਸ਼ਵੰਤ ਵਰਮਾ ਵਿਰੁੱਧ ਮਹਾਦੋਸ਼ ਦਾ ਮਤਾ ਲੈ ਕੇ ਆਏਗੀ ਅਤੇ ਸ਼ੱਕੀ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਫਸੇ ਅਲਾਹਾਬਾਦ ਹਾਈ ਕੋਰਟ ਦੇ ਜੱਜ ਵਿਰੁੱਧ ਕਾਰਵਾਈ ਲਈ ਸਰਬ ਪਾਰਟੀ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰੇਗੀ। ਸਰਕਾਰੀ ਸੂਤਰਾਂ ਨੇ ਮੰਗਲਵਾਰ ਨੂੰ ਦੱਸਿਆ ਕਿ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨਾਲ ਗੱਲ ਕਰਨਗੇ ਤਾਂ ਜੋ ਉਨ੍ਹਾਂ ਨੂੰ ਜੱਜ ਵਿਰੁੱਧ ਮਹਾਦੋਸ਼ ਮਤਾ ਲਿਆਉਣ ਲਈ ਇਕ ਮੰਚ ’ਤੇ ਲਿਆਂਦਾ ਜਾ ਸਕੇ।

ਕਾਬਿਲੇਗੌਰ ਹੈ ਕਿ ਭਾਰਤ ਦੇ ਤਤਕਾਲੀ ਚੀਫ਼ ਜਸਟਿਸ ਸੰਜੀਵ ਖੰਨਾ ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ ਨੇ ਜੱਜ ਨੂੰ ਦੋਸ਼ੀ ਠਹਿਰਾਇਆ ਸੀ। ਇਸ ਸਾਲ ਮਾਰਚ ਵਿੱਚ ਵਰਮਾ, ਜੋ ਉਦੋਂ ਦਿੱਲੀ ਹਾਈ ਕੋਰਟ ਦੇ ਜੱਜ ਸਨ, ਦੇ ਕੌਮੀ ਰਾਜਧਾਨੀ ਵਿਚਲੇ ਘਰ ਵਿੱਚ ਅੱਗ ਲੱਗਣ ਦੀ ਘਟਨਾ ਵਾਪਰੀ ਸੀ ਤੇ ਆਊਟਹਾਊਸ ਵਿੱਚੋਂ ਨਕਦੀ ਦੀਆਂ ਬੋਰੀਆਂ ਮਿਲੀਆਂ ਸਨ। ਹਾਲਾਂਕਿ ਜੱਜ ਨੇ ਬੇਗੁਨਾਹ ਹੋਣ ਦਾ ਦਾਅਵਾ ਕੀਤਾ ਸੀ, ਪਰ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਨੇ ਉਨ੍ਹਾਂ ’ਤੇ ਦੋਸ਼ ਲਗਾਇਆ।

ਜਸਟਿਸ ਵਰਮਾ, ਜਿਨ੍ਹਾਂ ਨੂੰ ਇਸ ਪੂਰੇ ਵਿਵਾਦ ਦੌਰਾਨ ਅਲਾਹਾਬਾਦ ਹਾਈ ਕੋਰਟ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ, ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ ਗਿਆ ਸੀ ਪਰ ਉਨ੍ਹਾਂ ਇਨਕਾਰ ਕਰ ਦਿੱਤਾ। ਮਗਰੋਂ ਤਤਕਾਲੀ ਸੀਜੇਆਈ ਸੰਜੀਵ ਖੰਨਾ ਨੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਪੱਤਰ




ਲਿਖ ਕੇ ਜਸਟਿਸ ਵਰਮਾ ਨੂੰ ਹਟਾਉਣ ਲਈ ਕਿਹਾ।

# ਜੂਨ '84 ਦੇ ਘੱਲੂਘਾਰੇ ਸਮੇਂ ਗੋਲੀ ਲੱਗਣ ਨਾਲ ਜ਼ਖ਼ਮੀ ਹੋਏ ਪਾਵਨ ਸਰੂਪ ਨੂੰ ਦਰਸ਼ਨਾਂ ਲਈ ਕੀਤਾ ਸੁਸ਼ੋਭਿਤ

## 1984 'ਚ ਹੋਏ ਫ਼ੌਜੀ ਹਮਲੇ ਨੂੰ ਬਿਆਨ ਕਰਦੀਆਂ ਤਸਵੀਰਾਂ ਦੀ ਲਗਾਈ ਪ੍ਰਦਰਸ਼ਨੀ







ਅੰਮ੍ਰਿਤਸਰ : ਜੂਨ 1984 'ਚ ਕੇਂਦਰ ਦੀ ਤਤਕਾਲੀ ਕਾਂਗਰਸ ਸਰਕਾਰ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਸਮੂਹ 'ਤੇ ਕੀਤੇ ਗਏ ਫ਼ੌਜੀ ਹਮਲੇ ਸਮੇਂ ਤੋਪਾਂ ਟੈਂਕਾਂ ਨਾਲ ਕੀਤੀ ਗਈ ਗੋਲਾਬਾਰੀ ਦੌਰਾਨ ਸ੍ਰੀ ਦਰਬਾਰ ਸਾਹਿਬ ਵਿਖੇ ਸੁਸ਼ੋਭਿਤ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੇ ਸੰਗਤਾਂ ਨੂੰ ਦਰਸ਼ਨ ਕਰਵਾਉਣ ਲਈ ਅੱਜ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਅਕਾਲ ਤਖ਼ਤ ਨਜ਼ਦੀਕ ਪਰਿਕਰਮਾ ਵਿਚ ਸਥਿਤ ਗੁਰਦੁਆਰਾ ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ ਵਿਖੇ ਇਹ ਪਾਵਨ ਸਰੂਪ ਅਰਦਾਸ ਉਪ੍ਰੰਤ ਸੁਸ਼ੋਭਿਤ ਕੀਤਾ ਗਿਆ ਹੈ। ਸੰਗਤਾਂ ਇਸ ਜ਼ਖ਼ਮੀ ਪਾਵਨ ਸਰੂਪ ਦੇ 6 ਜੂਨ ਤੱਕ ਰੋਜ਼ਾਨਾ ਸਵੇਰ 8 ਵਜੇ ਤੋਂ ਸ਼ਾਮ 7 ਵਜੇ ਤੱਕ ਦਰਸ਼ਨ ਕਰ ਸਕਣਗੀਆਂ। ਇਸ ਜ਼ਖ਼ਮੀ ਹੋਏ ਪਾਵਨ ਸਰੂਪ ਦੇ ਦਰਸ਼ਨਾਂ ਦੇ ਨਾਲ ਇਸ ਦੀ ਜਿਲਦ ਅਤੇ ਪਾਵਨ ਅੰਗਾਂ ਵਿਚ ਲੱਗੀ ਗੋਲੀ ਵੀ ਸੰਗਤਾਂ ਨੂੰ ਦਿਖਾਈ ਜਾ ਰਹੀ ਹੈ। ਅੱਜ 5 ਦਿਨਾਂ ਲਈ ਇਹ ਪਾਵਨ ਸਰੂਪ ਸੁਸ਼ੋਭਿਤ ਕਰਨ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਜ਼ਖ਼ਮੀ ਪਾਵਨ ਸਰੂਪ ਸਿੱਖ ਕੌਮ 'ਤੇ ਹੋਏ ਜ਼ੁਲਮਾਂ ਦੀ ਮੂੰਹ ਬੋਲਦੀ ਤਸਵੀਰ ਹੈ, ਜਿਸ ਨੂੰ ਦੇਖ ਕੇ ਹਰ ਮਨੁੱਖ ਦਾ ਹਿਰਦਾ ਪੀੜਾ ਨਾਲ ਭਰ ਜਾਂਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੂਨ 1984 ਵਿਚ ਕੇਂਦਰ ਦੀ ਕਾਂਗਰਸ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਹੋਰ ਅਨੇਕਾਂ ਗੁਰਦੁਆਰਾ ਸਾਹਿਬਾਨ 'ਤੇ ਫ਼ੌਜੀ ਹਮਲਾ ਕਰਕੇ ਸਿੱਖ ਕੌਮ ਨੂੰ ਗਹਿਰੇ ਜ਼ਖ਼ਮ ਦਿੱਤੇ ਹਨ ਤੇ ਆਪਣੇ ਹੀ ਦੇਸ਼ ਦੀ ਸਰਕਾਰ ਅਤੇ ਫ਼ੌਜ ਵਲੋਂ ਕੀਤੇ ਗਏ ਵਹਿਸ਼ੀਆਨਾ ਹਮਲੇ ਨੂੰ ਸਿੱਖ ਕੌਮ ਹਮੇਸ਼ਾਂ ਯਾਦ ਰੱਖੇਗੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਘੱਲੂਘਾਰੇ ਨਾਲ ਸੰਬੰਧਿਤ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ ਹੈ। ਸ੍ਰੀ ਦਰਬਾਰ ਸਾਹਿਬ ਦੇ ਮੁੱਖ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਖ਼ਮੀ ਪਾਵਨ ਸਰੂਪ ਦੇ ਗੁ: ਬਾਬਾ ਗੁਰਬਖ਼ਸ਼ ਸਿੰਘ ਵਿਖੇ 6 ਜੂਨ ਤੱਕ ਰੋਜ਼ਾਨਾ ਦਰਸ਼ਨ ਕਰਵਾਏ ਜਾਣਗੇ ਤੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਦੇ ਬਾਹਰ ਚਿੱਤਰ ਪ੍ਰਦਰਸ਼ਨੀ ਵੀ ਜਾਰੀ ਰਹੇਗੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਹਰਜਾਪ ਸਿੰਘ ਸੁਲਤਾਨਵਿੰਡ, ਅੰਮ੍ਰਿਤਪਾਲ ਸਿੰਘ ਕੁਲਾਰ, ਮੁੱਖ ਮੈਨੇਜਰ ਭਗਵੰਤ ਸਿੰਘ ਧੰਗੇੜਾ, ਹਰਭਜਨ ਸਿੰਘ ਵਕਤਾ, ਮੈਨੇਜਰ ਜਸਪਾਲ ਸਿੰਘ ਢੱਡੇ, ਮੀਤ ਮੈਨੇਜਰ ਗੁਰਵਿੰਦਰਪਾਲ ਸਿੰਘ ਕਾਦੀਆਂ, ਪ੍ਰਚਾਰਕ ਤਰਸੇਮ ਸਿੰਘ, ਭਾਈ ਬਲਵੰਤ ਸਿੰਘ ਐਡੀਸ਼ਨਲ ਰਿਪੋਰਟ ਤੇ ਭਾਈ ਗੁਰਵਿੰਦਰ ਸਿੰਘ ਖੋਦੇਬੇਟ, ਅਰਦਾਸੀਏ ਭਾਈ ਪ੍ਰੇਮ ਸਿੰਘ ਤੇ ਸੁਪ੍ਰਡੈਂਟ ਨਿਸ਼ਾਨ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਦੇ ਹੋਰ ਅਧਿਕਾਰੀ ਤੇ ਵੱਡੀ ਗਿਣਤੀ 'ਚ ਸੰਗਤਾਂ ਮੌਜੂਦ ਸਨ।

# ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਨ ਮੌਕੇ ਹੋਇਆ ਲਾਮਿਸਾਲ ਇਕੱਠ

## ਸੰਤਾਂ ਨੇ ਕੁਰਬਾਨੀ ਨਿੱਜੀ ਮੰਤਵ ਲਈ ਨਹੀਂ ਬਲਕਿ ਕੌਮ ਲਈ ਦਿੱਤੀ : ਹਰਜਿੰਦਰ ਸਿੰਘ ਧਾਮੀ






ਸਮਾਲਸਰ (ਮੋਗਾ) : ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਉਨ੍ਹਾਂ ਦੇ ਜੱਦੀ ਪਿੰਡ ਰੋਡੇ (ਮੋਗਾ) ਵਿਖੇ ਮਨਾਇਆ ਗਿਆ। ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਰੋਡੇ ਉਹ ਨਗਰ ਹੈ ਜਿਸ ਨਗਰ ਵਿਚ ਪਿਤਾ ਜੋਗਿੰਦਰ ਸਿੰਘ ਦੇ ਗ੍ਰਹਿ ਵਿਖੇ ਇਕ ਪਿਆਰੀ ਰੂਹ 2 ਜੂਨ 1947 ਨੂੰ ਪ੍ਰਗਟ ਹੋਈ। ਇਸ ਰੂਹ ਨੇ ਮਹਾਨ ਸੰਤ ਜਰਨੈਲ ਸਿੰਘ ਖਾਲਸਾ ਦੇ ਰੂਪ ਵਿਚ ਦਮਦਮੀ ਟਕਸਾਲ ਦੇ 14ਵੇਂ ਮੁਖੀ ਵਜੋਂ ਸਨਮਾਨ ਪ੍ਰਾਪਤ ਕੀਤਾ। ਜਿਹੜੇ ਕਾਰਜ ਸੰਤਾਂ ਨੇ ਕੀਤੇ ਉਹ ਇਕ ਚਾਨਣ ਮੁਨਾਰੇ ਦੀ ਤਰ੍ਹਾਂ ਹਨ ਅਤੇ ਇਹ ਕਾਰਜ ਇਤਿਹਾਸ ਦੇ ਪੰਨਿਆਂ 'ਚ ਹਮੇਸ਼ਾ ਕਾਇਮ ਰਹਿਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੰਤ ਸਿਪਾਹੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਕਹਿਣੀ ਤੇ ਕਰਨੀ ਦੇ ਇਕ ਸਨ। ਉਨ੍ਹਾਂ ਕਿਹਾ ਕਿ ਸੰਤਾਂ ਦੀ ਕੁਰਬਾਨੀ ਕੋਈ ਨਿੱਜੀ ਮੰਤਵ ਲਈ ਨਹੀਂ ਸੀ ਬਲਕਿ ਉਨ੍ਹਾਂ ਨੇ ਆਪਣੀ ਸ਼ਹਾਦਤ ਸਮੁੱਚੀ ਸਿੱਖ ਕੌਮ ਵਾਸਤੇ ਦਿੱਤੀ ਹੈ। ਗਿਆਨੀ ਗੁਰਬਿੰਦਰ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੇ ਆਪਣੇ ਸੰਬੋਧਨ ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਜੀਵਨ ਉੱਪਰ ਰੌਸ਼ਨੀ ਪਾਈ। ਗਿਆਨੀ ਕੇਵਲ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਜਿਨ੍ਹਾਂ ਸ਼ਹੀਦਾਂ ਨੇ ਸਿੱਖ ਕੌਮ ਲਈ ਆਪਣਾ ਖ਼ੂਨ ਵਹਾਇਆ ਤੇ ਸ਼ਹਾਦਤਾਂ ਦਿੱਤੀਆਂ ਉਨ੍ਹਾਂ ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸ਼ਹਾਦਤ ਸੁਨਹਿਰੇ ਅੱਖਰਾਂ ਵਿਚ ਲਿਖੀ ਗਈ ਹੈ। ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਵਾਲਿਆਂ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸਿੱਖ ਕੌਮ ਨੂੰ ਬਹੁਤ ਵੱਡੀ ਦੇਣ ਹੈ। ਬੀਬੀ ਸਤਵੰਤ ਕੌਰ ਸਪੁੱਤਰੀ ਭਾਈ ਅਮਰੀਕ ਸਿੰਘ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸੰਤਾਂ ਦੇ ਜੀਵਨ ਬਾਰੇ ਮੇਰੇ ਤੋਂ ਪਹਿਲਾਂ ਪ੍ਰਮੁੱਖ ਸ਼ਖ਼ਸੀਅਤਾਂ ਵਲੋਂ ਰੌਸ਼ਨੀ ਪਾਈ ਗਈ ਹੈ। ਇਸ ਮੌਕੇ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਪਣੇ ਜਜ਼ਬਾਤੀ ਸੰਬੋਧਨ ਵਿਚ ਕਿਹਾ ਕਿ ਅੱਜ ਮਹਿਸੂਸ ਹੁੰਦਾ ਹੈ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵਰਗਾ ਹੋਰ ਕੋਈ ਆਗੂ ਪੈਦਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਅਨੰਦਪੁਰ ਸਾਹਿਬ ਦਾ ਮਤਾ ਸੰਘੀ ਢਾਂਚੇ ਤੋਂ ਵੱਖਰਾ ਨਹੀਂ ਹੈ। ਲੋਕਤੰਤਰ ਤੇ ਸੰਘੀ ਢਾਂਚਾ ਅਨੰਦਪੁਰ ਸਾਹਿਬ ਦਾ ਮਤਾ ਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੇ ਸੋਚੀ ਸਮਝੀ ਸਕੀਮ ਤਹਿਤ ਸਿੱਖ ਕੌਮ ਦੀ ਨਸਲਕੁਸ਼ੀ ਕੀਤੀ। ਇਸ ਮੌਕੇ ਉਨ੍ਹਾਂ ਨੇ ਸ਼ਹੀਦ ਬੇਅੰਤ ਸਿੰਘ ਦੇ ਪੁੱਤਰ ਭਾਈ ਸਰਬਜੀਤ ਸਿੰਘ ਦੀ ਲੋਕ ਸਭਾ ਸੀਟ ਤੋਂ ਜਿੱਤ ਦੀ ਗੱਲ ਵੀ ਕੀਤੀ। ਇਸ ਮੌਕੇ ਸਿੰਘ ਸਾਹਿਬਾਨ, ਸਿੱਖ ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਉਦਾਸੀਨ ਸੰਪਰਦਾਇ, ਨਿਰਮਲ ਸੰਪਰਦਾਇ, ਕਿਸਾਨ ਜਥੇਬੰਦੀਆਂ, ਰਾਜਨੀਤਕ ਜਥੇਬੰਦੀਆਂ, ਨੌਜਵਾਨ ਜਥੇਬੰਦੀਆਂ ਤੇ ਸਮਾਗਮ ਵਿਚ ਪੁੱਜੀਆਂ ਹੋਰ ਸੰਸਥਾਵਾਂ ਤੇ ਸ਼ਖ਼ਸੀਅਤਾਂ ਦਾ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਅਤੇ ਸੰਤ ਚਰਨਜੀਤ ਸਿੰਘ ਜੱਸੋਵਾਲ ਵਲੋਂ ਮਾਣ-ਸਨਮਾਨ ਕੀਤਾ ਗਿਆ। ਸਮਾਗਮ 'ਚ ਸੰਤ ਚਰਨਜੀਤ ਸਿੰਘ ਜੱਸੋਵਾਲ ਮੈਂਬਰ ਸ਼੍ਰੋਮਣੀ ਕਮੇਟੀ, ਸੰਤ ਬਾਬਾ ਗੁਰਜੀਤ ਸਿੰਘ ਨਾਨਕਸਰ ਸੰਪਰਦਾਇ, ਸਿੰਘ ਸਾਹਿਬ ਜਥੇਦਾਰ ਬਾਬਾ ਬਲਵੀਰ ਸਿੰਘ ਵਲੋਂ ਜਥੇਦਾਰ ਲਖਵੀਰ ਸਿੰਘ, ਸਿੰਘ ਸਾਹਿਬ ਜਥੇਦਾਰ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲਿਆਂ ਵਲੋਂ ਬਾਬਾ ਨਿਹਾਲ ਸਿੰਘ, ਜਥੇਦਾਰ ਬਾਬਾ ਜਗਜੀਤ ਸਿੰਘ ਮੁਖੀ ਗੁਰੂ ਨਾਨਕ ਦਲ ਮੜ੍ਹੀਆਂ ਵਾਲੇ, ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਵਲੋਂ ਜਥੇਦਾਰ ਸ਼ਮਸ਼ੇਰ ਸਿੰਘ, ਸੰਤ ਬਾਬਾ ਰਣਜੀਤ ਸਿੰਘ ਸੰਪਰਦਾਇ ਸੇਵਾ ਪੰਥੀ ਗੋਨਿਆਣਾ ਮੰਡੀ, ਸੰਤ ਬਾਬਾ ਅਮੀਰ ਸਿੰਘ ਮੁਖੀ ਜਵੱਦੀ ਟਕਸਾਲ ਲੁਧਿਆਣੇ ਵਾਲੇ, ਸੰਤ ਬਾਬਾ ਬਲਦੇਵ ਸਿੰਘ ਜੋਗੇਵਾਲ ਵਾਲਿਆਂ ਵਲੋਂ ਗਿਆਨੀ ਗੁਰਪ੍ਰੀਤ ਸਿੰਘ, ਸੰਤ ਬਾਬਾ ਅਵਤਾਰ ਸਿੰਘ ਧੂਲਕੋਟ ਵਾਲੇ, ਸੰਤ ਬਾਬਾ ਗੁਰਮੀਤ ਸਿੰਘ ਖੋਸੇ ਕੋਟਲੇ ਵਾਲੇ, ਸੰਤ ਬਾਬਾ ਦਰਸ਼ਨ ਸਿੰਘ ਮਾਲੋਕਾ ਢੱਤਾ, ਬਾਬਾ ਗੁਰਮੇਲ ਸਿੰਘ ਸਰਦੂਲੇ ਵਾਲੇ, ਸੰਤ ਬਾਬਾ ਨਰਿੰਦਰ ਸਿੰਘ, ਸੰਤ ਬਾਬਾ ਬਲਵਿੰਦਰ ਸਿੰਘ ਕਾਰ ਸੇਵਾ ਹਜ਼ੂਰ ਸਾਹਿਬ ਵਾਲਿਆਂ ਵਲੋਂ ਬਾਬਾ ਕਰਨੈਲ ਸਿੰਘ ਮੋਗੇ ਵਾਲੇ, ਬਾਬਾ ਮੰਗਾ ਧਰਮਕੋਟ ਕਾਰ ਸੇਵਾ, ਮਹੰਤ ਬਾਬਾ ਚਮਕੌਰ ਸਿੰਘ ਪੰਜ ਗਰਾਈਆਂ ਵਾਲੇ, ਸੰਤ ਬਾਬਾ ਬੋਹੜ ਸਿੰਘ ਛਾਪੜੀ ਸਾਹਿਬ ਤੂਤਾਂ ਵਾਲੇ, ਸੁਆਮੀ ਬਾਬਾ ਹਰਨਾਮ ਸਿੰਘ ਮਾਹਿਲਪੁਰ ਬੁੰਗੇ ਵਾਲਿਆਂ ਵਲੋਂ ਜਲੇਬੀਆਂ ਦੇ ਲੰਗਰ ਦੀ ਸੇਵਾ, ਸੰਤ ਬਾਬਾ ਗੁਰਦਿਆਲ ਸਿੰਘ ਲੰਡੇਆਣੇ ਵਾਲੇ, ਸੰਤ ਬਾਬਾ ਲੀਡਰ ਸਿੰਘ ਸੈਫਲਾਬਾਦ ਵਾਲੇ ਕਪੂਰਥਲਾ, ਸੰਤ ਬਾਬਾ ਅਮਰੀਕ ਸਿੰਘ ਖੁਖਰੈਣ ਵਾਲੇ, ਸੰਤ ਬਾਬਾ ਗੁਰਦੀਪ ਸਿੰਘ ਚੰਦ ਪੁਰਾਣੇ ਵਾਲੇ, ਸੰਤ ਬਾਬਾ ਹਰਵਿੰਦਰ ਸਿੰਘ ਰੌਲੀ ਵਾਲੇ, ਸੰਤ ਬਾਬਾ ਗੁਰਮੀਤ ਸਿੰਘ ਕੱਟੂ ਵਾਲੇ, ਸੰਤ ਬਾਬਾ ਰੇਸ਼ਮ ਸਿੰਘ ਖੁਖਰਾਣੇ ਵਾਲੇ, ਸੰਤ ਬਾਬਾ ਹਰਜਿੰਦਰ ਸਿੰਘ ਮਟੀਲੀ ਵਾਲੇ, ਸੰਤ ਬਾਬਾ ਸੁਖਪ੍ਰੀਤ ਸਿੰਘ ਰਾਜੇਆਣੇ ਵਾਲੇ, ਸੰਤ ਬਾਬਾ ਮਹਿੰਦਰ ਸਿੰਘ ਜਨੇਰ ਵਾਲਿਆਂ ਵਲੋਂ ਗਿਆਨੀ ਸਤਨਾਮ ਸਿੰਘ ਜਨੇਰ ਵਾਲੇ, ਭਾਈ ਗੁਰਪ੍ਰੀਤ ਸਿੰਘ ਰੋਡੇ, ਗਿ. ਪਰਮਿੰਦਰ ਸਿੰਘ ਦਮਦਮੀ ਟਕਸਾਲ, ਗਿ. ਬਿੱਕਰਮਜੀਤ ਸਿੰਘ ਦਮਦਮੀ ਟਕਸਾਲ, ਜਥੇਦਾਰ ਬਾਬਾ ਜਗਤਾਰ ਸਿੰਘ, ਭਾਈ ਨਰੇਣ ਸਿੰਘ ਚੌੜਾ, ਭਾਈ ਸੁਖਹਰਪ੍ਰੀਤ ਸਿੰਘ ਰੋਡੇ, ਭਾਈ ਕੁਲਦੀਪ ਸਿੰਘ ਰੋਡੇ, ਕੁਲਦੀਪ ਸਿੰਘ ਵਜੀਦਪੁਰ ਪ੍ਰਧਾਨ ਕਿਸਾਨ ਯੂਨੀਅਨ ਦੋਆਬਾ, ਕੁਲਦੀਪ ਸਿੰਘ ਦਿਆਲਾ ਕਿਸਾਨ ਆਗੂ, ਪ੍ਰਿਤਪਾਲ ਸਿੰਘ ਪ੍ਰਧਾਨ ਗੁ. ਦੁਖ ਨਿਵਾਰਨ ਸਾਹਿਬ ਲੁਧਿਆਣਾ, ਬਾਬਾ ਹਰਭਜਨ ਸਿੰਘ ਜੰਡ ਸਾਹਿਬ ਮੁਕਤਸਰ ਸਾਹਿਬ ਵਾਲੇ, ਸੰਤ ਬਾਬਾ ਬੂਟਾ ਸਿੰਘ ਗੁੜਥੜੀ ਵਾਲੇ, ਸੰਤ ਸੁਖਚੈਨ ਸਿੰਘ ਮਾਣੇਵਾਲਾ, ਮਹੰਤ ਸੁਧਮੁਨੀ ਚੂਹੜ ਚੱਕ ਵਾਲੇ, ਭਾਈ ਗੁਰਦੀਪ ਸਿੰਘ ਬਠਿੰਡਾ ਪ੍ਰਧਾਨ ਸ਼ੇਰੇ ਪੰਜਾਬ ਅਕਾਲੀ ਦਲ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਭਾਈ ਪ੍ਰੇਮ ਸਿੰਘ ਮੁੱਖ ਅਰਦਾਸੀਏ ਸੱਚਖੰਡ ਸ੍ਰੀ ਦਰਬਾਰ ਸਾਹਿਬ, ਜਥੇਦਾਰ ਗੁਰਮੇਲ ਸਿੰਘ ਸੰਗਤਪੁਰਾ ਮੈਂਬਰ ਸ਼੍ਰੋਮਣੀ ਕਮੇਟੀ ਆਦਿ ਹਾਜ਼ਰ ਸਨ।

Silicon Valley Gurdwara
ਸੰਗਤ ਦਾ ਗੁਰਦੁਆਰਾ

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮੁ ਕੀ ਪਉੜੀ ਕੋ ਵਡਭਾਗੀ ਪਾਏ ॥

ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ
ਰਾਜ ਯੋਗੀ, ਵਿਦਿਆ ਦਾਨੀ, ਸਮਾਜ ਸੁਧਾਰਕ, ਬ੍ਰਹਮਗਿਆਨੀ,
ਸੇਵਾ ਦੇ ਪੁੰਜ, ਸੱਚਖੰਡ ਵਾਸੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ
ਦੀ ਨਿੱਘੀ ਯਾਦ 'ਚ 75ਵੀਂ ਬਰਸੀ ਮੌਕੇ

# ਮਹਾਨ ਗੁਰਮਤਿ ਸਮਾਗਮ

## ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ

**2356, Walsh Ave, Santa Clara, CA - 95051**

**ਵਿਖੇ ਮਨਾਇਆ ਜਾ ਰਿਹਾ ਹੈ।**



ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਸ਼ਖਸੀਅਤ ਹੋਏ ਹਨ ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿੱਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਲਾਨਾ ਬਰਸੀ ਗੁਰਦੁਆਰਾ ਸਾਹਿਬ, ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ।

**ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ**

13 ਜੂਨ, 2025, ਸ਼ੁੱਕਰਵਾਰ ਅਰੰਭ ਸ੍ਰੀ ਅਖੰਡ ਪਾਠ : ਸਵੇਰੇ 11.00 ਵਜੇ
15 ਜੂਨ, 2025, ਐਤਵਾਰ ਭੋਗ ਸ੍ਰੀ ਅਖੰਡ ਪਾਠ : ਸਵੇਰੇ 10.00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕਰਾਉਣਗੇ ਜਿਨ੍ਹਾਂ ਵਿਚ



ਭਾਈ ਕੁਲਵਿੰਦਰ ਸਿੰਘ ਜੀ
ਅਰਦਾਸੀਆ ਸ੍ਰੀ ਦਰਬਾਰ ਸਾਹਿਬ



ਭਾਈ ਜੀਵਨਜੋਤ ਸਿੰਘ, ਭਾਈ ਦੇਵਿੰਦਰ ਸਿੰਘ
ਭਾਈ ਗੁਰਜੀਤ ਸਿੰਘ

ਲੰਗਰਾਂ ਦੀ ਸੇਵਾ : ਸੁਰਿੰਦਰ ਸਿੰਘ ਬੌਬੀ ਦੇ ਪਰਿਵਾਰ ਵਲੋਂ

ਸਨੈਕਸ ਮਿਠਾਈ ਦੀ ਸੇਵਾ : ਸਰਨਦੀਪ ਸਿੰਘ ਘੋਤੜਾ ਵਲੋਂ

ਜ਼ਰੂਰੀ ਬੇਨਤੀ
SVG ਦੀ ਨਵੀਂ ਇਮਾਰਤ (building) ਦੀ ਚੱਲ ਰਹੀ ਕਾਰ ਸੇਵਾ ਲਈ ਮਾਇਆ ਦੀ ਅਤਿਅੰਤ ਲੋੜ ਹੈ, ਸੇਵਾ ਲਈ ਗੁਰਦਵਾਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ।

ਤਿੰਨ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

**ਸਮੂਹ ਸੰਗਤ ਨੂੰ ਸਮੇਤ ਪਰਿਵਾਰ ਹਾਜ਼ਰੀਆਂ ਭਰਨ ਦੀ ਨਿਮਰਤਾ ਸਹਿਤ ਬੇਨਤੀ ਹੈ ਜੀ**

**ਬੇਨਤੀ ਕਰਤਾ : ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਅਤੇ ਸਮੂਹ ਸਹਿਯੋਗੀ ਸੱਜਣ**

**ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ**

ਸ੍ਰ. ਅਮਰਜੀਤ ਸਿੰਘ ਮੁਲਤਾਨੀ - (408)-497-2888, ਸ੍ਰ. ਗੁਰਦਿਆਲ ਸਿੰਘ ਘੋਤੜਾ - (408)-849-1593, ਸ੍ਰ. ਹਰਜਿੰਦਰ ਸਿੰਘ (408)-498-2860,
ਸ੍ਰ. ਸ਼ਰਨਦੀਪ ਸਿੰਘ ਘੋਤੜਾ (408)-469-1787, ਸ੍ਰ. ਅਮਨਪ੍ਰੀਤ ਸਿੰਘ ਬਬਲੂ (408)-469-6494, ਸ੍ਰ. ਲਵਪ੍ਰੀਤ ਸਿੰਘ ਸ਼ਾਹ (669)-260-6251,
ਸ੍ਰ. ਬਲਕਾਰ ਸਿੰਘ ਬੌਬੀ (408)-595-6281, ਸ੍ਰ. ਮਨਜੀਤ ਸਿੰਘ ਮਿਆਣੀ (510)-328-5580, ਸ੍ਰ. ਹਰਜੀਤ ਸਿੰਘ (707)-334-7514,
ਸ੍ਰ. ਸੁਰਿੰਦਰ ਸਿੰਘ ਬੌਬੀ ਡਰਾਇਵਿੰਗ ਸਕੂਲ ਵਾਲੇ (510)-472-3571, ਸ੍ਰ. ਮਨਪ੍ਰੀਤ ਸਿੰਘ ਗਾੜ੍ਹਾ Law Firm (510)-841-4582
ਸ੍ਰ. ਜਤਿੰਦਰ ਸਿੰਘ (916) 260-7938, ਸ੍ਰ. ਸੁਰਮਿੰਦਰਜੀਤ ਸਿੰਘ (408) 210-5394

# ਗੁਰਦੁਆਰਾ ਸਾਹਿਬ ਐਲਸਬਰਾਂਟੇ ਵਿਖੇ ਸਮੂਹ ਪਰਿਵਾਰ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰਪੁਰਵਾਸੀ ਮਾਤਾ ਸਵਰਨ ਕੌਰ ਜੀ ਦੀ ਸਲਾਨਾ ਬਰਸੀ ਸ਼ਰਧਾ ਅਤੇ ਸੇਵਾ ਨਾਲ ਮਨਾਈ


ਗੁਰਪੁਰਵਾਸੀ ਮਾਤਾ ਸਵਰਨ ਕੌਰ ਜੀ













ਐਲਸਬਰਾਂਟੇ/ਕੈਲੀਫੋਰਨੀਆਂ : ਗੁਰਦੁਆਰਾ ਸਾਹਿਬ ਐਲਸਬਰਾਂਟੇ ਵਿਖੇ ਸਮੂਹ ਪ੍ਰਵਾਰ ਰਿਸ਼ਤੇਦਾਰਾਂ ਪ੍ਰਵਾਰਕ ਸੱਜਣਾਂ ਮਿੱਤਰਾਂ ਅਤੇ ਸਮੂਹ ਸੰਗਤਾਂ ਵਲੋਂ ਗੁਰਪੁਰਵਾਸੀ ਮਾਤਾ ਸਵਰਨ ਕੌਰ ਜੀ ਦੀ ਸਲਾਨਾ ਬਰਸੀ ਸ਼ਰਧਾ ਅਤੇ ਸੇਵਾ ਨਾਲ ਮਨਾਈ ਜਿਸ ਵਿੱਚ ਵੱਡੀ ਗਿਣਤੀ 'ਚ ਸੰਗਤਾਂ ਸ਼ਾਮਲ ਹੋਈਆ। ਤਿੰਨ ਦਿਨ ਗੁਰਬਾਣੀ ਦੇ ਪ੍ਰਵਾਹ ਚੱਲੇ ਪੰਥ ਦੇ ਪ੍ਰਸਿੱਧ ਕੀਰਤਨੀ ਜਥਿਆਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ।

ਅਮਰੀਕਾ ਵਿਖੇ ਸਤਿਕਾਰਯੋਗ ਮਾਤਾ ਜੀ ਸਰਦਾਰਨੀ ਸਵਰਨ ਕੌਰ (ਪਤਨੀ ਲੇਟ ਸ੍ਰ. ਸੁਰਜੀਤ ਸਿੰਘ) ਦੀ ਨਿੱਘੀ ਯਾਦ ਵਿਚ ਸਲਾਨਾ ਬਰਸੀ LE Sobrante Gurdwara Sahib 3550 Hillcrest Rd, LE Sobrante CA 94803 ਵਿਖੇ ਮਨਾਈ ਗਈ ਅਤੇ ਸਮੂਹ ਪਰਿਵਾਰ ਨੇ ਸ਼ਰਧਾ ਨਾਲ ਗੁਰੂਘਰ ਵਿਖੇ ਸੇਵਾ ਕੀਤੀ।











# ਗੁਰਦੁਆਰਾ ਸਾਹਿਬ ਐਲਸਬਰਾਂਟੇ ਵਿਖੇ ਸਮੂਹ ਪਰਿਵਾਰ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰਪੁਰਵਾਸੀ ਮਾਤਾ ਸਵਰਨ ਕੌਰ ਜੀ ਦੀ ਸਲਾਨਾ ਬਰਸੀ ਸ਼ਰਧਾ ਅਤੇ ਸੇਵਾ ਨਾਲ ਮਨਾਈ











ਇਸ ਮੌਕੇ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ ਨੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਨਾਲ ਬਲਾਉਣ ਵਾਲੇ ਅਤੇ ਹਰ ਲੋੜਵੰਦ ਦੀ ਹਮੇਸ਼ਾ ਮਦਦ ਕਰਨ ਵਾਲੇ ਮਾਤਾ ਸਵਰਨ ਕੌਰ ਜੀ ਇੱਕ ਸੱਚੇ ਸੁੱਚੇ ਨੇਕ ਠੰਡੇ ਅਤੇ ਮਿੱਠੇ ਸੁਭਾਅ ਦੇ ਮਾਲਕ ਸਨ।

ਭਾਵੇਂ ਅੱਜ ਮਾਤਾ ਸਵਰਨ ਕੌਰ ਜੀ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਨਿੱਘੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਉਨ੍ਹਾਂ ਦੇ ਹਰੇ ਭਰੇ ਪਰਿਵਾਰ ਵਿਚ ਸਰਦਾਰਨੀ ਸੁਰਿੰਦਰ ਕੌਰ ਸਪੁੱਤਰੀ, ਸ੍ਰ. ਸੁਰਿੰਦਰ ਸਿੰਘ ਸਪੁੱਤਰ, ਸ੍ਰ. ਪ੍ਰਿਤਪਾਲ ਸਿੰਘ (ਬਾਲੂ) ਸਪੁੱਤਰ, ਸ੍ਰ. ਪ੍ਰਤਾਪ ਸਿੰਘ (ਮਿੱਠੂ) ਸਪੁੱਤਰ ਹਨ। ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਕੀਤੀ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਸਦੀਵੀ ਨਿਵਾਸ ਬਖਸ਼ੀ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੀ।













# ਬਠੋਈ ਕਲਾਂ 'ਚ ਸ਼ਾਮਲਾਟ ਦੀ ਬੋਲੀ ਮੌਕੇ ਕਿਸਾਨ ਤੇ ਦਲਿਤ ਭਿੜੇ

## ਅੱਧੀ ਦਰਜਨ ਫੱਟੜ; ਸੌ ਏਕੜ ਦੀ ਕਰਵਾਈ ਬੋਲੀ ਦੌਰਾਨ 80 ਏਕੜ ਠੇਕੇ 'ਤੇ ਚੜ੍ਹੀ



ਪਟਿਆਲਾ : ਕਈ ਵਰ੍ਹਿਆਂ ਤੋਂ 200 ਕਿਸਾਨ ਪਰਿਵਾਰਾਂ ਵੱਲੋਂ ਵਾਹੀ ਜਾ ਰਹੀ ਪਿੰਡ ਬਠੋਈ ਕਲਾਂ ਦੀ ਕਰੀਬ 600 ਏਕੜ ਸ਼ਾਮਲਾਟ ਜ਼ਮੀਨ ਵਾਲੇ ਵਿਵਾਦ ਦੌਰਾਨ ਅਦਾਲਤੀ ਸਟੇਅ ਤੋਂ ਬਚੀ 100 ਏਕੜ ਜ਼ਮੀਨ ਨੂੰ ਚਕੌਤੇ 'ਤੇ ਦੇਣ ਮੌਕੇ ਇੱਥੇ ਸਥਿਤ ਬੀਡੀਪੀਓ ਦਫ਼ਤਰ ਵਿੱਚ ਪਿੰਡ ਦੇ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਦਰਮਿਆਨ ਝੜਪ ਹੋ ਗਈ। ਇਸ ਦੌਰਾਨ ਅੱਧੀ ਦਰਜਨ ਤੋਂ ਵੱਧ ਮੈਂਬਰ ਜ਼ਖ਼ਮੀ ਹੋ ਗਏ। ਉਧਰ, ਅਜਿਹੇ ਹੰਗਾਮੇ ਦੇ ਬਾਵਜੂਦ ਪੰਚਾਇਤ ਵਿਭਾਗ 100 ਵਿੱਚੋਂ 70 ਏਕੜ ਜ਼ਮੀਨ ਦੀ ਬੋਲੀ, ਨਿਲਾਮੀ ਕਰਵਾਉਣ ਵਿੱਚ ਸਫ਼ਲ ਰਿਹਾ। ਕਿਸਾਨਾਂ ਵੱਲੋਂ ਕੀਤੀ ਕਾਨੂੰਨੀ ਕਾਰਵਾਈ ਦੇ ਚੱਲਦਿਆਂ 600 ਏਕੜ ਵਿੱਚੋਂ ਕਰੀਬ 500 ਏਕੜ ਜ਼ਮੀਨ 'ਤੇ ਸਟੇਅ ਹੋ ਗਈ। ਬਾਕੀ 98 ਏਕੜ ਦੀ ਅੱਜ ਜਦੋਂ ਚਕੌਤੇ ਲਈ ਬੋਲੀ ਕਰਵਾਈ ਜਾ ਰਹੀ ਸੀ, ਤਾਂ ਕਿਸਾਨ ਜਥੇਬੰਦੀ ਉਗਰਾਹਾਂ ਦੇ ਸਹਿਯੋਗ ਨਾਲ ਕਿਸਾਨਾਂ ਨੇ ਬੀਡੀਪੀਓ ਦਫਤਰ ਦੇ ਬਾਹਰ ਧਰਨਾ ਲਾ ਦਿੱਤਾ। ਆਪਣੇ ਹਿੱਸੇ ਦੀ 33 ਫ਼ੀਸਦੀ ਜ਼ਮੀਨ ਚਕੌਤੇ 'ਤੇ ਲੈਣ ਲਈ ਪਿੰਡ ਦੇ ਮਜ਼ਦੂਰ, ਦਲਿਤ ਪਰਿਵਾਰ ਵੀ ਪੁੱਜ ਗਏ। ਇਸ ਦੌਰਾਨ ਝੜਪ ਹੋ ਗਈ। ਇਸ ਦੌਰਾਨ ਜਿੱਥੇ ਮਜ਼ਦੂਰ ਪਰਿਵਾਰਾਂ ਦੇ ਅੱਧੀ ਦਰਜਨ ਮੈਂਬਰ ਜ਼ਖ਼ਮੀ ਹੋ ਗਏ ਤੇ ਕੁਝ ਦੀਆਂ ਪੱਗਾਂ ਵੀ ਲੱਥ ਗਈਆਂ। ਕਿਸਾਨ ਪਰਿਵਾਰਾਂ ਨੇ ਵੀ ਦੂਜੀ ਧਿਰ 'ਤੇ ਸੱਟਾਂ ਮਾਰਨ ਦੇ ਦੋਸ਼ ਲਾਏ ਹਨ। ਮੌਕੇ 'ਤੇ ਮੌਜੂਦ ਡੀਡੀਪੀਓ ਤੇ ਬੀਬੀਡੀਓ ਦਾ ਕਹਿਣਾ ਸੀ ਕਿ 98 ਵਿੱਚੋਂ 70 ਏਕੜ ਜ਼ਮੀਨ ਦੋਵਾਂ ਵਰਗਾਂ ਵੱਲੋਂ ਚਕੌਤੇ 'ਤੇ ਲੈ ਲਈ ਹੈ ਤੇ ਬਾਕੀ 30 ਏਕੜ ਵੀ ਜਲਦੀ ਚਾੜ੍ਹ ਦਿੱਤੀ ਜਾਵੇਗੀ। ਅਸਲ 'ਚ ਕਿਸਾਨ ਨਹੀਂ ਚਾਹੁੰਦੇ ਕਿ ਇਹ ਜ਼ਮੀਨ ਉਨ੍ਹਾਂ ਦੇ ਕਬਜ਼ੇ ਹੇਠੋਂ ਨਿਕਲੇ ਜਦਕਿ ਪ੍ਰਸ਼ਾਸਨ ਇਸ ਨੂੰ ਕਬਜ਼ਾ ਮੁਕਤ ਕਰਵਾਉਣ ਲਈ ਬਜ਼ਿੱਦ ਰਿਹਾ। ਇਸ ਤਹਿਤ ਪਿੰਡ ਦੇ ਮਜ਼ਦੂਰ ਪਰਿਵਾਰਾਂ ਵੱਲੋਂ ਆਪਣਾ ਹੱਕ ਹਾਸਲ ਕਰਨ ਲਈ ਬੋਲੀ ਦੇਣ ਦੀ ਹਿੰਮਤ ਦਿਖਾਈ ਗਈ। ਇਸੇ ਦੌਰਾਨ ਨੈਬ ਸਿੰਘ, ਦਰਸ਼ਨ ਸਿੰਘ ਤੇ ਹੋਰਾਂ ਨੂੰ ਰਾਜਿੰਦਰਾ ਹਸਪਤਾਲ ਭਰਤੀ ਕਰਵਾਇਆ ਗਿਆ ਹੈ, ਜਦਕਿ ਬਲਕਾਰ ਸਿੰਘ, ਗੁਰਮੇਲ ਸਿੰਘ, ਲਖਵਿੰਦਰ ਸਿੰਘ, ਵਿੱਕੀ ਸਿੰਘ ਤੇ ਸੁਖਵੀਰ ਸਿੰਘ ਦੇ ਗੁੱਝੀਆਂ ਸੱਟਾਂ ਵੱਜੀਆਂ ਹਨ। ਉਧਰ, ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਮਾਸਟਰ ਬਲਰਾਜ ਜੋਸ਼ੀ ਤੇ ਜਸਵਿੰਦਰ ਬਰਾਸ ਦਾ ਕਹਿਣਾ ਸੀ ਕਿ ਪ੍ਰਸ਼ਾਸਨ ਜਾਣਬੁੱਝ ਕੇ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਦੂਜੇ ਬੰਨ੍ਹੇ ਡੀਡੀਪੀਓ ਮਹਿੰਦਰਜੀਤ ਸਿੰਘ ਅਤੇ ਬੀਡੀਪੀਓ ਸੁਖਵਿੰਦਰ ਟਿਵਾਣਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੇਵਲ ਉਸ ਜ਼ਮੀਨ ਦੀ ਬੋਲੀ ਕਰਵਾਈ ਹੈ, ਜਿਸ 'ਤੇ ਅਦਾਲਤ ਨੇ ਸਟੇਅ ਨਹੀਂ ਸੀ ਕੀਤੀ। ਐੱਸਪੀ ਪਲਵਿੰਦਰ ਚੀਮਾ ਦਾ ਕਹਿਣਾ ਹੈ ਕਿ ਇਸ ਸਬੰਧੀ ਸ਼ਿਕਾਇਤ ਮਿਲਣ 'ਤੇ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

# ਟਰੰਪ ਵਲੋਂ ਇਕ ਦਰਜਨ ਦੇਸ਼ਾਂ ਦੇ ਲੋਕਾਂ ਨੂੰ ਅਮਰੀਕਾ 'ਚ ਦਾਖਲ ਹੋਣ 'ਤੇ ਪਾਬੰਦੀ



ਸੈਕਰਾਮੈਂਟੋ/ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨ ਇਕ ਐਲਾਨ 'ਤੇ ਦਸਤਖਤ ਕਰਕੇ ਇਕ ਦਰਜਨ ਦੇਸ਼ਾਂ ਦੇ ਲੋਕਾਂ ਨੂੰ ਅਮਰੀਕਾ ਵਿਚ ਦਾਖਲ ਹੋਣ ਤੋਂ ਪਾਬੰਦੀ ਲਗਾ ਦਿੱਤੀ ਹੈ। ਇਨ੍ਹਾਂ ਦੇਸ਼ਾਂ ਵਿਚ ਅਫਗਾਨਿਸਤਾਨ, ਮਿਆਂਮਾਰ, ਚਾਡ, ਕਾਂਗੋ ਗਣਰਾਜ, ਇਕੂਟੇਰੀਅਲ ਗਿਨੀ, ਏਰੀਟਰੀਆ, ਹੈਤੀ, ਈਰਾਨ, ਲੀਬੀਆ, ਸੋਮਾਲੀਆ, ਸੁਡਾਨ ਅਤੇ ਯਮਨ ਸ਼ਾਮਿਲ ਹਨ। ਇਸ ਪਾਬੰਦੀ ਤੋਂ ਇਲਾਵਾ, ਬੁਰੂੰਡੀ, ਕਿਊਬਾ, ਲਾਓਸ, ਸੀਅਰਾ ਲਿਓਨ, ਟੋਗੋ, ਤੁਰਕਮੇਨਿਸਤਾਨ ਅਤੇ ਵੈਨੇਜ਼ੁਏਲਾ ਤੋਂ ਆਉਣ ਵਾਲੇ ਸੈਲਾਨੀਆਂ 'ਤੇ ਪਾਬੰਦੀਆਂ ਵਧਾਈਆਂ ਜਾਣਗੀਆਂ। ਇਸ ਤੋਂ ਇਲਾਵਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਰਵਰਡ ਯੂਨੀਵਰਸਿਟੀ ਵਿਚ ਨਵੇਂ ਵਿਦਿਆਰਥੀਆਂ ਦੇ ਦਾਖਲੇ ਉਪਰ ਰੋਕ ਲਗਾ ਦਿੱਤੀ ਹੈ। ਉਨ੍ਹਾਂ ਨੇ ਕੌਮਾਂਤਰੀ ਵੀਜ਼ਾ ਪ੍ਰੋਗਰਾਮ ਮੁਲਤਵੀ ਕਰਨ ਸੰਬੰਧੀ ਇਕ ਘੋਸ਼ਣਾਪੱਤਰ ਉਪਰ ਦਸਤਖ਼ਤ ਕੀਤੇ, ਜਿਸ ਤਹਿਤ ਹਾਰਵਰਡ ਯੂਨੀਵਰਸਿਟੀ ਵਿਚ ਦਾਖਲਾ ਲੈਣ ਦੇ ਇਛੁੱਕ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਨਹੀਂ ਕੀਤੇ ਜਾਣਗੇ। ਇਹ ਜਾਣਕਾਰੀ ਵਾਈਟ ਹਾਊਸ ਨੇ ਦਿੱਤੀ ਹੈ। ਵਾਈਟ ਹਾਊਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਘੋਸ਼ਣਾਪੱਤਰ ਅਨੁਸਾਰ ਐਫ਼.ਐਮ. ਜਾਂ ਜੇ ਵੀਜ਼ੇ ਤਹਿਤ ਕਿਸੇ ਵੀ ਨਵੇਂ ਵਿਦਿਆਰਥੀ ਦਾ ਗੈਰ ਪ੍ਰਵਾਸੀ ਵਜੋਂ ਹਾਰਵਰਡ ਯੂਨੀਵਰਸਿਟੀ ਵਿਚ ਦਾਖਲਾ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਵਿਦੇਸ਼ ਮੰਤਰਾਲੇ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਹਾਰਵਰਡ ਯੂਨੀਵਰਸਿਟੀ ਵਿਚ ਪੜਦੇ ਮੌਜੂਦਾ ਵਿਦਿਆਰਥੀਆਂ ਦੇ ਐਫ਼. ਐਮ. ਜਾਂ ਜੇ ਵੀਜ਼ਿਆਂ ਨੂੰ ਰੱਦ ਕਰਨ ਬਾਰੇ ਵਿਚਾਰ ਕਰੇ ਤਾਂ ਜੋ ਘੋਸ਼ਣਾ ਪੱਤਰ ਦੀ ਕਸੌਟੀ ਉਪਰ ਖਰਾ ਉਤਰਿਆ ਜਾ ਸਕੇ। ਇਸ ਘੋਸ਼ਣਾ ਪੱਤਰ ਦੇ ਜਾਰੀ ਹੋਣ ਕਾਰਨ ਜਿਥੇ ਇਸ ਪ੍ਰਸਿੱਧ ਯੂਨੀਵਰਸਿਟੀ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ, ਉਥੇ ਯੂਨੀਵਰਸਿਟੀ ਵਿਚ ਪੜਦੇ ਮੌਜੂਦਾ ਕੌਮਾਂਤਰੀ ਵਿਦਿਆਰਥੀਆਂ ਲਈ ਵੀ ਕਿਸੇ ਵੀ ਸਮੇਂ ਸੰਕਟ ਖੜਾ ਹੋ ਸਕਦਾ ਹੈ।

# ਕਿਸਾਨਾਂ ਨੇ ਭਗਵੰਤ ਮਾਨ ਤੇ ਕੇਜਰੀਵਾਲ ਦੇ ਪੁਤਲੇ ਫੂਕੇ

## ਹਲਕਾ ਮੌੜ ਮੰਡੀ 'ਚ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਦਾ ਵਿਰੋਧ



ਸੰਗਰੂਰ : ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਅਗਵਾਈ ਹੇਠ ਕਿਸਾਨਾਂ ਵੱਲੋਂ ਇਥੇ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਪੁਤਲੇ ਫੂਕ ਕੇ ਮੁਜ਼ਾਹਰਾ ਕੀਤਾ ਗਿਆ। ਪ੍ਰਦਰਸ਼ਨਕਾਰੀ ਜ਼ਿਲ੍ਹਾ ਬਠਿੰਡਾ ਦੇ ਪਿੰਡ ਘਸੋਖਾਨਾ ਵਿਚੋਂ ਮੌੜ ਮੰਡੀ ਸ਼ਹਿਰ ਦੇ ਸੀਵਰੇਜ ਦਾ ਗੰਦਾ ਪਾਣੀ ਲੰਘਾਉਣ ਲਈ ਪਾਈ ਜਾ ਰਹੀ ਪਾਈਪਲਾਈਨ ਦਾ ਵਿਰੋਧ ਕਰ ਰਹੇ ਕਿਸਾਨ ਆਗੂਆਂ ਤੇ ਪਿੰਡ ਵਾਸੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਡੱਕਣ ਖ਼ਿਲਾਫ਼ ਆਵਾਜ਼ ਬੁਲੰਦ ਕਰ ਰਹੇ ਸਨ। ਇਸ ਮੌਕੇ ਸੰਬੋਧਨ ਕਰਦਿਆਂ ਯੂਨੀਅਨ ਦੇ ਸੁਨਾਮ ਬਾਲਕ ਦੇ ਜਨਰਲ ਸਕੱਤਰ ਕੇਵਲ ਸਿੰਘ ਜਵੰਧਾ, ਦਿੜ੍ਹਬਾ ਬਲਾਕ ਦੇ ਪ੍ਰਧਾਨ ਸੁਖਚੈਨ ਸਿੰਘ ਸ਼ਾਦੀਹਰੀ ਅਤੇ ਭਵਾਨੀਗੜ੍ਹ ਬਲਾਕ ਦੇ ਪ੍ਰਧਾਨ ਕਰਨੈਲ ਸਿੰਘ ਕਾਕੜਾ ਨੇ ਕਿਹਾ ਕਿ ਪੰਜਾਬ ਸਰਕਾਰ ਦਿੱਲੀ ਦੇ ਲੋਕਾਂ ਵੱਲੋਂ ਨਕਾਰੇ ਹੋਏ 'ਆਪ' ਆਗੂਆਂ ਅਤੇ ਕੇਂਦਰ ਸਰਕਾਰ ਦੇ ਦਬਾਅ ਹੇਠ ਪੰਜਾਬ ਦੇ ਸੰਘਰਸ਼ੀ ਲੋਕਾਂ ਦੀ ਆਵਾਜ਼ ਨੂੰ ਜ਼ੁਲਮ ਕਰਕੇ ਦਬਾਉਣਾ ਚਾਹੁੰਦੀ ਹੈ। ਲੋਕਾਂ ਨੂੰ ਸੰਘਰਸ਼ ਕਰਨ ਦੇ ਮਿਲੇ ਮੌਲਿਕ ਅਧਿਕਾਰ ਨੂੰ ਖੋਹਣ ਦੀਆਂ ਕੋਸ਼ਿਸ਼ਾਂ ਤਹਿਤ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਜੇਲ੍ਹਾਂ 'ਚ ਸੁੱਟ ਕੇ ਪੰਜਾਬ ਸਰਕਾਰ ਲੋਕਤੰਤਰ ਦਾ ਘਾਣ ਕਰ ਰਹੀ ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਮੌੜ ਮੰਡੀ ਸ਼ਹਿਰ ਦੇ ਸੀਵਰੇਜ ਦਾ ਪਾਣੀ ਡਰੇਨ ਵਿੱਚ ਪਾਉਣ ਲਈ ਪਾਈਪਾਂ ਸੜਕ ਦੇ ਨਾਲ ਨਾਲ ਪਾਉਣ ਦੀ ਬਜਾਏ ਹਲਕਾ ਮੌੜ ਦੇ ਵਿਧਾਇਕ ਦੀ ਜ਼ਿੱਦ ਪੁਗਾਉਣ ਲਈ ਪਾਈਪਾਂ ਪਿੰਡ ਵਿਚਕਾਰੋਂ ਪਾਈਆਂ ਜਾ ਰਹੀਆਂ ਹਨ ਜਿਸ ਵਿਰੋਧ ਕਰਨ ਵਾਲੇ ਸੈਂਕੜੇ ਕਿਸਾਨ ਆਗੂਆਂ ਤੇ ਪਿੰਡ ਵਾਸੀਆਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ। ਜੇਲ੍ਹਾਂ ਵਿੱਚ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ ਸਮੇਤ 10 ਤੋਂ ਵੱਧ ਆਗੂਆਂ ਨੇ ਮਰਨ ਵਰਤ ਸ਼ੁਰੂ ਕੀਤਾ ਹੋਇਆ ਹੈ ਜਿਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪਾਈਪ ਪਾਉਣ ਦਾ ਕੰਮ ਨਾ ਰੋਕਿਆ ਗਿਆ ਅਤੇ ਜੇਲ੍ਹਾਂ 'ਚ ਬੰਦ ਕਿਸਾਨਾਂ ਦਾ ਕੋਈ ਨੁਕਸਾਨ ਹੋਇਆ ਤਾਂ ਸਰਕਾਰ ਜ਼ਿੰਮੇਵਾਰ ਹੋਵੇਗੀ। ਇਸ ਮੌਕੇ ਗੁਰਚਰਨ ਸਿੰਘ ਨਮੋਲ, ਦਲੇਲ ਸਿੰਘ ਚੱਠਾ ਨਨਹੇੜਾ, ਬਲਵੀਰ ਸਿੰਘ ਰੋੜੇਵਾਲਾ, ਸੂਰਤ ਸਿੰਘ ਹੋਤੀਪੁਰ, ਅਵਤਾਰ ਸਿੰਘ ਰਾਮਪੁਰਾ ਗਨੌਟਾ, ਨਿੱਕਾ ਸਿੰਘ ਸਾਦੀਹਰੀ, ਗੁਰਦੀਪ ਸਿੰਘ, ਦਰਸ਼ਨ ਸਿੰਘ ਮਹਿਲਾਂ ਚੌਕ ਅਤੇ ਸੀਵ ਸਿੰਘ ਜਲੂਰ ਆਦਿ ਮੌਜੂਦ ਸਨ।

# ਜਮਹੂਰੀ ਕਿਸਾਨ ਸਭਾ ਨੇ ਅਜਨਾਲਾ ਦਾ ਥਾਣਾ ਘੇਰਿਆ

## ਨੌਜਵਾਨ ਆਗੂ ਉੱਪਰ ਹਮਲਾ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ



ਅਜਨਾਲਾ : ਨੌਜਵਾਨ ਆਗੂ ਜੱਗਾ ਸਿੰਘ ਡੱਲਾ ਉੱਪਰ ਹਮਲਾ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਲਈ ਅੱਜ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ (ਜੇ.ਪੀ.ਐਮ.ਓ.) ਦੇ ਸੈਂਕੜੇ ਕਾਰਕੁਨਾਂ ਵੱਲੋਂ ਜ਼ਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਦੀ ਅਗਵਾਈ ਵਿੱਚ ਸਥਾਨਕ ਕਸਬੇ ਦੇ ਬਜ਼ਾਰਾਂ ਵਿੱਚ ਮਾਰਚ ਕਰਦਿਆਂ ਥਾਣਾ ਅਜਨਾਲਾ ਦਾ ਘਿਰਾਓ ਕੀਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਸਰਕਾਰ ਅਤੇ ਪੁਲੀਸ ਦੀ ਸ਼ਹਿ ਪ੍ਰਾਪਤ ਸਮਾਜ ਵਿਰੋਧੀ ਅਨਸਰਾਂ ਵੱਲੋਂ ਨੌਜਵਾਨ ਆਗੂ ਜੱਗਾ ਸਿਘ ਡੱਲਾ ਉਪਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ ਗਿਆ ਜਿਸ ਵਿੱਚ ਉਸ ਦੇ ਗੰਭੀਰ ਸੱਟਾਂ ਲੱਗੀਆਂ। ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਜਥੇਬੰਦੀ ਵੱਲੋਂ ਅਜਨਾਲਾ ਪੁਲੀਸ ਖ਼ ?ਲਾਫ਼ ਸੰਘਰਸ਼ ਸਦਕਾ ਹਮਲਾਵਰਾਂ ਉੱਪਰ ਇਰਾਦਾ ਕਤਲ ਦਾ ਕੇਸ ਦਰਜ ਹੋਇਆ ਅਤੇ ਦੋ ਹਮਲਾਵਰ ਪੁਲੀਸ ਤੋਂ ਗ੍ਰਿਫ਼ਤਾਰ ਕਰਵਾਏ ਗਏ ਪਰ ਕਥਿਤ ਸਿਆਸੀ ਦਖਲ ਕਾਰਨ ਦੋਵੇਂ ਹਮਲਾਵਰ ਪੁਲੀਸ ਵੱਲੋਂ ਰਿਹਾਅ ਕਰ ਦਿੱਤੇ ਗਏ। ਆਗੂਆਂ ਕਿਹਾ ਕਿ ਜੱਗਾ ਸਿੰਘ 'ਤੇ ਹਮਲਾ ਕਰਨ ਵਾਲੇ ਸਾਰੇ ਮੁਲਜ਼ਮਾਂ ਦੀ ਗ੍ਰਿਫਤਾਰੀ ਹੋਣ ਤੱਕ ਧਰਨਾ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਗੁਰਨਾਮ ਸਿੰਘ ਉਮਰਪੁਰਾ, ਦੇਸਾ ਸਿੰਘ ਭਿੰਡੀਆਂ ਤੇ ਹਰਭਜਨ ਸਿੰਘ ਟਰਪਈ ਆਦਿ ਹਾਜ਼ਰ ਸਨ।

# ਨਸ਼ਾ ਤਸਕਰ ਦੀ ਨਾਜਾਇਜ਼ ਉਸਾਰੀ ਢਾਹੀ

## ਜੇਲ੍ਹ ਵਿੱਚ ਬੰਦ ਹੈ ਮੁਲਜ਼ਮ; ਐੱਸਐੱਸਪੀ ਵੱਲੋਂ ਨਸ਼ਾ ਤਸਕਰਾਂ ਨੂੰ ਚਿਤਾਵਨੀ



ਕੁਰਾਲੀ : ਪੁਲਿਸ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਅੱਜ ਥਾਣਾ ਸਦਰ ਕੁਰਾਲੀ ਅਧੀਨ ਪੈਂਦੇ ਪਿੰਡ ਚਟੌਲੀ ਕਲਾਂ ਵਿੱਚ ਸਾਂਝੀ ਕਾਰਵਾਈ ਕਰਦਿਆਂ ਨਸ਼ਾ ਤਸਕਰ ਵੱਲੋਂ ਪੰਚਾਇਤੀ ਜ਼ਮੀਨ 'ਤੇ ਕੀਤੀ ਗ਼ੈਰਕਾਨੂੰਨੀ ਉਸਾਰੀ ਢਾਹ ਦਿੱਤੀ। ਇਹ ਕਾਰਵਾਈ ਜ਼ਿਲ੍ਹਾ ਪੁਲੀਸ ਮੁਖੀ ਹਰਮਨਦੀਪ ਸਿੰਘ ਹਾਂਸ ਦੇ ਨਿਰਦੇਸ਼ਾਂ 'ਤੇ ਡੀਐੱਸਪੀ (ਮੁੱਲਾਂਪੁਰ ਗਰੀਬਦਾਸ) ਮੋਹਿਤ ਅਗਰਵਾਲ ਅਤੇ ਐੱਸਐੱਚਓ ਗੌਰਵਬੰਸ ਸਿੰਘ ਦੀ ਅਗਵਾਈ ਵਾਲੀ ਟੀਮ ਵੱਲੋਂ ਕੀਤੀ ਗਈ। ਇਸ ਮੌਕੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

ਡੀਐੱਸਪੀ ਅਗਰਵਾਲ ਨੇ ਦੱਸਿਆ ਕਿ ਅੱਜ ਪਿੰਡ ਚਟੌਲੀ ਕਲਾਂ ਦੇ ਨਸ਼ਾ ਤਸਕਰ ਦਿਲਪ੍ਰੀਤ ਸਿੰਘ ਵੱਲੋਂ ਕੀਤੀ ਗ਼ੈਰਕਾਨੂੰਨੀ ਉਸਾਰੀ ਢਾਹ ਦਿੱਤੀ ਗਈ ਹੈ। ਉਨ੍ਹਾ ਦੱਸਿਆ ਕਿ ਦਿਲਪ੍ਰੀਤ ਸਿੰਘ ਖ਼ਿਲਾਫ਼ ਕੁਰਾਲੀ ਪੁਲੀਸ ਨੇ 29 ਮਈ, 2022 ਨੂੰ 445 ਗ੍ਰਾਮ ਹੈਰੋਇਨ ਬਰਾਮਦ ਕਰ ਕੇ ਕੇਸ ਦਰਜ ਕੀਤਾ ਸੀ। ਇਸ ਮਾਮਲੇ ਕਾਰਨ ਹੀ ਦਿਲਪ੍ਰੀਤ ਜੇਲ੍ਹ ਵਿੱਬ ਬੰਦ ਹੈ।

ਉਨ੍ਹਾਂ ਅੱਗੇ ਕਿਹਾ ਕਿ ਅੱਜ ਦੀ ਇਹ ਕਾਰਵਾਈ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਲੋਕਾਂ ਲਈ ਸਖ਼ਤ ਸੁਨੇਹਾ ਹੈ। ਇਸੇ ਦੌਰਾਨ ਜ਼ਿਲ੍ਹਾ ਪੁਲੀਸ ਮੁਖੀ ਹਰਮਨਦੀਪ ਸਿੰਘ ਹਾਂਸ ਨੇ ਵੀ ਨਸ਼ਾ ਤਸਕਰਾਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਅਜਿਹੀਆਂ ਗ਼ੈਰਕਾਨੂੰਨੀ ਗਤੀਵਿਧੀਆਂ ਬੰਦ ਕਰਨ ਜਾਂ ਫਿਰ ਇਸੇ ਤਰ੍ਹਾਂ ਦੇ ਨਤੀਜੇ ਭੁਗਤਣ ਲਈ ਤਿਆਰ ਰਹਿਣ ਦੀ ਤਾਕੀਦ ਕੀਤੀ। ਇਸ ਮੌਕੇ ਡਿਊਟੀ ਮੈਜਿਸਟ੍ਰੇਟ ਵਜੋਂ ਨਾਇਬ ਤਹਿਸੀਲਦਾਰ (ਮਾਜਰੀ) ਰਾਜਵੀਰ ਸਿੰਘ ਮਰਵਾਹ ਅਤੇ ਪੰਚਾਇਤ ਅਫ਼ਸਰ ਬਲਾਕ ਮਾਜਰੀ ਮਨਦੀਪ ਸਿੰਘ ਮੌਜੂਦ ਸਨ।

# ਵਿਰਾਟ ਕੋਹਲੀ ਤੇ ਰੌਇਲ ਚੈਲੇਂਜਰਜ਼ ਬੰਗਲੂਰੂ ਨੇ ਜਿੱਤਿਆ ਖਿਤਾਬ

## ਆਈਪੀਐੱਲ (IPL) ਫਾਈਨਲ 'ਚ ਪੰਜਾਬ ਕਿੰਗਜ਼ ਨੂੰ 6 ਦੌੜਾਂ ਨਾਲ ਹਰਾਕੇ ਵਿਰਾਟ ਕੋਹਲੀ ਦੀ ਅਗਵਾਈ 'ਚ ਰੌਇਲ ਚੈਲੇਂਜਰਜ਼ ਬੰਗਲੂਰੂ ਬਣਿਆ ਚੈਂਪੀਅਨ






ਅਹਿਮਦਾਬਾਦ : ਵਿਰਾਟ ਕੋਹਲੀ ਤੇ ਰੌਇਲ ਚੈਲੇਂਜਰਜ਼ ਬੰਗਲੂਰੂ ਨੇ ਖਿਤਾਬ ਜਿੱਤਿਆ ਆਈਪੀਐੱਲ (IPL) ਫਾਈਨਲ ਵਿਚ ਪੰਜਾਬ ਕਿੰਗਜ਼ ਨੂੰ 6 ਦੌੜਾਂ ਨਾਲ ਹਰਾਕੇ ਵਿਰਾਟ ਕੋਹਲੀ ਦੀ ਅਗਵਾਈ 'ਚ ਰੌਇਲ ਚੈਲੇਂਜਰਜ਼ ਬੰਗਲੂਰੂ ਚੈਂਪੀਅਨ ਬਣਿਆ।

ਰੌਇਲ ਚੈਲੇਂਜਰਜ਼ ਬੰਗਲੂਰੂ ਦੀ ਟੀਮ ਇੰਡੀਅਨ ਪ੍ਰੀਮੀਅਰ ਲੀਗ ਦੇ ਫਾਈਨਲ ਵਿਚ ਪੰਜਾਬ ਕਿੰਗਜ਼ ਨੂੰ 6 ਦੌੜਾਂ ਨਾਲ ਹਰਾ ਕੇ ਚੈਂਪੀਅਨ ਬਣ ਗਈ ਹੈ। ਵਿਰਾਟ ਕੋਹਲੀ ਤੇ RCB ਦੀ ਟੀਮ ਨੇ 18 ਸਾਲਾਂ ਵਿਚ ਪਹਿਲੀ ਵਾਰ ਆਈਪੀਐੱਲ ਵਿਚ ਖਿਤਾਬੀ ਜਿੱਤ ਦਰਜ ਕੀਤੀ ਹੈ। ਪੰਜਾਬ ਦੀ ਟੀਮ ਬੰਗਲੂਰੂ ਵੱਲੋਂ ਜਿੱਤ ਲਈ ਮਿਲੇ 191 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਨਿਰਧਾਰਿਤ 20 ਓਵਰਾ ਵਿਚ 7 ਵਿਕਟਾਂ ਦੇ ਨੁਕਸਾਨ ਨਾਲ 184 ਦੌੜਾਂ ਹੀ ਬਣਾ ਸਕੀ। ਟੀਮ ਨੂੰ ਮਿਲੀ ਜਿੱਤ ਮਗਰੋਂ ਵਿਰਾਟ ਕੋਹਲੀ ਮੈਦਾਨ 'ਤੇ ਕਾਫੀ ਭਾਵੁਕ ਨਜ਼ਰ ਆਏ ਕਿਉਂਕਿ ਇਹ ਉਨ੍ਹਾਂ ਦਾ ਪਹਿਲਾ IPL ਖਿਤਾਬ ਹੈ।

ਪੰਜਾਬ ਲਈ ਸ਼ਸ਼ਾਂਕ ਸਿੰਘ ਨੇ 30 ਗੇਂਦਾਂ ਵਿਚ 61 ਦੌੜਾਂ ਦੀ ਨਾਬਾਦ ਪਾਰੀ ਖੇਡੀ, ਜਿਸ ਵਿਚ 3 ਚੌਕੇ ਤੇ 6 ਛੱਕੇ ਵੀ ਸ਼ਾਮਲ ਹਨ, ਪਰ ਉਹ ਟੀਮ ਨੂੰ ਜਿੱਤ ਦੀਆਂ ਬਰੂਹਾਂ ਤੱਕ ਪਹੁੰਚਾਉਣ ਵਿਚ ਨਾਕਾਮ ਰਿਹਾ। ਹੋਰਨਾਂ ਬੱਲੇਬਾਜ਼ਾਂ ਵਿਚ Josh Inglis ਨੇ 23 ਗੇਂਦਾਂ 'ਤੇ 39 ਦੌੜਾਂ ਬਣਾਈਆਂ। ਕਪਤਾਨ Shreyas Iyer ਜੋ ਦੂਜੇ ਕੁਆਲੀਫਾਇਰ ਵਿਚ ਟੀਮ ਦੀ ਜਿੱਤ ਦਾ ਹੀਰੋ ਸੀ, 1 ਦੌੜ ਬਣਾ ਕੇ ਆਊਟ ਹੋ ਗਿਆ। ਪੀ.ਆਰੀਆ ਨੇ 24 ਤੇ ਪ੍ਰਭਸਿਮਰਨ ਸਿੰਘ ਨੇ 26 ਦੌੜਾਂ ਦਾ ਯੋਗਦਾਨ ਪਾਇਆ। ਰੌਇਲ ਚੈਲੇਂਜਰਜ਼ ਬੰਗਲੂਰੂ ਲਈ ਭੁਵਨੇਸ਼ਵਰ ਕੁਮਾਰ ਤੇ ਕਰੁਨਾਲ ਪੰਡਿਆ ਨੇ ਦੋ ਦੋ ਅਤੇ ਵਾਈ. ਦਿਆਲ, ਜੋਸ਼ ਹੇਜ਼ਲਵੁੱਡ ਤੇ ਆਰ.ਸ਼ੈਪਰਡ ਨੇ ਇਕ ਇਕ ਵਿਕਟ ਲਈ।

ਇਸ ਤੋਂ ਪਹਿਲਾਂ ਰੌਇਲ ਚੈਲੇਂਜਰਜ਼ ਬੰਗਲੂਰੂ ਦੀ ਟੀਮ ਨੇ ਪੰਜਾਬ ਵੱਲੋਂ ਪਹਿਲਾਂ ਬੱਲੇਬਾਜ਼ੀ ਕਰਨ ਦੇ ਮਿਲੇ ਸੱਦੇ 'ਤੇ ਨਿਰਧਾਰਿਤ 20 ਓਵਰਾਂ ਵਿਚ 9 ਵਿਕਟਾਂ ਦੇ ਨੁਕਸਾਨ ਨਾਲ 190 ਦੌੜਾਂ ਬਣਾਈਆਂ।

ਬੰਗਲੂਰੂ ਦੀ ਟੀਮ ਲਈ ਵਿਰਾਟ ਕੋਹਲੀ ਨੇ 43, ਕਪਤਾਨ ਰਜਤ ਪਾਟੀਦਾਰ ਨੇ 26, ਲਿਆਮ ਲਿਵਿੰਗਸਟੋਨ 25, ਮਯੰਕ ਅਗਰਵਾਲ ਤੇ ਜਿਤੇਸ਼ ਸ਼ਰਮਾ ਨੇ 24-24 ਦੌੜਾਂ ਦਾ ਯੋਗਦਾਨ ਪਾਇਆ।

ਪੰਜਾਬ ਲਈ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੇ ਆਖਰੀ ਓਵਰ ਵਿਚ ਤਿੰਨ ਵਿਕਟਾਂ ਲਈਆਂ। ਹੋਰਨਾਂ ਗੇਂਦਬਾਜ਼ਾਂ ਵਿਚ ਕਾਇਲੀ ਜੈਮੀਸਨ ਨੇ 48 ਦੌੜਾਂ ਬਦਲੇ ਤਿੰਨ ਵਿਕਟ ਲਏ ਜਦੋਂਕਿ ਇਕ ਇਕ ਵਿਕਟ ਅਜ਼ਮਤਉੱਲਾ ਓਮਰਜ਼ਈ, ਯੁਜ਼ਵੇਂਦਰ ਚਹਿਲ ਤੇ ਵਾਇਸ਼ੈਕ ਵਿਜੈ ਕੁਮਾਰ ਨੇ ਲਈ।

ਕਾਬਿਲੇਗੌਰ ਹੈ ਕਿ ਪੰਜਾਬ ਦੀ ਟੀਮ 11 ਸਾਲਾਂ ਬਾਅਦ ਆਈਪੀਐੱਲ ਦੇ ਫਾਈਨਲ ਵਿਚ ਪਹੁੰਚੀ ਸੀ ਜਦੋਂਕਿ ਆਰਸੀਬੀ ਦਾ ਇਹ ਚੌਥਾ ਖਿਤਾਬੀ ਮੁਕਾਬਲਾ ਸੀ। ਦੋਵਾਂ ਟੀਮਾਂ ਨੇ ਆਈਪੀਐੱਲ ਦੇ 18 ਸਾਲਾਂ ਦੇ ਇਤਿਹਾਸ ਵਿਚ ਹੁਣ ਤੱਕ ਆਈਪੀਐੱਲ ਦਾ ਖਿਤਾਬ ਨਹੀਂ ਜਿੱਤਿਆ ਸੀ।



















# '84 'ਚ ਸਿੱਖ ਨਸਲਕੁਸ਼ੀ ਪੀੜਤਾਂ ਨੂੰ ਦਿੱਲੀ ਸਰਕਾਰ ਨੇ 41 ਸਾਲ ਬਾਅਦ ਕੁਝ ਪਰਿਵਾਰਾਂ ਨੂੰ ਦਿੱਤੀਆਂ ਨੌਕਰੀਆਂ

## ਦਿੱਲੀ ਸਰਕਾਰ ਵੱਲੋਂ ਪੀੜਤਾਂ ਦਾ ਦੁੱਖ ਵੰਡਾਉਣ ਦੀ ਕੋਸ਼ਿਸ਼: ਰੇਖਾ ਗੁਪਤਾ








ਨਵੀਂ ਦਿੱਲੀ : ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਅਤੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਅੱਜ ਇੱਥੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਰਕਾਰੀ ਨੌਕਰੀ ਦੇ ਨਿਯੁਕਤੀ ਪੱਤਰ ਵੰਡੇ। ਇਸ ਸਬੰਧੀ ਸਮਾਰੋਹ ਵਿੱਚ 19 ਵਿਅਕਤੀਆਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ। ਦਿੱਲੀ ਸਰਕਾਰ ਵੱਲੋਂ ਇਸ ਵਿਸ਼ੇਸ਼ ਯੋਜਨਾ ਤਹਿਤ ਦੰਗਾ ਪੀੜਤ ਪਰਿਵਾਰਾਂ ਦੇ ਕੁੱਲ 125 ਮੈਂਬਰਾਂ ਨੂੰ ਨੌਕਰੀਆਂ ਦਿੱਤੀਆਂ ਜਾਣੀਆਂ ਹਨ। ਇਸ ਸਮਾਰੋਹ ਵਿੱਚ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਆਗੂ ਵੀ ਸ਼ਾਮਲ ਸਨ।

ਇਸ ਦੌਰਾਨ ਸੰਬੋਧਨ ਕਰਦਿਆਂ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਦਿੱਲੀ ਸਰਕਾਰ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤ ਪਰਿਵਾਰਾਂ ਦੇ 125 ਵਿਅਕਤੀਆਂ ਨੂੰ ਨੌਕਰੀਆਂ ਦੇ ਨਿਯੁਕਤੀ ਪੱਤਰ ਵੰਡੇ ਹਨ। ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਦਿੱਲੀ ਸਰਕਾਰ ਵੱਲੋਂ ਪੀੜਤਾਂ ਦਾ ਦੁੱਖ ਵੰਡਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਦਿੱਲੀ ਸਰਕਾਰ ਐਮਰਜੈਂਸੀ ਵਿਰੁੱਧ ਲੜਨ ਵਾਲਿਆਂ ਨੂੰ ਪੈਨਸ਼ਨਾਂ ਅਤੇ ਹੋਰ ਸਹਾਇਤਾ ਵੀ ਦੇਵੇਗੀ। ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਹਰੇਕ ਸੰਭਵ ਮਦਦ ਦੇਣ ਦੀ ਕੋਸ਼ਿਸ਼ ਜਾਰੀ ਰਹੇਗੀ। ਇਸ ਦੌਰਾਨ ਉਨ੍ਹਾਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀ ਆਲੋਚਨਾ ਕਰਦਿਆਂ ਦੋਸ਼ ਲਗਾਇਆ ਕਿ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਤੇ ਹੋਰ ਦੋਸ਼ੀਆਂ ਨਾਲ ਰਲੇ ਹੋਏ ਸਨ, ਇਸ ਵਾਸਤੇ ਉਨ੍ਹਾਂ ਪੀੜਤ ਪਰਿਵਾਰਾਂ ਦੀ ਮਦਦ ਵਾਸਤੇ ਇਕ ਵੀ ਕਦਮ ਨਹੀਂ ਉਠਾਇਆ। ਇਸ ਤੋਂ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਮੁੱਖ ਮੰਤਰੀ ਰੇਖਾ ਗੁਪਤਾ ਅਤੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਦਾ ਸਨਮਾਨ ਕੀਤਾ।



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚਿਤੂਰ ਨੇੜੇ ਪੁਲੀਗੁੰਡੂ ਟਵਿਨ ਹਿਲਜ਼ 'ਤੇ ਆਂਧਰਾ ਪ੍ਰਦੇਸ਼ ਦੇ ਅੰਤਰਰਾਸ਼ਟਰੀ ਯੋਗਾ ਦਿਵਸ 2025 ਤੋਂ ਪਹਿਲਾਂ ਮਹੀਨਾ ਭਰ ਚੱਲਣ ਵਾਲੇ ਯੋਗਾਂਧਰਾ 2025 ਲਈ ਇਕੱਠੇ ਹੋਏ 2,000 ਯੋਗਾ ਪ੍ਰੇਮੀਆਂ ਦੀ ਇਹ ਤਸਵੀਰ ਟਵੀਟ ਕੀਤੀ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਪ ਪ੍ਰਧਾਨ ਮੰਤਰੀ ਰਿਚਰਡ ਮਾਰਲਸ ਨਾਲ ਕੀਤੀ ਮੁਲਾਕਾਤ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਆਸਟ੍ਰੇਲੀਆ ਦੇ ਰੱਖਿਆ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਰਿਚਰਡ ਮਾਰਲਸ ਨਾਲ ਮੁਲਾਕਾਤ ਕੀਤੀ।

# ਵਿਸ਼ਵ ਵਾਤਾਵਰਣ ਦਿਵਸ ਤੇ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਘਰ ਲਗਾਇਆ 'ਸਿੰਦੂਰ ਦਾ ਬੂਟਾ'




ਨਵੀਂ ਦਿੱਲੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਸ਼ਵ ਵਾਤਾਵਰਣ ਦਿਵਸ ਮੌਕੇ ਵੀਰਵਾਰ ਨੂੰ ਆਪਣੇ ਘਰ 'ਚ 'ਸਿੰਦੂਰ' ਦਾ ਇਕ ਬੂਟਾ ਲਗਾਇਆ, ਜਦੋ ਉਨ੍ਹਾਂ ਨੂੰ 1971 ਦੇ ਯੁੱਧ ਦੌਰਾਨ ਸਾਹਸ ਦਿਖਾਉਣ ਵਾਲੀਆਂ ਔਰਤਾਂ ਦੇ ਇਕ ਸਮੂਹ ਨੇ ਭੇਟ ਕੀਤਾ ਸੀ। ਭਾਰਤ ਨੇ 22 ਅਪ੍ਰੈਲ ਨੂੰ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਖ਼ਿਲਾਫ਼ 'ਆਪਰੇਸ਼ਨ ਸਿੰਦੂਰ' ਸ਼ੁਰੂ ਕੀਤਾ ਸੀ। ਇਸ ਆਪਰੇਸ਼ਨਸ ਦੇ ਮੱਦੇਨਜ਼ਰ ਇਸ ਬੂਟੇ ਨੂੰ ਲਗਾਉਣ ਦਾ ਵਿਸ਼ੇਸ਼ ਮਹੱਤਵ ਹੈ। ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਲਿਖਿਆ, "1971 ਦੇ ਯੁੱਧ 'ਚ ਸਾਹਸ ਅਤੇ ਬਹਾਦਰੀ ਦੀ ਮਿਸਾਲ ਪੇਸ਼ ਕਰਨ ਵਾਲੀਆਂ ਕੱਛ ਦੀ ਮਾਵਾਂ-ਭੈਣਾਂ ਨੇ ਹਾਲ 'ਚ ਗੁਜਰਾਤ ਦੌਰੇ 'ਤੇ ਮੈਨੂੰ ਸਿੰਦੂਰ ਦਾ ਬੂਟਾ ਭੇਟ ਕੀਤਾ ਸੀ। ਵਿਸ਼ਵ ਵਾਤਾਵਰਣ ਦਿਵਸ 'ਤੇ ਅੱਜ ਮੈਨੂੰ ਉਸ ਬੂਟੇ ਨੂੰ ਨਵੀਂ ਦਿੱਲੀ ਸਥਿਤ ਪ੍ਰਧਾਨ ਮੰਤਰੀ ਘਰ 'ਚ ਲਗਾਉਣ ਦਾ ਮੌਕਾ ਮਿਲਿਆ ਹੈ।" ਪ੍ਰਧਾਨ ਮੰਤਰੀ ਨੇ ਇਨ੍ਹਾਂ ਔਰਤਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਆਪਣੇ 7, ਲੋਕ ਕਲਿਆਣ ਮਾਰਗ ਸਥਿਤ ਘਰ 'ਤੇ ਇਹ ਬੂਟਾ ਲਗਾਉਣਗੇ। ਮੋਦੀ ਨੇ ਕਿਹਾ, "ਇਹ ਬੂਟਾ ਸਾਡੇ ਦੇਸ਼ ਦੀ ਨਾਰੀਸ਼ਕਤੀ ਦੀ ਬਹਾਦਰੀ ਅਤੇ ਪ੍ਰੇਰਨਾ ਦਾ ਪ੍ਰਤੀਕ ਬਣਿਆ ਰਹੇਗਾ।" ਪਹਿਲਗਾਮ 'ਚ ਅੱਤਵਾਦੀ ਹਮਲੇ ਦੇ ਜਵਾਬ 'ਚ ਭਾਰਤ ਨੇ 'ਆਪਰੇਸ਼ਨ ਸਿੰਦੂਰ' ਦੇ ਅਧੀਨ ਪਾਕਿਸਤਾਨ 'ਚ 9 ਅੱਤਵਾਦੀ ਢਾਂਚਿਆਂ 'ਤੇ ਸਟੀਕ ਹਮਲੇ ਕੀਤੇ ਸਨ, ਜਿਸ ਤੋਂ ਬਾਅਦ ਪਾਕਿਸਤਾਨ ਨੇ 8, 9 ਅਤੇ 10 ਮਈ ਨੂੰ ਭਾਰਤੀ ਫ਼ੌਜ ਟਿਕਾਣਿਆਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਭਾਰਤੀ ਪੱਖ ਨੇ ਹਵਾਈ ਅੱਡਿਆਂ, ਹਵਾਈ ਰੱਖਿਆ ਪ੍ਰਣਾਲੀਆਂ, ਕਮਾਨ ਅਤੇ ਕੰਟਰੋਲ ਕੇਂਦਰਾਂ ਅਤੇ ਰਡਾਰ ਸਥਾਨਾਂ ਨੂੰ ਭਾਰੀ ਨੁਕਸਾਨ ਪਹੁੰਚਾ ਕੇ ਪਾਕਿਸਤਾਨੀ ਹਮਲਿਆਂ ਦਾ ਮੂੰਹ ਤੋੜ ਜਵਾਬ ਦਿੱਤਾ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ 10 ਮਈ ਨੂੰ ਐਲਾਨ ਕੀਤਾ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਜ਼ਮੀਨ, ਹਵਾਈ ਅਤੇ ਸਮੁੰਦਰ 'ਚ ਸਾਰੇ ਤਰ੍ਹਾਂ ਦੀਆਂ ਫ਼ੌਜ ਕਾਰਵਾਈਆਂ ਨੂੰ ਰੋਕਣ ਨੂੰ ਲੈ ਕੇ ਸਹਿਮਤੀ ਬਣ ਗਈ ਹੈ। ਪਹਿਲਗਾਮ ਹਮਲੇ 'ਚ ਅੱਤਵਾਦੀਆਂ ਨੇ ਸੈਲਾਨੀਆਂ ਨੂੰ ਨਿਸ਼ਾਨਾ ਬਣਾਉਣ ਤੋਂ ਪਹਿਲਾਂ ਉਨ੍ਹਾਂ ਦੀ ਧਾਰਮਿਕ ਪਛਾਣ ਪੁੱਛੀ ਸੀ। ਇਸ ਹਮਲੇ 'ਚ 26 ਲੋਕ ਮਾਰੇ ਗਏ ਸਨ। ਸਿੰਦੂਰ ਰਵਾਇਤੀ ਰੂਪ ਨਾਲ ਵਿਆਹੁਤਾ ਹਿੰਦੂ ਔਰਤਾਂ ਵਲੋਂ ਲਗਾਇਆ ਜਾਂਦਾ ਹੈ, ਜਿਸ ਦਾ ਭਾਰਤੀ ਪਰੰਪਰਾ ਅਨੁਸਾਰ ਵਿਵਾਹਿਕ ਜੀਵਨ 'ਚ ਧਾਰਮਿਕ ਅਤੇ ਸੰਸਕ੍ਰਿਤ ਮਹੱਤਵ ਹੈ।

# ਪ੍ਰਧਾਨ ਮੰਤਰੀ ਮੋਦੀ 6 ਜੂਨ ਨੂੰ ਵੰਦੇ ਭਾਰਤ ਰੇਲ ਸੇਵਾ ਦਾ ਉਦਘਾਟਨ ਕਰਨਗੇ





ਸ਼੍ਰੀਨਗਰ : ਜੰਮੂ ਅਤੇ ਕਸ਼ਮੀਰ ਪੁਲਿਸ ਦੇ ਜਵਾਨ ਸ਼੍ਰੀਨਗਰ ਰੇਲਵੇ ਸਟੇਸ਼ਨ 'ਤੇ ਰੇਲਵੇ ਟਰੈਕ ਦੇ ਨੇੜੇ ਗਸ਼ਤ ਕਰਦੇ ਹੋਏ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 6 ਜੂਨ ਨੂੰ ਸ਼੍ਰੀਨਗਰ ਵਿੱਚ ਕਟੜਾ ਅਤੇ ਸ਼੍ਰੀਨਗਰ ਵਿਚਕਾਰ ਵੰਦੇ ਭਾਰਤ ਰੇਲ ਸੇਵਾ ਦੇ ਉਦਘਾਟਨ ਤੋਂ ਪਹਿਲਾਂ।



ਬੇਬੇ ਹਫਤੇ ਬਾਅਦ ਦਰਬਾਰ ਸਾਹਿਬ ਆਉਂਦੀ ਅਤੇ ਏਥੇ ਪੌੜੀਆਂ ਤੇ ਬੈਠ ਗੋਲੀਆਂ ਦੇ ਨਿਸ਼ਾਨ ਦੇਖਦੀ ਰਹਿੰਦੀ। ਲੰਗਰ ਪ੍ਰਸ਼ਾਦਾ ਛਕ ਕੇ ਫੇਰ ਵਾਪਸ ਆ ਕੇ ਓਥੇ ਪੌੜੀਆਂ ਦੇ ਮੁੱਢ ਵਿੱਚ ਬੈਠ ਜਾਇਆ ਕਰਦੀ ਜਾਂ ਫਿਰ ਦੋ ਤਿੰਨ ਪੌੜੀਆਂ ਉੱਪਰ ਹੋ ਕੇ ਅੱਖਾਂ ਬੰਦ ਕਰ ਵਾਹਿਗੁਰੂ ਵਾਹਿਗੁਰੂ ਕਰਦੀ। ਇੱਕ ਦਿਨ ਸੇਵਾਦਾਰ ਨੇ ਪੁੱਛ ਲਿਆ ਮਾਤਾ ਏਥੇ ਕਾਹਤੋਂ ਬੈਠ ਜਾਇਆ ਕਰਦੀ ਆਂ। ਜੇ ਬੈਠਣਾ ਤਾਂ ਪ੍ਰਕਰਮਾਂ ਵਿੱਚ ਬੈਠ ਜਾਇਆ ਕਰ। ਕਹਿੰਦੀ ਪੁੱਤ ਮੈਂ ਸੁਣਿਆ ਸੀ ਏਥੋਂ ਗੋਲੀਆ ਦੇ ਨਿਸ਼ਨ ਮਿਟਾਉਣ ਲੱਗੇ ਆ। ਮੇਰੇ ਮਨਪ੍ਰੀਤ ਦੀ ਰੂਹ ਵਸਦੀ ਆ ਇਹਨਾਂ ਨਿਸ਼ਾਨਾ ਵਿੱਚ। ਐਥੇ ਹੀ ਤਾਂ ਡਿੱਗਿਆ ਹੋਣਾ ਜਦੋਂ ਗੋਲੀ ਲੱਗੀ ਹੋਣੀ ਆ। ਜ਼ਾਲਮਾਂ ਨੇ ਜਵਾਕ ਵੀ ਨਹੀਂ ਦੇਖੇ। ਨਾਲੇ ਪੁੱਤ ਮੈਂ ਕਾਹਨੂੰ ਘੱਲਦੀ ਸੀ। ਮੇਰੇ ਨਾਲ ਦੀ ਮੇਰੀ ਭੈਣ ਅਸੀਂ ਇੱਕੋ ਪਿੰਡ ਵਿਆਹੀਆਂ, ਜ਼ਿਦ ਕਰਕੇ ਮਨਪ੍ਰੀਤ ਨੂੰ ਨਾਲ ਲੈ ਆਈ ਉਸਦਾ ਆਪਣਾ ਪੁੱਤਰ ਜੀਤਾ ਵੀ ਨਾਲ ਹੀ ਸੀ। ਪਰ ਘਰ ਨਹੀਂ ਪਰਤੇ ਏਥੇ ਆ ਕੇ ਸਾਰਿਆਂ ਨੂੰ ਅਵਾਜ਼ਾਂ ਮਾਰਦੀ ਆ ਖੌਰੇ ਕੋਈ ਤਾਂ ਬੋਲ ਪਵੇ। ਚਲੋ ਮਨ ਨੂੰ ਤਸੱਲੀ ਵੀ ਹੈ ਕਿ ਗੁਰੂ ਰਾਮਦਾਸ ਦੇ ਚਰਨਾਂ ਵਿੱਚ ਬੈਠੇ ਆ। ਸੇਵਾਦਾਰ ਭਾਵੁਕ ਹੋ ਕੇ ਚੁੱਪ ਕਰਕੇ ਵਾਪਸ ਚਲਾ ਗਿਆ।

# 41 ਸਾਲ ਬੀਤ ਜਾਣ ਦੇ ਬਾਵਜੂਦ ਵੀ ਸਿੱਖਾਂ ਨੂੰ ਇਨਸਾਫ ਨਹੀਂ ਮਿਲਿਆ : ਮਨਜੀਤ ਸਿੰਘ ਜੀ.ਕੇ.



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਨੇ ਕਿਹਾ ਕਿ 6 ਜੂਨ 1984 ਨੂੰ ਭਾਰਤ ਦੀ ਹਕੂਮਤ ਵਲੋਂ ਸ੍ਰੀ ਦਰਬਾਰ ਸਾਹਿਬ ਉਪਰ ਤੋਪਾਂ ਟੈਂਕਾਂ ਨਾਲ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਕਰ ਦਿੱਤਾ ਅਤੇ ਸੰਤ ਬਾਬਾ ਜਰਨੈਲ ਸਿੰਘ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਸਮੇਤ ਅਨੇਕਾਂ ਹੀ ਸਿੰਘਾਂ-ਸਿੰਘਣੀਆਂ ਨੂੰ ਸ਼ਹੀਦ ਕਰ ਦਿੱਤਾ ਅਤੇ 39 ਗੁਰਦੁਆਰਿਆਂ 'ਤੇ ਹਮਲਾ ਕੀਤਾ। ਇਸ ਹਮਲੇ ਦੌਰਾਨ ਫੌਜਾਂ ਵਲੋਂ ਇਕ ਦੁਸ਼ਮਣ ਦੇਸ਼ ਦੀ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਵਿਚੋਂ ਗੁਰੂ ਘਰ ਦਾ ਸਰਮਾਇਆ ਅਤੇ ਲਿਟਰੇਚਰ ਟਰੱਕਾਂ 'ਤੇ ਭਰ ਕੇ ਲੈ ਗਏ। ਇਸ ਦਿਨ ਨੂੰ 41 ਸਾਲ ਹੋ ਗਏ ਹਨ ਪਰ ਸਿੱਖ ਕੌਮ ਦੇ ਅੰਦਰ ਉਹ ਚੀਸ ਅਤੇ ਦਰਦ ਅੱਜ ਵੀ ਉਸੇ ਤਰ੍ਹਾਂ ਜਿਉਂਦਾ ਹੈ। 41 ਸਾਲ ਬੀਤਣ ਦੇ ਬਾਵਜੂਦ ਵੀ ਸਿੱਖਾਂ ਦੇ ਜ਼ਖ਼ਮ ਹਾਲੇ ਵੀ ਅੱਲੇ ਹਨ।

# ਮੋਦੀ ਨੇ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਨੂੰ ਕੀਤਾ ਸੰਬੋਧਨ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੀਂ ਦਿੱਲੀ ਵਿੱਚ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ।

# ਸਾਬਕਾ ਫੌਜੀ ਨੇ ਗੋਲੀਆਂ ਚਲਾ ਕੇ ਪੁੱਤ ਦੀ ਜਾਨ ਲਈ

ਦੋਰਾਹਾ : ਨੇੜਲੇ ਪਿੰਡ ਬੁਆਣੀ ਵਿਖੇ ਇਕ ਸੇਵਾ ਮੁਕਤ ਫੌਜੀ ਨੇ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਆਪਣੀ ਪਤਨੀ ਅਤੇ ਪੁੱਤਰ ਤੇ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਦੇ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਫੌਜੀ ਦੇ ਪੁੱਤਰ ਜਗਮੀਤ ਸਿੰਘ ਦੀ ਮੌਤ ਹੋ ਗਈ ਜਦੋਂ ਕਿ ਉਸਦੀ ਪਤਨੀ ਬਲਵਿੰਦਰ ਕੌਰ ਦੀ ਹਾਲਤ ਗੰਭੀਰ ਹੈ। ਮੁਲਜ਼ਮ ਸਾਬਕਾ ਫੌਜੀ ਫਰਾਰ ਹੈ।



ਜਾਣਕਾਰੀ ਅਨੁਸਾਰ ਦੋਰਾਹਾ ਨੇੜਲੇ ਪਿੰਡ ਬੁਆਣੀ ਵਿਖੇ ਸੇਵਾਮੁਕਤ ਫੌਜੀ ਬਲਜਿੰਦਰ ਸਿੰਘ ਨੇ ਘਰੇਲੂ ਪ੍ਰੇਸ਼ਾਨੀ ਕਾਰਨ ਗੁੱਸੇ ਵਿਚ ਆ ਕੇ ਪੁੱਤਰ ਜਗਮੀਤ ਸਿੰਘ ਅਤੇ ਪਤਨੀ ਬਲਵਿੰਦਰ ਕੌਰ 'ਤੇ ਕਈ ਗੋਲੀਆਂ ਚਲਾਈਆਂ, ਜਿਸ ਕਾਰਨ ਦੋਵੇਂ ਜ਼ਖ਼ਮੀ ਹੋ ਗਏ। ਵਾਰਦਾਤ ਉਪਰੰਤ ਫੌਜੀ ਫਰਾਰ ਹੋ ਗਿਆ। ਆਲੇ ਦੁਆਲੇ ਦੇ ਲੋਕਾਂ ਤੋਂ ਘਟਨਾ ਦੀ ਸੂਚਨਾ ਮਿਲਣ 'ਤੇ ਡੀਐਸਪੀ ਪਾਇਲ ਹੇਮੰਤ ਮਲਹੋਤਰਾ ਅਤੇ ਐਸਐਚਓ ਦੋਰਾਹਾ ਅਕਾਸ਼ ਦੱਤ ਪੁਲੀਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ। ਪੁਲੀਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ। ਡੀਐਸਪੀ ਅਨੁਸਾਰ ਜਲਦ ਹੀ ਫੌਜੀ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਕੈਲੀਫੋਰਨੀਆ ਸੈਨੇਟ 'ਚ ਅੰਤਰਰਾਸ਼ਟਰੀ ਦਮਨ Transnational Repression SB 509 ਬਿੱਲ ਸਰਬਸੰਮਤੀ ਨਾਲ ਪਾਸ




ਸੈਕਰਾਮੈਂਟੋ (ਕੈਲੀਫੋਰਨੀਆ) : (ਸਾਡੇ ਲੋਕ) ਅਮਰੀਕਾ ਦੇ ਸਿੱਖਾਂ ਲਈ ਅਤੇ ਖਾਸ ਕਰਕੇ ਸੰਘਰਸ਼ ਕਰ ਰਹੀਆਂ ਵੱਖ-ਵੱਖ ਦੇਸ਼ਾਂ ਦੀਆਂ ਘੱਟ-ਗਿਣਤੀਆਂ ਲਈ ਬੇਹੱਦ ਖੁਸ਼ੀ ਵਾਲੀ ਖ਼ਬਰ ਸਾਹਮਣੇ ਆ ਰਹੀ ਹੈ ਕਿ ਟਰਾਂਸ ਨੈਸ਼ਨਲ ਰਿਪ੍ਰੈਸ਼ਨ ਬਿੱਲ SB 509 ਸੈਨੇਟ ਦੇ ਵਿਚ ਜੋ ਪੇਸ਼ ਹੋਇਆ ਸੀ ਉਹ ਵੱਖ-ਵੱਖ ਕਮੇਟੀਆਂ 'ਚ ਪਾਸ ਹੋਣ ਤੋਂ ਬਾਅਦ ਅਖੀਰ 'ਚ ਪਾਸ ਹੋ ਗਿਆ ਹੈ। SB 509 ਬਿੱਲ ਟਰਾਂਸਨੈਸ਼ਨਲ ਰਿਪ੍ਰੈਸ਼ਨ (ਅੰਤਰਰਾਸ਼ਟਰੀ ਦਬਾਅ) ਨਾਲ ਨਜਿੱਠਣ ਲਈ ਹੈ। ਇਹ ਬਿੱਲ ਕੈਲੀਫ਼ੋਰਨੀਆ ਆਫ਼ਿਸ ਆਫ਼ ਐਮਰਜੈਂਸੀ ਸਰਵਿਸਜ਼ ਨੂੰ ਵਿਦੇਸ਼ੀ ਸਰਕਾਰਾਂ ਵੱਲੋਂ ਡਾਇਸਪੋਰਾ ਭਾਈਚਾਰਿਆਂ ਉੱਤੇ ਹੋ ਰਹੇ ਜ਼ੁਲਮ ਦੀ ਪਛਾਣ, ਡਰਾਉਣ, ਧਮਕਾਉਣ ਅਤੇ ਮਾਰਨ ਦੀਆਂ ਕੋਸ਼ਿਸ਼ਾਂ ਅਤੇ ਜੋ ਅਜਾਦੀ ਲਈ ਲੜਨ ਵਾਲਿਆਂ ਦੀ ਰੇਕੀ ਕੀਤੀ ਜਾਂਦੀ ਹੈ, ਨੂੰ ਠੱਲ ਪਾਉਣ ਲਈ ਐਫ ਬੀ ਆਈ ਦੇ ਨਾਲ ਨਾਲ ਬਾਕੀ ਫੋਰਸ ਨੂੰ ਅਥਾਹ ਸ਼ਕਤੀ ਦੇਵੇਗਾ ਤਾਂ ਕਿ ਅਮਰੀਕਾ 'ਚ ਵਿਦੇਸ਼ੀ ਜਾਲਮ ਸਰਕਾਰਾਂ ਨੂੰ ਨੱਥ ਪਾਈ ਜਾ ਸਕੇ। ਵਿਦੇਸ਼ਾਂ ਦੀਆਂ ਸਰਕਾਰਾਂ ਦੀ ਬੁਰਛਾਗਰਦੀ ਨੂੰ ਨਕੇਲ ਪਾਉਣ ਲਈ ਸਾਰੀਆਂ ਸ਼ਕਤੀਆਂ ਚੀਜ਼ਾਂ ਟਰਾਂਸਨੈਸ਼ਨਲ ਇਸ ਬਿੱਲ ਦੇ ਅੰਡਰ ਆਉਣਗੀਆਂ। ਇਹ ਬਿੱਲ SB 509 ਪਾਸ ਹੋਣ ਤੋਂ ਬਾਅਦ ਅਸੈਂਬਲੀ 'ਚ ਜਾਵੇਗਾ। ਫਿਰ ਉਸ ਤੋਂ ਬਾਅਦ ਗਵਰਨਰ ਹਾਊਸ ਜਾਵੇਗਾ। ਇਥੇ ਇਹ ਜ਼ਿਕਰਯੋਗ ਹੈ ਕੀ SB 509 ਬਿੱਲ ਸਿੱਖਾਂ ਦੀ ਨੌਜਵਾਨ ਆਗੂ ਅਤੇ ਵਿਧਾਇਕਾ ਡਾ. ਜਸਮੀਤ ਕੌਰ ਬੈਂਸ ਨੇ ਇਸ ਬਿੱਲ ਨੂੰ ਸੈਨੇਟ ਤੱਕ ਲਿਆਂਦਾ ਸੀ।

# ਡੀਜੀਪੀ ਗੌਰਵ ਯਾਦਵ ਨੇ ਪਟਿਆਲਾ 'ਚ ਐਂਟੀ ਨਾਰਕੋਟਿਕਸ ਟਾਸਕ ਫੋਰਸ ਦੇ ਨਵੇਂ ਦਫ਼ਤਰ ਦਾ ਕੀਤਾ ਉਦਘਾਟਨ

## ਨਸ਼ਾ ਤਸਕਰੀ ਵਿਰੁੱਧ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦਿੱਤੀ




ਪਟਿਆਲਾ : ਡੀਜੀਪੀ ਗੌਰਵ ਯਾਦਵ ਨੇ ਪਟਿਆਲਾ ਵਿੱਚ ਐਂਟੀ ਨਾਰਕੋਟਿਕਸ ਟਾਸਕ ਫੋਰਸ ਦੇ ਨਵੇਂ ਦਫ਼ਤਰ ਦਾ ਉਦਘਾਟਨ ਕੀਤਾ। ਨਸ਼ਾ ਤਸਕਰੀ ਵਿਰੁੱਧ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦਿੱਤੀ। ਗੌਰਵ ਯਾਦਵ ਨੇ ਕਿਹਾ ਕਿ ਅਸੀਂ ਤਰਨਤਾਰਨ ਤੋਂ ਇੱਕ ਵਿਅਕਤੀ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ ਜੋ ਪਾਕਿਸਤਾਨ ਲਈ ਜਾਸੂਸੀ ਕਰਦਾ ਸੀ। ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਐਂਟੀ ਨਾਰਕੋਟਿਕਸ ਟਾਸਕ ਫੋਰਸ (ਏਐਨਟੀਐਫ) ਦੀ ਇੱਕ ਨਵੀਂ ਅਤੇ ਅਤਿ-ਆਧੁਨਿਕ ਇਮਾਰਤ ਦਾ ਉਦਘਾਟਨ ਕਰਨ ਲਈ ਪਟਿਆਲਾ ਪਹੁੰਚੇ। ਇਹ ਦਫ਼ਤਰ ਜਲੰਧਰ ਤੋਂ ਬਾਅਦ ਸੂਬੇ ਦਾ ਦੂਜਾ ਸਭ ਤੋਂ ਵੱਡਾ ਏਐਨਟੀਐਫ ਦਫ਼ਤਰ ਹੋਵੇਗਾ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਡੀਜੀਪੀ ਯਾਦਵ ਨੇ ਨਸ਼ਿਆਂ ਵਿਰੁੱਧ ਚੱਲ ਰਹੀ ਪੁਲਿਸ ਕਾਰਵਾਈ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਸਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਅਤੇ ਤਸਕਰਾਂ ਦੀ ਪਛਾਣ ਅਤੇ ਨਿਗਰਾਨੀ ਲਈ ਜਲਦੀ ਹੀ ਇੱਕ ਨਵੀਂ ਨੀਤੀ ਲਾਗੂ ਕੀਤੀ ਜਾਵੇਗੀ। ਇਸ ਤਹਿਤ ਵਾਰ-ਵਾਰ ਅਪਰਾਧ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ।

# ਅਹਿਮਦਾਬਾਦ ਨੇੜੇ ਨੈਸ਼ਨਲ ਐਕਸਪ੍ਰੈਸਵੇਅ 1 'ਤੇ ਟੱਕਰ ਕਾਰਨ ਦੋ ਟਰੱਕਾਂ ਨੂੰ ਲੱਗੀ ਅੱਗ



ਅਹਿਮਦਾਬਾਦ : ਵੀਰਵਾਰ ਨੂੰ ਅਹਿਮਦਾਬਾਦ ਤੋਂ ਲਗਭਗ 10 ਕਿਲੋਮੀਟਰ ਪਹਿਲਾਂ ਨੈਸ਼ਨਲ ਐਕਸਪ੍ਰੈਸਵੇਅ 1 'ਤੇ ਟੱਕਰ ਤੋਂ ਬਾਅਦ ਦੋ ਟਰੱਕਾਂ ਨੂੰ ਅੱਗ ਲੱਗ ਗਈ।

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ ਸਚਾ ਪਿੜੁ ਮਲਿਆ

# ਪੰਥ ਦੇ ਮਹਾਨ ਕੀਰਤਨੀਏ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਖ਼ਾਲਸਾ ਯੂਕੇ 'ਚ ਦੇ ਕੇ ਅਚਾਨਕ ਵਿਛੋੜਾ

ਸਾਨ ਫਰਾਂਸਿਸਕੋ : ਸਿੱਖ ਪੰਥ ਦੇ ਮਹਾਨ ਕੀਰਤਨੀਏ ਤੇ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਖਾਲਸਾ ਦੇ ਅਕਾਲ ਚਲਾਣੇ 'ਤੇ ਸਿੱਖ ਸੰਗਤਾਂ 'ਚ ਬਹੁਤ ਉਦਾਸੀ ਦਾ ਆਲਮ ਹੈ। ਪਟਿਆਲਾ ਜਿਲ੍ਹੇ ਦੀ ਰਾਜਪੁਰਾ ਤਹਿਸੀਲ ਦੇ ਪਿੰਡ ਕਹਿਲ ਮਾਜਰਾ ਦੇ ਜੰਮਪਲ ਭਾਈ ਇੰਦਰਜੀਤ ਸਿੰਘ ਲੰਬਾ ਸਮਾਂ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਕੀਰਤਨ ਦੀ ਸੇਵਾ ਕਰਦੇ ਰਹੇ ਤੇ ਉਹ ਪਿਛਲੇ ਕਾਫੀ ਅਰਸੇ ਤੋਂ ਅਮਰੀਕਾ 'ਚ ਪਰਿਵਾਰ ਸਮੇਤ ਰਹਿ ਰਹੇ ਸਨ ਤੇ ਉਨ੍ਹਾਂ ਦੇ ਵੱਡੇ ਭਰਾ ਭਾਈ ਜਸਵਿੰਦਰ ਸਿੰਘ ਵੀ ਉਨ੍ਹਾਂ ਨਾਲ ਇਥੇ ਹੀ ਰਹਿ ਰਹੇ ਸਨ। ਗੁਰਮਤਿ ਸੰਗੀਤ ਨਾਲ ਇਸ ਪਰਿਵਾਰ ਦੀ ਵਿਰਾਸਤੀ ਸਾਂਝ ਹੈ ਤੇ ਉਨ੍ਹਾਂ ਦੇ ਪਿਤਾ ਗਿਆਨੀ ਤਰਲੋਕ ਸਿੰਘ ਸ੍ਰੀ ਨਨਕਾਣਾ ਸਾਹਿਬ 'ਚ ਬਹੁਤ ਸਮਾਂ ਕੀਰਤਨ ਦੀ ਸੇਵਾ ਕਰਦੇ ਰਹੇ। ਗੁਰਮਤਿ ਹਲਕਿਆਂ 'ਚ ਭਾਈ ਇੰਦਰਜੀਤ ਸਿੰਘ ਖਾਲਸਾ ਨੂੰ ਬਹੁਤ ਸਤਿਕਾਰ ਦਿੱਤਾ ਜਾਂਦਾ ਸੀ ਤੇ ਗੁਰਬਾਣੀ ਕੀਰਤਨ ਦੇ ਨਾਲ ਨਾਲ ਉਨ੍ਹਾਂ ਦੀ ਨਿਮਰਤਾ ਤੇ ਸਾਦਗੀ ਦੇ ਗੁਣਾਂ ਦੀ ਹਮੇਸ਼ਾ ਚਰਚਾ ਹੁੰਦੀ ਰਹੀ ਹੈ। ਉਹ ਪਿਛਲੇ ਹਫਤੇ ਹੀ ਇੰਗਲੈਂਡ 'ਚ ਗੁਰਬਾਣੀ ਦੇ ਪ੍ਰਚਾਰ ਲਈ ਗਏ ਸਨ ਤੇ ਕੈਂਟ ਹਲਕੇ 'ਚ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਹ ਕਰੀਬ 68 ਵਰ੍ਹਿਆਂ ਦੇ ਸਨ। ਉਨ੍ਹਾਂ ਦੇ ਅਕਾਲ ਚਲਾਣੇ 'ਤੇ ਉੱਘੇ ਕਾਰੋਬਾਰੀ ਅਮੋਲਕ ਸਿੰਘ ਗਾਖਲ, ਗੁਰਦੁਆਰਾ ਸੰਤ ਸਾਗਰ ਨਿਊਯਾਰਕ ਦੇ ਬਾਬਾ ਸੱਜਣ ਸਿੰਘ, ਉੱਘੇ ਸਿੱਖ ਵਿਦਵਾਨ ਬਲਵੀਰ ਸਿੰਘ ਚੰਗਿਆੜਾ, ਨਰਿੰਦਰ ਪਾਲ ਸਿੰਘ ਹੁੰਦਲ ਤੇ ਗੁਰੂ ਘਰਾਂ ਦੇ ਮੁੱਖ ਸੇਵਾਦਾਰ ਤੇ ਸੰਗਤਾਂ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਇੰਗਲੈਂਡ ਤੋਂ ਅਮਰੀਕਾ ਲਿਆਉਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ ਤੇ ਅੰਤਿਮ ਸੰਸਕਾਰ ਕੈਲੀਫੋਰਨੀਆ, ਅਮਰੀਕਾ 'ਚ ਕੀਤੀਆਂ ਜਾਣਗੀਆਂ।



ਸਿੱਖ ਪੰਥ ਦੇ ਮਹਾਨ ਮਹਾਨ ਕੀਰਤਨੀਏ ਭਾਈ ਇੰਦਰਜੀਤ ਸਿੰਘ ਜੀ ਖਾਲਸਾ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਇੰਗਲੈਂਡ 'ਚ ਸ਼ਹੀਦਾਂ ਦੀ ਯਾਦ 'ਚ ਤਿੰਨ ਦਿਵਾਨਾ 'ਚ ਕੀਰਤਨ ਕਰਕੇ ਆਪਣਾ ਪੰਜ ਭੌਤਕ ਸਰੀਰ ਤਿਆਗ ਗਏ ਉਹਨਾਂ ਦੇ ਵੱਡੇ ਵੀਰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈਡ ਗ੍ਰੰਥੀ ਭਾਈ ਜਸਵਿੰਦਰ ਸਿੰਘ ਦੇ ਛੋਟੇ ਭਰਾ ਸਨ।

ਇਥੇ ਜਿਕਰਯੋਗ ਹੈ ਕੀ ਇਹਨਾ ਮਹਾਨ ਪੰਥ ਦੇ ਸੇਵਾਦਾਰਾ ਦੇ ਪਿਤਾਂ ਜੀ ਭਾਈ ਤਰਲੋਕ ਸਿੰਘ ਜੀ ਨਨਕਾਣਾ ਸਾਹਿਬ ਪਾਕਿਸਤਾਨ ਚ ਕੀਰਤਨ ਕਰਦੇ ਕਰਦੇ ਸਰੀਰ ਤਿਆਗ ਗਏ ਸਨ।

## ਐਸ.ਜੀ.ਪੀ.ਸੀ. ਵਲੋਂ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ : ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਬੰਬੇ ਵਾਲਿਆਂ ਦੇ ਯੂ. ਕੇ. ਵਿਖੇ ਅਕਾਲ ਚਲਾਣਾ ਕਰ ਜਾਣ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੇ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ। ਦੋਵਾਂ ਪੰਥਕ ਆਗੂਆਂ ਨੇ ਕਿਹਾ ਕਿ ਭਾਈ ਇੰਦਰਜੀਤ ਸਿੰਘ ਨੇ ਲੰਮੇ ਸਮੇਂ ਤੱਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਈ ਅਤੇ ਆਪਣੀ ਮਿੱਠੀ ਅਤੇ ਰਸਭਿੰਨੀ ਆਵਾਜ਼ ਰਾਹੀਂ ਸੰਗਤ ਦੇ ਮਨਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਕਾਰਜ ਕੀਤਾ। ਆਪਣੀ ਜੀਵਨ ਯਾਤਰਾ ਦੌਰਾਨ ਗੁਰਬਾਣੀ ਕੀਰਤਨ ਰਾਹੀਂ ਉਨ੍ਹਾਂ ਦੇਸ਼ ਵਿਦੇਸ਼ ਵਿਚ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵਿਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਭਾਈ ਇੰਦਰਜੀਤ ਸਿੰਘ ਦੇ ਪਰਿਵਾਰ ਨਾਲ ਵੀ ਹਮਦਰਦੀ ਦਾ ਇਜ਼ਹਾਰ ਕੀਤਾ।

# ਸਰਦਾਰ ਨਰਿੰਦਰਜੀਤ ਸਿੰਘ ਬਿੰਦਰਾ ਦਾ ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਕੀਤਾ ਸਨਮਾਨ



ਚਮੋਲੀ : ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਸਰਦਾਰ ਨਰਿੰਦਰਜੀਤ ਸਿੰਘ ਬਿੰਦਰਾ ਚਮੋਲੀ ਦੇ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਦਰਵਾਜ਼ੇ ਖੋਲ੍ਹਣ ਮੌਕੇ ਫੌਜ ਦੇ ਜਵਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਦੇ ਹੋਏ।



ਚਮੋਲੀ ਵਿੱਚ ਸ਼੍ਰੀ ਹੇਮਕੁੰਟ ਸਾਹਿਬ ਗੁਰਦੁਆਰੇ ਦੇ ਦਰਵਾਜ਼ੇ ਸਰਦੀਆਂ ਲਈ ਬੰਦ ਕਰ ਦਿੱਤੇ ਗਏ ਹਨ। ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ੍ਰੀ ਗੋਵਿੰਟ ਘਾਟ ਵੱਲ ਲੈ ਕੇ ਜਾਂਦੇ ਹੋਏ ਸਿੱਖ ਸ਼ਰਧਾਲੂ।

# ਸਿਮਰਨਜੀਤ ਮਾਨ ਦੇ ਰਵਨੀਤ ਬਿੱਟੂ ਨੇ ਲਾਇਆ ਪੈਰੀਂ ਹੱਥ

## 'ਬਿੱਟੂ ਨਾਲ ਮੇਰੀ ਯਾਰੀ ਪੱਕੀ' : ਸਿਮਰਨਜੀਤ ਮਾਨ

ਲੁਧਿਆਣਾ : ਨਾਮਜ਼ਦਗੀ ਭਰਨ ਦੇ ਆਖਰੀ ਦਿਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਨਵਨੀਤ ਗੋਪੀ ਦੀ ਨਾਮਜ਼ਦਗੀ ਭਰਵਾਉਣ ਦੇ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਪਹੁੰਚੇ ਹੋਏ ਸਨ। ਇਸ ਦੌਰਾਨ ਭਾਜਪਾ ਦੇ ਉਮੀਦਵਾਰ ਦੀ ਵੀ ਅੱਜ ਨਾਮਜ਼ਦਗੀ ਸੀ। ਇਸ ਪੂਰੇ ਵਰਤਾਰੇ ਦੌਰਾਨ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਅਤੇ ਸਿਮਰਨਜੀਤ ਸਿੰਘ ਮਾਨ ਦੀ ਮੁਲਾਕਾਤ ਹੋਈ।

ਇਸ ਦੌਰਾਨ ਰਵਨੀਤ ਬਿੱਟੂ ਨੇ ਸਿਮਰਨਜੀਤ ਸਿੰਘ ਮਾਨ ਦੇ ਪੈਰਾਂ ਨੂੰ ਹੱਥ ਲਗਾਇਆ। ਖੁਦ ਸਿਮਰਨਜੀਤ ਸਿੰਘ ਮਾਨ ਇਹ ਕਹਿੰਦੇ ਹੋਏ ਵਿਖਾਈ ਦਿੱਤੇ ਕਿ ਬਿੱਟੂ ਦੇ ਨਾਲ ਉਨ੍ਹਾਂ ਦੀ ਯਾਰੀ ਪੱਕੀ ਹੈ ਜਦੋਂ ਕਿ ਉਨ੍ਹਾਂ ਦੇ ਉਮੀਦਵਾਰ ਨੇ ਕਿਹਾ ਕਿ ਸਾਡੀ ਰਿਸ਼ਤੇਦਾਰੀ ਹੈ। ਇਸ ਦੌਰਾਨ ਰਵਨੀਤ ਬਿੱਟੂ ਸਿਮਰਨਜੀਤ ਮਾਨ ਦੇ ਕਈ ਵਾਰ ਪੈਰ ਛੂੰਹਦੇਂ ਵੀ ਨਜ਼ਰ ਆਏ।





ਇਸ ਦੌਰਾਨ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਨੇ ਸਿਮਰਨਜੀਤ ਸਿੰਘ ਮਾਨ ਨਾਲ ਮੁਲਾਕਾਤ ਕਰਦੇ ਸਮੇਂ ਗੱਲਬਾਤ ਵੀ ਕੀਤੀ। ਜਿਸ ਤੋਂ ਬਾਅਦ ਪੱਤਰਕਾਰਾਂ ਵੱਲੋਂ ਜਦੋਂ ਸਿਮਰਨਜੀਤ ਸਿੰਘ ਮਾਨ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਰਵਨੀਤ ਬਿੱਟੂ ਹੁਣ ਕੋਈ ਵਿਰੋਧ ਨਹੀਂ ਕਰ ਰਹੇ। ਸਿਮਰਨਜੀਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਰਵਨੀਤ ਬਿੱਟੂ ਰੇਲਵੇ ਦਾ ਕੰਮ ਕਰ ਰਹੇ ਹਨ।

ਸਿਮਰਨਜੀਤ ਮਾਨ ਨੇ ਕਿਹਾ ਕਿ ਸਾਡੀ ਕਈ ਵਾਰ ਲੋਕ ਸਭਾ ਦੇ ਵਿੱਚ ਇਜਲਾਸ ਦੌਰਾਨ ਮੁਲਾਕਾਤ ਹੁੰਦੀ ਸੀ ਅਤੇ ਇਸ ਦੌਰਾਨ ਸਾਡੀ ਵਿੱਚ ਗੱਲਬਾਤ ਵੀ ਹੁੰਦੀ ਰਹਿੰਦੀ ਸੀ। ਸਿਮਰਨਜੀਤ ਮਾਨ ਮੁਤਾਬਿਕ ਮੇਰੀ ਰਵਨੀਤ ਬਿੱਟੂ ਦੇ ਨਾਲ ਯਾਰੀ ਹੈ ਪਰ ਅੱਜ ਸਾਡੀ ਕਿਸੇ ਮੁੱਦੇ 'ਤੇ ਕੋਈ ਗੱਲਬਾਤ ਨਹੀਂ ਹੋਈ। ਸਿਮਰਨਜੀਤ ਮਾਨ ਨੇ ਕਿਹਾ ਜੇਕਰ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਚੁੱਕਣਾ ਹੋਵੇਗਾ ਤਾਂ ਅਸੀਂ ਖ਼ੁੱਦ ਹੀ ਕੇਂਦਰ ਸਰਕਾਰ ਅੱਗੇ ਜਾ ਕੇ ਚੁੱਕ ਲਵਾਂਗੇ।

# ਜਗਦੀਸ਼ ਭੋਲਾ 13 ਸਾਲ ਬਾਅਦ ਜੇਲ੍ਹ ਤੋਂ ਰਿਹਾਅ

ਬਠਿੰਡਾ : ਬਹੁਤ ਕਰੋੜੀ ਡਰੱਗ ਮਾਮਲੇ 'ਚ ਸਾਬਕਾ ਡੀਐੱਸਪੀ ਜਗਦੀਸ਼ ਸਿੰਘ ਭੋਲਾ ਨੂੰ ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼ਰਤਾਂ ਸਮੇਤ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਉਹ ਇਸ ਸਮੇਂ ਬਠਿੰਡਾ ਦੀ ਕੇਂਦਰੀ ਜੇਲ੍ਹ ਵਿਚ ਬੰਦ ਸੀ।

ਕੁੱਝ ਦਿਨ ਪਹਿਲਾਂ ਜਗਦੀਸ਼ ਸਿੰਘ ਭੋਲਾ ਨੂੰ ਮਾਣਯੋਗ ਅਦਾਲਤ ਵੱਲੋਂ ਜ਼ਮਾਨਤ ਦੇ ਦਿੱਤੀ ਗਈ ਸੀ, ਉਹ ਆਪਣੇ ਜੱਦੀ ਘਰ ਪਿੰਡ ਰਾਏ ਕੇ ਕਲਾਂ ਵਿਖੇ ਹੀ ਰਹੇਗਾ। ਜ਼ਮਾਨਤ ਮਿਲਣ ਦੇ ਚੱਲਦਿਆਂ ਕੁੱਝ ਦਿਨ ਪਹਿਲਾਂ ਜਗਦੀਸ਼ ਸਿੰਘ ਭੋਲਾ ਦੇ ਘਰ ਦੀ ਸਫਾਈ ਵੀ ਕਰਵਾਈ ਗਈ ਸੀ। ਜਗਦੀਸ਼ ਸਿੰਘ ਭੋਲਾ ਦੇ ਮਾਤਾ ਪਿਤਾ ਦੀ ਮੌਤ ਹੋ ਚੁੱਕੀ ਹੈ। ਮਾਤਾ ਦੀ ਮੌਤ 'ਤੇ ਸਸਕਾਰ ਕਰਨ ਲਈ ਇਕ ਦਿਨ ਲਈ ਜਗਦੀਸ਼ ਭੋਲਾ ਨੂੰ ਜ਼ਮਾਨਤ ਦਿੱਤੀ ਗਈ ਸੀ। ਦੱਸਣਾ ਬਣਦਾ ਹੈ ਕਿ ਜਗਦੀਸ਼ ਭੋਲਾ 2013 ਤੋਂ ਜੇਲ੍ਹ ਵਿਚ ਹੈ ਅਤੇ 2019 ਵਿਚ ਮੋਹਾਲੀ ਦੀ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਉਸ ਨੂੰ ਨਾਰਕੋਟਿਕ ਡਰੱਗਸ ਐਂਡ ਸਾਈਕੋਟ ?ਰਾਪਿਕ ਸਬਸਟੈਂਸ (ਐੱਨਡੀਪੀਐੱਸ) ਕਾਨੂੰਨ ਤਹਿਤ ਤਿੰਨ ਮਾਮਲਿਆਂ ਵਿਚ 24 ਸਾਲਾਂ ਦੀ ਸਜ਼ਾ ਸੁਣਾਈ ਸੀ।

ਮੋਹਾਲੀ ਦੀ ਅਦਾਲਤ ਨੇ ਉਸਨੂੰ ਮਨੀ ਲਾਂਡਰਿੰਗ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਸੀ। ਮੋਹਾਲੀ ਕੋਰਟ ਨੇ ਭੋਲਾ ਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। ਇਸ ਤੋਂ ਇਲਾਵਾ, ਸਾਲ 2019 ਵਿਚ ਸੀਬੀਆਈ ਨੇ ਉਸ ਨੂੰ 2013 ਦੇ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥਾਂ ਦੇ ਧੰਦੇ ਵਿਚ ਸ਼ਾਮਲ ਹੋਣ ਦਾ ਦੋਸ਼ੀ ਠਹਿਰਾਇਆ ਸੀ। ਭੋਲਾ, ਜੋ ਕਿ ਇਕ ਸਾਬਕਾ ਅੰਤਰਰਾਸ਼ਟਰੀ ਪਹਿਲਵਾਨ ਵੀ ਹੈ, ਨੂੰ ਪੰਜਾਬ ਪੁਲਿਸ ਵਿਚ ਡੀਐੱਸਪੀ ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਸੀ, ਪਰ ਨਸ਼ਿਆਂ ਦੀ ਤਸਕਰੀ ਦੇ ਦੋਸ਼ਾਂ ਕਾਰਨ ਉਸ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਭੋਲਾ ਨੂੰ ਬੀਤੇ ਕੱਲ੍ਹ ਹਾਈ ਕੋਰਟ ਵੱਲੋਂ ਜ਼ਮਾਨਤ ਦੇਣ ਤੋਂ ਬਾਅਦ ਅੱਜ ਉਸ ਨੂੰ ਬਠਿੰਡਾ ਜੇਲ੍ਹ ਵਿਚੋਂ ਜ਼ਮਾਨਤ 'ਤੇ ਰਿਹਾਅ ਕੀਤਾ ਜਾਵੇਗਾ।



# ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਅਤੇ ਰਾਜਪਾਲ ਗੁਰਮੀਤ ਸਿੰਘ ਨੇ ਰਿਸ਼ੀਕੇਸ਼ ਵਿੱਚ ਸ੍ਰੀ ਹੇਮਕੁੰਟ ਸਾਹਿਬ ਦੇ ਪਹਿਲੇ ਜਥੇ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ





ਰਿਸ਼ੀਕੇਸ਼: ਉਤਰਾਖੰਡ ਵਿੱਚ ਸਥਿਤ ਵਿਸ਼ਵ ਪ੍ਰਸਿੱਧ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦਾ ਰਸਮੀ ਉਦਘਾਟਨ ਹੋ ਗਿਆ ਹੈ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਅਤੇ ਰਾਜਪਾਲ ਗੁਰਮੀਤ ਸਿੰਘ ਨੇ 22 ਮਈ ਨੂੰ ਰਿਸ਼ੀਕੇਸ਼ ਵਿੱਚ ਸ੍ਰੀ ਹੇਮਕੁੰਟ ਸਾਹਿਬ ਦੇ ਪਹਿਲੇ ਜਥੇ ਦੇ ਵਾਹਨਾਂ ਨੂੰ ਹਰੀ ਝੰਡੀ ਦੇ ਕੇ ਯਾਤਰਾ ਮਾਰਗ ’ਤੇ ਰਵਾਨਾ ਕੀਤਾ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਅਤੇ ਰਾਜਪਾਲ ਗੁਰਮੀਤ ਸਿੰਘ ਰਿਸ਼ੀਕੇਸ਼ ਦੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਪਹੁੰਚੇ। ਗੁਰਦੁਆਰਾ ਪਰਿਸਰ ਵਿੱਚ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਮੁੱਖ ਮੰਤਰੀ ਅਤੇ ਰਾਜਪਾਲ ਦਾ ਸ਼ਾਨਦਾਰ ਸਵਾਗਤ ਕੀਤਾ। ਮੁੱਖ ਮੰਤਰੀ ਅਤੇ ਰਾਜਪਾਲ ਨੇ ਗੁਰਦੁਆਰੇ ਦੇ ਦਰਬਾਰ ਸਾਹਿਬ ਵਿੱਚ ਮੱਥਾ ਟੇਕਿਆ ਅਤੇ ਯਾਤਰਾ ਦੀ ਸਫਲਤਾ ਲਈ ਅਰਦਾਸ ਕੀਤੀ। ਜਿਸ ਤੋਂ ਬਾਅਦ, ਮੁੱਖ ਮੰਤਰੀ ਅਤੇ ਰਾਜਪਾਲ ਨੇ ਪੰਚ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਹੇਮਕੁੰਟ ਸਾਹਿਬ ਧਾਮ ਜਾਣ ਵਾਲੇ ਲਗਭਗ 500 ਸ਼ਰਧਾਲੂਆਂ ਦੇ ਪਹਿਲੇ ਜਥੇ ਦੇ ਵਾਹਨਾਂ ਨੂੰ ਹਰੀ ਝੰਡੀ ਦੇ ਕੇ ਯਾਤਰਾ ਦੇ ਰਸਤੇ ’ਤੇ ਰਵਾਨਾ ਕੀਤਾ। ਇਸ ਦੌਰਾਨ ਪੂਰਾ ਗੁਰਦੁਆਰਾ ‘ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਫਤਿਹ’, ‘ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ’ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।

ਸ੍ਰੀ ਹੇਮਕੁੰਟ ਸਾਹਿਬ ਯਾਤਰਾ ਦੇ ਉਦਘਾਟਨ ਮੌਕੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਕਿਹਾ ਕਿ ਦੇਸ਼ ਤੋਂ ਹੀ ਨਹੀਂ ਸਗੋਂ ਵਿਦੇਸ਼ਾਂ ਤੋਂ ਵੀ ਸ਼ਰਧਾਲੂ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਹਨ। ਸਰਕਾਰ ਨੇ ਅਜਿਹੇ ਪ੍ਰਬੰਧ ਕੀਤੇ ਹਨ ਤਾਂ ਜੋ ਸ਼ਰਧਾਲੂਆਂ ਨੂੰ ਯਾਤਰਾ ਰਸਤੇ ’ਤੇ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।



ਉਤਰਾਖੰਡ : ਨਿਸ਼ਾਨ ਸਾਹਿਬ ਵਾਲੇ ਪੰਚ ਪਿਆਰਿਆਂ ਨੇ ਸ਼੍ਰੀ ਹੇਮਕੁੰਟ ਸਾਹਿਬ ਯਾਤਰਾ 2025 ਦੌਰਾਨ ਸ਼੍ਰੀ ਹੇਮਕੁੰਟ ਸਾਹਿਬ ਲਈ ਰਵਾਨਾ ਹੋਣ ਵਾਲੇ ਸਿੱਖ ਸ਼ਰਧਾਲੂਆਂ ਦੇ ਪਹਿਲੇ ਜੱਥੇ ਦੀ ਅਗਵਾਈ ਕੀਤੀ।

## ਸ਼੍ਰੀ ਹੇਮਕੁੰਟ ਸਾਹਿਬ ਵਿਖੇ ਪੂਜਾ ਕਰਨ ਲਈ ਸ਼ਰਧਾਲੂ ਪਹੁੰਚੇ



ਚਮੋਲੀ ਵਿੱਚ ਸ਼੍ਰੀ ਹੇਮਕੁੰਟ ਸਾਹਿਬ ਦੇ ਦਰਵਾਜ਼ੇ ਖੁੱਲ੍ਹਣ ਦੇ ਪਹਿਲੇ ਦਿਨ ਸ਼ਰਧਾਲੂ ਪ੍ਰਾਰਥਨਾ ਕਰਨ ਲਈ ਪਹੁੰਚੇ।



ਚਮੋਲੀ ਵਿੱਚ ਬਰਫ਼ ਨਾਲ ਢਕੇ ਗੁਰਦੁਆਰਾ ਹੇਮਕੁੰਟ ਸਾਹਿਬ ਦਾ ਦ੍ਰਿਸ਼ ਜਦੋਂ ਇਲਾਕੇ ਵਿੱਚ ਤਾਜ਼ਾ ਬਰਫ਼ਬਾਰੀ ਹੋਈ।



ਚਮੋਲੀ ਦੇ ਹੇਮਕੁੰਟ ਸਾਹਿਬ ਗੁਰਦੁਆਰਾ ਪੋਰਟਲ ਦੇ ਖੁੱਲਣ ਦੀ ਪੂਰਵ ਸੰਧਿਆ ’ਤੇ ਗੋਵਿੰਦਘਾਟ ਗੁਰਦੁਆਰਾ ਤੋਂ ਨਿਸ਼ਾਨ ਸਾਹਿਬ ਦੇ ਨਾਲ ਪੰਜ ਪਿਆਰੇ ਹੇਮਕੁੰਟ ਸਾਹਿਬ ਲਈ ਰਵਾਨਾ ਹੋਈ।

## ਕੇਂਦਰੀ ਸਿੱਖ ਸੰਘ (1919-1933)

# ਸਿੱਖ ਰਾਜਨੀਤਕ ਸੰਘਰਸ਼





ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377


ਅੰਗਰੇਜ਼ ਤੇ ਸਿੱਖਾਂ ਦੀ ਦੂਸਰੀ 1849 ਦੀ ਜੰਗ ਤੋਂ ਬਾਅਦ 29 ਮਾਰਚ, 1849 ਦਾ ਪੰਜਾਬ 'ਤੇ ਕਬਜ਼ਾ ਹੋ ਗਿਆ। ਉਸ ਤੋਂ ਬਾਅਦ ਸਿੱਖ ਧਰਮ ਅਤੇ ਸਿਆਸਤ ਸੰਸਾਰ ਵਿਚ ਚਰਚਾ ਦਾ ਵਿਸ਼ਾ ਰਹੀ ਹੈ। ਸਮੇਂ-ਸਮੇਂ ਸਮਾਜ ਸੁਧਾਰ ਲਹਿਰਾਂ ਉਠੀਆਂ। ਮੁੱਖ ਤੌਰ 'ਤੇ ਸਿੱਖ ਮਰਿਯਾਦਾ ਨੂੰ ਬਹਾਲ ਕਰਨ ਲਈ ਸ੍ਰੀ ਗੁਰੂ ਸਿੰਘ ਸਭਾ ਲਹਿਰ, ਖਾਲਸਾ ਦੀਵਾਨ, ਚੀਫ ਖਾਲਸਾ ਦੀਵਾਨ, ਅਕਾਲੀ ਲਹਿਰ, ਕੇਂਦਰੀ ਸਿੱਖ ਸੰਘ, ਖਾਲਸਾ ਦਰਬਾਰ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਆਦਿ। ਹਰੇਕ ਲਹਿਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਤੱਕ ਆਪਣੀ ਯਥਾ-ਸ਼ਕਤੀ ਅਨੁਸਾਰ ਧਰਮ ਅਤੇ ਸਿਆਸਤ ਦੇ ਸੰਘਰਸ਼ ਵਿਚ ਯੋਗਦਾਨ ਪਾਇਆ। 'ਕੇਂਦਰੀ ਸਿੱਖ ਸੰਘ' ਦਾ ਸਿੱਖ ਰਾਜਨੀਤਿਕ ਸੰਘਰਸ਼ ਵਿਚ ਮਹੱਤਵਪੂਰਨ ਸਥਾਨ ਹੈ।

ਕੇਂਦਰੀ ਸਿੱਖ ਸੰਘ ਇਕ ਰਾਜਨੀਤਿਕ ਸੰਸਥਾ ਸੀ, ਜਿਹੜੀ ਬਾਕੀ ਸਿੱਖ ਜਥੇਬੰਦੀਆਂ ਦੀ ਅਗਵਾਈ ਕਰਦੀ ਸੀ। ਇਸ ਦਾ ਆਰੰਭ 29 ਦਸੰਬਰ, 1919 ਨੂੰ ਅੰਮ੍ਰਿਤਸਰ ਵਿਖੇ ਹੋਏ ਇਜਲਾਸ ਵਿਚ ਹੋਇਆ। ਇਹ ਇਜਲਾਸ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਮੁਸਲਿਮ ਸੰਘ ਦੇ ਸਾਲਾਨਾ ਇਜਲਾਸ ਦੇ ਸਮਾਨਅੰਤਰ ਸੀ। ਇਸ ਇਜਲਾਸ ਵਿਚ ਸਰਦੂਲ ਸਿੰਘ ਕਵੀਸ਼ਰ, ਹਰਚੰਦ ਸਿੰਘ ਲਾਇਲਪੁਰੀ ਵਿਦਿਅਕ ਮੈਂਬਰ ਸਨ ਪਹਿਲੇ ਪ੍ਰਧਾਨ ਸਰਦਾਰ ਬਹਾਦੁਰ ਗੱਜਨ ਸਿੰਘ, ਜੋ ਜਨ ਸਾਧਾਰਨ ਰਾਜਨੀਤੀ ਦੀ ਨੁਮਾਇੰਦਗੀ ਕਰਦੇ ਸਨ। ਪਰ ਕਾਰਜਕਾਰਣੀ ਜਲਦੀ ਹੀ ਬਦਲ ਗਈ। ਬਾਬਾ ਖੜਕ ਸਿੰਘ ਜੀ ਇਕ ਰਾਸ਼ਟਰਵਾਦੀ ਸਿੰਘ ਦੀ ਚੋਣ ਅਕਤੂਬਰ 1920 ਦੇ ਲਾਹੌਰ ਇਜਲਸ ਵਿਚ ਹੋਈ। ਸੰਘ ਦੇ 21 ਜੁਲਾਈ 1921 ਦੇ ਸੰਵਿਧਾਨ ਦਾ ਉਦੇਸ਼ ਅਤੇ ਵਿਸ਼ਾ ਵਸਤੂ ਸੀ ਕਿ ਪੂਰਨ ਸਵਰਾਜ ਦੀ ਪ੍ਰਾਪਤੀ। ਭਾਵ ਦੇਸ਼ ਵਿਚ ਰਾਜਨੀਤਿਕ ਖੁਦਮੁਖਤਿਆਰੀ ਸ਼ਾਂਤਮਈ ਅਤੇ ਕਾਨੂੰਨੀ ਸੰਵਿਧਾਨਕ ਤਰੀਕਿਆਂ ਨਾਲ ਪੰਥਕ ਏਕਤਾ ਨੂੰ ਉਤਸ਼ਾਹਿਤ ਕਰਕੇ ਸਿੱਖਾਂ ਵਿਚ ਦੇਸ਼ ਭਗਤੀ ਅਤੇ ਰਾਸ਼ਟਰਵਾਦੀ ਭਾਵਨਾ ਨੂੰ ਉਜਾਗਰ ਕਰਨਾ। ਉਪਰੰਤ ਉਨ੍ਹਾਂ ਦੇ ਨੈਤਿਕ ਅਤੇ ਆਰਥਿਕ ਵਿਕਾਸ ਨੂੰ ਸੰਗਠਿਤ ਕਰਨਾ। ਮੈਂਬਰ 21 ਸਾਲਾ ਸਿੱਖ ਬਣ ਸਕਦਾ ਸੀ। ਚੰਦਾ ਚਾਰ ਆਨੇ ਮਹੀਨਾ ਸੀ। ਕਾਰਜਕਾਰਣੀ ਵਿਚ 101 ਮੈਂਬਰ ਸਨ, ਜਿਨ੍ਹਾਂ ਵਿਚ 80 ਮੈਂਬਰ ਲਏ ਗਏ, ਬਾਕੀ 21 ਮੈਂਬਰ ਨਾਮਜ਼ਦ ਕੀਤੇ ਗਏ।

**ਅਗਸਤ 1921 ਤੱਕ ਸੰਘ ਦੀਆਂ ਇਕਾਈਆਂ:** ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਲਾਇਲਪੁਰ, ਸਿਆਲਕੋਟ, ਜੇਹਲਮ, ਫਿਰੋਜ਼ਪੁਰ, ਜਲੰਧਰ ਅਤੇ ਹੁਸ਼ਿਆਰਪੁਰ ਬਣੀਆਂ। ਸੰਘ ਨੇ ਪੰਜਾਬ ਵਿਧਾਨ ਸਭਾ ਵਿਚ ਸਿੱਖ ਭਾਈਚਾਰੇ ਦੀ ਮੰਗ ਕੀਤੀ। ਸਿੱਖ ਧਰਮ ਦੇ ਧਾਰਮਿਕ ਚਿੰਨ੍ਹ ਕ੍ਰਿਪਾਨ ਪਹਿਨਣ ਦੀ ਪਾਬੰਦੀ ਹਟਾਏ ਜਾਣ ਅਤੇ ਸਿੱਖ ਧਾਰਮਿਕ ਅਸਥਾਨਾਂ ਦੇ ਸੁਧਾਰ ਦੀ ਮੰਗ ਰੱਖੀ। ਸੰਘ ਨੇ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਨੇੜਲਾ ਸੰਪਰਕ ਬਣਾਈ ਰੱਖਿਆ। ਸੰਘ ਦੇ ਦੂਸਰੇ ਇਜਲਾਸ ਵਿਚ ਬਾਬਾ ਖੜਕ ਸਿੰਘ ਨੇ ਸਿੱਖਾਂ ਨੂੰ ਰਾਸ਼ਟਰੀ ਰਾਜਨੀਤੀ ਵਿਚ ਹਿੱਸਾ ਲੈਣ ਲਈ ਕਿਹਾ। ਇੰਡੀਅਨ ਨੈਸ਼ਨਲ ਕਾਂਗਰਸ ਅਤੇ ਕੇਂਦਰੀ ਖਿਲਾਫ ਕਮੇਟੀ ਦੀ ਤਰ੍ਹਾਂ ਸੰਘ ਨੇ ਵੀ ਨਾ-ਮਿਲਵਰਤਣ ਲਹਿਰ ਦੇ ਸਹਿਯੋਗ ਵਿਚ ਆਪਣੇ ਸਵੈ-ਸੇਵਕ ਭੇਜਣੇ ਸ਼ੁਰੂ ਕਰ ਦਿੱਤੇ। ਸੰਘ ਨੇ ਘੋਸ਼ਣਾ ਪੱਤਰ ਜਾਰੀ ਕੀਤਾ ਕਿ ਨਾ-ਮਿਲਵਰਤਣ ਲਹਿਰ ਵਿਚ 10 ਹਜ਼ਾਰ ਸਵੈ-ਸੇਵਕ ਸਿੱਖ ਸ਼ਾਮਲ ਹੋਣ। ਇਸ ਰਾਸ਼ਟਰਪਤੀ ਲਹਿਰ ਵਿਚ ਕਾਂਗਰਸ ਨੇ ਕਿਹਾ ਕਿ ਕੌਮੀ ਝੰਡੇ ਦੇ ਪੀਲੇ ਰੰਗ ਵਿਚ ਸਿੱਖਾਂ ਦੀ ਪਛਾਣ ਨੂੰ ਸ਼ਾਮਲ ਨੂੰ ਸ਼ਾਮਲ ਕੀਤਾ ਜਾਵੇਗਾ।

ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਿਚ ਮਹੰਤ ਦੇ ਭਾੜੇ ਦੇ ਗੁੰਡਿਆਂ ਨੇ 150 ਸਿੰਘਾਂ ਦਾ ਕਤਲੇਆਮ ਕੀਤਾ। ਸੰਘ ਨੇ ਪੜਤਾਲ ਕਮੇਟੀ ਦਾ ਗਠਨ ਕੀਤਾ। ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਤੋਸ਼ੇਖਾਨੇ ਦੀਆਂ ਚਾਬੀਆਂ 'ਤੇ ਸਰਕਾਰ ਨੇ ਕਬਜ਼ਾ ਕਰ ਲਿਆ ਸੀ, ਤਾਂ ਸੰਘ ਨੇ ਰੋਸ ਇਕੱਤਰਤਾਵਾਂ ਕੀਤੀਆਂ। ਸੰਨ 1923 ਵਿਚ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਸਰਕਾਰ ਨੇ ਗੱਦੀ ਛੱਡਣ ਲਈ ਮਜਬੂਰ ਕੀਤਾ। ਸੰਘ ਨੇ ਸਰਕਾਰ ਦੇ ਇਸ ਨਾਜਾਇਜ਼ ਫੈਸਲੇ ਦਾ ਵਿਰੋਧ ਕੀਤਾ। ਸੰਘ ਨੇ ਰਾਜਨੀਤੀ ਵਿਚ ਆਈਆਂ ਫਿਰਕੂ ਭਾਵਨਾਵਾਂ 'ਤੇ ਚਿੰਤਾ ਪ੍ਰਗਟਾਈ। ਫਿਰਕੂ ਨੁਮਾਇੰਦਗੀ ਨੂੰ ਖਤਮ ਕਰਨ 'ਤੇ ਜ਼ੋਰ ਦਿੱਤਾ।

10 ਅਕਤੂਬਰ, 1927 ਨੂੰ ਸੰਘ ਨੇ ਪੰਜਾਬ ਵਿਧਾਲ ਸਭਾ ਵਿਚ ਸਿੱਖਾਂ ਦੀ 30 ਪ੍ਰਤੀਸ਼ਤ ਨੁਮਾਇੰਦਗੀ ਦੀ ਮੰਗ ਕੀਤੀ। ਫਰਵਰੀ 1928 ਨੂੰ ਕਾਂਗਰਸ ਨੇ ਸੰਵਿਧਾਨ ਬਣਾਉਣ ਲਈ ਦਿੱਲੀ ਵਿਖੇ ਸਰਬ ਪਾਰਟੀ ਦੀ ਇਕੱਤਰਤਾ ਵਿਚ ਬਾਬਾ ਖੜਕ ਸਿੰਘ, ਸਰਦਾਰ ਬਹਾਦੁਰ ਮਹਿਤਾਬ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਅਮਰ ਸਿੰਘ ਝਬਾਲ ਅਤੇ ਮੰਗਲ ਸਿੰਘ ਸ਼ਾਮਲ ਹੋਏ। ਮੰਗਲ ਸਿੰਘ ਜੀ ਨੂੰ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ। ਕਮੇਟੀ ਨੇ ਵਿਸਥਾਰ ਯੋਜਨਾ ਤਿਆਰ ਕੀਤੀ। ਜੋ ਅਗਸਤ 1928 ਵਿਚ ਪ੍ਰਕਾਸ਼ਿਤ ਹੋਈ, ਜੋ ਨਹਿਰੂ ਰਿਪੋਰਟ ਵਜੋਂ ਜਾਣੀ ਗਈ। ਸੰਘ ਨੇ ਇਸ ਦਾ ਸਖਤ ਵਿਰੋਧ ਕੀਤਾ। ਬਾਬਾ ਖੜਕ ਸਿੰਘ ਨੇ 22 ਅਕਤੂਬਰ 1928 ਨੂੰ ਗੁਜਰਾਂਵਾਲਾ ਵਿਖੇ ਸੰਘ ਦੇ ਸਾਲਾਨਾ ਇਜਲਾਸ ਵਿਚ ਕਿਹਾ ਕਿ ਇਹ ਭਾਰਤ ਦੇ ਸਵੈ-ਮਾਣ ਦੇ ਖਿਲਾਫ ਹੈ ਕਿ ਸੰਪੂਰਨ ਆਜ਼ਾਦੀ ਦੀ ਥਾਂ 'ਤੇ ਖੁਦਮੁਖਤਿਆਰੀ ਦੀ ਮੰਗ ਕੀਤੀ ਗਈ ਹੈ। ਨਹਿਰੂ ਰਿਪੋਰਟ ਨੇ ਵੱਖਰੇ ਵੋਟਰਾਂ ਨੂੰ ਸਵਿਕਾਰ ਕੇ ਫਿਰਕਾਪ੍ਰਸਤੀ ਦੀ ਨੀਂਹ ਰੱਖੀ ਹੈ। ਸੰਘ ਨੇ ਬਹੁ ਸੰਵਿਧਾਨਕ ਖੇਤਰਾਂ ਦੇ ਨਾਲ ਸੰਯੁਕਤ ਵੋਟਰ ਪ੍ਰਣਾਲੀ ਦੀ ਵਕਾਲਤ ਕੀਤੀ।

ਜੇਕਰ ਭਾਈਚਾਰਕ ਪੱਧਰ 'ਤੇ ਪ੍ਰਤੀਨਿਧਤਾ ਬਣਦੀ ਹੈ, ਤਾਂ ਸਿੱਖਾਂ ਨੂੰ ਵਿਧਾਨ ਸਭਾ ਵਿਚ 30 ਪ੍ਰਤੀਸ਼ਤ ਸੀਟਾਂ ਚਾਹੀਦੀਆਂ ਹਨ। ਇਕੋ ਜਿਹਾ ਅਨੁਪਾਤ ਪੰਜਾਬ ਅਤੇ ਕੇਂਦਰੀ ਵਿਧਾਨ ਸਭਾ ਵਿਚ ਹੋਣਾ ਚਾਹੀਦਾ ਹੈ। ਨਹਿਰੂ ਰਿਪੋਰਟ ਦੇ ਵਿਰੋਧ ਵਿਚ ਬਾਬਾ ਖੜਕ ਸਿੰਘ ਨੇ ਸੰਘ ਦੇ ਅਕਤੂਬਰ 1929 ਦੇ ਇਜਲਾਸ ਵਿਚ ਕਾਂਗਰਸ ਦੇ ਅਗਲੇ ਇਜਲਾਸ ਵਿਚ ਹਿੱਸਾ ਨਾ ਲੈਣ ਦੀ ਤਜਵੀਜ਼ ਰੱਖੀ। ਮਾਸਟਰ ਤਾਰਾ ਸਿੰਘ ਜੀ ਇਸ ਦੇ ਹੱਕ ਵਿਚ ਨਹੀਂ ਸਨ। ਮਹਾਤਮਾ ਗਾਂਧੀ ਅਤੇ ਹੋਰ ਕਾਂਗਰਸੀ ਨੇਤਾਵਾਂ ਨੇ ਵੀ ਜ਼ੋਰ ਪਾਇਆ ਕਿ ਸਿੱਖ ਕਾਂਗਰਸ ਦੇ ਇਜਲਾਸ ਤੋਂ ਵੱਖ ਨਾ ਹੋਣ। ਕਾਂਗਰਸ ਨੇ ਲਾਹੌਰ ਵਿਚ ਕਾਂਗਰਸ ਦੀ ਹੋਈ ਇਕੱਤਰਤਾ ਵਿਚ ਨਹਿਰੂ ਰਿਪੋਰਟ ਰੱਦ ਕਰਨ ਦਾ ਫੈਸਲਾ ਕੀਤਾ। ਕਾਂਗਰਸ ਨੇ ਭਰੋਸਾ ਦਿਵਾਇਆ ਕਿ ਸਿੱਖਾਂ ਅਤੇ ਮੁਸਲਮਾਨਾਂ ਵਿਰੁੱਧ ਸੰਵਿਧਾਨਕ ਫੈਸਲਾ ਨਹੀਂ ਹੋਵੇਗਾ।

ਸੰਘ ਨੇ 6 ਮਾਰਚ, 1930 ਨੂੰ ਗਾਂਧੀ ਦੀ ਨਾਗਰਿਕ ਅਵਗਿਆ ਲਹਿਰ ਵਿਚ ਹਿੱਸਾ ਲਿਆ। ਮਾਸਟਰ ਤਾਰਾ ਸਿੰਘ ਜੀ ਨੂੰ ਪੇਸ਼ਾਵਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਕਾਂਗਰਸ ਨੇ ਸੰਵਿਧਾਨਕ ਸੁਧਾਰਾਂ ਬਾਰੇ ਭਾਰਤੀਆਂ ਦੇ ਵਿਚਾਰ ਜਾਨਣ ਲਈ ਲੰਡਨ ਵਿਚ ਆਯੋਜਿਤ ਕੀਤੀ ਗਈ ਪਹਿਲੀ ਗੋਲ ਮੇਜ਼ ਕਾਨਫਰੰਸ ਦਾ ਵਿਰੋਧ ਕੀਤਾ ਸੀ। ਪਰ 5 ਮਾਰਚ, 1931 ਨੂੰ ਗਾਂਧੀ ਇਰਵਨ ਸਮਝੌਤੇ 'ਤੇ ਦਸਤਖਤ ਕੀਤੇ ਜਾਣ ਤੋਂ ਬਾਅਦ ਕਾਂਗਰਸ ਦੂਸਰੇ ਗੋਲ ਮੇਜ਼ ਕਾਨਫਰੰਸ ਵਿਚ ਹਿੱਸਾ ਲੈਣ ਵਿਚ ਸਹਿਮਤ ਹੋਈ। ਸਿੱਖਾਂ ਦੀਆਂ 17 ਮੰਗਾਂ ਨੂੰ ਕਾਨਫਰੰਸ ਵਿਚ ਮੰਗ ਪੱਤਰ ਪੇਸ਼ ਕਰਨ ਲਈ ਕਾਂਗਰਸ ਨੇ ਕਿਹਾ, ਜੋ ਕਾਨਫਰੰਸ ਵਿਚ ਨੁਮਾਇੰਦਗੀ ਕਰਨ ਜਾ ਰਹੀ ਸੀ, ਜਿਸ ਵਿਚ ਕੌਮੀ ਸਰਕਾਰ ਦੀ ਸਥਾਪਨਾ, ਪੰਜਾਬ ਵਿਚ ਫਿਰਕੂ ਸੰਤੁਲਨ ਲਿਆਉਣ ਲਈ ਪੰਜਾਬ ਮੰਤਰੀ ਮੰਡਲ ਅਤੇ ਲੋਕ ਸੇਵਾ ਕਮਿਸ਼ਨ ਵਿਚ ਸਿੱਖਾਂ ਦੀ ਤੀਜੀ ਹਿੱਸੇਦਾਰੀ। ਬਿਨਾਂ ਸੀਟਾਂ ਦੇ ਰਾਖਵੇਂ ਕਰਨ ਦੇ ਸਾਂਝੇ ਵੋਟਰ, ਮਸਲਿਮ ਇਲਾਕਿਆਂ ਨੂੰ ਸਰਹੱਦੀ ਸੂਬੇ ਵਿਚ ਤਬਦੀਲ ਕਰਨਾ। ਭਾਰਤੀ ਉਚ ਅਤੇ ਹੇਠਲੇ ਸਦਨਾਂ ਵਿਚ ਸਿੱਖਾਂ ਲਈ 5 ਪ੍ਰਤੀਸ਼ਤ ਹਿੱਸਾ। ਕੇਂਦਰੀ ਮੰਤਰੀ ਮੰਡਲ ਵਿਚ ਘੱਟੋ-ਘੱਟ ਇਕ ਸਿੱਖ ਨੂੰ ਸ਼ਾਮਲ ਕਰਨਾ। ਪੰਜਾਬੀ ਭਾਸ਼ਾ ਨੂੰ ਪੰਜਾਬ ਰਾਜ ਭਾਸ਼ਾ ਬਣਾਉਣਾ ਸ਼ਾਮਲ ਸੀ।

ਬ੍ਰਿਟਿਸ਼ ਸਰਕਾਰ ਵੱਲੋਂ 16 ਅਗਸਤ, 1932 ਨੂੰ ਕਮਿਊਨਲ ਐਵਾਰਡ ਸਕੀਮ ਵੱਲੋਂ ਸਿੱਖਾਂ ਨੂੰ ਸਿਰਫ 18.85 ਪ੍ਰਤੀਸ਼ਤ ਪ੍ਰਤੀਨਿਧਤਾ ਦਿੱਤੀ ਗਈ। ਸੰਘ ਨੇ ਇਸ ਦਾ ਸਖਤ ਵਿਰੋਧ ਕੀਤਾ। ਪੰਜਾਬ ਦੇ ਮੁਸਲਮਾਨਾਂ ਨੂੰ 50-42 ਪ੍ਰਤੀਸ਼ਤ ਸੀਟਾਂ ਦਾ ਭਰੋਸਾ ਦਿੱਤਾ ਗਿਆ। ਸੰਘ ਨੇ 24 ਜੁਲਾਈ 1932 ਨੂੰ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ 'ਤੇ ਹੋਏ ਸੰਮੇਲਨ ਵਿਚ ਇਸ ਪ੍ਰਸਤਾਵ ਦੇ ਵਿਰੋਧ ਵਿਚ 16 ਮੈਂਬਰੀ ਕਮੇਟੀ ਬਣਾਈ ਗਈ। ਇਸ ਕਮੇਟੀ ਨੇ ਨਵਾਂ ਸੰਗਠਨ 'ਖਾਲਸਾ ਦਰਬਾਰ' ਸਥਾਪਤ ਕੀਤਾ। ਸਿੱਖ ਰਾਏ ਦੇ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਦੇ ਹੋਏ ਕਮਿਊਨਲ ਐਵਾਰਡ ਸਕੀਮ ਵਿਰੁੱਧ ਚਲਾਏ ਗਏ ਅੰਦੋਲਨ ਦੀ ਅਗਵਾਈ ਕਰਨ ਲਈ 16 ਅਕਤੂਬਰ 1933 ਨੂੰ 'ਕੇਂਦਰੀ ਸਿੱਖ ਸੰਘ' ਅਤੇ 'ਖਾਲਸਾ ਦਰਬਾਰ' ਦਾ ਸੰਯੁਕਤ ਇਜਲਾਸ ਹੋਇਆ; ਜਿਨ੍ਹਾਂ ਦਾ ਮੰਤਵ ਇਕ ਹੀ ਸੀ। ਇਸ ਲਈ 'ਖਾਲਸਾ ਦਰਬਾਰ' ਨੂੰ ਸੌਂਪ ਦਿੱਤੀ ਗਈ। ਸੰਘ ਨੇ ਆਪਣੇ ਕਾਰਜ ਕਾਲ ਵਿਚ ਸਿੱਖ ਰਾਜਨੀਤੀ ਸੰਘਰਸ਼ ਨੂੰ ਵੱਡਾ ਹੁਲਾਰਾ ਦਿੱਤਾ।

# ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਨੂੰ 2,000 ਕਰੋੜ ਰੁਪਏ ਤੋਂ ਵੱਧ ਦੇ ਘੁਟਾਲੇ ਲਈ ਸੰਮਨ ਜਾਰੀ



ਨਵੀਂ ਦਿੱਲੀ : ਦਿੱਲੀ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ (ਏਸੀਬੀ) ਨੇ ਸਰਕਾਰੀ ਸਕੂਲਾਂ ਵਿੱਚ ਕਲਾਸਰੂਮਾਂ ਦੀ ਉਸਾਰੀ 'ਚ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ 'ਆਪ' ਆਗੂ ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਨੂੰ ਤਲਬ ਕੀਤਾ ਹੈ। ਇੱਕ ਅਧਿਕਾਰੀ ਨੇ ਬੁੱਧਵਾਰ ਨੂੰ ਕਿਹਾ ਜੈਨ ਨੂੰ 6 ਜੂਨ ਨੂੰ ਏਸੀਬੀ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਹੈ, ਜਦੋਂ ਕਿ ਸਿਸੋਦੀਆ ਨੂੰ 9 ਜੂਨ ਨੂੰ ਪੁੱਛਗਿੱਛ ਲਈ ਤਲਬ ਕੀਤਾ ਗਿਆ ਹੈ। ਇਹ ਸੰਮਨ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ 12,000 ਤੋਂ ਵੱਧ ਕਲਾਸਰੂਮਾਂ ਜਾਂ ਅਰਧ-ਸਥਾਈ ਢਾਂਚਿਆਂ ਦੇ ਨਿਰਮਾਣ ਵਿੱਚ 2,000 ਕਰੋੜ ਰੁਪਏ ਦੀ ਵਿੱਤੀ ਬੇਨਿਯਮੀਆਂ ਦੇ ਦੋਸ਼ਾਂ ਦੇ ਆਧਾਰ 'ਤੇ 30 ਅਪਰੈਲ ਨੂੰ ਏਸੀਬੀ ਦੁਆਰਾ ਐੱਫਆਈਆਰ ਦਰਜ ਕੀਤੇ ਜਾਣ ਤੋਂ ਬਾਅਦ ਜਾਰੀ ਕੀਤੇ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ ਕੌਮੀ ਰਾਜਧਾਨੀ ਵਿੱਚ ਪਿਛਲੀ 'ਆਪ' ਸਰਕਾਰ ਦੇ ਵਿੱਤ ਅਤੇ ਸਿੱਖਿਆ ਵਿਭਾਗ ਸੰਭਾਲਣ ਵਾਲੇ ਸਿਸੋਦੀਆ ਅਤੇ ਉਸ ਸਮੇਂ ਲੋਕ ਨਿਰਮਾਣ ਵਿਭਾਗ ਅਤੇ ਹੋਰ ਮੰਤਰਾਲਿਆਂ ਦੇ ਇੰਚਾਰਜ ਜੈਨ ਤੋਂ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀਵੀਸੀ) ਦੁਆਰਾ ਦਰਸਾਈਆਂ ਗਈਆਂ ਕਥਿਤ ਖਾਮੀਆਂ ਦੇ ਸਬੰਧ ਵਿੱਚ ਪੁੱਛਗਿੱਛ ਕੀਤੀ ਜਾ ਰਹੀ ਹੈ।

ਸੰਯੁਕਤ ਪੁਲੀਸ ਕਮਿਸ਼ਨਰ (ਏਸੀਬੀ) ਮਧੁਰ ਵਰਮਾ ਨੇ ਕਿਹਾ, "ਸੀਵੀਸੀ ਦੇ ਮੁੱਖ ਤਕਨੀਕੀ ਜਾਂਚਕਰਤਾ ਦੀ ਰਿਪੋਰਟ ਨੇ ਪ੍ਰੋਜੈਕਟ ਵਿੱਚ ਕਈ ਖਾਮੀਆਂ ਵੱਲ ਇਸ਼ਾਰਾ ਕੀਤਾ। ਰਿਪੋਰਟ 'ਤੇ ਕਥਿਤ ਤੌਰ 'ਤੇ ਲਗਭਗ ਤਿੰਨ ਸਾਲਾਂ ਤੋਂ ਕਾਰਵਾਈ ਨਹੀਂ ਕੀਤੀ ਗਈ।" ਵਰਮਾ ਨੇ ਅੱਗੇ ਕਿਹਾ ਕਿ ਸਮਰੱਥ ਅਥਾਰਟੀ ਤੋਂ ਭ੍ਰਿਸ਼ਟਾਚਾਰ ਰੋਕਥਾਮ ਐਕਟ ਦੀ ਧਾਰਾ 17-ਏ ਤਹਿਤ ਪ੍ਰਵਾਨਗੀ ਪ੍ਰਾਪਤ ਕਰਨ ਤੋਂ ਬਾਅਦ ਐੱਫਆਈਆਰ ਦਰਜ ਕੀਤੀ ਗਈ ਸੀ।

# ਭਾਜਪਾ ਨੂੰ ਹਰਾਉਣ ਲਈ 'ਆਪ' ਨੂੰ ਮਜ਼ਬੂਤ ਕਰੋ: ਕੇਜਰੀਵਾਲ

## ਕੇਜਰੀਵਾਲ, ਮਾਨ ਤੇ ਆਤਿਸ਼ੀ ਵੱਲੋਂ ਵਿਸਾਵਦਰ ਜ਼ਿਮਨੀ ਚੋਣ ਲਈ ਪਾਰਟੀ ਉਮੀਦਵਾਰ ਗੋਪਾਲ ਇਟਾਲੀਆ ਦੇ ਹੱਕ 'ਚ ਰੋਡ ਸ਼ੋਅ



ਨਵੀਂ ਦਿੱਲੀ : 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਨਵੀਂ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਨੇ ਅੱਜ ਗੁਜਰਾਤ ਦੇ ਵਿਧਾਨ ਸਭਾ ਹਲਾਕ ਵਿਸਾਵਦਰ ਦੀ ਜ਼ਿਮਨੀ ਚੋਣ ਲਈ 'ਆਪ' ਉਮੀਦਵਾਰ ਗੋਪਾਲ ਇਟਾਲੀਆ ਦੇ ਹੱਕ ਵਿੱਚ ਰੋਡ ਸ਼ੋਅ ਕੀਤਾ। ਇਸ ਮਗਰੋਂ ਇਟਾਲੀਆ ਨੇ ਪਾਰਟੀ ਲੀਡਰਸ਼ਿਪ ਦੀ ਹਾਜ਼ਰੀ ਵਿੱਚ ਨਾਜ਼ਦਗੀ ਪੱਤਰ ਦਾਖਲ ਕੀਤੇ। ਰੋਡ ਸ਼ੋਅ ਦੌਰਾਨ ਕੇਜਰੀਵਾਲ ਨੇ ਵੋਟਰਾਂ ਨੂੰ ਭਾਜਪਾ ਨੂੰ ਹਰਾਉਣ ਲਈ ਗੋਪਾਲ ਇਟਾਲੀਆ ਨੂੰ ਜਿਤਾਉਣ ਦੀ ਅਪੀਲ ਕੀਤੀ।

ਵਿਸਾਵਦਰ ਸੀਟ ਦਸੰਬਰ 2023 ਵਿੱਚ 'ਆਪ' ਵਿਧਾਇਕ ਭੁਪੇਂਦਰ ਭਯਾਨੀ ਦੇ ਅਸਤੀਫਾ ਦੇਣ ਅਤੇ ਬਾਅਦ ਵਿੱਚ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਖਾਲੀ ਹੋ ਗਈ ਸੀ। ਜੂਨਾਗੜ੍ਹ ਜ਼ਿਲ੍ਹੇ ਦੇ ਵਿਸਾਵਦਰ ਦੇ ਨਾਲ ਨਾਲ ਮਹਿਸਾਣਾ ਜ਼ਿਲ੍ਹੇ ਦੇ ਕਾਦੀ ਵਿੱਚ 19 ਜੂਨ ਨੂੰ ਜ਼ਿਮਨੀ ਚੋਣਾਂ ਹੋਣਗੀਆਂ। ਇਸ ਦਾ ਨਤੀਜਾ 23 ਜੂਨ ਨੂੰ ਆਵੇਗਾ। ਰੋਡ ਸ਼ੋਅ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ, 'ਭਾਜਪਾ ਇੱਥੇ ਜਿੱਤ ਨਹੀਂ ਸਕੀ, ਤਾਂ ਉਨ੍ਹਾਂ ਨੇ ਕੀ ਕੀਤਾ? ਉਨ੍ਹਾਂ ਨੇ ਸਾਡਾ ਵਿਧਾਇਕ ਤੋੜਿਆ, ਜੋ ਬਾਅਦ ਵਿੱਚ ਭਾਜਪਾ 'ਚ ਸ਼ਾਮਲ ਹੋ ਗਿਆ। ਵਿਸਾਵਦਰ ਤੋਂ ਕਾਂਗਰਸੀ ਵਿਧਾਇਕ ਨਾਲ ਵੀ ਉਨ੍ਹਾਂ ਅਜਿਹਾ ਹੀ ਕੀਤਾ ਸੀ। ਹੁਣ ਸਾਡੇ ਉਮੀਦਵਾਰ ਦੀ ਜਿੱਤ ਯਕੀਨੀ ਬਣਾਓ। ਇਹ ਭਾਜਪਾ ਲਈ ਵੱਡਾ ਝਟਕਾ ਹੋਵੇਗਾ।' ਕੇਜਰੀਵਾਲ ਨੇ ਕਿਹਾ ਕਿ ਭਾਜਪਾ ਗੁਜਰਾਤ ਵਿੱਚ ਜਿੱਤੀ ਹੈ ਪਰ ਵਿਸਾਵਦਰ ਵਿੱਚ ਨਹੀਂ। ਜ਼ਿਕਰਯੋਗ ਹੈ ਕਿ ਇਸ ਜ਼ਿਮਨੀ ਚੋਣ ਲਈ ਕਾਂਗਰਸ ਅਤੇ ਭਾਜਪਾ ਨੇ ਹਾਲੇ ਆਪੋ-ਆਪਣੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਹੈ।

# ਉਤਰ-ਪੂਰਬੀ ਸੂਬਿਆਂ ਵਿੱਚ ਭਾਰੀ ਮੀਂਹ ਦਾ ਕਹਿਰ ਜਾਰੀ

**ਅਸਾਮ, ਮਨੀਪੁਰ ਅਤੇ ਮਿਜ਼ੋਰਮ ਵਿੱਚ ਹੜ੍ਹਾਂ ਅਤੇ ਢਿੱਗਾਂ ਡਿੱਗਣ ਕਾਰਨ ਵੱਡੀ ਗਿਣਤੀ ਲੋਕ ਪ੍ਰਭਾਵਿਤ; ਹਵਾਈ ਫ਼ੌਜ ਨੇ ਬੋਮਜੀਰ ਨਦੀ ਵਿੱਚ ਫਸੇ 14 ਵਿਅਕਤੀਆਂ ਨੂੰ ਬਚਾਇਆ**





ਸਪੀਅਰ ਕੋਰ ਦੇ ਅਧੀਨ ਅਸਾਮ ਰਾਈਫਲਜ਼ ਦੇ ਜਵਾਨਾਂ ਨੇ ਸੋਮਵਾਰ ਨੂੰ ਸਿਵਲ ਪ੍ਰਸ਼ਾਸਨ ਦੇ ਤਾਲਮੇਲ ਨਾਲ ਤ੍ਰਿਪੁਰਾ, ਦੱਖਣੀ ਅਸਾਮ ਅਤੇ ਜਿਰੀਬਾਮ ਅਤੇ ਮਨੀਪੁਰ ਵਿੱਚ ਹੜ੍ਹ ਰਾਹਤ ਕਾਰਜ ਦੌਰਾਨ ਡੁੱਬੇ ਇਲਾਕਿਆਂ ਤੋਂ ਪੀੜਤਾਂ ਨੂੰ ਬਚਾਇਆ।

ਗੁਹਾਟੀ/ਇੰਫਾਲ : ਉੱਤਰ-ਪੂਰਬੀ ਸੂਬਿਆਂ ਅਸਾਮ, ਮਨੀਪੁਰ ਅਤੇ ਮਿਜ਼ੋਰਮ ਵਿੱਚ ਭਾਰੀ ਮੀਂਹ ਦਾ ਕਹਿਰ ਜਾਰੀ ਹੈ। ਅਸਾਮ ਵਿੱਚ ਅੱਜ ਵੀ ਭਾਰੀ ਮੀਂਹ ਜਾਰੀ ਰਿਹਾ, ਜਿਸ ਕਾਰਨ ਸੜਕੀ ਆਵਾਜਾਈ ਅਤੇ ਰੇਲ ਸੇਵਾਵਾਂ ਵਿੱਚ ਵਿਘਨ ਪਿਆ। ਸੂਬੇ ਵਿੱਚ ਹੜ੍ਹਾਂ ਅਤੇ ਢਿੱਗਾਂ ਡਿੱਗਣ ਕਾਰਨ ਹੁਣ ਤੱਕ ਅੱਠ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਇਸ ਦੌਰਾਨ ਅਸਾਮ-ਅਰੁਣਾਚਲ ਸਰਹੱਦ ’ਤੇ ਬੋਮਜੀਰ ਨਦੀ ਵਿੱਚ ਫਸੇ 14 ਵਿਅਕਤੀਆਂ ਨੂੰ ਅੱਜ ਭਾਰਤੀ ਹਵਾਈ ਸੈਨਾ (ਆਈਏਐੱਫ) ਦੇ ਜਵਾਨਾਂ ਨੇ ਬਚਾਇਆ।

ਅਧਿਕਾਰੀਆਂ ਨੇ ਦੱਸਿਆ ਕਿ ਭਾਰੀ ਮੀਂਹ ਤੇ ਹੜ੍ਹਾਂ ਕਾਰਨ ਸੂਬੇ ਦੇ 15 ਤੋਂ ਵੱਧ ਜ਼ਿਲ੍ਹਿਆਂ ਵਿੱਚ 78,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਕੇਂਦਰੀ ਜਲ ਕਮਿਸ਼ਨ (ਸੀਡਬਲਿਊਸੀ) ਨੇ ਸੂਬੇ ਵਿੱਚ ‘ਗੰਭੀਰ ਹੜ੍ਹ ਦੀ ਸਥਿਤੀ’ ਦੇ ਮੱਦੇਨਜ਼ਰ ‘ਓਰੇਂਜ ਬੁਲੇਟਿਨ’ ਜਾਰੀ ਕੀਤਾ ਹੈ। ਬ੍ਰਹਮਪੁੱਤਰ ਅਤੇ ਬਰਾਕ ਸਮੇਤ 10 ਪ੍ਰਮੁੱਖ ਨਦੀਆਂ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੀਆਂ ਹਨ। ਬ੍ਰਹਮਪੁੱਤਰ ਵਿੱਚ ਪਾਣੀ ਦਾ ਵਧ ਰਿਹਾ ਪੱਧਰ ਡਿਬਰੂਗੜ੍ਹ ਦੇ ਵਸਨੀਕਾਂ ਲਈ ਖ਼ਤਰਾ ਬਣਿਆ ਹੋਇਆ ਹੈ। ਇਸ ਵੇਲੇ ਨਦੀ 105.85 ਮੀਟਰ ਦੇ ਪੱਧਰ ’ਤੇ ਵਹਿ ਰਹੀ ਹੈ, ਜੋ ਕਿ ਖ਼ਤਰੇ ਦੇ ਪੱਧਰ 105.70 ਮੀਟਰ ਤੋਂ ਥੋੜ੍ਹਾ ਉੱਪਰ ਹੈ। ਮੀਂਹ ਦੇ ਨਾਲ-ਨਾਲ ਗੁਆਂਢੀ ਸੂਬੇ ਮੇਘਾਲਿਆ ਤੋਂ ਆ ਰਿਹਾ ਪਾਣੀ ਸਥਿਤੀ ਨੂੰ ਹੋਰ ਗੰਭੀਰ ਬਣਾ ਰਿਹਾ ਹੈ। ਮਨੀਪੁਰ ਵਿੱਚ ਪਿਛਲੇ 48 ਘੰਟਿਆਂ ਵਿੱਚ ਭਾਰੀ ਮੀਂਹ ਕਰਕੇ ਹੜ੍ਹ ਆਉਣ ਅਤੇ ਢਿੱਗਾਂ ਡਿੱਗਣ ਕਾਰਨ 3,802 ਲੋਕ ਪ੍ਰਭਾਵਿਤ ਹੋਏ ਹਨ ਅਤੇ 883 ਘਰਾਂ ਨੂੰ ਨੁਕਸਾਨ ਪਹੁੰਚਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹੜ੍ਹਾਂ ਅਤੇ ਨਦੀਆਂ ਦੇ ਬੰਨ੍ਹ ਟੁੱਟਣ ਕਾਰਨ ਸੂਬੇ ਦੀ ਰਾਜਧਾਨੀ ਇੰਫਾਲ ਅਤੇ ਇੰਫਾਲ ਪੂਰਬੀ ਜ਼ਿਲ੍ਹੇ ਦੇ ਕਈ ਖੇਤਰ ਪਾਣੀ ਵਿੱਚ ਡੁੱਬ ਗਏ ਹਨ। ਮਨੀਪੁਰ ਦੇ ਰਾਜਪਾਲ ਅਜੈ ਕੁਮਾਰ ਭੱਲਾ ਨੇ ਇੰਫਾਲ ਸ਼ਹਿਰ ਦੇ ਕਈ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ। ਇਸੇ ਤਰ੍ਹਾਂ ਫ਼ੌਜ ਅਤੇ ਅਸਾਮ ਰਾਈਫਲਜ਼ ਦੇ ਜਵਾਨਾਂ ਨੇ ਇੰਫਾਲ ਪੂਰਬੀ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਲਗਪਗ 800 ਲੋਕਾਂ ਨੂੰ ਬਚਾਇਆ। ਅਧਿਕਾਰੀ ਨੇ ਦੱਸਿਆ ਕਿ ਸ਼ਨਿਚਰਵਾਰ ਸ਼ਾਮ ਤੱਕ ਕੁੱਲ 3,275 ਪਿੰਡ ਹੜ੍ਹਾਂ ਦੀ ਲਪੇਟ ਵਿੱਚ ਆ ਚੁੱਕੇ ਹਨ। ਇਸ ਦੌਰਾਨ ਦੋ ਵਿਅਕਤੀ ਜ਼ਖਮੀ ਅਤੇ 64 ਜਾਨਵਰ ਮਾਰੇ ਜਾ ਚੁੱਕੇ ਹਨ।

ਮਿਜ਼ੋਰਮ ਦੇ ਸੇਰਛਿਪ ਕਸਬੇ ਵਿੱਚ ਭਾਰੀ ਮੀਂਹ ਅਤੇ ਢਿੱਗਾਂ ਡਿੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। 30 ਮਈ ਤੋਂ ਪੈ ਰਹੇ ਭਾਰੀ ਮੀਂਹ ਨੇ ਮਿਜ਼ੋਰਮ ਦੇ ਸੇਰਛਿਪ ਜ਼ਿਲ੍ਹੇ



ਵਿੱਚ ਤਬਾਹੀ ਮਚਾਈ ਹੋਈ ਹੈ। ਸੂਚਨਾ ਅਤੇ ਲੋਕ ਸੰਪਰਕ ਡਾਇਰੈਕਟੋਰੇਟ ਨੇ ਕਿਹਾ ਕਿ ਸੇਰਛਿਪ ਵਿੱਚ ਢਿੱਗਾਂ ਡਿੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਇਸੇ ਤਰ੍ਹਾਂ ਦਿਨਥਰ ਵੇਂਗ ਖੇਤਰ ਵਿੱਚ ਚਾਰ ਘਰ ਢਹਿ ਗਏ ਅਤੇ ਸੜਕਾਂ ਬੰਦ ਹੋ ਗਈਆਂ ਹਨ।




ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ (ਐਨਡੀਆਰਐਫ) ਦੇ ਜਵਾਨ ਸੋਮਵਾਰ ਨੂੰ ਕੱਛਰ ਦੇ ਸਿਲਚਰ ਵਿੱਚ ਭਾਰੀ ਮੀਂਹ ਤੋਂ ਬਾਅਦ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਬਚਾਉਂਦੇ ਹੋਏ।

## ਉਤਰ-ਪੂਰਬੀ ਹੜ੍ਹਾਂ ’ਚ ਘੱਟੋ-ਘੱਟ 34 ਮੌਤਾਂ; ਪ੍ਰਧਾਨ ਮੰਤਰੀ ਵੱਲੋਂ ਮਦਦ ਦਾ ਭਰੋਸਾ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ, ਸਿੱਕਮ ਦੇ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਅਤੇ ਮਨੀਪੁਰ ਦੇ ਰਾਜਪਾਲ ਅਜੈ ਭੱਲਾ ਨਾਲ ਖੇਤਰ ਵਿੱਚ ਭਾਰੀ ਬਾਰਿਸ਼ ਅਤੇ ਹੜ੍ਹਾਂ ਕਾਰਨ ਪੈਦਾ ਹੋਈ ਸਥਿਤੀ ’ਤੇ ਗੱਲਬਾਤ ਕੀਤੀ। ਉਨ੍ਹਾਂ ਨੇ ਹੜ੍ਹਾਂ ਕਾਰਨ ਹੋਏ ਨੁਕਸਾਨ ਅਤੇ ਸਥਿਤੀ ਸੰਭਾਲਣ ਲਈ ਸੂਬੇ ਦੇ ਅਧਿਕਾਰੀਆਂ ਨੂੰ ਹਰ ਤਰ੍ਹਾਂ ਦੀ ਮਦਦ ਅਤੇ ਸਮਰਥਨ ਦਾ ਭਰੋਸਾ ਦਿੱਤਾ। ਫ਼ੋਨ ’ਤੇ ਗੱਲਬਾਤ ਤੋਂ ਬਾਅਦ ਹਿਮੰਤ ਸਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਅਸਾਮ ਵਿੱਚ ਮੌਜੂਦਾ ਹੜ੍ਹ ਦੀ ਸਥਿਤੀ ਬਾਰੇ ਜਾਣਕਾਰੀ ਲਈ ਫ਼ੋਨ ਕੀਤਾ। ਉਨ੍ਹਾਂ ਐਕਸ ’ਤੇ ਲਿਖਿਆ, “ਮੈਂ ਉਨ੍ਹਾਂ ਨੂੰ ਦੱਸਿਆ ਕਿ ਕਿਵੇਂ ਅਸਾਮ ਅਤੇ ਨਾਲ ਲੱਗਦੇ ਰਾਜਾਂ ਵਿੱਚ ਲਗਾਤਾਰ ਮੀਂਹ ਪੈਣ ਕਾਰਨ ਹੜ੍ਹ ਆਏ ਹਨ ਅਤੇ ਕਈ ਜਾਨਾਂ ਪ੍ਰਭਾਵਿਤ ਹੋਈਆਂ ਹਨ। ਪ੍ਰਧਾਨ ਮੰਤਰੀ ਨੂੰ ਰਾਜ ਸਰਕਾਰ ਦੁਆਰਾ ਕੀਤੇ ਗਏ ਰਾਹਤ ਕਾਰਜਾਂ ਬਾਰੇ ਵੀ ਜਾਣੂ ਕਰਵਾਇਆ।”

ਅਸਾਮ ਦੇ ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਚਿੰਤਾ ਪਰਗਟ ਕਰਦਿਆਂ ਰਾਜ ਦੇ ਰਾਹਤ ਅਤੇ ਪੁਨਰਵਾਸ ਯਤਨਾਂ ਲਈ ਕੇਂਦਰ ਸਰਕਾਰ ਵੱਲੋਂ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ। ਉੱਤਰ-ਪੂਰਬੀ ਖੇਤਰ ਵਿੱਚ ਹੜ੍ਹਾਂ ਕਾਰਨ ਘੱਟੋ-ਘੱਟ 34 ਲੋਕਾਂ ਦੀ ਮੌਤ ਹੋ ਗਈ ਹੈ। ਹੜ੍ਹਾਂ ਕਾਰਨ ਢਿੱਗਾਂ ਡਿੱਗਣ ਦੀਆਂ ਘਟਨਾਵਾਂ ਵਾਪਰੀਆਂ ਹਨ। ਉਧਰ ਮੌਸਮ ਵਿਭਾਗ ਨੇ ਲਗਾਤਾਰ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ।

## ਹੜ੍ਹ ਪ੍ਰਭਾਵਿਤ ਲੋਕ ਨਦੀ ਦੇ ਬੰਨ੍ਹ ਟੁੱਟਣ ਕਾਰਨ ਸੁਰੱਖਿਅਤ ਥਾਂ ’ਤੇ ਭੇਜੇ





ਇੰਫਾਲ ਪੂਰਬ : ਸੋਮਵਾਰ ਨੂੰ ਇੰਫਾਲ ਪੂਰਬ ਦੇ ਬਾਸ਼ੀਖੋਂਗ ਵਿਖੇ, ਨਦੀ ਦੇ ਬੰਨ੍ਹ ਟੁੱਟਣ ਕਾਰਨ ਹੜ੍ਹ ਦਾ ਪਾਣੀ ਉਨ੍ਹਾਂ ਦੇ ਘਰਾਂ ਵਿੱਚ ਦਾਖਲ ਹੋਣ ਤੋਂ ਬਾਅਦ ਲੋਕ ਸੁਰੱਖਿਅਤ ਜ਼ਮੀਨ ’ਤੇ ਪਹੁੰਚਣ ਲਈ ਲੱਕੜ ਦੀ ਕਿਸ਼ਤੀ ਦੀ ਵਰਤੋਂ ਕਰਦੇ ਹਨ।


ਜੂਨ 1984 ਘੱਲੂਘਾਰੇ ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
3 ਜੂਨ : ਗੁਰਦੁਆਰਾ ਸਾਹਿਬ ਹੇਵਰਡ,
1805 Hill Avenue Hayward Ca.
4 ਜੂਨ : ਗੁਰਦੁਆਰਾ ਸਾਹਿਬ ਟਰੇਸੀ,
11779 W Clover Tracy Ca
5 ਜੂਨ : ਗ਼ਦਰੀ ਬਾਬਿਆਂ ਦੇ ਇਤਿਹਾਸਕ ਸਥਾਨ,
ਗੁਰਦੁਆਰਾ ਸਾਹਿਬ ਸਟਾਕਟਨ
6 ਜੂਨ : ਸਿੱਖ ਗੁਰਦੁਆਰਾ ਸੈਨਹੋਜ਼ੇ
7,8,9 ਜੂਨ : ਗੁਰਦੁਆਰਾ ਸਾਹਿਬ
ਰੈਂਟਨ ਸਿਆਟਲ ਵਾਸ਼ਿੰਗਟਨ
ਭਾਈ ਬਲਦੇਵ ਸਿੰਘ ਵਡਾਲਾ
ਮੁੱਖ ਸੇਵਾਦਾਰ ਸ਼ੇਰ-ਏ-ਪੰਜਾਬ ਦਲ
ਭਾਈ ਸਾਹਿਬ ਜੀ ਕੀਰਤਨ ਅਤੇ ਗੁਰਮਤਿ
ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।
ਵਧੇਰੇ ਜਾਣਕਾਰੀ ਲਈ + (504) 234-9143, +91 98148-98461

# ਵਿਧਾਇਕ ਰਮਨ ਅਰੋੜਾ ਨੂੰ ਜੇਲ੍ਹ ਭੇਜਿਆ



ਜਲੰਧਰ : ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਗ੍ਰਿਫ਼ਤਾਰ ਕੀਤੇ ਗਏ ਕੇਂਦਰੀ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਰਮਨ ਅਰੋੜਾ ਦਾ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਅਦਾਲਤ ਵਲੋਂ ਉਨ੍ਹਾਂ ਨੂੰ ਜੇਲ੍ਹ (ਜੁਡੀਸ਼ੀਅਲ ਹਿਰਾਸਤ) ਵਿਚ ਭੇਜ ਦਿੱਤਾ ਗਿਆ। ਵਿਜੀਲੈਂਸ ਬਿਊਰੋ ਵਲੋਂ ਅੱਜ ਵਿਧਾਇਕ ਰਮਨ ਅਰੋੜਾ ਦਾ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਸੀ. ਜੇ. ਐਮ. ਸ੍ਰੀ ਸੁਸ਼ੀਲ ਬੋਧ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ ਤੇ ਅਦਾਲਤ ਨੇ ਰਮਨ ਅਰੋੜਾ ਨੂੰ ਜੇਲ੍ਹ ਭੇਜਣ ਦੇ ਆਦੇਸ਼ ਜਾਰੀ ਕੀਤੇ। ਇਸ ਮਾਮਲੇ ਵਿਚ ਹੁਣ 16 ਜੂਨ ਨੂੰ ਸੁਣਵਾਈ ਹੋਵੇਗੀ। ਰਮਨ ਅਰੋੜਾ ਵਲੋਂ ਐਡਵੋਕੇਟ ਦਰਸ਼ਨ ਸਿੰਘ ਦਿਆਲ ਤੇ ਨਵੀਨ ਚੱਢਾ ਪੇਸ਼ ਹੋਏ ਤਾਂ ਉਨ੍ਹਾਂ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਵਲੋਂ ਰਮਨ ਅਰੋੜਾ ਬਾਰੇ ਕੋਈ ਰਿਮਾਂਡ ਨਹੀਂ ਮੰਗਿਆ ਗਿਆ। ਜਿਸ ਕਰਕੇ ਅਦਾਲਤ ਨੇ ਰਮਨ ਅਰੋੜਾ ਨੂੰ ਜੇਲ੍ਹ ਭੇਜਣ ਦੇ ਆਦੇਸ਼ ਜਾਰੀ ਕੀਤੇ ਗਏ। ਵਿਜੀਲੈਂਸ ਵਲੋਂ ਐਡਵੋਕੇਟ ਸ੍ਰੀ ਰਿਸ਼ੀ ਭਾਰਦਵਾਜ ਪੇਸ਼ ਹੋਏ। ਵਿਜੀਲੈਂਸ ਵਲੋਂ ਵਿਧਾਇਕ ਰਮਨ ਅਰੋੜਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਉਨ੍ਹਾਂ ਦੇ ਘਰੋਂ 23 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤਾਂ ਉਸ ਤੋਂ ਬਾਅਦ ਰਮਨ ਅਰੋੜਾ ਵਿਜੀਲੈਂਸ ਦੀ ਹਿਰਾਸਤ ਵਿਚ ਸੀ ਜਿੱਥੇ ਕਿ ਉਨ੍ਹਾਂ ਕੋਲ ਪੁੱਛਗਿੱਛ ਕੀਤੀ ਗਈ ਸੀ। ਰਮਨ ਅਰੋੜਾ ਨੂੰ ਨਗਰ ਨਿਗਮ ਦੇ ਬਿਲਡਿੰਗ ਵਿਭਾਗ ਦੇ ਏ. ਟੀ. ਪੀ. ਸੁਖਦੇਵ ਵਸ਼ਿਸ਼ਟ ਦੀ ਨਾਜਾਇਜ਼ ਉਸਾਰੀਆਂ ਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਗ੍ਰਿਫ਼ਤਾਰ ਕੀਤਾ ਸੀ ਤਾਂ ਉਸ ਤੋਂ ਬਾਅਦ ਰਮਨ ਅਰੋੜਾ ਦੀ ਗ੍ਰਿਫ਼ਤਾਰੀ ਕੀਤੀ ਗਈ ਸੀ। ਰਮਨ ਅਰੋੜਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੀ ਵਿਜੀਲੈਂਸ ਭ੍ਰਿਟਾਚਾਰ ਨਾਲ ਜੁੜੇ ਮਾਮਲਿਆਂ ਦੀ ਜਾਂਚ ਕਰ ਰਹੀ ਹੈ ਤੇ ਇਸ ਦੌਰਾਨ ਵਿਜੀਲੈਂਸ ਨੇ ਰਮਨ ਅਰੋੜਾ ਦੇ ਕਰੀਬੀ ਮਹੇਸ਼ ਮਖੀਜ਼ਾ ਨੂੰ ਗ੍ਰਿਫ਼ਤਾਰ ਕਰਨ ਤੋਂ ਇਲਾਵਾ ਨਿਗਮ ਦੀ ਮਹਿਲਾ ਬਿਲਡਿੰਗ ਇੰਸਪੈਕਟਰ ਨੂੰ ਵੀ ਗ੍ਰਿਫ਼ਤਾਰ ਕੀਤਾ ਸੀ। ਮਹਿਲਾ ਬਿਲਡਿੰਗ ਇੰਸਪੈਕਟਰ ਨੂੰ ਬੀਤੇ ਦਿਨੀਂ ਅਦਾਲਤ ਨੇ ਜੇਲ੍ਹ ਭੇਜ ਦਿੱਤਾ ਸੀ। ਉਧਰ ਰਮਨ ਅਰੋੜਾ ਦੇ ਕੁੜਮ ਰਾਜੂ ਮਦਾਨ ਵਿਜੀਲੈਂਸ ਨੂੰ ਅਜੇ ਵੀ ਲੋੜੀਂਦੇ ਹਨ। ਉਂਝ ਰਮਨ ਅਰੋੜਾ ਦੇ ਬੇਟੇ ਨੇ ਵੀ ਅਗਾਊਂ ਜ਼ਮਾਨਤ ਦੀ ਅਰਜ਼ੀ ਲਗਾਈ ਹੋਈ ਹੈ ਜਿਹੜਾ ਕਿ ਵਿਜੀਲੈਂਸ ਨੂੰ ਪੁੱਛਗਿੱਛ ਲਈ ਲੋੜੀਂਦਾ ਹੈ।

# ਸਕੂਲ ਆਫ ਐਮੀਨੈਂਸ ਟਾਂਡਾ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ




ਟਾਂਡਾ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਸਕੂਲ ਆਫ ਐਮੀਨੈਂਸ ਟਾਂਡਾ ਵਿੱਖੇ ਕਰਵਾਏ ਗਏ ਇੱਕ ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕੀਤਾ। ਸਕੂਲ ਪ੍ਰਿੰਸੀਪਲ ਰਜੇਸ਼ ਕੁਮਾਰ ਤਰੇਹਣ ਦੀ ਯੋਗ ਅਗਵਾਈ ਹੇਠ ਕਰਵਾਏ ਗਏ ਇਸ ਸੈਮੀਨਾਰ ਵਿੱਚ ਸਾਬਕਾ ਡਿਪਟੀ ਡਾਇਰੈਕਟਰ ਪੰਜਾਬ ਡਾਕਟਰ ਕੇਵਲ ਸਿੰਘ ਕਾਜਲ, ਐਸਐਮਓ ਟਾਂਡਾ ਡਾਕਟਰ ਕਰਨ ਕੁਮਾਰ ਸੈਣੀ, ਆਈ ਡੋਨਰ ਇੰਚਾਰਜ ਟਾਂਡਾ ਸਟੇਟ ਅਵਾਰਡੀ ਭਾਈ ਬਰਿੰਦਰ ਸਿੰਘ ਮਸੀਤੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ, ਜਿਨ੍ਹਾਂ ਦਾ ਸਮੂਹ ਸਕੂਲ ਸਟਾਫ, ਪ੍ਰਿੰਸੀਪਲ ਸਾਹਿਬ ਤੇ ਵਿਦਿਆਰਥੀਆਂ ਨੇ ਸਕੂਲ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਡਾਕਟਰ ਕੇਵਲ ਸਿੰਘ ਕਾਜਲ ਨੇ ਨਸ਼ਿਆਂ ਦੇ ਇਨਸਾਨੀ ਸਰੀਰ ਤੇ ਪੈਣ ਵਾਲੇ ਮਾੜੇ ਪ੍ਰਭਾਵ ਦੀ ਜਾਣਕਾਰੀ ਦਿੱਤੀ,ਉਹਨਾਂ ਦੱਸਿਆ ਕਿ ਕਿਸ ਤਰ੍ਹਾਂ ਇਨਸਾਨ ਹੌਲੀ ਹੌਲੀ ਨਸ਼ਿਆਂ ਦੀ ਦਲ ਦਲ ਵਿੱਚ ਫਸ ਕੇ ਆਪਣਾ ਤੇ ਆਪਣੇ ਪੂਰੇ ਪਰਿਵਾਰ ਦਾ ਨੁਕਸਾਨ ਕਰ ਲੈਂਦਾ ਹੈ। ਇਸ ਮੌਕੇ ਐਸਐਮ ਓ ਡਾਕਟਰ ਕਰਨ ਕੁਮਾਰ ਸੈਣੀ ਨੇ ਦੱਸਿਆ ਕਿ ਜੇਕਰ ਕੋਈ ਵਿਅਕਤੀ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕਾ ਹੈ ਤਾਂ ਇਸ ਦੀ ਜਾਣਕਾਰੀ ਸਾਨੂੰ ਦਿੱਤੀ ਜਾਵੇ ਤਾਂ ਜੋ ਉਸ ਨਸ਼ਿਆਂ ਦੇ ਆਦੀ ਵਿਅਕਤੀ ਦਾ ਇਲਾਜ ਸਹੀ ਸਮੇਂ ਤੇ ਕੀਤਾ ਜਾ ਸਕੇ ਉਹਨਾਂ ਨੂੰ ਦੱਸਿਆ ਕਿ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਨਸ਼ਿਆਂ ਦਾ ਇਲਾਜ ਬਿਲਕੁਲ ਮੁਫਤ ਹੁੰਦਾ ਹੈ। ਪ੍ਰਿੰਸੀਪਲ ਰਜੇਸ਼ ਕੁਮਾਰ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਏ ਗਏ ਅਭਿਆਨ ਦੀ ਜੰਮ ਕੇ ਤਾਰੀਫ ਕੀਤੀ, ਤੇ ਵਿਦਿਆਰਥੀਆਂ ਨੂੰ ਨਸ਼ਿਆਂ ਵਰਗੀਆਂ ਭੈੜੀਆਂ ਅਲਾਮਤਾਂ ਤੋਂ ਦੂਰ ਰਹਿਣ ਦੀ ਨਸੀਹਤ ਦਿੱਤੀ। ਇਸ ਮੌਕੇ ਭਾਈ ਮਸੀਤੀ ਨੇ ਵਿਦਿਆਰਥੀਆਂ ਨੂੰ ਜਿਉਂਦੇ ਜੀ ਰਕਤ ਦਾਨ ਤੇ ਮਰਨ ਉਪਰੰਤ ਅੱਖਾਂ ਦਾਨ, ਅਤੇ ਅੰਗ ਦਾਨ ਕਰਨ ਦੀ ਜਾਣਕਾਰੀ ਵੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਮੂਹ ਸਕੂਲ ਸਟਾਫ ਮੈਂਬਰ ਹਾਜਰ ਸਨ।

# ਸਿੱਕਮ ਢਿੱਗਾਂ ਡਿੱਗਣ ਕਾਰਨ 3 ਮੌਤਾਂ, 6 ਸੁਰੱਖਿਆ ਕਰਮੀ ਲਾਪਤਾ



ਕੋਲਕਾਤਾ : ਸਿੱਕਮ ਦੇ ਛੱਤੇਨ ਵਿਖੇ ਇੱਕ ਫੌਜੀ ਕੈਂਪ 'ਤੇ ਢਿੱਗਾਂ ਡਿੱਗਣ ਕਾਰਨ ਘੱਟੋ-ਘੱਟ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਛੇ ਸੁਰੱਖਿਆ ਕਰਮਚਾਰੀ ਲਾਪਤਾ ਹੋ ਗਏ ਹਨ। ਇੱਕ ਰੱਖਿਆ ਅਧਿਕਾਰੀ ਨੇ ਸੋਮਵਾਰ ਨੂੰ ਦੱਸਿਆ ਕਿ ਇਹ ਹਾਦਸਾ ਐਤਵਾਰ ਸ਼ਾਮ 7 ਵਜੇ ਭਾਰੀ ਬਾਰਿਸ਼ ਕਾਰਨ ਵਾਪਰਿਆ। ਰੱਖਿਆ ਅਧਿਕਾਰੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਤਿੰਨ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜਦੋਂ ਕਿ ਚਾਰ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਨਾਲ ਬਚਾਇਆ ਗਿਆ ਹੈ। ਉਨ੍ਹਾਂ ਕਿਹਾ, "ਬਚਾਅ ਟੀਮਾਂ ਛੇ ਲਾਪਤਾ ਕਰਮਚਾਰੀਆਂ ਨੂੰ ਲੱਭਣ ਲਈ ਚੁਣੌਤੀਪੂਰਨ ਹਾਲਤਾਂ ਵਿੱਚ ਦਿਨ-ਰਾਤ ਕੰਮ ਕਰ ਰਹੀਆਂ ਹਨ।" ਸਿੱਕਮ ਪਿਛਲੇ ਕੁਝ ਦਿਨਾਂ ਵਿੱਚ ਭਾਰੀ ਬਾਰਿਸ਼ ਨਾਲ ਕਾਫ਼ੀ ਪ੍ਰਭਾਵਿਤ ਹੋਇਆ ਹੈ।



ਲਾਚੇਨ ਦੇ ਚਾਤੇਨ ਵਿਖੇ ਭਾਰਤੀ ਫੌਜ ਦੇ ਫੌਜੀ ਕੈਂਪ ਵਿੱਚ ਸੋਮਵਾਰ ਨੂੰ ਭਾਰੀ ਬਾਰਸ਼ ਕਾਰਨ ਜ਼ਮੀਨ ਖਿਸਕਣ ਤੋਂ ਬਾਅਦ ਬਚਾਅ ਟੀਮਾਂ ਛੇ ਲਾਪਤਾ ਫੌਜੀ ਕਰਮਚਾਰੀਆਂ ਦੀ ਭਾਲ ਕਰ ਰਹੀਆਂ ਹਨ। ਚਾਰ ਵਿਅਕਤੀਆਂ ਨੂੰ ਬਚਾਇਆ ਗਿਆ ਹੈ ਅਤੇ ਤਿੰਨ ਫੌਜੀ ਕਰਮਚਾਰੀਆਂ, ਹਵਾਲਦਾਰ ਲਖਬਿੰਦਰ ਸਿੰਘ, ਲਾਂਸ ਨਾਇਕ ਮਨੀਸ਼ ਠਾਕੁਰ ਅਤੇ ਪੋਰਟਰ ਅਭਿਸ਼ੇਕ ਲਖਾਡਾ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ।

# ਅਰੋੜਾ ਮਹਾਸਭਾ ਨੇ ਲਗਾਈ ਛਬੀਲ ਅਤੇ ਲੰਗਰ



ਟਾਂਡਾ ਉੜਮੜ, (ਰਵਿੰਦਰ ਸਿੰਘ ਟਾਂਡਾ) : ਅੱਤ ਦੀ ਗਰਮੀ ਨੂੰ ਦੇਖਦੇ ਹੋਏ ਅਰੋੜਾ ਮਹਾਸਭਾ ਟਾਂਡਾ ਉੜਮੜ ਵੱਲੋਂ ਪੰਜਾਬ ਪ੍ਰਧਾਨ ਕਮਲਜੀਤ ਸੇਤੀਆ ਦੇ ਦਿਸ਼ਾ ਨਿਰਦੇਸ਼ਾਂ ਤੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਦੀ ਸਰਪ੍ਰਸਤੀ ਹੇਠ ਸਭਾ ਵੱਲੋਂ ਠਾਕੁਰ ਦੁਆਰਾ ਮੰਦਰ ਦੇ ਸਾਹਮਣੇ ਛਬੀਲ ਅਤੇ ਲੰਗਰ ਲਗਾ ਕੇ ਅਰੋੜਾ ਵੰਸ਼ ਦੇ ਸੰਸਥਾਪਕ ਅਰੂਟ ਜੀ ਮਹਾਰਾਜ ਦੇ ਜਨਮ ਦਿਨ ਤੇ ਉਹਨਾਂ ਨੂੰ ਆਪਣੇ ਸ਼ਰਧਾ ਸਮੁਨ ਭੇਂਟ ਕੀਤੇ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਸਭਾ ਦੇ ਸੀਨੀਅਰ ਮੈਂਬਰ ਲਾਟੀ ਮਦਾਨ ਨੇ ਦੱਸਿਆ ਕਿ ਲੰਗਰ ਸਮਾਰੋਹ ਵਿੱਚ ਅਰੋੜਾ ਮਹਾਸਭਾ ਜਿਲਾ ਹੁਸ਼ਿਆਰਪੁਰ ਦੇ ਪ੍ਰਧਾਨ ਸ੍ਰੀ ਰਮੇਸ਼ ਅਰੋੜਾ ਅਤੇ ਚੇਅਰਮੈਨ ਸੰਜੀਵ ਕੁਮਾਰ ਚਾਵਲਾ ਆਪਣੀ ਟੀਮ ਨਾਲ ਵਿਸ਼ੇਸ਼ ਰੂਪ ਨਾਲ ਹਾਜ਼ਰ ਹੋਏ ਜਿਨਾਂ ਨੇ ਟਾਂਡੇ ਦੀ ਸਮੂਹ ਟੀਮ ਦੀ ਹੌਸਲਾ ਅਫਜਾਈ ਕੀਤੀ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਸਮਾਜ ਭਲਾਈ ਦੇ ਕੰਮ ਕਰਨ ਦੀ ਪ੍ਰੇਰਨਾ ਦਿੱਤੀ ਇਸ ਮੌਕੇ ਉਹਨਾਂ ਨਾਲ ਪੰਜਾਬ ਦੇ ਵਾਈਸ ਚੇਅਰਮੈਨ ਸ੍ਰੀ ਜਵਾਹਰ ਲਾਲ ਖੁਰਾਣਾ, ਅਜੇ ਚਾਵਲਾ ਜਨਰਲ ਸਕੱਤਰ ਪੰਜਾਬ, ਦਵਿੰਦਰ ਅਰੋੜਾ ਅਤੇ ਰਵੀ ਮਨੋਚਾ ਵਾਈਸ ਪ੍ਰਧਾਨ ਪੰਜਾਬ, ਗੁਲਸ਼ਨ ਅਰੋੜਾ ਕੈਸ਼ੀਅਰ ਪੰਜਾਬ, ਕਨਵ ਅਰੋੜਾ ਹੁਸ਼ਿਆਰਪੁਰ ਦੀਵਾਸੂ, ਅਰੋੜਾ ਹੁਸ਼ਿਆਰਪੁਰ ਵਿਸ਼ੇਸ਼ ਰੂਪ ਨਾਲ ਹਾਜ਼ਰ ਹੋਏ ਜਿਨਾਂ ਦਾ ਸਭਾ ਵੱਲੋਂ ਪ੍ਰਧਾਨ ਸੁਭਾਸ਼ ਚਾਵਲਾ ਅਤੇ ਪੰਕਜ ਸੱਚਦੇਵਾ ਵੱਲੋਂ ਸਵਾਗਤ ਕੀਤਾ ਗਿਆ। ਇਹਨਾਂ ਨੇ ਵਿਸ਼ਵਾਸ ਦਵਾਇਆ ਕਿ ਅਰੋੜਾ ਮਹਾਂ ਸਭਾ ਟਾਂਡਾ ਆਉਣ ਵਾਲੇ ਸਮੇਂ ਵਿੱਚ ਸਮਾਜ ਸੇਵਾ ਦੇ ਵੱਖ ਵੱਖ ਕੰਮਾਂ ਵੱਲ ਧਿਆਨ ਦੇਵੇਗੀ। ਇਸ ਮੌਕੇ ਸਭਾ ਦੇ ਸੀਨੀਅਰ ਮੈਂਬਰ ਰਜੀਵ ਕੁਕਰੇਜਾ, ਨਵਦੀਪ ਸਿਤਰੂ, ਸੁਰਿੰਦਰ ਕੁਮਾਰ ਅਰੋੜਾ, ਰਾਮ ਸਰਨ ਅਰੋੜਾ, ਸੁਰਿੰਦਰ ਗੱਟਾ, ਗੌਰਵ ਅਰੋੜਾ, ਸ਼ਿਵਾ ਪਾਸੀ, ਮਹਿੰਦਰ ਪਾਲ ਮਦਾਨ, ਅਤੇ ਹੋਰ ਹਾਜ਼ਰ ਸਨ। ਸਮਾਪਤੀ ਤੇ ਸਭਾ ਦੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਨੇ ਸਾਰਿਆਂ ਦਾਸ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਆਪਣੇ ਸਭਾ ਦੇ ਕੰਮਾਂ ਵਿੱਚ ਵੱਧ ਚੜ ਕੇ ਹਿੱਸਾ ਪਾਉਣ ਦੀ ਪ੍ਰੇਰਨਾ ਦਿੱਤੀ।



ਅਯੁੱਧਿਆ : ਸੋਮਵਾਰ ਨੂੰ ਅਯੁੱਧਿਆ ਵਿੱਚ ਰਾਮ ਦਰਬਾਰ (05 ਜੂਨ) ਦੀ ਪ੍ਰਾਣ ਪ੍ਰਤਿਸ਼ਠਾ (ਪ੍ਰਾਪਤੀ) ਦੀ ਪੂਰਵ ਸੰਧਿਆ 'ਤੇ ਸ਼ਰਧਾਲੂ 'ਕਲਸ਼ ਯਾਤਰਾ' ਵਿੱਚ ਹਿੱਸਾ ਲੈਂਦੇ ਹਨ।

*ਇਤਿਹਾਸ ਦੇ ਝਰੋਖੇ ਵਿਚੋਂ*

# ਸਾਕਾ ਨੀਲਾ ਤਾਰਾ ਦੀ ਯਾਦ



ਗੱਲ 1983 ਨਵੰਬਰ ਦੀ ਹੈ, ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਸੀ। ਸਟੇਜ ਸਕੱਤਰ ਬੜੇ ਤਰੰਨਮ ਵਿਚ ਪੜ੍ਹ ਰਹੇ ਸਨ, 'ਕਟੋ ਚੁਰਾਸੀ ਬਾਬਾ ਜੀ...' ਤਾਂ ਕਿਸੇ ਨੇ ਕਿਹਾ ਜੇ ਸਾਲ ਤਿਰਾਸੀ ਨਿਕਲ ਗਿਆ ਤ ਚੁਰਾਸੀ ਵੀ ਕੱਟੀ ਹੀ ਜਾਏਗੀ, ਪਰ ਨਹੀਂ, ਚੁਰਾਸੀ ਦਾ ਸਾਲ ਨਹੀਂ ਨਿਕਲਿਆ, ਇਹ ਸਾਲ ਨਾ ਕੇਵਲ ਸਿੱਖ ਪੰਥ ਲਈ ਘਨਘੋਰ ਘਟਾਵਾਂ ਅਤੇ ਘੱਲੂਘਾਰਿਆਂ ਵਾਲਾ ਸਾਲ ਹੋ ਨਿਬੜਿਆ, ਜਿਥੇ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਵਿਚ ਦਰਬਾਰ ਸਾਹਿਬ ਛਲਣੀ ਹੋਇਆ ਅਤੇ ਸ੍ਰੀ ਅਕਾਲ ਤਖਤ ਸਾਹਿਬ ਢਹਿ-ਢੇਰੀ ਹੋਇਆ ਬਲਕਿ ਇਸ ਹਮਲੇ ਨੂੰ ਸਰੰਜਾਮ ਦੇਣ ਕਰਕੇ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਭਾਰਤੀ ਸੈਨਾ ਦੇ ਮੁਖੀ ਵੀ ਇਸ ਦੀ ਭੇਟ ਚੜ੍ਹ ਗਏ, ਕੌਮਾਂ ਦੇ ਇਤਿਹਾਸ ਵਿਚ ਕੁਝ ਘਟਨਾਵਾਂ ਉਸਦੇ ਵਹਿਣ ਨੂੰ ਮੋੜ ਦਿੰਦੀਆਂ ਹਨ ਅਤੇ ਜਿਨ੍ਹਾਂ ਦਾ ਅਸਰ ਸਦੀਵੀ ਹੁੰਦਾ ਹੈ। ਇਹ ਇਤਿਹਾਸ ਸਦੀਆਂ ਦੇ ਮਾਪਦੰਡ ਵਿਚ ਲਿਖੇ ਜਾਂਦੇ ਹਨ, ਇਸ ਵਿਚ ਦਸ, ਵੀਹ, ਤੀਹ ਜਾਂ ਪੰਜਾਹ ਸਾਲ ਦਾ ਵੱਖਰਾ ਕਾਲ ਕਿਸੇ ਨਿਰਣੇ 'ਤੇ ਪਹੁੰਚਣ ਲਈ ਕਾਫੀ ਨਹੀਂ ਹੁੰਦਾ, ਸਾਕਾ ਨੀਲਾ ਤਾਰਾ ਵੀ ਅਜਿਹਾ ਹੀ ਇਕ ਸਾਕਾ ਹੈ। ਇਹ ਸਾਕਾ ਇਕ ਆਮ ਜਿਹਾ ਕਾਨੂੰਨ ਵਿਵਸਥਾ ਦਾ ਮਾਮਲਾ ਨਹੀਂ ਸੀ, ਜਿਵੇਂ ਕਿ ਪ੍ਰਚਾਰਿਆ ਗਿਆ ਅਤੇ ਨਾ ਹੀ ਇਹ ਇਕ ਅਚਨਚੇਤ ਵਾਪਰੀ ਉਪਰੀ ਜਿਹੀ ਘਟਨਾ ਸੀ, ਸਿੱਖ ਕੌਮ ਦਾ ਆਪਣੀ ਵੱਖਰੀ ਪਛਾਣ, ਧਾਰਮਿਕ ਹਸਤੀ ਨੂੰ ਕਾਨੂੰਨੀ ਮਾਨਤਾ, ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਵਿਤਕਰਿਆਂ ਪ੍ਰਤੀ ਰੋਸ ਅਤੇ ਸਿੱਖ ਵਸੋਂ ਪ੍ਰਦੇਸ਼ ਪੰਜਾਬ ਦੇ ਮਸਲਿਆਂ ਲਈ ਸਿੱਖ ਜਦੋ-ਜਹਿਦ ਨੇ ਇਸ ਨੂੰ ਅਮਲ ਵਿਚ ਲਿਆਂਦਾ।

ਸਰਕਾਰੀ ਪ੍ਰਚਾਰ ਤੰਤਰ 'ਤੇ ਵੱਡੀ ਪੱਧਰ 'ਤੇ ਬੜੇ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਗਿਆ ਕਿ 'ਬਲਿਊ ਸਟਾਰ' ਆਪ੍ਰੇਸ਼ਨ ਦਰਬਾਰ ਸਾਹਿਬ ਦੀ ਪਵਿੱਤ੍ਰਤਾ ਬਹਾਲ ਕਰਨ ਲਈ ਮਜਬੂਰੀ ਵਿਚ ਚੁੱਕਿਆ ਗਿਆ ਇਕ ਕਦਮ ਸੀ, ਪਰ ਜੇ ਇਹ ਸਹੀ ਸੀ ਤਾਂ ਕੇਵਲ ਦਰਬਾਰ ਸਾਹਿਬ 'ਤੇ ਹੀ ਨਹੀਂ ਬਲਕਿ ਸਰਕਾਰੀ ਵ੍ਹਾਈਟ ਪੇਪਰ ਮੁਤਾਬਿਕ ਚਾਲੀ ਤੋਂ ਵੱਧ ਇਤਿਹਾਸਕ ਗੁਰਦੁਆਰਿਆਂ 'ਤੇ ਵੱਡੀ ਪੱਧਰ 'ਤੇ ਇਹ ਫੌਜੀ ਕਾਰਵਾਈ ਕਿਉਂ ਕੀਤੀ ਗਈ?

ਇਕ ਪਾਸੇ ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਸੇਠੀ ਵਲੋਂ ਪਾਰਲੀਮੈਂਟ ਵਿਚ ਇਹ ਬਿਆਨ ਦਿੱਤਾ ਗਿਆ ਕਿ ਪੁਲਿਸ ਦਰਬਾਰ ਸਾਹਿਬ ਵਿਚ ਦਾਖਲ ਨਹੀਂ ਹੋਏਗੀ ਅਤੇ ਦੂਸਰੇ ਪਾਸੇ ਦਰਬਾਰ ਸਾਹਿਬ 'ਤੇ ਫੌਜੀ ਕਾਰਵਾਈ ਲਈ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਦਿਨ ਚੁਣਿਆ ਗਿਆ, ਜਿਸ ਦਿਨ ਸੰਗਤ ਦਾ ਭਰਵਾਂ ਇਕੱਠ ਸੀ। ਇਸ ਦੇ ਨਾਲ ਹੀ ਇਹ ਦਰਬਾਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਵਲੋਂ ਧਰਮ ਯੁੱਧ ਮੋਰਚੇ ਕਰਕੇ ਵੀ ਸੰਗਤ ਦੀ ਭਰਪੂਰ ਗਹਿਮਾ ਗਹਿਮੀ ਸੀ ਅਤੇ ਇਸ ਕਾਰਵਾਈ ਤੋਂ ਪਹਿਲਾਂ ਕਰਫਿਊ ਲਗਾ ਦਿੱਤਾ ਗਿਆ ਤਾਂ ਫਿਰ ਕੀ ਇਹ ਸਹੀ ਮਾਇਨੇ ਵਿਚ ਕੁਝ ਕੁ ਖਾੜਕੂਆਂ ਦੇ ਵਿਰੁੱਧ ਕਾਰਵਾਈ ਸੀ ਜਾਂ ਫਿਰ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੂੰ ਪ੍ਰਭਾਵਿਤ ਕਰ ਕੇ ਪੂਰੀ ਕੌਮ ਨੂੰ ਸਬਕ ਸਿਖਾਉਣ ਦਾ ਇਕ ਅਮਲ? ਕਿਸੇ ਸਿੱਖ ਦਾ ਉਚੇ ਅਹੁਦੇ 'ਤੇ ਪਹੁੰਚ ਜਾਣਾ ਹੀ ਕਾਫ਼ੀ ਨਹੀਂ ਹੁੰਦਾ, ਤਫ਼ਤੀਸ਼ਨਾਕ ਗੱਲ ਤਾਂ ਇਹ ਹੈ ਕਿ ਇਸ ਫੌਜੀ ਕਾਰਵਾਈ ਸਮੇਂ ਭਾਰਤੀ ਫੌਜਾਂ ਦਾ ਰਸਮੀ ਸੁਪਰੀਮ ਕਮਾਂਡਰ ਇਕ ਸਿੱਖ ਹੀ ਸੀ।

ਇਤਿਹਾਸ ਹਮੇਸ਼ਾ ਜੇਤੂ ਅਤੇ ਤਾਕਤਵਰ ਲਿਖਦੇ ਹਨ ਅਤੇ ਸਰਕਾਰ ਵਲੋਂ ਜਾਰੀ ਵ੍ਹਾਈਟ ਪੇਪਰ ਮੁਤਾਬਕ ਅਕਾਲ ਤਖਤ 'ਬਾਗੀ ਦਹਿਸਤਗਰਦਾਂ' ਦਾ ਗੜ੍ਹ ਸੀ, ਪਰ ਇਸ ਵਿਚ ਦਿੱਤੇ ਨਕਸ਼ਿਆਂ ਮੁਤਾਬਕ ਇਥੇ ਪਹੁੰਚਣ ਲਈ ਫੌਜ ਨੇ ਅਕਾਲ ਤਖਤ ਸਾਹਿਬ ਦੇ ਪਿਛਵਾੜੇ ਲੱਗਦੀਆਂ ਗਲੀਆਂ ਵਿਚੋਂ ਕੋਈ ਕਾਰਵਾਈ ਨਾ ਕਰਕੇ ਇਕ ਸਾਧਾਰਨ ਸ਼ਰਧਾਲੂ ਵਲੋਂ ਅਪਣਾਇਆ ਪਰਿਕਰਮਾ ਵਾਲਾ ਰਸਤਾ ਅਖ਼ਤਿਆਰ ਕੀਤਾ, ਜਿਸ ਨਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ, ਲਾਇਬ੍ਰੇਰੀ, ਤੋਸ਼ਾਖਾਨਾ, ਸਰਾਵਾਂ ਆਦਿ ਸਾਰਾ ਦਾ ਸਾਰਾ ਇਸ ਅਜ਼ਾਬ ਦਾ ਸ਼ਿਕਾਰ ਹੋਇਆ।

ਇਸ ਸਾਕੇ ਦੇ ਘਟਨਾਕ੍ਰਮ ਬਾਰੇ ਭਾਰਤ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੇ ਬੜੇ ਜ਼ੋਰ ਸ਼ੋਰ ਨਾਲ 'ਵ੍ਹਾਈਟ ਪੇਪਰ' ਵੀ ਜਾਰੀ ਕਰ ਦਿੱਤੇ ਪਰ ਇਹ ਦੋਵੇਂ ਧਿਰਾਂ ਦੇ ਸਹੀ ਵਿਸ਼ਲੇਸ਼ਣ, ਇਸਦੇ



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਕਾਰਨਾਂ ਅਤੇ ਅਜਿਹੇ ਸਾਕੇ ਦੇ ਮੁੜ ਨਾ ਦੁਹਰਾਏ ਜਾਣ ਦੇ ਹੱਲ ਬਾਰੇ ਪੂਰੀ ਤਰ੍ਹਾਂ ਮੂਕ ਹਨ, ਨੇੜ ਭਵਿੱਖ ਵਿਚ ਵੀ ਇਸ ਸਾਕੇ ਦੇ ਸਹੀ ਕਾਰਨਾਂ ਦੇ ਜਗ ਜਾਹਿਰ ਹੋਣ ਦੀ ਕੋਈ ਆਸ ਨਹੀਂ ਹੈ, ਕਾਰਨ ਸਪਸ਼ਟ ਹੈ ਕਿ ਇਸ ਲਈ ਜ਼ਿੰਮੇਵਾਰ ਅਤੇ ਇਸ ਤੋਂ ਪ੍ਰਭਾਵਿਤ ਧਿਰਾਂ ਅਤੇ ਆਗੂ ਮੌਜੂਦ ਹਨ। ਦੋਨੋਂ ਧਿਰਾਂ ਵਿਚ ਇਸ ਬਾਰੇ ਮੂਕ ਸਹਿਮਤੀ ਪ੍ਰਤੱਖ ਹੈ ਕਿ ਅਜ਼ਾਦ ਭਾਰਤ ਵਿਚ ਵੀਹਵੀਂ ਸਦੀ ਦੇ ਵਾਪਰੇ ਇਸ ਘੱਲੂਘਾਰੇ ਨੂੰ ਜੇ ਮਿਟਾਇਆ ਨਹੀਂ ਜਾ ਸਕਦਾ ਤਾਂ ਇਸ ਨੂੰ ਭੁਲਾ ਜ਼ਰੂਰ ਦਿੱਤਾ ਜਾਏ।

ਇਕ ਪਾਸੇ ਸ਼੍ਰੋਮਣੀ ਕਮੇਟੀ ਨੇ 'ਬਲਿਊ ਸਟਾਰ' ਲਈ ਭਾਰਤ ਸਰਕਾਰ 'ਤੇ ਹਜ਼ਾਰਾਂ ਕਰੋੜ ਰੁਪਏ ਦੇ ਹਰਜਾਨੇ ਦੇ ਕੇਸ ਕੀਤੇ ਅਤੇ ਸ੍ਰੀ ਦਰਬਾਰ ਸਾਹਿਬ ਵਿਚ ਇਸ ਸਾਕੇ ਦੀ ਢੁਕਵੀਂ ਯਾਦਗਾਰ ਬਣਾਉਣ ਦਾ ਨਿਰਣਾ ਵੀ ਕੀਤਾ (ਜਿਸ ਬਾਰੇ ਅਮਲ ਹੋਣਾ ਬਾਕੀ ਹੈ) ਪਰ ਨਾਲ ਹੀ ਦੂਸਰੇ ਪਾਸੇ 'ਸੁੰਦਰੀਕਰਨ' ਦੇ ਨਾਮ 'ਤੇ ਇਸ ਘੱਲੂਘਾਰੇ ਦੇ ਸਾਰੇ ਯਾਦਗਾਰੀ ਚਿੰਨ੍ਹ, ਨਿਸ਼ਾਨ ਮਿਟਾ ਦਿੱਤੇ ਗਏ ਹਨ, ਅਲਬਤਾ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਘੰਟਾ ਘਰ ਵਾਲੀ ਬਾਹੀ ਦੇ ਥੱਲੇ ਉਹ ਹਿੱਸਾ ਮੌਜੂਦ ਹੈ ਜਿਥੇ ਸ਼ਹੀਦਾਂ ਦਾ ਖੂਨ ਡੁਲ੍ਹਿਆ ਅਤੇ ਉਹ ਸ਼ਹੀਦੀ ਟਾਈਲਾਂ ਅਜੇ ਮੌਜੂਦ ਹਨ। ਸ਼੍ਰੋਮਣੀ ਕਮੇਟੀ ਵਲੋਂ ਸਾਕਾ ਨੀਲਾ ਤਾਰਾ ਦੀ ਯਾਦਗਾਰੀ ਬਣਾਉਣ ਦੇ ਮਤੇ ਦੀ ਪੂਰਤੀ ਇਸ ਯਾਦਗਾਰ ਨੂੰ ਸਾਂਭ ਕੇ ਪੂਰੀ ਕੀਤੀ ਜਾ ਸਕਦੀ ਹੈ।

ਹਰ ਸਰਕਾਰ ਦਾ ਇਹ ਐਲਾਨੀਆ ਅਮਲ ਹੁੰਦਾ ਹੈ ਕਿ ਧਰਮ ਤੇ ਰਾਜਨੀਤੀ ਇਕੱਠੇ ਨਹੀਂ ਰਹਿਣ ਦੇਣੇ, ਪਰ ਧਰਮ ਕੀ ਹੈ ਅਤੇ ਰਾਜਨੀਤੀ ਕੀ ਹੈ ਇਸ ਦਾ ਸਟੀਕ ਵਿਸ਼ਲੇਸ਼ਣ ਗਿਆਨੀ ਹੀਰਾ ਸਿੰਘ 'ਦਰਦ' ਨੇ ਕੀਤਾ ਸੀ ਕਿ ਜਿਹੜੀ ਵੀ ਗੱਲ ਸਰਕਾਰ ਨੂੰ ਚੰਗੀ ਨਾ ਲੱਗੇ, ਉਹ ਭਾਵੇਂ ਤੁਹਾਡਾ ਖਾਣ-ਪੀਣ, ਸਵਾਰੀ, ਅਸਤ੍ਰ-ਬਸਤ੍ਰ, ਕਿਸੇ ਦੇ ਧਰਮ ਦੀ ਰਾਖੀ ਹੋਵੇ, ਉਹ ਰਾਜਨੀਤੀ ਹੁੰਦੀ ਹੈ ਪਰ ਜੇ ਤੁਸੀਂ ਉਸੇ ਮੁੱਦੇ ਲਈ ਕੁਰਬਾਨੀ ਲਈ ਤਿਆਰ ਹੋ ਜਾਉ ਤਾਂ ਉਹ ਤੁਹਾਡਾ ਧਰਮ ਬਣ ਜਾਂਦਾ ਹੈ। 'ਬਲਿਊ ਸਟਾਰ' ਅਪ੍ਰੇਸ਼ਨ ਦੇ ਪਿਛੋਕੜ ਵਿਚ ਵੀ ਇਹੀ ਹੈ ਕਿ ਦਰਬਾਰ ਸਾਹਿਬ ਕੇਵਲ ਪੂਜਾ-ਪਾਠ, ਕਥਾ-ਕੀਰਤਨ ਦਾ ਸਥਾਨ ਤਾਂ ਹੋਵੇ ਪਰ ਮੀਰੀ-ਪੀਰੀ ਜਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਸੰਕਲਪ ਵਾਲੀ ਕੋਈ ਗੱਲ ਇਥੋਂ ਨਾ ਹੋਣ ਦਿੱਤੀ ਜਾਏ। ਸ਼੍ਰੋਮਣੀ ਅਕਾਲੀ ਦਲ ਆਪਣੀ ਹੋਂਦ ਦੀ ਆਰੰਭਤਾ ਦੇ ਸਮੇਂ ਤੋਂ ਹੀ ਹਰ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਮੁੱਦਿਆਂ ਲਈ ਜਦੋ-ਜਹਿਦ ਸ੍ਰੀ ਦਰਬਾਰ ਸਾਹਿਬ ਵਿਚੋਂ ਮੀਰੀ-ਪੀਰੀ ਦੇ ਤਖਤ ਤੋਂ ਹੀ ਅਰੰਭਦਾ ਰਿਹਾ ਹੈ। ਇਹ ਮੋਰਚੇ ਕੇਵਲ ਸਿੱਖ ਮਸਲਿਆਂ ਤੱਕ ਹੀ ਮਹਿਦੂਦ ਨਹੀਂ ਰਹੇ ਬਲਕਿ ਪਠਾਣਾਂ 'ਤੇ ਹੋਏ ਜ਼ੁਲਮ ਵਿਰੁੱਧ ਅਤੇ 1975 ਦੀ ਬਦਨਾਮ ਐਮਰਜੈਂਸੀ ਦੇ ਖਿਲਾਫ਼ ਵੀ ਦਰਬਾਰ ਸਾਹਿਬ ਵਿਚੋਂ ਹੀ ਆਰੰਭੇ ਗਏ। ਬਲਕਿ ਸ਼੍ਰੋਮਣੀ ਅਕਾਲੀ ਦਲ ਦਾ ਤਾਂ ਜਨਮ ਹੀ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਹੋਇਆ। ਹੁਣ ਬਲਿਊ ਸਟਾਰ ਅਪ੍ਰੇਸ਼ਨ ਦੇ ਦੂਸਰੇ ਦੌਰ ਦਾ ਅਰੰਭ ਹੈ। ਪਹਿਲਾ ਸ੍ਰੀ ਦਰਬਾਰ ਸਾਹਿਬ, ਇਸ ਦੇ ਪਾਵਨ ਸਰੋਵਰ, ਇਸ ਦੀ ਮਰਯਾਦਾ, ਸ੍ਰੀ ਅਕਾਲ ਤਖਤ ਸਾਹਿਬ, ਹੁਕਮਨਾਮੇ ਦੀ ਸੰਸਥਾ ਆਦਿ ਹਰ ਵਿਸ਼ੇ 'ਤੇ ਭੰਬਲਭੂਸਾ ਪਾਉਣ ਦੀ ਕੋਝੀ ਸਾਜ਼ਿਸ਼, ਦੂਸਰਾ ਸਰਕਾਰ ਅਤੇ ਹਾਲਾਤ ਤੋਂ ਮਜਬੂਰ ਸ਼੍ਰੋਮਣੀ ਅਕਾਲੀ ਦਲ ਦੇ ਸਹਿਯੋਗ ਅਤੇ ਆਪਸੀ ਮਿਲਵਰਤਣ ਨਾਲ ਪੂਰਾ ਹੋ ਗਿਆ ਜਾਪਦਾ ਹੈ, ਜਦੋਂ ਸ਼੍ਰੋਮਣੀ ਅਕਾਲੀ ਦਲ ਪੰਥ ਦੀ ਜਮਾਤ ਨਾ ਹੋ ਕੇ ਧਰਮ ਨਿਰਪੱਖ ਰਾਜਨੀਤਕ ਦਲ ਐਲਾਨਿਆ ਜਾ ਚੁੱਕਾ ਹੈ ਅਤੇ ਦੂਸਰੇ ਪਾਸੇ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਸਾਰੀਆਂ ਸਿੱਖ ਜਥੇਬੰਦੀਆਂ, ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਬਾਹਰ ਕਰ ਦਿੱਤੇ ਗਏ ਹਨ। ਕੀ ਹੁਣ ਮੀਰੀ-ਪੀਰੀ ਦੇ ਤਖਤ ਤੋਂ ਜਾਂ ਦਰਬਾਰ ਸਾਹਿਬ ਤੋਂ ਸਿੱਖ ਹਿੱਤਾਂ ਲਈ ਕੋਈ ਅਵਾਜ਼ ਬੁਲੰਦ ਨਹੀਂ ਹੋਏਗੀ। ਇਹ ਸਵਾਲ ਵੱਡਾ ਹੈ ਅਤੇ ਇਸਦਾ ਜਵਾਬ ਭਵਿੱਖ ਦੇ ਗਰਭ ਵਿਚ ਹੈ।

ਹੁਣ ਜਦੋਂ ਕਿ ਭਾਰਤ ਦੀ ਸਰਵਉਚ ਕਾਰਜਕਾਰਨੀ ਦੇ ਅਹੁਦੇ 'ਤੇ ਸਰਦਾਰ ਮਨਮੋਹਨ ਸਿੰਘ ਬਤੌਰ ਪ੍ਰਧਾਨ ਮੰਤਰੀ ਬਿਰਾਜਮਾਨ ਸਨ ਤਾਂ ਉਨ੍ਹਾਂ ਤੋਂ ਆਸ ਕੀਤੀ ਜਾ ਸਕਦੀ ਸੀ ਕਿ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਜਿਹੜਾ ਸਮਾਨ ਫੌਜ ਚੁੱਕ ਕੇ ਲੈ ਗਈ ਸੀ, ਉਹ ਭਾਰਤ ਸਰਕਾਰ ਵਲੋਂ ਬਿਨਾਂ ਦੇਰ ਵਾਪਸ ਕੀਤਾ ਜਾਏ ਅਤੇ ਜਿਹੜਾ ਹਰਜਾਨਾ ਸ਼੍ਰੋਮਣੀ ਕਮੇਟੀ ਨੇ ਕੋਰਟ ਰਾਹੀਂ ਮੰਗਿਆ ਹੈ ਉਸ ਦਾ ਨਿਰਣਾ ਕੀਤਾ ਜਾਏ।

# ਇਰਾਨ ਵਿਚ ਬੰਦੀ ਬਣਾਏ ਤਿੰਨ ਪੰਜਾਬੀ ਨੌਜਵਾਨ ਰਿਹਾਅ

ਹੁਸ਼ਿਆਰਪੁਰ : ਇਰਾਨ ਵਿੱਚ ਬੰਦੀ ਬਣਾ ਕੇ ਰੱਖੇ ਪੰਜਾਬ ਦੇ ਤਿੰਨ ਨੌਜਵਾਨ ਇਰਾਨ ਪੁਲੀਸ ਨੇ ਛੁਡਵਾ ਲਏ ਹਨ। ਇਰਾਨ ਦੂਤਾਵਾਸ ਨੇ ਸੋਸ਼ਲ ਮੀਡੀਆ ਹੈਂਡਲ 'ਐਕਸ' ਤੇ ਇਹ ਜਾਣਕਾਰੀ ਸਾਂਝੀ ਕੀਤੀ ਹੈ। ਟਰੈਵਲ ਏਜੰਟ ਦੇ ਝਾਂਸੇ 'ਚ



ਆ ਕੇ ਆਸਟਰੇਲੀਆ ਜਾਣ ਲਈ ਪੰਜਾਬ ਦੇ ਹੁਸ਼ਿਆਰਪੁਰ, ਨਵਾਂਸ਼ਹਿਰ ਤੇ ਸੰਗਰੂਰ ਜ਼ਿਲ੍ਹਿਆਂ ਨਾਲ ਸਬੰਧਤ ਇਹ ਨੌਜਵਾਨ 1 ਮਈ ਨੂੰ ਇਰਾਨ ਏਅਰਪੋਰਟ 'ਤੇ ਪਹੁੰਚੇ ਸਨ। ਇੱਥੇ ਡੌਂਕਰਾਂ ਨੇ ਉਨ੍ਹਾਂ ਨੂੰ ਅਗਵਾ ਕਰ ਲਿਆ ਅਤੇ ਪਰਿਵਾਰਾਂ ਤੋਂ ਫਿਰੌਤੀ ਦੀ ਮੰਗ ਕੀਤੀ ਸੀ।

ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ਤਿੰਨਾਂ ਨੂੰ ਤਹਿਰਾਨ ਪੁਲੀਸ ਨੇ ਬਚਾਇਆ ਹੈ। ਛੁਡਾਏ ਗਏ ਤਿੰਨ ਭਾਰਤੀ ਨਾਗਰਿਕਾਂ ਦੀ ਪਛਾਣ ਸੰਗਰੂਰ ਦੇ ਹੁਸਨਪ੍ਰੀਤ ਸਿੰਘ, ਐੱਸਬੀਐੱਸ ਨਗਰ ਦੇ ਜਸਪਾਲ ਸਿੰਘ ਅਤੇ ਹੁਸ਼ਿਆਰਪੁਰ ਦੇ ਅੰਮ੍ਰਿਤਪਾਲ ਸਿੰਘ ਵਜੋਂ ਹੋਈ ਹੈ। ਉਹ 1 ਮਈ ਨੂੰ ਤਹਿਰਾਨ ਪਹੁੰਚਣ ਤੋਂ ਥੋੜ੍ਹੀ ਦੇਰ ਬਾਅਦ ਲਾਪਤਾ ਹੋ ਗਏ ਸਨ।

ਇੱਥੇ ਜ਼ਿਕਰਯੋਗ ਹੈ ਕਿ ਤਿੰਨਾਂ ਵਿਅਕਤੀਆਂ ਨੂੰ ਇੱਕ ਗੈਰ-ਕਾਨੂੰਨੀ ਟਰੈਵਲ ਏਜੰਟ ਨੇ ਕਥਿਤ ਤੌਰ 'ਤੇ ਧੋਖਾ ਦਿੱਤਾ ਸੀ, ਜਿਸ ਨੇ ਉਨ੍ਹਾਂ ਨੂੰ ਆਸਟਰੇਲੀਆ ਵਿੱਚ ਵਰਕ ਪਰਮਿਟ ਦੇਣ ਦਾ ਵਾਅਦਾ ਕੀਤਾ ਸੀ। ਪਰ ਉਸ ਨੇ ਉਨ੍ਹਾਂ ਨੂੰ ਡੰਕੀ ਰੂਟ ਰਾਹੀਂ ਈਰਾਨ ਭੇਜ ਦਿੱਤਾ। ਇਹ ਰਸਤਾ ਅਕਸਰ ਮਨੁੱਖੀ ਤਸਕਰਾਂ ਵੱਲੋਂ ਗੈਰ-ਕਾਨੂੰਨੀ ਪ੍ਰਵਾਸ ਲਈ ਵਰਤਿਆ ਜਾਂਦਾ ਹੈ। ਨੌਜਵਾਨਾਂ ਦੇ ਪਰਿਵਾਰਾਂ ਦਾ ਦਾਅਵਾ ਸੀ ਕਿ ਅਗਵਾਕਾਰਾਂ ਨੇ 1 ਕਰੋੜ ਰੁਪਏ ਦੀ ਫਿਰੌਤੀ ਮੰਗ ਕਰਦਿਆਂ ਤਿੰਨਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ।

# ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇ: ਸਰਬ ਪ੍ਰਵਾਨਤ ਹੋਵੇ: ਸਮੂਹ ਨਿਹੰਗ ਸਿੰਘ ਜਥੇਬੰਦੀਆਂ

## 6 ਜੂਨ ਨੂੰ ਟਕਰਾਅ ਵਾਲੀ ਸਥਿਤੀ ਨਹੀਂ ਬਨਣੀ ਚਾਹੀਦੀ

ਅੰਮ੍ਰਿਤਸਰ : ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ ਨੇ ਆਪਸੀ ਵਿਚਾਰ ਵਟਾਂਦਰੇ ਉਪਰੰਤ ਫੈਸਲਾ ਲਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੋ ਜਥੇਦਾਰ ਸਮੁੱਚੀ ਕੌਮ ਨੂੰ ਪ੍ਰਵਾਨ ਨਹੀਂ ਉਸ ਵੱਲੋਂ ਅਕਾਲ ਤਖ਼ਤ ਸਾਹਿਬ ਤੋਂ ਘੱਲੂਘਾਰੇ ਸਮੇਂ ਕੌਮ ਦੇ ਨਾਮ ਸੰਦੇਸ਼ ਦੇਣਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਹੈ। ਨਿਹੰਗ ਸਿੰਘ ਜਥੇਬੰਦੀਆਂ ਇਸ ਦਾ ਡਟਵਾਂ ਵਿਰੋਧ ਕਰਨਗੀਆਂ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ, ਦਲਪੰਥ ਬਾਬਾ ਬਿਧੀ ਚੰਦ ਸਾਹਿਬ ਸੁਰਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ, ਮਿਸਲ ਸ਼ਹੀਦ ਬਾਬਾ ਦੀਪ ਸਿੰਘ ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਨਾਗਰ ਸਿੰਘ ਹਰੀਆਂ ਵੇਲਾਂ, ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸ਼ਮੇਸ਼ ਤਰਨਾ ਦਲ ਨੇ ਸਾਂਝੇ ਤੌਰ ਤੇ ਕਿਹਾ ਮਰਯਾਦਾ ਦੀ ਬਹਾਲੀ ਲਈ ਸਾਰੀਆਂ ਸੰਪਰਦਾਵਾਂ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਪੰਥਕ ਜਥੇਬੰਦੀਆਂ ਮੁਕੰਮਲ ਰੂਪ ਵਿੱਚ ਸਾਰੇ ਇੱਕਜੁੱਟ ਹਨ। ਕੁਲਦੀਪ ਸਿੰਘ ਗੜਗੱਜ ਪੰਥਕ ਮਰਯਾਦਾ ਅਨੁਸਾਰ ਜਥੇਦਾਰ ਨਹੀਂ ਬਣਿਆ। ਉਸ ਨੂੰ ਕੌਮੀ ਮਾਮਲਿਆਂ ਵਿੱਚ ਸਿੱਧਾ ਦਖ਼ਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਨਿਹੰਗ ਸਿੰਘ ਮੁਖੀਆਂ ਨਾਲ ਮੀਟਿੰਗ ਕਰਕੇ ਜਥੇਦਾਰ ਸਾਹਿਬਾਨ ਸਬੰਧੀ ਜਲਦ ਸਰਬ ਪ੍ਰਵਾਨਤ ਬਚਨ ਦਿਤਾ ਸੀ, ਪਰ ਏਨ੍ਹਾਂ ਸਮਾਂ ਬੀਤਣ



ਦੇ ਬਾਅਦ ਵੀ ਕੋਈ ਫੈਸਲਾ ਨਹੀਂ ਲਿਆ ਗਿਆ। ਉਨ੍ਹਾਂ ਕਿਹਾ ਸ਼੍ਰੋਮਣੀ ਕਮੇਟੀ ਨੂੰ ਚਲਾਉਣ ਵਾਲੇ ਸੰਗਤਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ। ਸੰਗਤਾਂ ਦੀਆਂ ਭਾਵਨਾਵਾਂ ਦੇ ਉਲਟ ਫੈਸਲੇ ਨਾ ਲੈਣ, ਦਿਨੋਂ ਦਿਨ ਤਖ਼ਤਾਂ ਦੀ ਮਰਯਾਦਾ ਨੂੰ ਵੀ ਢਾਹ ਲੱਗ ਰਹੀ ਹੈ। ਇਸ ਤਰ੍ਹਾਂ ਦੀ ਕਵਾਇਦ ਤੋਂ ਸ਼੍ਰੋਮਣੀ ਕਮੇਟੀ ਨੂੰ ਗੁਰੇਜ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਜਥੇਦਾਰਾਂ ਨੂੰ ਬੇਪਤੀ ਨਾਲ ਅਹੁਦਿਆਂ ਤੋਂ ਬਰਖ਼ਾਸਤ ਕਰਨਾ, ਫਿਰ ਮਰਯਾਦਾ ਦਾ ਉਲੰਘਣ ਕਰਕੇ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਉਲਟ ਜਥੇਦਾਰ ਨੂੰ ਚੋਰ ਮੋਰੀ ਸੇਵਾ ਸੌਂਪੀ ਜਾਣੀ। ਉਨ੍ਹਾਂ ਕਿਹਾ ਸਿੱਖ ਜਥੇਬੰਦੀਆਂ ਇਸ ਨੂੰ ਪ੍ਰਵਾਨਗੀ ਨਹੀਂ ਦਿੰਦੀਆਂ। ਫਿਰ ਸ਼੍ਰੋਮਣੀ ਕਮੇਟੀ ਧੱਕੇਸ਼ਾਹੀ ਨਾਲ ਉਨ੍ਹਾਂ ਨੂੰ 1984 ਦੇ ਘੱਲੂਘਾਰੇ ਦੀ 41ਵੀਂ ਵਰੇਗੰਢ ਤੇ ਸੰਦੇਸ਼ ਦੇਣ ਅਤੇ ਸ਼ਹੀਦ ਪ੍ਰੀਵਾਰਾਂ ਨੂੰ ਉਸ ਤੋਂ ਸਨਮਾਨਤ ਕਰਨ ਸਬੰਧੀ ਆਪਣੀ ਜਿੱਦ ਕਿਉਂ ਪੁੱਗਾ ਰਹੀ ਹੈ। ਉਨ੍ਹਾਂ ਕਿਹਾ ਇਹ ਇੱਕ ਤਰ੍ਹਾਂ ਦਾ ਸ਼ਹੀਦ ਸਿੰਘਾਂ ਅਤੇ ਉਨ੍ਹਾਂ ਦੇ ਵਾਰਸਾਂ ਦਾ ਨਿਰਾਦਰ ਕਰਨ ਵਾਲੀ ਕਾਰਵਾਈ ਹੈ। ਇਸ ਫੌਜੀ ਹਮਲੇ ਦੇ ਮੁਖੀ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆ ਦੇ ਸਪੁੱਤਰ ਨੇ ਸਪੱਸ਼ਟ ਰੂਪ ਵਿੱਚ ਸਿਰਪਾਓ ਲੈਣ ਤੋਂ ਨਾਹ ਕਰ ਦਿਤੀ ਹੈ।

ਉਨ੍ਹਾਂ ਕਿਹਾ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨਿਹੰਗ ਸਿੰਘਾਂ ਦੀ ਜਿੰਦਜਾਨ ਸਤਿਕਾਰਤ ਸਰਵ ਉਚ ਅਸਥਾਨ ਹਨ ਇਨ੍ਹਾਂ ਅਸਥਾਨਾਂ ਦੀ ਅਜਮਤ ਲਈ ਸਾਡੀਆਂ ਅਨੇਕਾਂ ਕੁਰਬਾਨੀਆਂ ਹਨ। ਉਨ੍ਹਾਂ ਕਿਹਾ ਏਥੇ ਅਜਿਹੀ ਕੋਈ ਟਕਰਾਅ ਵਾਲੀ ਸਥਿਤੀ ਨਹੀਂ ਬਨਣੀ ਚਾਹੀਦੀ। ਸ਼੍ਰੋਮਣੀ ਕਮੇਟੀ ਨੂੰ ਆਪਣੇ ਫੈਸਲਿਆਂ ਸਬੰਧੀ ਸਵੈਪੜਚੋਲ ਕਰਨੀ ਚਾਹੀਦੀ ਹੈ, ਉਸ ਨੂੰ ਬਾਰ ਬਾਰ ਸਿੱਖ ਭਾਵਨਾਵਾਂ ਦੇ ਉਲਟ ਵਾਲੇ ਫੈਸਲੇ ਨਹੀਂ ਲੈਣੇ ਚਾਹੀਦੇ। ਉਨ੍ਹਾਂ ਕਿਹਾ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਪਹਿਲਾਂ ਹੀ ਫੈਸਲਾ ਕੀਤਾ ਹੋਇਆ ਹੈ ਕਿ ਇਸ ਜਥੇਦਾਰ ਨੂੰ ਕੋਈ ਸਿਰਪਾਓ ਨਾ ਦਿੱਤਾ ਜਾ ਸਕਦਾ, ਨਾ ਲਿਆ ਜਾ ਸਕਦਾ ਹੈ। ਤਖ਼ਤਾਂ ਦੀ ਮਾਨ ਮਰਯਾਦਾ ਕਾਇਮ ਰੱਖਣੀ ਸ਼੍ਰੋਮਣੀ ਕਮੇਟੀ ਤੇ ਹਰੇਕ ਸਿੱਖ ਦਾ ਮੁੱਢਲਾ ਫ਼ਰਜ਼ ਹੈ। ਪਰ ਅੱਜ ਤਾਂ ਤਖ਼ਤਾਂ ਵਿੱਚ ਟਕਰਾਅ ਪੈਦਾ ਹੋ ਗਿਆ ਜੋ ਨਹੀਂ ਸੀ ਹੋਇਆ। ਉਨ੍ਹਾਂ ਕਿਹਾ ਸਾਡਾ ਨਿਜੀ ਤੌਰ ਤੇ ਸ਼੍ਰੋਮਣੀ ਕਮੇਟੀ ਨਾਲ ਕੋਈ ਵਿਰੋਧ ਨਹੀਂ ਹੈ ਤਖ਼ਤਾਂ ਦੀ ਆਨ ਬਾਣ ਸ਼ਾਨ ਅਤੇ ਮਰਯਾਦਾ ਪੂਰਨ ਤੌਰ 'ਤੇ ਬਹਾਲ ਹੋਣੀ ਚਾਹੀਦੀ ਹੈ।

# ਸ਼ਹਾਦਤ ਤੋਂ 'ਸ਼ਹੀਦਾਂ ਦੀ ਜਥੇਬੰਦੀ' ਦਾ ਸਫ਼ਰ

'ਸ਼ਹਾਦਤ' ਅਤੇ 'ਸਿੱਖੀ' ਦਾ ਰਿਸ਼ਤਾ 'ਸੱਸੀ ਪਨੂੰ', 'ਹੀਰ ਰਾਂਝਾ', 'ਸੋਹਣੀ ਮਹੀਵਾਲ' ਤੇ 'ਲੈਲਾ ਮਜਨੂੰ' ਦੀ ਆਸ਼ਕੀ ਅਤੇ ਪ੍ਰੇਮ ਤੋਂ ਵੱਧ ਪੀਢਾ, ਨਿੱਘਾ, ਮਿੱਠਾ ਅਤੇ ਪੱਕਾ ਹੈ। ਪਰ ਇਹ ਰਿਸ਼ਤਾ 'ਇਸ਼ਕੇ ਮਜਾਜ਼ੀ' ਜਾਂ ਦੁਨਿਆਵੀ ਪ੍ਰੇਮ ਦਾ ਤੋਤੇ ਮੈਨਾ ਦਾ ਕਿੱਸਾ ਵੀ ਨਹੀਂ। ਇਹ ਤਾਂ 'ਇਸ਼ਕੇ ਹਕੀਕੀ' ਜਾਂ ਪ੍ਰੀਤਮ ਪਿਆਰੇ ਦੇ ਸਦੀਵੀਂ ਪਿਆਰ ਦਾ ਇਲਾਹੀ ਸਬੰਧ ਹੈ। ਇਸ ਇਸ਼ਕ ਬਾਰੇ ਤਾਂ ਭਾਈ ਨੰਦ ਲਾਲ ਵੀ ਫੁਰਮਾਉਂਦੇ ਹਨ ਕਿ ਐ ਗੋਧਾ! ਤੂੰ ਲੈਲਾ ਦਾ ਹਾਲੇ ਦਿਲ ਕਿਸੇ ਸਰ ਫਿਰੇ ਦਿਲ ਨੂੰ ਦੱਸੀਂ, ਕਿਉਂਕਿ ਮਜਨੂੰ ਦੀ ਵਿਥਿਆ ਮੇਰੇ ਜਿਹੇ ਦੀਵਾਨੇ ਨੂੰ ਹੀ ਰਾਸ ਆਉਂਦੀ ਹੈ। ਮੂਰਖਾਂ ਨੂੰ ਇਸ ਵਿਚੋਂ ਅਸ਼ਲੀਲਤਾ ਦੀ ਬੋਅ ਆਏਗੀ।

ਮਗੋ ਅਜ਼ ਹਾਲਿ ਲੈਲਾ ਰਾ ਦਿਲਿ
ਸ਼ੋਰੀਦਾਇ ਗੋਯਾ।
ਕਿ ਸ਼ਰਾਹ ਕਿੱਸਾਇ ਮਜਨੂੰ ਮਰਾ
ਦੀਵਾਨਾ ਮੀ ਸਾਜ਼ਦ॥

ਇਹ ਰਿਸ਼ਤਾ ਗੁਰੂ ਨਾਨਕ ਦੇਵ ਜੀ ਦੇ ਪ੍ਰੇਮ ਬਾਣ ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ (1412) ਅਤੇ ਗੁਰੂ ਅਰਜਨ ਦੇਵ ਜੀ ਦੇ ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ (1102) ਦੇ ਸੁਨੇਹੜੇ ਤੋਂ ਆਰੰਭ ਹੁੰਦਾ ਹੈ। ਪ੍ਰੀਤਮ ਦੀ ਗਲੀ ਦੇ ਮਾਰਗ ਦੇ ਇਸ ਪੰਧ ਦਾ ਵਸਲ, ਮਿਲਾਪ ਜਾਂ ਮੰਜ਼ਲੇ-ਮਕਸੂਦ ਕਗਲੀਧਰ ਪਿਤਾ ਦੇ ਹੱਥ ਫੜੀ ਲਿਸ਼ਕਦੀ 'ਸ੍ਰੀ ਸਾਹਿਬ' ਨੂੰ ਸੀਸ ਭੇਂਟ ਕਰ ਕੇ ਹੁੰਦਾ ਹੈ। ਭਾਈ ਨੰਦ ਲਾਲ ਦੀ ਨਸੀਹਤ ਵੀ ਧਿਆਨ ਮੰਗਦੀ ਹੈ ਕਿ 'ਪ੍ਰੀਤ ਦਾ ਪੈਂਡਾ ਬੜਾ ਲੰਮਾ ਹੈ, ਪੈਰਾਂ ਨਾਲ ਨਹੀਂ ਤੁਰਿਆ ਜਾਣਾ। (ਬਾਬਾ ਦੀਪ ਸਿੰਘ ਵਾਂਗ) ਆਪਣੇ ਸਿਰ ਨੂੰ ਪੈਰ ਬਣਾ ਲੈ ਤਾਂ ਜੋ ਉਸ ਪਿਆਰੇ ਦੇ ਰਾਹ 'ਤੇ ਤੁਰ ਸਕੇਂ। ਮੰਜ਼ਲਿ ਇਸ਼ਕ ਦਰਾਜ਼ ਅਸਤ ਬਾ-ਪਾ ਨਤਵਾਂ ਰਫ਼ਤ। ਸਰ ਕਦਮ ਸਾਜ਼ ਤਾ ਦਰ ਰਹਿ ਆਂ ਯਾਰ ਸ਼ਵੀ॥ (ਭਾਈ ਨੰਦ ਲਾਲ)।'

ਇਸ ਦੇ ਬਾਅਦ ਇਸ ਮਾਰਗ 'ਤੇ ਤੁਰਨ ਵਾਲੇ ਇਨ੍ਹਾਂ ਆਸ਼ਕਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ 'ਪਿਆਰਿਆਂ' ਦਾ ਦਰਜਾ ਹੀ ਤਾਂ ਹਾਸਲ ਹੁੰਦਾ ਹੈ। ਹੁਣ ਗੁਰ ਪ੍ਰਮੇਸਰ ਖ਼ੁਦ ਇਨ੍ਹਾਂ ਦਾ ਮਹਿਬੂਬ ਅਤੇ ਮਾਸ਼ੂਕ ਬਣ ਜਾਂਦਾ ਹੈ। ਇਸ ਲਈ ਗੁਰੂ ਨਾਨਕ ਪਾਤਸ਼ਾਹ ਨੇ ਵੀ ਸ਼ਹੀਦੀ ਮਾਰਗ 'ਤੇ ਤੁਰਨ ਵਾਲੇ ਨੂੰ ਪੀਰਾਂ ਤੇ ਪੈਗੰਬਰਾਂ ਦੇ ਤੁਲ ਪ੍ਰਵਾਨ ਕੀਤਾ ਹੈ। ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ॥ (53) ਸ਼ਹੀਦ ਤਾਂ ਮੁਕਤਾ ਹੈ। ਕਾਤਲ ਵਿਚਾਰਾ ਤਾਂ ਇਸ ਮਿਲਾਪ ਦੀ ਖੇਡ ਵਿਚ ਇਕ ਵਿਚੋਲੇ ਦੇ ਰੂਪ ਵਿਚ ਸਹਾਈ ਹੁੰਦਾ ਹੈ। ਭਾਈ ਮਨੀ ਸਿੰਘ ਤਾਹੀਓਂ ਤਾਂ ਜੱਲਾਦ ਨੂੰ ਕਹਿੰਦੇ ਹਨ, ਸੁਣ ਕਾਤਲ ਅਸੀਂ ਰਲ ਮਿਲ ਦੋਵੇਂ, ਅਜਬ ਤਮਾਸ਼ਾ ਲਾਵਾਂਗੇ।

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜਦੋਂ ਧੁਰ ਕੀ ਬਾਣੀ ਦੇ ਬਚਨ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ (ਪੰਨਾ 757) ਉਚਾਰੇ ਤਾਂ ਸਾਈਂ ਮੀਆਂ ਮੀਰ ਨੇ ਕਿਹਾ ਸੀ ਕਿ ਹਜ਼ੂਰ ਇਹ ਤੱਖ਼ਈਅਲ, ਕਾਵਿ ਉਡਾਰੀ ਬੜੀ ਉਚੀ ਹੈ। ਬਾਅਦ ਵਿਚ ਤੱਤੀ ਤਵੀ ਅਤੇ ਸੀਸ ਤੇ ਰੇਤਾ ਪਵਾ ਰਹੇ ਗੁਰੁ ਅਰਜਨੁ ਪਰਤਖ ਹਰਿ (757) ਨੇ ਮੀਆਂ ਮੀਰ ਨੂੰ ਪੁੱਛਿਆ ਸੀ, ਸਾਈਂ ਜੀ! ਉਹ ਉਡਾਰੀ ਕੈਸੀ ਸੀ?

ਗੁਰੂ ਅਰਜਨ ਸਾਹਿਬ ਦੀ ਨਬੂਦਤ ਅਤੇ ਰੱਬੀ ਰੂਹ 'ਤੇ ਕੀ ਭਾਵਨਾ ਨਾਜ਼ਲ ਹੋਈਆਂ ਹੋਣਗੀਆਂ ਜਦੋਂ ਧੁਰ ਕੀ ਬਾਣੀ ਦਾ ਭਵਿੱਖ ਵਾਕ ਜਹ ਮਹਾ ਭਇਆਨ ਤਪਹਿ ਬਹੁ ਘਾਮ॥ ਹਜ਼ੂਰ ਦੇ ਮੁਖਾਰਬਿੰਦ ਤੋਂ ਉਚਰਿਆ ਹੋਵੇਗਾ। ਪਰ ਇਸ ਦੇ ਨਾਲ ਹੀ ਤਹ ਤਰਿ ਕੇ ਨਾਮ ਕੀ ਤੁਮ ਉਪਰਿ ਛਾਮ (264) ਨੇ ਰਹਿਮਤ ਤੇ ਸ਼ੁਕਰਾਨੇ ਦਾ ਹੜ ਲਿਆ ਦਿੱਤਾ ਹੋਏਗਾ।



ਸ਼ਹੀਦੀ ਜਾਂ ਸ਼ਹਾਦਤ ਦਾ ਅਖਰੀ ਅਰਥ ਹੈ ਸੱਚ ਹੱਕ ਇਨਸਾਫ਼ ਲਈ ਗਵਾਹੀ ਦੇਣਾ। ਇਸਲਾਮੀ ਸ਼ਰਾਅ ਮੁਤਾਬਿਕ ਸ਼ਹੀਦ ਤਾਂ ਪਵਿੱਤਰ ਹੁੰਦਾ ਹੈ ਸੋ ਉਸ ਨੂੰ ਦਫ਼ਨਾਉਣ, ਸਪੁਰਦੇ ਖ਼ਾਕ ਕਰਨ ਤੋਂ ਪਹਿਲਾਂ ਨਹਾਉਣ ਦੀ ਜ਼ਰੂਰਤ ਨਹੀਂ ਮੰਨੀ ਜਾਂਦੀ। ਸ਼ਹਾਦਤ ਦਾ ਸੰਕਲਪ ਸਾਮੀ ਧਰਮਾਂ ਵਿਚ ਤਾਂ ਸੀ ਪਰ ਭਾਰਤ ਵਰਸ਼ ਵਿਚ ਸੱਚ ਤੇ ਧਰਮ ਦੀ ਖ਼ਾਤਿਰ ਸ਼ਹੀਦ ਹੋਣ ਦੀ ਸ਼ਮਾਂ ਗੁਰੂ ਅਰਜਨ ਦੇਵ ਜੀ ਨੇ ਰੌਸ਼ਨ ਕੀਤੀ।

ਇਸਲਾਮ ਦੀ ਪਵਿੱਤਰ ਪੁਸਤਕ 'ਕੁਰਆਨ ਮਜੀਦ' ਦੀ ਸੂਰਾ ਅਲ ਜ਼ੁਮਰ 39 ਵਿਚ ਖ਼ੁਦਾ ਵਲੋਂ ਮੋਮਿਨਾਂ ਨਾਲ ਵਾਇਦਾ ਕੀਤੀ ਗਈ ਇਮਾਰਤ ਦਾ ਨਕਸ਼ਾ ਦਿੱਤਾ ਗਿਆ ਹੈ।

ਲਾਕਿਨਿਲ-ਲਜ਼ੀਨਤੱ ਕੌ ਰੱਬ ਹੁਮ ਲਹੁਮ ਗ਼ੁ-ਰਫ਼ਮ-ਮਿਨ ਫੌਕਿਹਾ-ਗ-ਰੱਫ਼ੁਮ-ਮਬਿਨਯੱਤੁਨ ਤੱਜਰੀ ਮਿਨ ਤਹਿਤ ਹਲ-ਅਨਹਾਰੂ ਵਅ-ਦੱਲਾਹਿ ਲਾ ਯੁਖਿਲਫ਼ੁਲਾਹੁਲ-ਮੀਆਦ।

ਇਹ ਬਹੁਮੰਜ਼ਿਲਾਂ ਵਾਲੀ ਇਮਾਰਤ ਹੋਏਗੀ। ਜਿਸ ਵਿਚ ਬਹੁਤ ਸਾਰੀਆਂ ਅਟਾਰੀਆਂ ਜਾਂ ਖਿੜਕੀਆਂ ਹੋਣਗੀਆਂ ਅਤੇ ਇਸ ਦੇ ਹੇਠ ਨਹਿਰ ਵਗਦੀ ਹੋਏਗੀ। ਗੁਰੂ ਅਰਜਨ ਪਾਤਸ਼ਾਹ ਨੇ ਅਰਸ਼ ਦੀ ਇਮਾਰਤ ਦਾ ਨਕਸ਼ਾ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਰੂਪ ਵਿਚ ਪ੍ਰਤੱਖ ਫਰਸ਼ 'ਤੇ ਲੈ ਆਂਦਾ। ਕਾਸ਼! ਜਹਾਂਗੀਰ ਨੇ ਖ਼ੁਦਾ ਦੀ ਇਹ ਗੱਲ ਸੁਣੀ ਹੁੰਦੀ।

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸ਼ਹਾਦਤਾਂ ਦਾ ਮੁੱਢ ਬੰਨ੍ਹਿਆ। ਇਕ ਨੇ ਪੰਚਮ ਪਿਤਾ ਪਿਆਰੇ, ਇਕ ਉਨ੍ਹਾਂ ਦੇ ਪੋਤੇ ਜੋ। ਉਸ ਪੋਤੇ ਨੇ ਪੋਤੇ ਲੈ ਲਏ, ਦੋ ਏਧਰ ਤੇ ਉਧਰ ਦੋ। ਅਣਗਿਣਤ ਪ੍ਰਵਾਨਿਆਂ ਨੇ ਗੁਰੂ ਜੋਤਿ ਤੋਂ ਆਪਾ ਵਾਰਿਆ ਪਰ ਇਹ ਪ੍ਰਵਾਨੇ ਬਾਅਦ ਵਿਚ ਸੜੇ ਹਨ, ਗੁਰੂ ਜੋਤਿ ਨੇ ਪਹਿਲੋਂ ਜਹਾਂਗੀਰ ਦੀ ਦੇਗ, ਤੱਤੀ ਤਵੀ ਅਤੇ ਔਰੰਗਜ਼ੇਬ ਦੀ ਤਲਵਾਰ ਥੱਲੇ ਆਪਣਾ ਸਿਰ ਦਿੱਤਾ ਹੈ।

ਸ਼ਮਾ ਭੀ ਕਮ ਨਹੀਂ ਕੁਛ ਇਸ਼ਕ
ਮੇਂ ਪਰਵਾਨੇ ਸੇ॥
ਜਾਨ ਦੇਤਾ ਹੈ ਅਗਰ ਵੋ,
ਤੋ ਯੇ ਸਰ ਦੇਤੀ ਹੈ॥

ਗੁਰਮਤਿ ਅਤੇ ਭਗਤੀ ਮਤ ਵਿਚ ਇਕ ਮੁਢਲਾ ਅੰਤਰ ਹੈ। ਭਗਤੀ ਮਤ ਪ੍ਰਹਿਲਾਦ ਦੀ ਰਾਖੀ



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਲਈ ਤਪਦੇ ਹੋਏ ਲੋਹੇ ਦੇ ਥੰਮ ਤੇ ਕੀੜੀ ਦੇ ਤੁਰਨ ਦਾ ਕੌਤਕ ਹੋ ਜਾਂਦਾ ਹੈ। ਨਾਮਦੇਵ ਦੇ ਬਚਾਅ ਲਈ ਮੋਈ ਗਾਂ ਜੀ ਪੈਂਦੀ ਹੈ। ਕਬੀਰ ਡੁੱਬਣ ਤੋਂ ਬਚ ਜਾਂਦਾ ਹੈ ਪਰ ਗੁਰੂ ਅਰਜਨ ਦੇਵ ਜੀ ਦੇ ਸੀਸ 'ਤੇ ਪੈ ਰਿਹਾ ਰੇਤਾ ਠੰਡਾ ਨਹੀਂ ਹੁੰਦਾ। ਗੁਰੂ ਤੇਗ ਬਹਾਦਰ ਜੀ ਦੇ ਸੀਸ ਤੇ ਡਿੱਗ ਰਹੀ ਤਲਵਾਰ ਰੁਕਦੀ ਨਹੀਂ। ਪਰ ਇਸ ਦੇ ਬਾਅਦ ਕੀ ਹੁੰਦਾ ਹੈ। ਜ਼ਾਲਮ ਬਾਦਸ਼ਾਹਾਂ ਦੇ ਖੰਡਰਾਤ ਪੁਕਾਰ ਪੁਕਾਰ ਕੇ ਕਹਿ ਰਹੇ ਹਨ ਕੋਊ ਹਰਿ ਸਮਾਨਿ ਨਹੀ ਰਾਜਾ॥ ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥ (ਪੰਨਾ 856)

ਬਾਬੇ ਕੇ ਬਾਬਰ ਕੇ ਦੋਊ॥ ਆਪ ਕਰੇ ਪਰਮੇਸਰ ਸੋਊ॥ ਦੇ ਗੁਰਵਾਕ ਮੁਤਾਬਿਕ ਐਮਨਾਬਾਦ ਵਿਚ ਬਾਬਰ ਨਾਲ ਬਾਬਾ ਨਾਨਕ ਦਾ ਹੋਇਆ ਟਕਰਾਅ ਬਾਬਰ ਕਿਆਂ ਵਲੋਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ 'ਤੇ ਆ ਕੇ ਨਿਬੜਿਆ। ਗੁਰੂ ਅਰਜਨ ਪਾਤਸ਼ਾਹ ਵਲੋਂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ ਇਸ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ 'ਦੁਕਾਨੇ ਬਾਤਲ' (ਝੂਠ ਦੀ ਦੁਕਾਨ) ਅਤੇ ਹਜ਼ੂਰ ਨੂੰ ਬਾਗੀ ਕਰਾਰ ਦੇ ਦਿੱਤਾ। ਰਾਜਿ ਰੰਗੁ ਮਾਲਿ ਰੰਗੁ॥ ਰੰਗਿ ਰਤਾ ਨਚੈ ਨੰਗੁ॥ (142) ਇਸ ਤੋਂ ਬਾਅਦ ਤਾਂ ਇਹ ਹਰਿਮੰਦਰ ਸਾਹਿਬ ਹਰ ਹਕੂਮਤ ਦੀਆਂ ਅੱਖਾਂ ਦੀ ਕਿਰਕਿਰੀ ਬਣਿਆ। ਮੁਗਲਾਂ, ਦੁਰਾਨੀਆਂ, ਅਫ਼ਗਾਨੀਆਂ, ਰੰਘੜਾਂ, ਫਿਰੰਗੀਆਂ ਅਤੇ ਉਸ ਤੋਂ ਬਾਅਦ ਅਜ਼ਾਦ ਭਾਰਤ ਦੀ ਸਰਕਾਰ ਦੇ ਅਜ਼ਾਬ ਤੋਂ ਨਾ ਬਚ ਸਕਿਆ। ਰੰਗ ਬਦਲ ਗਏ, ਢੰਗ ਬਦਲ ਗਏ ਪਰ ਢੰਗ ਨਾ ਬਦਲੇ। ਬਾਬੇ ਕੇ ਤੇ ਬਾਬਰ ਕਿਆਂ ਕੀ ਇਹ ਖੇਡ ਬਦਸਤੂਰ ਜਾਰੀ ਹੈ।

ਇਸਲਾਮੀ ਨਿਆਂ ਵਿਧਾਨ ਮੁਤਾਬਿਕ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਨਹੀਂ ਸੀ ਕੀਤਾ ਜਾ ਸਕਦਾ। ਪਰ ਕਾਨੂੰਨ ਤਾਂ ਸਰਕਾਰੀ ਇੱਛਾ ਤੰਤ੍ਰ ਦਾ ਇਕ ਸਾਧਨ ਮਾਤਰ ਹੁੰਦਾ ਹੈ। ਸੋ ਇਸ ਲਈ ਚੰਗੇਜ਼ ਖ਼ਾਨ ਜੋ ਕਿਸੇ ਵੀ ਧਰਮ ਨੂੰ ਨਹੀਂ ਸੀ ਮੰਨਦਾ, ਉਸ ਦੇ ਬਣਾਏ ਕਾਨੂੰਨ 'ਯਾਸਾ' ਮੁਤਾਬਿਕ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ। ਮੁਗਲ ਰਾਜ ਕਾਲ ਵਿਚ ਪਹਿਲੀ ਵਾਰ ਗੈਰ ਇਸਲਾਮੀ ਕਾਨੂੰਨ ਲਾਗੂ ਕੀਤਾ ਗਿਆ।

ਮਤ ਕੋਈ ਖ਼ਿਆਲ ਕਰੇ ਕਿ ਇਹ ਸਾਰਾ ਕੁਛ ਨਿਰਾ ਮਿਥਿਹਾਸਕ ਵਖਿਆਨ ਹੀ ਹੈ। 1947 ਵਿਚ ਦੇਸ਼ ਦੀ ਵੰਡ ਸਮੇਂ ਵੀ ਧਰਮ ਬਚਾਉਣ ਦੀ ਖ਼ਾਤਰ ਅਨੇਕ ਸ਼ਹੀਦ ਹੋਏ। ਅਣਗਿਣਤ ਸਿੱਖ ਬੀਬੀਆਂ ਨੇ ਧਰਮ ਬਚਾਉਣ ਦੀ ਖਾਤਰ ਖੂਹਾਂ 'ਤੇ ਛਾਲਾਂ ਮਾਰ ਮਾਰ ਕੇ ਖੂਹ ਭਰ ਦਿੱਤੇ ਤੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ। 1978 ਅਤੇ 1984 ਨੇ ਸ਼ਹਾਦਤਾਂ ਦੇ ਬੂਟੇ ਨੂੰ ਫਿਰ ਨਵੀਂ ਜ਼ਿੰਦਗੀ ਬਖਸ਼ੀ।

ਸਾਰਾ ਸਿੱਖ ਜਗਤ ਅੱਵੀ ਨਿਤਾਪ੍ਰਤਿ ਧਰਮ ਦੀ ਖ਼ਾਤਰ, ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਹੁਣ ਦੀ ਖ਼ਾਤਰ ਕੁਰਬਾਨ ਹੋਏ ਸ਼ਹੀਦਾਂ ਨੂੰ ਸਿਜਦਾ ਕਰਦਾ ਹੈ। ਅਰਦਾਸ ਦੇ ਇਹ ਬੋਲ ਸੰਖੇਪ ਵਿਚ ਇਤਿਹਾਸ ਹੀ ਤਾਂ ਹੈ। "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆਂ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ!"

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਤਿੰਨ ਮੁੱਖ ਕਾਰਨ ਸਨ। (1) ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ (2) ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ (3) ਸਾਬਤ ਸੂਰਤਿ ਦਸਤਾਰ ਸਿਰਾ॥ (1085)। ਇਨ੍ਹਾਂ ਦੀ ਅਜ਼ਮਤ ਖ਼ਾਤਰ ਗੁਰੂ ਸਾਹਿਬ ਨੇ ਸ਼ਹਾਦਤ ਦਾ ਜਾਮ ਪੀਤਾ। ਅੱਜ ਇਹ ਮੁੱਦੇ ਬਦਸਤੂਰ ਬਰਕਰਾਰ ਹਨ ਅਤੇ ਗੁਰੂ ਪੰਥ ਨੂੰ ਖ਼ਤਰਾ ਕਿਤੇ ਜ਼ਿਆਦਾ ਗੰਭੀਰ ਤੇ ਭਿਆਨਕ ਹੈ। ਭਾਵੇਂ ਗੱਲ ਹੋਵੇ ਕਸੂਰ ਦੇ ਬ੍ਰਾਹਮਣ ਦੀ ਲੜਕੀ ਛੁਡਾਉਣ ਦੀ, ਭਾਵੇਂ ਹਿੰਦੁਸਤਾਨ ਤੇ ਹੁੰਦੇ ਹਮਲਾਵਰਾਂ ਦੇ ਰਾਹ ਡੱਕਣ ਦੀ, ਭਾਵੇਂ ਲਾਲ ਕੁੜਤੀ ਪਠਾਣਾਂ ਨੂੰ ਇਮਦਾਦ ਦੇਣ ਦੀ। ਇਹ ਸਾਰੇ ਰਾਜਨੀਤਕ ਅਤੇ ਪੰਥਕ ਮੁੱਦੇ ਸ੍ਰੀ ਹਰਿਮੰਦਰ ਸਾਹਿਬ 'ਚੋਂ ਤੈਅ ਹੁੰਦੇ ਸਨ। ਹੁਣ ਨਹੀਂ ਹੋਣਗੇ। ਇਸ ਤੋਂ ਪਹਿਲਾਂ ਭਾਵੇਂ ਨਾਮਧਰੀਕ ਹੀ ਸਹੀ, ਕੋਈ ਤਾਂ ਪੰਥ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਪੰਥਕ ਪੋਲੀਟੀਕਲ ਜਥੇਬੰਦੀ ਹੁੰਦੀ ਸੀ। ਹੁਣ ਤਾਂ ਨੀਤੀ ਸ਼ਾਸਤ੍ਰ ਦੀ ਸਰਕਾਰੀ ਕਲਮ ਦੀ ਮਾਰ ਨੇ ਕਾਨੂੰਨ ਧਰਮ ਅਤੇ ਪੰਥਕ ਪੋਲੀਟੀਕਲ ਜਥੇਬੰਦੀ ਕਾਇਮੀ ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਸਹੀਦਾਂ ਦੀ ਜਥੇਬੰਦੀ 'ਸ਼੍ਰੋਮਣੀ ਅਕਾਲੀ ਦਲ' ਹੁਣ ਪੰਥ ਦੀ ਨੁਮਾਇੰਦਾ ਜਮਾਤ ਨਾ ਹੋ ਕੇ ਕਾਂਗਰਸ, ਕਮਿਊਨਿਸਟ, ਬੀ.ਜੇ.ਪੀ. ਦੀ ਤਰ੍ਹਾਂ ਇਕ ਧਰਮ ਨਿਰਪੇਖ ਦਲ ਹੈ। ਅੱਜ ਗੁਰੂ ਪੰਥ ਤੇ ਇਸ ਦੇ ਏਜੰਡੇ ਦੀ ਗੱਲ ਕਰਨ ਵਾਲਾ, ਇਸ ਦੀ ਨੁਮਾਇੰਦਗੀ ਕਰਨ ਵਾਲਾ ਕੋਈ ਰਾਜਨੀਤਕ ਦਲ ਨਹੀਂ ਹੈ। 'ਧਰਮ ਤੇ ਰਾਜਨੀਤੀ ਇਕ ਹੈ' ਦੇ ਨਾਅਰੇ ਹੇਠ ਹੁਣ ਰਾਜਨੀਤੀ ਨੇ ਧਰਮ ਨੂੰ ਪੂਰੀ ਤਰ੍ਹਾਂ ਜਕੜ ਲਿਆ ਹੈ।

ਗੁਰੂ ਅਰਜਨ ਦੇਵ ਜੀ ਮਹਾਰਾਜ! ਆਪ ਨੇ ਅਰਦਾਸ ਕਰਦਿਆਂ ਕਿਹਾ ਸੀ ਕਿ ਹੇ ਪ੍ਰਭੂ ਹੁਣ ਮੇਰੀ ਨਹੀਂ ਤੇਰੀ ਪੈਜ ਦਾ ਸਵਾਲ ਹੈ। ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ॥ ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ॥ (625) ਹੇ ਪੰਥ ਦੇ ਵਾਲੀ! ਅੱਜ ਸਾਡੀ ਵੀ ਤੈਨੂੰ ਇਹੀ ਅਰਦਾਸ ਹੈ ਕਿ ਸਾਡੀ ਨਹੀਂ, ਤੇਰੇ ਬਿਰਦ ਬਾਣੇ, ਤੇਰੀ ਅਜ਼ਮਤ, ਇੱਜ਼ਤ, ਸਿਦਕ ਅਤੇ ਭਰੋਸੇ ਦਾ ਸਵਾਲ ਹੈ ਹੁਣ ਤੂੰ ਆਪਣੀ ਪੈਜ ਬਚਾ।

lambags@gmail.com ;
gslamba@santsipahi.org
www.santsipahi.org;
www.patshahi10.org

# ਮੁੰਬਈ ਦੇ ਕੋਲਾਬਾ ਵਿਖੇ ਸੰਯੁਕਤ ਅੰਤਰ-ਸੇਵਾ ਸੁਰੱਖਿਆ ਅਭਿਆਸ ਦਾ ਆਯੋਜਨ




ਮੁੰਬਈ ਕਵਚ 2025 ਨਾਮਕ ਇੱਕ ਸੰਯੁਕਤ ਅੰਤਰ-ਸੇਵਾ ਸੁਰੱਖਿਆ ਅਭਿਆਸ, ਫੌਜ ਦੁਆਰਾ ਐਤਵਾਰ ਨੂੰ ਮੁੰਬਈ ਦੇ ਕੋਲਾਬਾ ਵਿਖੇ ਕੀਤਾ ਜਾਂਦਾ ਹੈ, ਜਿਸ ਵਿੱਚ ਨੇਵੀ, ਕੋਸਟ ਗਾਰਡ, ਫੋਰਸ ਵਨ ਅਤੇ ਮੁੰਬਈ ਪੁਲਿਸ ਦੀ ਭਾਗੀਦਾਰੀ ਹੁੰਦੀ ਹੈ।

## ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿਚ




# ਨਗਰ ਕੀਰਤਨ

**88 Second St, San Francisco**

**ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ**

**ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।**

ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ।

**ਆਪ ਸਭ ਨੂੰ ਪਰਿਵਾਰ ਸਮੇਤ ਹੁੰਮ-ਹੁੰਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।**

ਸਾਡੇ ਲੋਕ


ਸ੍ਰ. ਹਰਨੇਕ ਸਿੰਘ ਅਟਵਾਲ
ਪ੍ਰਧਾਨ ਗੁਰਦੁਆਰਾ ਸਾਹਿਬ
ਸਕਾਟਕਨ ਕੈਲੀਫੋਰਨੀਆ


ਸ੍ਰ. ਰਵਿੰਦਰ ਸਿੰਘ ਧਾਲੀਵਾਲ
ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ
ਸਟਾਕਟਨ ਕੈਲੀਫੋਰਨੀਆ


ਸ੍ਰ. ਮਨਜੀਤ ਸਿੰਘ ਉਪਲ
ਸਾਬਕਾ ਪ੍ਰਧਾਨ
ਗੁਰਦੁਆਰਾ ਸਾਹਿਬ ਸਕਾਟਕਨ


ਸ੍ਰ. ਮਲਕੀਤ ਸਿੰਘ
ਬੋਪਾਰਾਏ
ਸੀਨੀਅਰ ਸਿੱਖ ਆਗੂ ਅਮਰੀਕਾ


ਸ੍ਰ. ਕੁਲਜੀਤ ਸਿੰਘ ਨਿੱਝਰ
ਸਾਬਕਾ ਸੈਕਟਰੀ ਗੁਰਦੁਆਰਾ
ਸਕਾਟਕਨ ਕੈਲੀਫੋਰਨੀਆ


ਸ੍ਰ. ਗੁਲਵਿੰਦਰ ਸਿੰਘ ਭਿੰਦਾ (ਗਾਖਲ)
ਸਾਬਕਾ ਗੁਰਦੁਆਰਾ ਸਾਹਿਬ
ਸਕਾਟਕਨ ਕੈਲੀਫੋਰਨੀਆ



ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ
ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿਚ



# ਨਗਰ ਕੀਰਤਨ

**88 Second St, San Francisco**

## ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ



**ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।**

ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ।

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿਚ 7 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ। ਆਪ ਸਭ ਨੂੰ ਹੁੰਮ-ਹੁੰਮਾ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

# VANCO

## TRUCK & AUTO PLAZA

**TEL : 208-466-0833, FAX : 209-466-2740**



# ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ, ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ

1033. W Charter Way Stockton CA 95206 (1-5 Hwy4)

# ਸਾਕਾ ਨੀਲਾ ਤਾਰਾ

## ਕੀ ਜ਼ਿੰਮੇਵਾਰ ਧਿਰਾਂ ਕਦੇ ਅੰਤਰ ਝਾਤ ਮਾਰਨਗੀਆਂ ?



ਹਰਚਰਨ ਸਿੰਘ ਪਰਹਾਰ

ਜੂਨ, 1984 ਵਿੱਚ ਵਾਪਰੇ ਇਤਿਹਾਸਕ ਦੁਖਾਂਤ ਬਾਰੇ ਪਿਛਲੇ 41 ਸਾਲਾਂ ਵਿੱਚ ਸਿੱਖਾਂ ਤੇ ਗੈਰ ਸਿੱਖਾਂ ਵਲੋਂ ਬਹੁਤ ਕੁਝ ਕਿਹਾ ਤੇ ਲਿਖਿਆ ਗਿਆ ਹੈ। ਸਰਕਾਰੀ ਪੱਖ ਤੇ ਸ਼੍ਰੋਮਣੀ ਕਮੇਟੀ ਵਲੋਂ ਆਪਣੇ-ਆਪਣੇ ਪੱਖ ਤੋਂ ਵਾਈਟ ਪੇਪਰ ਵੀ ਜਾਰੀ ਕੀਤੇ ਗਏ ਸਨ। ਪਰ ਅੱਜ ਦੀ ਇਸ ਲਿਖਤ ਵਿੱਚ ਅਸੀਂ ਨਾਮਵਰ ਸਿੱਖ ਵਿਦਵਾਨਾਂ ਦੀਆਂ ਕਿਤਾਬਾਂ ਵਿੱਚੋਂ ਕੁਝ ਹਵਾਲਿਆਂ ਰਾਹੀਂ ਸਮਝਣ ਦਾ ਯਤਨ ਕਰਾਂਗੇ ਕਿ ਕੀ ਸਿੱਖ ਕੌਮ ਦੇ ਲੀਡਰਾਂ ਜਾਂ ਵਿਦਵਾਨਾਂ ਨੇ ਇਸ ਵੱਡੇ ਕੌਮੀ ਦੁਖਾਂਤ ਨੂੰ ਸਹੀ ਸੰਦਰਭ ਵਿੱਚ ਸਮਝ ਕੇ ਕੁਝ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਨਾਲ਼ ਕੌਮ ਅੱਗੇ ਵਧ ਸਕੇ ? ਕੀ ਉਨ੍ਹਾਂ ਇਸ ਕਹੇ ਜਾਂਦੇ ਤੀਜੇ ਘੱਲੂਘਾਰੇ ਤੋਂ ਕੋਈ ਸਬਕ ਸਿੱਖਿਆ ਹੈ ? ਬੁੱਧੀਜੀਵੀਆਂ ਤੇ ਲੀਡਰਾਂ ਦਾ ਕੰਮ ਇਹੀ ਨਹੀਂ ਹੁੰਦਾ ਕਿ ਉਹ ਅਜਿਹੇ ਘੱਲੂਘਾਰਿਆ ਤੋਂ ਬਾਅਦ ਹਮੇਸ਼ਾਂ ਲਈ ਪੀੜ੍ਹਤ ਧਿਰ ਬਣ ਕੇ ਆਪਣੀ ਰਾਜਨੀਤੀ ਕਰਨ, ਸਗੋਂ ਉਨ੍ਹਾਂ ਦਾ ਕੰਮ ਹੁੰਦਾ ਹੈ ਕਿ ਅਜਿਹੇ ਘੱਲੂਘਾਰਿਆਂ ਤੋਂ ਸਬਕ ਲੈ ਕੇ ਅੱਗੇ ਵਧਣ, ਅਜਿਹੇ ਯਤਨ ਕਰਨ ਕਿ ਮੁੜ ਅਜਿਹਾ ਕੁਝ ਨਾ ਵਾਪਰੇ ? ਇਸ ਲਿਖਤ ਵਿੱਚ ਸਿੱਖਾਂ ਦੇ ਕੁਝ ਅਜਿਹੇ ਵੱਡੇ-ਵੱਡੇ ਸਤਿਕਾਰਤ ਵਿਦਵਾਨਾਂ ਦੀਆਂ ਲਿਖਤਾਂ ਵਿੱਚੋਂ ਉਨ੍ਹਾਂ ਦੀ ਮਾਨਸਿਕਤਾ ਤੇ ਦੂਰ-ਅੰਦੇਸ਼ੀ ਨੂੰ ਸਮਝਣ ਦਾ ਯਤਨ ਕਰਾਂਗੇ ? ਪਾਠਕਾਂ ਨੂੰ ਵੀ ਕਹਾਂਗਾ ਕਿ ਉਹ ਆਪਣੇ-ਆਪਣੇ ਪਲੈਟਫਾਰਮ ਅਤੇ ਨਜ਼ਰੀਏ ਤੋਂ ਆਪਣੇ-ਆਪਣੇ ਢੰਗ ਨਾਲ਼ ਸੋਚਣ, ਸਮਝਣ ਤੇ ਕੁਝ ਕਰਨ ਦਾ ਯਤਨ ਕਰਨ ? ਇਸ ਸਬੰਧੀ ਅਸੀਂ ਆਪਣੀ ਗੱਲ ਡਾ. ਗੁਰਭਗਤ ਸਿੰਘ ਦੇ ਲੇਖਾਂ ਅਧਾਰਿਤ ਅਜਮੇਰ ਸਿੰਘ ਵਲੋਂ ਸੰਪਾਦਤ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਨਾਲ਼ ਸ਼ੁਰੂ ਕਰਾਂਗੇ, ਜਿਨ੍ਹਾਂ ਬਾਰੇ ਅਜਮੇਰ ਸਿੰਘ ਹੋਰੀਂ ਲਿਖਦੇ ਹਨ ਕਿ ਡਾ. ਗੁਰਭਗਤ ਸਿੰਘ ਇੱਕ ਪ੍ਰਬੁੱਧ ਤੇ ਮੌਲਿਕ ਵਿਦਵਾਨ ਸਨ। ਜਿਸ ਵਿੱਚ ਹਰ ਮੁੱਦੇ ਦੀ ਗਹਿਰਾਈ ਵੀ ਹੈ ਤੇ ਮੁੱਦੇ ਦੇ ਹਰ ਨੁਕਤੇ ਤੱਕ ਰੁਸਾਈ ਵੀ ਹੈ। ਇਸ ਕਿਤਾਬ ਵਿੱਚ ਡਾ. ਗੁਰਭਗਤ ਸਿੰਘ ਜੂਨ 84 ਦੇ ਘੱਲੂਘਾਰੇ ਬਾਰੇ ਆਪਣੇ ਇੱਕ ਲੇਖ 'ਜ਼ਖਮ ਨੂੰ ਸੂਰਜ ਬਣਨ ਦਿਉ!' (ਪੰਨਾ: 89) ਵਿੱਚ ਲਿਖਦੇ ਹਨ: 'ਜੂਨ 84 ਦਾ ਬਲੂ ਸਟਾਰ ਉਪਰੇਸ਼ਨ, ਇੱਕ ਵੱਡਾ ਘੱਲੂਘਾਰਾ ਸੀ। ਇਹ ਇੱਕ ਅਜਿਹਾ ਜ਼ਖਮ ਹੈ, ਜੋ ਸਿੱਖ ਕੌਮ ਦੀ ਸਿਮਰਤੀ ਵਿੱਚੋਂ ਨਹੀਂ ਜਾ ਸਕਦਾ। ਇਹ ਇੱਕ ਪੀੜ ਹੈ, ਇੱਕ ਕਸਕ ਹੈ, ਜੋ ਕਦੇ ਪੂਰੀ ਤਰ੍ਹਾਂ ਹਟ ਨਹੀਂ ਸਕਦੀ। ਪਰ ਜਿਨ੍ਹਾਂ ਕੌਮਾਂ ਦੀ ਸਿਰਜਨਾ ਪਰਮ ਨੈਤਿਕਤਾ ਉਤੇ ਹੋਈ ਹੋਵੇ, ੜ ਉਨ੍ਹਾਂ ਨੂੰ ਵੱਡੇ ਘਾਉ ਸੈਹਿਣੇ ਪੈਂਦੇ ਹਨ।' ਇਸੇ ਕਿਤਾਬ ਵਿੱਚ ਇੱਕ ਹੋਰ ਲੇਖ 'ਜ਼ਖਮ ਨੂੰ ਚੇਤੰਨਤਾ ਬਣਾਉਣ ਦੀ ਲੋੜ ?' (ਪੰਨਾ: 93) ਵਿੱਚ ਲਿਖਦੇ ਹਨ: 'ਸਾਡੇ ਸਮਕਾਲੀ ਇਤਿਹਾਸ ਵਿੱਚ ਸਭ ਤੋਂ ਵੱਡਾ ਕੌਮੀ ਜ਼ਖਮ ਹਿਟਲਰ ਵਲੋਂ ਯਹੂਦੀਆਂ ਦਾ ਯੋਜਨਾਬੱਧ ਢੰਗ ਨਾਲ਼ ਕੀਤਾ ਮਹਾਂਨਾਸ਼ ਸੀ, ਜਿਸਨੂੰ ਉਹ 'ਹੋਲੋਕੌਸਟ' ਕਹਿੰਦੇ ਹਨ ਵੀਹਵੀਂ ਸਦੀ ਦੇ ਪਹਿਲੇ ਵੱਡੇ 'ਮਹਾਂਨਾਸ' ਪਿੱਛੋਂ ਦੂਜਾ ਵੱਡਾ 'ਮਹਾਂਨਾਸ' ਵੱਡਾ ਕੌਮੀ ਜ਼ਖਮ, 'ਬਲਿਊ ਸਟਾਰ' ਸੀ। ਇਤਿਹਾਸ ਵਿੱਚ ਕੋਈ ਵੱਡੀ ਘਟਨਾ ਬਿਨਾਂ ਤਰਕ ਨਹੀਂ ਵਾਪਰਦੀ, ਜੂਨ 84 ਦਾ ਘੱਲੂਘਾਰਾ ਵੀ ਬਿਨਾਂ ਤਰਕ ਤੋਂ ਵਾਪਰਿਆ 'ਮਹਾਂਨਾਸ' ਨਹੀਂ।' ਇਸੇ ਤਰ੍ਹਾਂ ਡਾ, ਸਾਹਿਬ ਆਪਣੇ ਇੱਕ ਹੋਰ ਲੇਖ 'ਬਲਿਊ ਸਟਾਰ ਉਪਰੇਸ਼ਨ ਸਿਰਜਨਾਤਮਿਕ ਸ਼ੋਅਲਾ ਬਣਾਉਣ ਦੀ ਲੋੜ ?' (ਪੰਨਾ: 96) ਵਿੱਚ ਲਿਖਦੇ ਹਨ: 'ਬਲਿਊ ਸਟਾਰ ਉਪਰੇਸ਼ਨ ਇੱਕ ਨਿਸ਼ੇਧਾਤਮਿਕ ਸਾਕਾ ਸੀ, ਜੋ ਵਾਪਰਨਾ ਨਹੀਂ ਚਾਹੀਦਾ ਸੀ, ਪਰ ਵਾਪਰ ਗਿਆ। ਇਸ ਨਾਲ਼ ਲੋਕਾਂ ਦਾ ਬਹੁਤ ਨੁਕਸਾਨ ਹੋਇਆ। ਇਤਿਹਾਸ ਵਿੱਚ ਇਸਦੀ ਤੁਲਨਾ 'ਮਹਾਂਨਾਸਾਂ' ਜਾਂ 'ਹੋਲੋਕੌਸਟ' ਨਾਲ਼ ਹੀ ਕੀਤੀ ਜਾ ਸਕਦੀ ਹੈ।'

ਡਾ. ਗੁਰਭਗਤ ਸਿੰਘ ਬੜੇ ਵੱਡੇ ਵਿਦਵਾਨ ਸਨ ਤੇ ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ ਤੇ ਉਨ੍ਹਾਂ ਨਾਲ਼ ਬਿਲਕੁਲ ਸਹਿਮਤ ਹਾਂ ਕਿ ਬਲਿਊ ਸਟਾਰ ਉਪਰੇਸ਼ਨ ਨਹੀਂ ਵਾਪਰਨਾ ਚਾਹੀਦਾ ਸੀ, ਪਰ ਸੁਆਲ ਤਾਂ ਇਹ ਹੈ ਕਿ ਵਾਪਰਿਆ ਕਿਉਂ ? ਡਾ. ਸਾਹਿਬ ਆਪ ਹੀ ਕਹਿੰਦੇ ਹਨ ਕਿ ਕੋਈ ਵੀ 'ਮਹਾਂਨਾਸ' ਤਰਕ ਤੋਂ ਬਿਨਾਂ ਨਹੀਂ ਵਾਪਰਦਾ, ਜਦਕਿ ਬਲਿਊ ਸਟਾਰ ਬਾਰੇ ਅਗਲੇ ਸਫਿਆਂ ਤੇ ਕਹਿੰਦੇ ਹਨ ਕਿ ਇੰਦਰਾ ਨੇ ਬਿਨਾਂ ਕਿਸੇ ਕਾਰਨ (ਤਰਕ) ਫੌਜਾਂ ਹਰਿਮੰਦਰ ਤੇ ਚਾੜ੍ਹ ਦਿੱਤੀਆਂ ? ਡਾ. ਸਾਹਿਬ ਇਸ ਦੁਖਾਂਤ ਦੀ ਤੁਲਨਾ ਹਿਟਲਰ ਵਲੋਂ ਯਹੂਦੀਆਂ ਦੇ ਕੀਤੇ ਮਹਾਂਨਾਸ ਨਾਲ਼ ਕਰਦੇ ਹਨ, ਪਰ ਕੀ ਡਾ. ਸਾਹਿਬ ਨੂੰ ਪਤਾ ਨਹੀਂ ਸੀ ਕਿ ਨਾ ਸਿਰਫ ਹਿਟਲਰ ਨੇ ਸਿਰਫ 2-3 ਸਾਲਾਂ ਵਿੱਚ ਬਿਨਾਂ ਕਿਸੇ ਭੜਕਾਹਟ ਦੇ 60 ਲੱਖ ਯਹੂਦੀ ਮਾਰੇ ਸਨ, ਸਗੋਂ ਯਹੂਦੀਆਂ ਦਾ 'ਨਰਸੰਹਾਰ' ਤਾਂ 2 ਹਜ਼ਾਰ ਸਾਲ ਤੋਂ ਹੋ ਰਿਹਾ ਸੀ ਤੇ ਉਨ੍ਹਾਂ ਨੂੰ ਸਾਰੀ ਦੁਨੀਆਂ ਵਿੱਚ ਕਿਤੇ ਢੋਈ ਨਹੀਂ ਸੀ।ਕੀ ਸਾਕਾ ਨੀਲਾ ਤਾਰਾ ਦੀ ਕਿਸੇ ਵੀ ਢੰਗ ਨਾਲ਼ ਯਹੂਦੀਆਂ ਦੇ ਹੋਲੋਕੌਸਟ ਨਾਲ਼ ਤੁਲਨਾ ਕਰਨੀ ਜਾਇਜ਼ ਹੈ ?

ਅਜਮੇਰ ਸਿੰਘ ਨੇ ਆਪਣੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' (ਪੰਨਾ: 432) ਵਿੱਚ ਇਸ ਘਟਨਾ ਬਾਰੇ 'ਸਿਟੀਜ਼ਨਸ ਫਾਰ ਡੈਮੋਕਰੇਸੀ' ਵਲੋਂ ਜਾਰੀ ਜੂਨ 84 ਬਾਰੇ 'ਰਿਪੋਰਟ ਟੂ ਨੇਸ਼ਨ: ਉਪਰੈਸ਼ਨ ਇੰਨ ਪੰਜਾਬ' ਕਿਤਾਬਚੇ ਦੇ ਹਵਾਲੇ ਨਾਲ ਇਵੇਂ ਲਿਖਿਆ ਹੈ: 'ਬਿਨਾਂ ਕਿਸੇ ਭੜਕਾਹਟ ਦੇ ਉਨ੍ਹਾਂ ਨਾਲ਼ ਅਜਿਹਾ ਵਾਪਰਿਆ, ਇਹ ਆਜ਼ਾਦ ਭਾਰਤ ਦਾ ਜ਼ਲਿਆਂਵਾਲ਼ਾ ਬਾਗ ਸੀ, ਜੋ ਮੌਤਾਂ ਦੀ ਗਿਣਤੀ ਤੇ ਮਾਰਨ ਦੇ ਢੰਗ ਤਰੀਕਿਆਂ ਪੱਖੋਂ ਅੰਗਰੇਜ਼ਾਂ ਵੇਲੇ ਹੋਏ ਜ਼ਲਿਆਂਵਾਲ਼ਾ ਕਾਂਡ ਨੂੰ ਕਿਤੇ ਪਿਛੇ ਛੱਡ ਗਿਆ।' ਇਸੇ ਤਰ੍ਹਾਂ ਆਪਣੀ ਇੱਕ ਹੋਰ ਕਿਤਾਬ '1984': ਅਣਚਿਤਵਿਆ ਕਹਿਰ; ਨਾ ਮੰਨਣਯੋਗ, ਨਾ ਭੁੱਲਣਯੋਗ ਤੇ ਨਾ ਬਖਸ਼ਣਯੋਗ' (ਮੁਢਲੇ ਸ਼ਬਦ, ਪੰਨਾ: XII) ਵਿੱਚ ਅਜਮੇਰ ਸਿੰਘ ਜੀ ਲਿਖਦੇ ਹਨ: '1984, ਸਿੱਖਾਂ ਦੇ ਹਿਰਦਿਆਂ ਅੰਦਰ ਖੰਜਰ ਬਣ ਕੇ ਖੁਭਿਆ ਹੋਇਆ ਹੈ। ਸਿੱਖਾਂ ਦਾ ਅਤੀਤ, ਵਰਤਨਮਾਨ ਤੇ ਭਵਿੱਖ, ਸਾਰੇ '1984' ਵਿੱਚ ਸਿਮਟ ਗਏ ਹਨ। ਇਸ ਦੇ ਹਵਾਲੇ ਤੋਂ ਬਿਨਾਂ ਨਾ ਅਤੀਤ ਦੀ ਗੱਲ ਕਰਨੀ ਸੰਭਵ ਰਹੀ ਹੈ, ਨਾ ਵਰਤਮਾਨ ਨੂੰ ਜਾਣਿਆ ਜਾ ਸਕਦਾ ਹੈ ਅਤੇ ਨਾ ਹੀ ਭਵਿੱਖ ਕਲਪਿਆ ਜਾ ਸਕਦਾ ਹੈ।' ਸ. ਅਜਮੇਰ ਸਿੰਘ ਸਾਡੇ ਤੋਂ ਬਹੁਤ ਸੀਨੀਅਰ ਹਨ, ਉਨ੍ਹਾਂ ਕੋਲ਼ ਸਿਰਫ ਸਿੱਖ ਲਹਿਰ ਦਾ ਹੀ ਨਹੀਂ, ਭਾਰਤ ਦੀ ਅਜ਼ਾਦੀ ਲਹਿਰ, ਮਾਰਕਸਵਾਦ ਤੇ ਨਕਸਲਵਾੜੀ ਲਹਿਰ ਦਾ ਵੀ ਗੂੜ੍ਹ ਗਿਆਨ ਹੈ। ਸਮਝ ਨਹੀਂ ਲੱਗੀ ਕਿ ਉਹ ਕਿਸ ਅਧਾਰ ਤੇ ਜੂਨ 84 ਦੇ ਦੁਖਾਂਤ ਨੂੰ ਜ਼ਲ੍ਹਿਆਂਵਾਲ਼ਾ ਕਾਂਡ ਨਾਲ਼ ਜੋੜ ਸਕਦੇ ਹਨ ? ਜ਼ਲ੍ਹਿਆਂਵਾਲ਼ਾ ਬਾਗ ਵਿੱਚ ਤਾਂ ਸ਼ਾਂਤਮਈ ਢੰਗ ਨਾਲ਼ ਨਿਹੱਥੇ ਬੈਠੇ ਲੋਕ ਰੋਸ ਪ੍ਰਦਰਸ਼ਨ ਕਰ ਰਹੇ ਸਨ।ਜਦਕਿ ਦਰਬਾਰ ਸਾਹਿਬ ਅੰਦਰ ਭਾਰਤੀ ਫੌਜ ਦੇ ਜਨਰਲ ਸ਼ੁਬੇਗ ਸਿੰਘ ਦੀ ਕਮਾਂਡ ਅਤੇ 20ਵੀਂ ਸਦੀ ਮਹਾਂਨਾਇਕ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ (ਅਜਮੇਰ ਸਿੰਘ ਅਨੁਸਾਰ) ਦੀ ਅਗਵਾਈ ਵਿੱਚ ਵੱਡੇ-ਵੱਡੇ ਹਥਿਆਰਾਂ ਨਾਲ਼ ਲੈਸ ਮਰਜੀਵੜੇ ਭਾਰਤੀ ਫੌਜ ਨਾਲ਼ ਲੜਨ ਲਈ ਕਈ ਮਹੀਨਿਆਂ ਤੋਂ ਮੋਰਚਾਬੰਦੀ ਕਰੀ ਬੈਠੇ ਸਨ। ਉਹ ਮਰਜੀਵੜੇ ਜਿਨ੍ਹਾਂ ਨੇ ਪੰਜਾਬ ਪੁਲਿਸ ਦੇ ਡੀ ਆਈ ਜੀ ਅਵਤਾਰ ਸਿੰਘ ਅਟਵਾਲ ਦਾ ਸ਼ਰੇਆਮ ਦਰਬਾਰ ਸਾਹਿਬ ਅੰਦਰ 25 ਅਪਰੈਲ, 1983 ਨੂੰ ਕਤਲ ਕਰ ਦਿੱਤਾ ਸੀ ਤੇ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਦੀ ਆਪਣੇ ਇੱਕ ਡੀ ਆਈ ਜੀ ਦੀ ਤਿੰਨ ਘੰਟੇ ਲਾਸ਼ ਚੁੱਕਣ ਦੀ ਹਿੰਮਤ ਨਹੀਂ ਪਈ ਸੀ। ਜਿਥੇ ਅਕਾਲੀ ਲੀਡਰ ਮਲਿਕ ਸਿੰਘ ਭਾਟੀਆ ਦਾ ਦਰਬਾਰ ਸਾਹਿਬ ਦੇ ਅੰਦਰ ਖਾੜਕੂਆਂ ਨੇ 16 ਅਪਰੈਲ, 1984 ਨੂੰ ਕਤਲ ਕਰ ਦਿੱਤਾ ਸੀ।'ਇੰਡੀਆ ਟੁਡੇ' ਦੀ ਜਨਵਰੀ 14, 1984 ਦੀ ਗੋਬਿੰਦ ਠੁਕਰਾਲ ਦੀ ਇੱਕ ਰਿਪੋਰਟ 'ਬੱਬਰ ਖਾਲਸਾ ਲੀਡਰ ਨੇ 35 ਨਿਰੰਕਾਰੀਆਂ ਨੂੰ ਮਾਰਨ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ' ਅਨੁਸਾਰ ਖਾੜਕੂ ਜਥੇਬੰਦੀ ਬੱਬਰ ਖਾਲਸਾ ਦੇ ਮੁੱਖੀ ਸੁਖਦੇਵ ਸਿੰਘ ਬੱਬਰ ਅਤੇ ਅਨੋਖ ਸਿੰਘ ਬੱਬਰ ਨੇ ਦਾਅਵਾ ਕੀਤਾ ਸੀ ਕਿ ਪਿਛਲੇ ਕੁਝ ਮਹੀਨਿਆਂ ਵਿੱਚ 35 ਨਿਰੰਕਾਰੀਆਂ ਨੂੰ ਮਾਰਨ ਦਾ ਸਿਹਰਾ ਸਾਡੀ ਜਥੇਬੰਦੀ ਨੂੰ ਜਾਂਦਾ ਹੈ ਅਤੇ ਭਿੰਡਰਾਂਵਾਲ਼ਾ ਦਰਬਾਰ ਸਾਹਿਬ ਬੈਠਾ ਐਂਵੇਂ ਹੀਰੋ ਬਣ ਰਿਹਾ ਹੈ। ਅਜਮੇਰ ਸਿੰਘ ਹੋਰਾਂ ਦੀ ਅਗਲੀ ਗੱਲ ਨਾਲ਼ ਵੀ ਅਸੀਂ ਸਹਿਮਤ ਹਾਂ ਕਿ ਜੂਨ 84 ਦਾ ਘੱਲੂਘਾਰਾ ਇੱਕ ਬਹੁਤ ਵੱਡੀ ਦੁਖਾਂਤਿਕ ਇਤਿਹਾਸਕ ਘਟਨਾ ਸੀ, ਪਰ ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਸਾਡੇ ਇਹ ਮਹਾਂ ਵਿਦਵਾਨ ਇਸਦੇ ਕਾਰਨਾਂ ਨੂੰ ਕਿਉਂ ਨਹੀਂ ਵਿਚਾਰਦੇ ? ਉਹ ਲੋਕਾਂ ਨੂੰ ਸਿਰਫ ਇੱਕ ਪਾਸੜ ਸੱਚ ਹੀ ਕਿਉਂ ਦੱਸਦੇ ਹਨ ? ਕੀ ਕਦੇ ਇਤਿਹਾਸ ਦੀ ਕਿਸੇ ਮਹਾਨ ਦੁਰਘਟਨਾ ਦਾ ਸਿਰਫ ਇੱਕ ਪਹਿਲੂ ਹੋ ਸਕਦਾ ਹੈ ? ਉਹ ਕਿਸ ਅਧਾਰ ਤੇ ਕਹਿੰਦੇ ਹਨ ਕਿ ਬਿਨਾਂ ਭੜਕਾਹਟ ਦੇ ਲੋਕਾਂ ਦਾ ਕਤਲੇਆਮ ਹੋਇਆ ?

ਇਸ ਸਬੰਧੀ ਇੱਕ ਹੋਰ ਸਿੱਖ ਵਿਦਵਾਨ ਡਾ. ਸੰਗਤ ਸਿੰਘ ਆਪਣੀ ਕਿਤਾਬ 'ਇਤਿਹਾਸ ਵਿੱਚ ਸਿੱਖ' (ਪੰਨਾ: 432) ਵਿੱਚ ਲਿਖਦੇ ਹਨ: ਹੁਣ ਤੱਕ ਸਥਿਤੀ ਤੀਜੀ ਏਜੰਸੀ ਦੇ ਪੂਰੇ ਕੰਟਰੋਲ ਵਿੱਚ ਆ ਚੁੱਕੀ ਸੀ। ਉਹ ਇੱਕ ਅਜਿਹੀ ਸਥਿਤੀ ਪੈਦਾ ਕਰ ਰਹੀ ਸੀ, ਜਿਸ ਵਿੱਚ ਬਾਹਰੀ ਕੇਂਦਰੀ ਕਾਰਵਾਈਆਂ ਨਿਆਂ-ਪੂਰਵਕ ਲੱਗਣ।ਉਹ ਟਕਰਾਅ ਪੈਦਾ ਕਰਨ ਲਈ ਕਾਰ-ਸੇਵਾ ਦੇ ਟਰੱਕਾਂ ਰਾਹੀਂ ਲਿਆਂਦੇ ਹਥਿਆਰ ਹਰਿਮੰਦਰ ਸਾਹਿਬ ਵਿੱਚ ਜਮ੍ਹਾਂ ਕਰ ਰਹੀ ਸੀ। (ਉਘੇ ਸਿੱਖ ਵਿਦਵਾਨ ਗੁਰਤੇਜ ਸਿੰਘ ਵੀ ਮੰਨਦੇ ਹਨ ਕਿ ਜਨਰਲ ਜਸਵੰਤ ਸਿੰਘ ਭੁੱਲਰ ਤੇ ਇੱਕ ਹੋਰ ਅਫਸਰ ਉਨ੍ਹਾਂ ਕੋਲ਼ ਆਏ ਸਨ ਕਿ ਸਾਡੇ ਕੋਲ਼ ਹਥਿਆਰਾਂ ਦਾ ਭਰਿਆ ਟਰੱਕ ਹੈ ਤੇ ਸੰਤ ਭਿੰਡਰਾਂਵਾਲ਼ੇ ਕੌਮ ਦੀ ਲੜਾਈ ਲੜ ਰਹੇ ਹਨ, ਤੁਸੀਂ ਉਨ੍ਹਾਂ ਦੇ ਖਾਸ ਸਲਾਹਕਾਰ ਹੋ, ਉਹ ਹਥਿਆਰ, ਉਨ੍ਹਾਂ ਤੱਕ ਦਰਬਾਰ ਸਾਹਿਬ ਪਹੁੰਚਾਉ ਤਾਂ ਕਿ ਉਹ ਆਪਣੀ ਲੜਾਈ ਕਾਰਗਰ ਢੰਗ ਨਾਲ਼ ਲੜ ਸਕਣ, ਪਰ ਗੁਰਤੇਜ ਸਿੰਘ ਅਨੁਸਾਰ, ਮੈਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਪਰ ਬਾਅਦ ਵਿੱਚ ਲੰਗਰ ਵਾਲ਼ੇ ਟਰੱਕਾਂ ਰਾਹੀਂ ਉਹ ਹਥਿਆਰ ਦਰਬਾਰ ਸਾਹਿਬ ਪਹੁੰਚੇ ਸਨ: ਵੇਖੋ ਉਸਦੀ ਕਿਤਾਬ: ਵੈਬ ਆਫ ਇੰਡੀਅਨ ਸੈਕੂਲਰਿਜ਼ਿਮ-ਚੱਕਰਵਿਊ, ਪੰਨਾ: 49-50)। 15 ਅਪਰੈਲ, 1984 ਨੂੰ ਵਿਉਂਤੇ ਢੰਗ ਨਾਲ਼ 38 ਰੇਲਵੇ ਸਟੇਸ਼ਨਾਂ ਦਾ ਸਾੜਿਆ ਜਾਣਾ। ਇਸੇ ਏਜੰਸੀ ਦਾ ਕੰਮ ਸੀ। ਇਸੇ ਤਰ੍ਹਾਂ ਬਹੁਤ ਪ੍ਰਚਾਰੇ ਗਏ ਕਤਲਾਂ ਵਿੱਚੋਂ ਵੀ ਬਹੁਤ ਸਾਰੇ ਇਸੇ ਸੰਸਥਾ ਦੇ ਕੰਮ ਸਨ। ਵੱਖੋ-ਵੱਖਰੀਆਂ ਜਥੇਬੰਦੀਆਂ ਵਿੱਚਕਾਰ ਪਰਸਪਰ ਵਿਨਾਸ਼ਕਾਰੀ ਲੜਾਈ, ਭਿੰਡਰਾਂਵਾਲ਼ੇ ਦੇ ਨਜ਼ਦੀਕੀ ਅਤੇ ਵਿਸ਼ਵਾਸੀ

ਸੁਰਿੰਦਰ ਸਿੰਘ ਸੋਢੀ ਦੀ ਜਾਨ ਵੀ ਇਸੇ ਏਜੰਸੀ ਦੀ ਸਾਜ਼ਿਸ਼ ਦਾ ਸਿੱਟਾ ਸੀ। ਡਾ. ਸੰਗਤ ਸਿੰਘ ਬੜੇ ਉਚ ਕੋਟੀ ਦੇ ਸਿੱਖ ਵਿਦਵਾਨ ਅਤੇ ਭਾਰਤ ਸਰਕਾਰ ਦੀ ਫੋਰਨ ਸਰਵਿਸ ਵਿੱਚ ਸਾਰੀ ਉਮਰ ਨਹਿਰੂ ਤੋਂ ਇੰਦਰਾ ਤੱਕ ਉਚ ਅਹੁਦਿਆਂ ਤੇ ਰਹੇ। ਉਨ੍ਹਾਂ ਦੀ ਇਸ ਕਿਤਾਬ ਦਾ ਨਿਚੋੜ ਇਹ ਬਣਦਾ ਹੈ ਕਿ ਭਿੰਡਰਾਂਵਾਲ਼ਾ, ਦਲ ਖਾਲਸਾ, ਬੱਬਰ ਖਾਲਸਾ ਆਦਿ ਸਭ ਖਾੜਕੂ ਜਥੇਬੰਦੀਆਂ ਅਤੇ ਅਕਾਲੀ ਲੀਡਰ 'ਥਰਡ ਏਜੰਸੀ' ਦੇ ਮੋਹਰੇ ਸਨ? ਜੇ ਡਾ. ਸੰਗਤ ਸਿੰਘ ਦੀ ਗੱਲ ਠੀਕ ਮੰਨ ਲਈ ਜਾਵੇ ਤਾਂ ਫਿਰ ਅਜਮੇਰ ਸਿੰਘ, ਗੁਰਤੇਜ ਸਿੰਘ, ਪੱਤਰਕਾਰ ਕਰਮਜੀਤ ਸਿੰਘ ਆਦਿ ਵਰਗੇ ਸਿੱਖ ਵਿਦਵਾਨ ਕਿਸ ਅਧਾਰ ਤੇ ਖਾੜਕੂਆਂ ਨੂੰ ਸਿੱਖਾਂ ਦੀ ਅਜ਼ਾਦੀ ਦੀ ਲੜਾਈ ਲੜਨ ਵਾਲ਼ੇ ਮਹਾਨ ਯੋਧੇ ਮੰਨਦੇ ਹਨ? ਡਾ. ਸੰਗਤ ਸਿੰਘ ਵਲੋਂ ਆਪਣੀ ਇਸ ਕਿਤਾਬ ਵਿੱਚ ਉਠਾਏ ਸਵਾਲ ਕਿ ਦਰਬਾਰ ਸਾਹਿਬ ਵਿੱਚ ਹਥਿਆਰ ਸਰਕਾਰ ਦੀ ਥਰਡ ਏਜੰਸੀ ਵਲੋਂ ਸਾਜ਼ਿਸ਼ ਤਹਿਤ ਲੰਗਰ ਦੇ ਟਰੱਕਾਂ ਰਾਹੀਂ ਪਹੁੰਚਾਏ ਗਏ ਤਾਂ ਕਿ ਸਿੱਖਾਂ ਨੂੰ ਜੂਨ '84 ਦੇ ਹਮਲੇ ਰਾਹੀਂ ਸਬਕ ਸਿਖਾਇਆ ਜਾ ਸਕੇ? ਜੇ ਡਾ. ਸਾਹਿਬ ਵਰਗੇ ਖੋਜੀ ਇਤਿਹਾਸਕਾਰ ਦੀ ਗੱਲ ਠੀਕ ਮੰਨੀਏ ਤਾਂ ਕੀ ਜਨਰਲ ਸ਼ੁਬੇਗ ਸਿੰਘ ਜਾਂ ਸੰਤ ਭਿੰਡਰਾਂਵਾਲ਼ੇ ਸਰਕਾਰ ਦੀ ਇਸ 'ਥਰਡ ਏਜੰਸੀ' ਦੀ ਸਾਜ਼ਿਸ਼ ਵਿਚ ਸ਼ਾਮਿਲ ਸਨ? ਜਦੋਂ ਅਜਮੇਰ ਸਿੰਘ, ਡਾ. ਅਮਰਜੀਤ ਸਿੰਘ ਹੋਰਾਂ ਵਰਗੇ ਉਚ ਕੋਟੀ ਦੇ ਸਿੱਖ ਵਿਦਵਾਨ ਸੰਤ ਜਰਨੈਲ ਸਿੰਘ ਨੂੰ ਸਿੱਖ ਕੌਮ ਦਾ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਭ ਤੋਂ ਵੱਡਾ ਮਹਾਂ-ਮਾਨਵ ਮੰਨਦੇ ਹਨ? ਜਿਸਨੂੰ ਸਿੱਖ ਕੌਮ ਅਜੇ ਤੱਕ ਪਛਾਣ ਨਹੀਂ ਸਕੀ। ਅਜਮੇਰ ਸਿੰਘ ਆਪਣੀ ਇੱਕ ਤਕਰੀਰ ਵਿੱਚ ਇਥੇ ਤੱਕ ਕਹਿੰਦੇ ਹਨ ਕਿ ਸੰਤ ਜਰਨੈਲ ਸਿੰਘ ਵਰਗੀਆਂ ਇਲਾਹੀ ਰੂਹਾਂ ਨੂੰ ਸਮਝਣ ਲਈ ਕਈ ਸਦੀਆਂ ਲੱਗ ਜਾਂਦੀਆਂ ਹਨ।ਅਜਿਹੀਆਂ ਲਿਖਤਾਂ ਬਾਰੇ ਸਪੱਸ਼ਟੀਕਰਨ ਤੋਂ ਬਿਨਾਂ ਅਜਮੇਰ ਸਿੰਘ ਵਰਗੇ ਸਿੱਖ ਵਿਦਵਾਨਾਂ ਦਾ ਇੱਕ ਪਾਸੜ ਦਾਅਵਾ ਕਿ ਸੰਤ ਭਿੰਡਰਾਂਵਾਲ਼ਾ, ਬਾਬਾ ਬਹਾਦਰ ਸਿੰਘ ਤੋਂ ਵੀ ਵੱਡਾ ਮਹਾਂਨਾਇਕ ਸੀ, ਕਿਤਨਾ ਕੁ ਜ਼ਾਇਜ ਹੈ? ਫਿਰ ਜੇ ਡਾ. ਸੰਗਤ ਸਿੰਘ ਨੇ ਗਲਤ ਬਿਆਨੀ ਕੀਤੀ ਸੀ ਤਾਂ ਸਿੱਖ ਵਿਦਵਾਨਾਂ ਨੇ ਉਸਨੂੰ ਕਿਤਾਬ ਛਪਣ ਤੋਂ ਬਾਅਦ ਸਵਾਲ ਕਿਉਂ ਨਹੀਂ ਕੀਤੇ? ਉਹ ਕਿਤਾਬ ਛਪਣ ਤੋਂ ਬਾਅਦ ਕਈ ਸਾਲ ਜਿਉਂਦਾ ਰਿਹਾ ਅਤੇ ਕਿਤਾਬ ਅਜੇ ਵੀ ਛਪ ਰਹੀ ਹੈ? ਜੇ ਸਰਕਾਰ ਹਮਲੇ ਨੂੰ ਅੰਜਾਮ ਦੇਣ ਲਈ ਹਥਿਆਰ ਭੇਜਦੀ ਸੀ ਤਾਂ ਕੀ ਇਹ ਵਿਦਵਾਨ ਸੰਤਾਂ ਦਾ ਕੋਈ ਅਜਿਹਾ ਬਿਆਨ ਦਿਖਾ ਸਕਦੇ ਹਨ, ਜਿਥੇ ਉਨ੍ਹਾਂ ਕਿਹਾ ਹੋਵੇ ਕਿ ਸਾਡੀ ਮਰਜੀ ਤੋਂ ਬਿਨਾਂ ਸਰਕਾਰ ਅਕਾਲ ਤਖਤ ਤੇ ਹਥਿਆਰ ਪਹੁੰਚਾ ਕੇ ਮੋਰਚਾਬੰਦੀ ਕਰ ਰਹੀ ਹੈ? ਸਰਕਾਰ ਹਮਲਾ ਕਰਨ ਲਈ ਸਾਡੇ ਖਿਲਾਫ ਸਾਜ਼ਿਸ਼ ਕਰ ਰਹੀ ਹੈ, ਅਸੀਂ ਨਹੀਂ ਚਾਹੁੰਦੇ ਕਿ ਸਾਡੇ ਕਰਕੇ ਹਰਿਮੰਦਰ ਸਾਹਿਬ ਵਿੱਚ ਖੂਨ-ਖਰਾਬਾ ਹੋਵੇ, ਅਸੀਂ ਦਰਬਾਰ ਵਿੱਚੋਂ ਬਾਹਰ ਜਾ ਰਹੇ ਹਾਂ? ਹੁਣ ਸਿੱਖ ਸੰਗਤ, ਡਾ. ਸੰਗਤ ਸਿੰਘ ਤੇ ਗੁਰਤੇਜ ਸਿੰਘ ਦੀਆਂ ਲਿਖਤਾਂ ਨੂੰ ਸਹੀ ਮੰਨੇ ਜਾਂ ਸੰਤ ਭਿੰਡਰਾਂਵਾਲ਼ੇ ਦੀ ਸੋਚ ਦੇ ਵਾਰਿਸਾਂ ਦੀਆਂ ਨੂੰ? ਕੀ ਅਸੀਂ ਸੰਗਤ ਸਿੰਘ ਜਾਂ ਗੁਰਤੇਜ ਦੀ ਮੰਨੀਏ ਜਾਂ ਭਾਰਤੀ ਖੁਫੀਆ ਏਜੰਸੀ ਆਈ ਬੀ ਅਤੇ ਰਾਅ ਦੇ ਦੇਸ਼-ਵਿਦੇਸ਼ ਵਿੱਚ ਰਹੇ ਚੋਟੀ ਦੇ ਅਫਸਰ ਤੇ ਸਿੱਖ ਹਿਤੈਸ਼ੀ ਜ਼ੀਬੀ ਐਸ ਸਿੱਧੂ ਦੀ ਮੰਨੀਏ, ਜੋ ਕੁਝ ਮਹੀਨੇ ਪਹਿਲਾਂ ਪ੍ਰਕਾਸ਼ਤ ਆਪਣੀ ਨਵੀਂ ਕਿਤਾਬ 'ਦੀ ਖਾਲਿਸਤਾਨ ਕੌਨਸੀਪੀਰੇਸੀ', ਵਿੱਚ ਆਪਣੀ ਜੌਬ ਦੌਰਾਨ ਅੰਦਰੂਨੀ ਜਾਣਕਾਰੀ ਦੇ ਦਾਅਵਿਆਂ ਦੇ ਆਧਾਰ ਤੇ ਸੰਤ ਭਿੰਡਰਾਂਵਾਲੇ ਨੂੰ 1 ਸਫਦਰਯੰਗ ਰੋਡ ਦਿੱਲੀ (ਪ੍ਰਧਾਨ ਮੰਤਰੀ ਨਿਵਾਸ) ਵਿੱਚ ਬੈਠੀ ਅਰੁਨ ਨਹਿਰੂ ਜੁੰਡਲੀ ਦੀ ਪੈਦਾਇਸ਼ ਮੰਨਦਾ ਹੈ? ਜਾਂ ਲੋਕ ਅਜਮੇਰ ਸਿੰਘ, ਹਰਿੰਦਰ ਸਿੰਘ ਮਹਿਬੂਬ ਆਦਿ ਦੀ ਮੰਨਣ, ਜੋ ਕਹਿ ਰਹੇ ਹਨ ਕਿ ਸਾਕਾ ਨੀਲਾ ਤਾਰਾ ਬ੍ਰਾਹਮਣਾਂ ਦੀ ਸਿੱਖਾਂ ਨਾਲ਼ 5 ਸਦੀਆਂ ਦੇ ਵੈਰ ਦਾ ਨਤੀਜਾ ਸੀ, ਜਿਸਨੂੰ ਉਨ੍ਹਾਂ ਸੰਤ ਭਿੰਡਰਾਂਵਾਲ਼ਿਆਂ ਰਾਹੀਂ ਅੰਜ਼ਾਮ ਦਿੱਤਾ ਜਾਂ ਉਨ੍ਹਾਂ ਧਿਰਾਂ ਦਾ ਵੀ ਕੋਈ ਕਸੂਰ ਹੈ, ਜਿਨ੍ਹਾਂ ਨੇ ਇਹ ਸਾਜ਼ਿਸ਼ ਸਿਰੇ ਚੜ੍ਹਾਉਣ ਲਈ ਲਗਾਤਾਰ ਬਹਾਨਾ ਮੁਹੱਈਆ ਕੀਤਾ?

ਇਸ ਸਬੰਧੀ ਪੰਜਾਬ ਦੇ ਨਾਮਵਰ ਲੇਖਕ ਜਸਵੰਤ ਸਿੰਘ ਕੰਵਲ ਹੋਰਾਂ ਦੀ ਸਵਾਲਾਂ-ਜਵਾਬਾਂ ਅਧਾਰਿਤ ਕਿਤਾਬ 'ਪੰਜਾਬ ਦਾ ਹੱਕ ਸੱਚ' (ਪੰਨਾ: 199-201) ਦਾ ਇਥੇ ਜ਼ਿਕਰ ਕਰਨਾ ਵਾਜ਼ਿਬ ਬਣਦਾ ਹੈ। ਉਹ ਲੋਕਾਂ ਦੇ ਸਵਾਲ ਕਿ ਗੁਰਚਰਨ ਸਿੰਘ ਟੌਹੜਾ, ਸੰਤ ਜਰਚੰਦ ਸਿੰਘ ਲੌਂਗੋਵਾਲ਼ ਆਦਿ ਜੂਨ 84 ਤੋਂ ਪਹਿਲਾਂ ਅਕਾਲ ਤਖਤ ਨੂੰ ਬਚਾਉਣ ਲਈ ਅੱਗੇ ਕਿਉਂ ਨਾ ਆਏ ਤਾਂ ਕੰਵਲ ਸਾਹਿਬ ਜਵਾਬ ਦਿੰਦੇ ਹਨ: 'ਸੰਤ ਭਿੰਡਰਾਂਵਾਲ਼ਿਆਂ ਦੀ ਚੜ੍ਹਤ ਨੇ ਇਨ੍ਹਾਂ ਜਥੇਦਾਰਾਂ ਦੀ ਅਣਖ ਤੇ ਹੋਸ਼ ਨੂੰ ਸਹਿਮ ਦੀ ਬੀਮਾਰੀ ਲਗਾ ਦਿੱਤੀ ਸੀ।' ਇੱਕ ਹੋਰ ਸਵਾਲ ਕਿ ਜੇ ਭਿੰਡਰਾਂਵਾਲ਼ਾ ਗਲਤ ਸੀ ਤਾਂ ਅਕਾਲ ਤਖਤ ਦੇ ਜਥੇਦਾਰ ਨੇ ਉਸ ਖਿਲਾਫ ਹੁਕਮਨਾਮਾ ਕਿਉਂ ਨਾ ਜਾਰੀ ਕੀਤਾ, ਦੇ ਜਵਾਬ ਵਿੱਚ ਪੰਜਾਬੀ ਦੇ ਸਿਰਮੌਰ ਲੇਖਕ ਸਾਹਿਬ ਲਿਖਦੇ ਹਨ: 'ਅਕਾਲ ਤਖਤ ਦੇ ਜਥੇਦਾਰ ਵਿੱਚ ਭਿੰਡਰਾਂਵਾਲੇ ਅੱਗੇ ਖੜਨ ਦੀ ਜੁਰਅਤ ਨਹੀਂ ਸੀ। ਉਸ ਅੱਗੇ ਸਾਰੀਆਂ ਧਿਰਾਂ ਨਿਸਲ਼ੀਆਂ ਹੋ ਚੁੱਕੀਆਂ ਸਨ।' ਸਾਡੇ ਵਿੱਚ ਇਤਨੀ ਜੁਰਅਤ ਨਹੀਂ ਕਿ ਅਸੀਂ ਕੰਵਲ ਸਾਹਿਬ ਵਰਗੇ ਮਹਾਨ ਲੇਖਕ ਨੂੰ ਕੁਝ ਕਹਿ ਸਕੀਏ, ਗੁਸਤਾਖੀ ਮਾਫ, ਕੁਝ ਸਵਾਲ ਤਾਂ ਉਨ੍ਹਾਂ ਨੂੰ ਪੁੱਛਣੇ ਬਣਦੇ ਹਨ: ਕੀ ਕੰਵਲ ਸਾਹਿਬ ਨੂੰ ਪਤਾ ਨਹੀਂ ਸੀ ਕਿ ਜਦੋਂ ਅਕਾਲ ਤਖਤ ਦੇ ਇੱਕ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਨੇ ਭਿੰਡਰਾਂਵਾਲਿਆਂ ਦੇ ਅਕਾਲ ਤਖਤ ਤੇ ਕਾਬਿਜ ਹੋਣ ਅਤੇ ਹਥਿਆਰ ਜਮ੍ਹਾਂ ਕਰਨ ਦਾ ਜਥੇਦਾਰ ਟੌਹੜਾ ਸਾਹਿਬ ਕੋਲ਼ੋਂ ਇਤਰਾਜ਼ ਜਿਤਾਇਆ ਸੀ ਤਾਂ ਕੁਝ ਦਿਨਾਂ ਬਾਅਦ ਹੀ ਉਸਦੀ 10 ਮਈ, 1984 ਨੂੰ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ? ਤਾਂ ਫਿਰ ਕੋਈ ਰੂਹਾਨੀ ਸ਼ਕਤੀ ਦਾ ਮਾਲਕ ਹੀ ਸੰਤ ਜੀ ਨੂੰ ਸਵਾਲ ਕਰਦਾ? ਜਿਥੇ ਅਜਮੇਰ ਸਿੰਘ, ਪੱਤਰਕਾਰ ਕਰਮਜੀਤ ਸਿੰਘ, ਹਰਿੰਦਰ ਸਿੰਘ ਮਹਿਬੂਬ ਵਰਗੇ ਮਹਾਨ ਸਿੱਖ ਚਿੰਤਕ ਸੰਤ ਭਿੰਡਰਾਂਵਾਲਿਆਂ ਨੂੰ ਸਰਬ ਕਲਾ ਸੰਪੂਰਨ ਮਹਾਂ ਨਾਇਕ ਮੰਨਦੇ ਹਨ, ਉਥੇ ਜਸਵੰਤ ਸਿੰਘ ਕੰਵਲ ਆਪਣੀ ਇਸ ਕਿਤਾਬ ਵਿੱਚ ਲਿਖਦੇ ਹਨ: 'ਸੰਤ ਸਿੱਖਾਂ ਦੇ ਹਰ ਪੱਖੋਂ ਧਰਮੱਘ (ਵੱਡੇ ਧਰਮੀ) ਸਨ, ਪਰ ਰਾਜਸੀ ਸੂਝ ਪੱਖੋਂ ਉਹ ਕੋਰੇ ਸਨ। ਜਿਸ ਕਾਰਨ ਸਿੱਖਾਂ ਨੂੰ ਦੋਹਰਾ ਸੰਤਾਪ ਝੱਲਣਾ ਪਿਆ।' ਪਾਠਕ ਆਪ ਹੀ ਸਿਆਣੇ ਹਨ, ਹੁਣ ਇਨ੍ਹਾਂ ਖੋਜੀ ਵਿਦਵਾਨਾਂ ਨੂੰ ਕੀ-ਕੀ ਸਵਾਲ ਕਰੀਏ?

ਪਿਛਲੇ 37 ਸਾਲਾਂ ਵਿੱਚ ਦੇਸ਼-ਵਿਦੇਸ਼ ਅੰਦਰ ਅਜਿਹਾ ਪ੍ਰਚਾਰ ਤਾਂ ਖੂਬ ਕੀਤਾ ਗਿਆ ਹੈ ਕਿ ਜੂਨ 84 ਦੀਆਂ ਘਟਨਾਵਾਂ ਕਿਵੇਂ ਵਾਪਰੀਆਂ? ਉਨ੍ਹਾਂ ਵਿੱਚ ਇਨ੍ਹਾਂ ਅਨੁਸਾਰ ਸਿੱਖਾਂ ਦਾ ਕਿਤਨਾ ਨੁਕਸਾਨ ਹੋਇਆ? ਦਰਬਾਰ ਸਾਹਿਬ ਵਿੱਚ ਬੈਠੇ ਖਾੜਕੂਆਂ ਨੇ ਕਿਵੇਂ ਬਹਾਦਰੀ ਨਾਲ਼ ਲੜਦਿਆਂ ਭਾਰਤੀ ਫੌਜ ਦੇ ਆਹੂ ਲਾਹ ਦਿੱਤੇ? ਕਿਵੇਂ ਫੌਜ ਦੇ ਟੈਂਕ ਪ੍ਰਕਰਮਾ ਵਿੱਚ ਹੀ ਨਕਾਰਾ ਕਰ ਦਿੱਤੇ ਗਏ? ਪਰ ਉਹ ਇਹ ਕਦੇ ਨਹੀਂ ਦੱਸਦੇ ਕਿ ਉਸ ਸਮੇਂ ਦੀ ਸਰਕਾਰ ਨੇ ਇਤਨਾ ਵੱਡਾ ਕਦਮ ਕਿਉਂ ਚੁੱਕਿਆ? ਜਦਕਿ ਸਰਕਾਰ ਨੂੰ ਪਤਾ ਸੀ ਕਿ ਫੌਜ ਤੇ ਹੋਰ ਫੋਰਸਾਂ ਵਿੱਚ ਸਿੱਖਾਂ ਦੀ ਭਾਰੀ ਗਿਣਤੀ ਹੈ? ਸਾਰਾ ਭਾਰਤ ਸਿੱਖਾਂ ਦੀਆਂ ਦੇਸ਼ ਨੂੰ ਆਜਾਦ ਕਰਾਉਣ ਦੀਆਂ ਕੁਰਬਾਨੀਆਂ ਦਾ ਹੀ ਕਾਇਲ ਨਹੀਂ ਸੀ, ਸਗੋਂ ਉਨ੍ਹਾਂ ਦੇ ਮਨਾਂ ਵਿੱਚ 1965 ਤੇ 1971 ਦੀਆਂ ਲੜਾਈਆਂ ਵਿੱਚ ਸਿੱਖਾਂ ਦੀ ਬਹਾਦਰੀ ਦੀ ਵੀ ਵੱਡੀ ਛਾਪ ਸੀ। ਉਸ ਸਮੇਂ ਦੀ ਸਰਕਾਰ ਵਿੱਚ ਰਾਸ਼ਟਰਪਤੀ, ਗ੍ਰਹਿ ਮੰਤਰੀ, ਪੰਜਾਬ ਦਾ ਮੁੱਖ ਮੰਤਰੀ, ਫੌਜਾਂ ਦੇ ਜਨਰਲ, ਸੂਬਿਆਂ ਦੇ ਗਵਰਨਰ, ਪੰਜਾਬ ਪੁਲਿਸ ਦੇ ਵੱਡੇ ਅਧਿਕਾਰੀ ਸਿੱਖ ਸਨ ਤਾਂ ਸਰਕਾਰ ਦੀ ਅਜਿਹੀ ਕੀ ਮਜਬੂਰੀ ਬਣ ਗਈ ਸੀ ਕਿ ਉਸਨੂੰ ਇੱਕ ਛੋਟੀ ਜਿਹੀ ਘੱਟ-ਗਿਣਤੀ ਖਿਲਾਫ ਇਤਨਾ ਮਨਹੂਸ ਫੈਸਲਾ ਲੈਣ ਲਈ ਮਜਬੂਰ ਹੋਣਾ ਪਿਆ? ਇਥੇ ਇਹ ਵੀ ਯਾਦ ਕਰਾਇਆ ਜਾ ਸਕਦਾ ਹੈ ਕਿ ਮੁਸਲਮਾਨਾਂ ਦੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ 'ਮੱਕਾ' ਤੇ 20 ਨਵਬੰਰ, 1979 ਤੋਂ 4 ਦਸੰਬਰ, 1979 ਤੱਕ ਮੁਸਲਮਾਨਾਂ ਦੇ ਇੱਕ ਕੱਟੜ ਧਾਰਮਿਕ ਗਰੁੱਪ 'ਅਲਕਤਾਬੀ ਮੂਵਮੈਂਟ' ਦੇ ਲੀਡਰ ਯਾਹਮਨ ਅਲ-ਉਤੈਬੀ ਵਲੋਂ ਆਪਣੇ 500 ਦੇ ਕਰੀਬ ਹਥਿਆਰਬੰਦ ਸਾਥੀਆਂ ਨਾਲ਼ ਕਬਜ਼ਾ ਕਰਨ ਅਤੇ 50 ਹਜ਼ਾਰ ਦੇ ਕਰੀਬ ਸ਼ਰਧਾਲੂਆਂ ਨੂੰ ਬੰਦੀ ਬਣਾ ਲੈਣ ਦੀ ਘਟਨਾ ਦਾ ਜ਼ਿਕਰ ਕਰਨਾ ਵਾਜਿਬ ਰਹੇਗਾ। ਜਿਨ੍ਹਾਂ ਨੇ ਸ਼ੁੱਧ ਇਸਲਾਮ ਲਾਗੂ ਕਰਨ ਲਈ ਅਜਿਹਾ ਕਾਰਾ ਕੀਤਾ ਸੀ। ਯਾਦ ਰਹੇ ਮੁਸਲਮਾਨਾਂ ਦੀ ਧਾਰਮਿਕ ਰਵਾਇਤ ਮੁਤਬਿਕ 'ਮੱਕੇ' ਦੀ ਇਮਾਰਤ ਅੰਦਰ 'ਖੂਨ ਦਾ ਤੁਬਕਾ ਵੀ ਡਿਗਣਾ' ਅਤੇ ਕਿਸੇ ਗੈਰ ਮੁਸਲਮਾਨ ਦਾ ਮਸਜਿਦ ਅੰਦਰ ਆਉਣਾ ਕੁਫਰ ਮੰਨਿਆ ਜਾਂਦਾ ਹੈ? ਪਰ 'ਮੱਕੇ' ਦਾ ਕਬਜ਼ਾ ਅਤੇ ਬੰਦੀ ਲੋਕਾਂ ਨੂੰ ਛੁਡਾਉਣ ਲਈ ਸਾਉਦੀ ਅਰਬ ਦੀ ਮੁਸਲਿਮ ਸਰਕਾਰ ਵਲੋਂ ਦੋਨਾਂ ਪ੍ਰੰਪਰਾਵਾਂ ਦੀ ਉਲੰਘਣਾ ਕਰਕੇ ਨਾ ਸਿਰਫ ਫਰਾਂਸ ਦੇ ਗੋਰੇ ਕਮਾਂਡੋਆਂ ਰਾਹੀਂ ਮੱਕੇ ਦਾ ਕਬਜ਼ਾ ਛੁਡਾਇਆ, ਸਗੋਂ ਮੱਕੇ ਅੰਦਰ ਸੈਂਕੜੇ ਸ਼ਰਧਾਲੂਆਂ ਦਾ ਖੂਨ ਵੀ ਡੁੱਲ੍ਹਾ। ਹੁਣ ਉਥੇ ਤਾਂ ਸਾਰੇ ਮਰਨ-ਮਾਰਨ ਵਾਲ਼ੇ ਅਤੇ ਸਉਦੀ ਸਰਕਾਰ ਵੀ ਮੁਸਲਮਾਨਾਂ ਦੀ ਸੀ, ਫਿਰ ਵੀ ਸਰਕਾਰ ਨੂੰ ਅਜਿਹਾ ਕਦਮ ਚੁੱਕਣਾ ਪਿਆ। ਕੀ ਸਾਡੇ ਵਿਦਵਾਨ ਕਦੇ 84 ਦੀਆਂ ਘਟਨਾਵਾਂ ਨੂੰ ਅਜਿਹੇ ਪੱਖ ਤੋਂ ਵੀ ਕਦੇ ਵਿਚਾਰਨਗੇ?

ਜਦੋਂ ਲੋਕ ਸਿੱਖ ਲੀਡਰਾਂ ਤੇ ਵਿਦਵਾਨਾਂ ਨੂੰ ਸਵਾਲ ਕਰਦੇ ਹਨ ਕਿ ਸਰਕਾਰ ਨੇ ਦਰਬਾਰ ਤੇ ਹਮਲਾ ਕਿਉਂ ਕੀਤਾ? ਉਸਦੇ ਕੁਝ ਤਾਂ ਕਾਰਨ ਹੋਣਗੇ? ਤਾਂ ਕਿਸੇ ਅਜਿਹੇ ਸਵਾਲ ਦੇ ਜਵਾਬ ਵਿੱਚ ਅਜਮੇਰ ਸਿੰਘ ਨੇ ਇੱਕ ਲਾਈਨ ਵਿੱਚ ਗੱਲ ਮੁਕਾ ਦਿੱਤੀ ਕਿ 'ਹਿੰਦੂ ਸਰਕਾਰ ਨੇ ਸਿੱਖਾਂ ਨਾਲ਼ 5 ਸਦੀਆਂ ਦਾ ਵੈਰ ਕਮਾਇਆ ਹੈ?' ਇਸੇ ਤਰ੍ਹਾਂ ਸਿੱਖ ਵਿਦਵਾਨ ਹਰਿੰਦਰ ਸਿੰਘ ਮਹਿਬੂਬ ਦੇ ਮਹਾਂ-ਕਾਵਿ 'ਝਨਾਂ ਦੀ ਰਾਤ' ਵਿੱਚ ਵੀ ਇਸੇ ਸੋਚ ਦੀ ਤਰਜਮਾਨੀ ਕਰਦੀ ਕਵਿਤਾ ਦੀਆਂ ਚਾਰ ਲਾਈਨਾਂ ਦਰਜ ਹਨ: ਅੱਜ ਤਪਦੀ ਭੱਠੀ ਬਣ ਗਿਆ, ਮੇਰਾ ਸਗਲੇ ਵਾਲ਼ਾ ਪੈਰ। ਅੱਜ ਵੈਰੀਆਂ ਕੱਢ ਵਖਾਲਿਆ, ਹਾਇ! ਪੰਜ ਸਦੀਆਂ ਦਾ ਵੈਰ। ਜੇ ਇੰਦਰਾ ਗਾਂਧੀ ਸਰਕਾਰ ਨੇ ਇਹ ਸਭ ਸਿੱਖਾਂ ਨੂੰ ਸਬਕ ਸਿਖਾਉਣ ਲਈ ਕੀਤਾ ਸੀ ਤਾਂ ਕਿ ਸਿੱਖ ਸਦੀਆਂ ਤੱਕ ਇਸ ਮਾਰ ਨੂੰ ਯਾਦ ਰੱਖਣ ਤਾਂ ਫਿਰ ਇੰਦਰਾ ਨੂੰ ਕੀ ਮਜਬੂਰੀ ਸੀ ਕਿ ਉਸਨੇ ਇਸ ਹਮਲੇ ਵਿੱਚ ਅਕਾਲ ਤਖਤ ਤੇ ਹੋਰ ਨੁਕਸਾਨੀਆਂ ਇਮਾਰਤਾਂ ਨੂੰ ਕੁਝ ਦਿਨਾਂ ਵਿੱਚ ਨਵਾਂ ਬਣਾ ਦਿੱਤਾ ਸੀ ਤਾਂ ਕਿ ਸਿੱਖ, ਉਸ ਫੌਜੀ ਹਮਲੇ ਵਿੱਚ ਹੋਏ ਨੁਕਸਾਨ ਨੂੰ ਦੇਖ ਨਾ ਸਕਣ? ਫਿਰ ਤਾਂ ਉਸਨੂੰ ਢੱਠੇ ਹੋਏ ਅਕਾਲ ਤਖਤ ਜਾਂ ਹੋਰ ਗੁਰਦੁਆਰਿਆਂ ਨੂੰ ਸ਼ੀਸ਼ਿਆਂ ਵਿੱਚ ਮੜ੍ਹਾ ਕੇ ਰੱਖਣਾ ਚਾਹੀਦਾ ਸੀ ਤਾਂ ਕਿ ਸਿੱਖ ਯਾਦ ਰੱਖਣ ਕਿ ਜੇ ਉਨ੍ਹਾਂ ਮੁੜ ਅਜਿਹਾ ਕਾਰਾ ਕੀਤਾ ਤਾਂ ਉਨ੍ਹਾਂ ਦਾ ਕੀ ਹਾਲ ਹੋਵੇਗਾ? ਕੀ ਸਾਡੇ ਇਹ ਮਹਾਂ ਵਿਦਵਾਨ ਕੁਝ ਕਹਿਣ ਤੋਂ ਪਹਿਲਾਂ ਸੋਚਦੇ ਨਹੀਂ ਕਿ ਤੁਹਾਡੀਆਂ ਕਿਤਾਬਾਂ ਪੜ੍ਹ ਕੇ ਲੋਕ ਤੁਹਾਨੂੰ ਸਵਾਲ ਕਰਨਗੇ? ਤੁਹਾਡੇ ਕੋਲ਼ ਉਸਦਾ ਕੀ ਜਵਾਬ ਹੋਵੇਗਾ? ਜੇ ਹਿੰਦੂਆਂ ਦਾ ਸਿੱਖਾਂ ਨਾਲ਼ ਇਤਨਾ ਹੀ ਵੈਰ ਹੁੰਦਾ ਤਾਂ ਹਿੰਦੂਆਂ ਦੇ ਦੇਸ਼ (ਇਨ੍ਹਾਂ ਅਨੁਸਾਰ) ਵਿੱਚ ਸਿੱਖ ਹੋਰ ਸਾਰੇ ਫਿਰਕਿਆਂ ਨਾਲ਼ੋਂ ਵੱਧ ਤਰੱਕੀ ਕਿਵੇਂ ਕਰਦੇ?

ਕੀ ਸਾਡੇ ਵਿਦਵਾਨਾਂ ਨੂੰ ਨਿਰਪੱਖ ਹੋ ਕੇ ਇਸ ਵੱਡੇ ਦੁਖਦਾਈ ਘੱਲੂਘਾਰੇ ਬਾਰੇ ਲੋਕਾਂ ਨੂੰ ਸਾਰੇ ਪੱਖਾਂ ਤੋਂ ਨਹੀਂ ਦੱਸਣਾ ਚਾਹੀਦਾ ਤਾਂ ਕਿ ਭਵਿੱਖ ਵਿੱਚ ਸਾਨੂੰ ਅਜਿਹੇ ਘੱਲੂਘਾਰਿਆਂ ਦਾ ਦੁਬਾਰਾ ਸਾਹਮਣਾ ਨਾ ਕਰਨਾ ਪਵੇ? ਕੀ ਅਸੀਂ ਕਦੇ ਇਹ ਵਿਚਾਰ ਕਰਾਂਗੇ ਕਿ ਉਸ ਵਕਤ ਅਸੀਂ ਵੀ ਕਿਤੇ ਗਲਤ ਸੀ ਜਾਂ ਸਾਰਾ ਦੋਸ਼ ਵਿਰੋਧੀਆਂ ਤੇ ਸੁੱਟ ਕੇ ਸੁਰਖ਼ਰੂ ਹੋ ਜਾਵਾਂਗੇ? ਜੂਨ ਚੁਰਾਸੀ ਤੋਂ ਕੁਝ ਮਹੀਨੇ ਪਹਿਲਾਂ ਬੱਸਾਂ, ਟਰੇਨਾਂ ਵਿੱਚੋਂ ਲਾਹ ਕੇ ਬੇਗੁਨਾਹ ਲੋਕ ਮਾਰੇ ਜਾ ਰਹੇ ਸਨ, ਪੱਤਰਕਾਰ ਸੁਮੀਤ ਸਿੰਘ ਪ੍ਰੀਤਲੜੀ ਨੂੰ 22 ਫਰਵਰੀ, 1984, ਐਮ ਪੀ ਵਿਸ਼ਵਨਾਥ ਤਿਵਾੜੀ ਨੂੰ 3 ਮਾਰਚ, 1984, ਦਿੱਲੀ ਗੁਰਦੁਆਰਾ ਕਮੇਟੀ ਪ੍ਰਧਾਨ ਹਰਬੰਸ ਸਿੰਘ ਮਨਚੰਦਾ ਨੂੰ 28 ਮਾਰਚ, 1984, ਐਮ ਐਲ਼ ਏ ਹਰਬੰਸ ਲਾਲ ਖੰਨਾ ਨੂੰ 2 ਅਪਰੈਲ, 1984, ਪੱਤਰਕਾਰ ਰਮੇਸ਼ ਚੰਦਰ ਨੂੰ 12 ਮਈ, 1984, ਆਦਿ ਅਨੇਕਾਂ ਪ੍ਰਮੁੱਖ ਵਿਅਕਤੀ ਕਤਲ ਹੋ ਰਹੇ ਸਨ। ਇਹ ਸਾਰੇ ਕਤਲ ਉਦੋਂ ਸ਼ੁਰੂ ਹੋਏ ਸਨ, ਜਦੋਂ ਸਰਕਾਰ ਨੇ ਸਿੱਖ ਸਟੂਡੈਂਟਸ ਫੈਸਰੇਸ਼ਨ ਨੂੰ ਬੈਨ ਕਰ ਦਿੱਤਾ ਸੀ ਤਾਂ ਕਨੇਡਾ ਦੀ ਅਖਬਾਰ 'ਗਲੋਬ ਐਂਡ ਮੇਲ' ਦੀ 5 ਅਪਰੈਲ, 1984 ਦੀ ਰਿਪੋਰਟ 'ਸਿੱਖ ਅੱਤਵਾਦ ਦੇ ਚੱਲਦਿਆਂ ਰਾਜਨੀਤਕ ਲੀਡਰਾਂ ਨੂੰ ਚਿਤਾਵਨੀ' ਅਨੁਸਾਰ ਫੈਡਰੇਸ਼ਨ ਦੇ ਲੀਡਰਾਂ ਹਰਮਿੰਦਰ ਸੰਧੂ, ਵਿਰਸਾ ਵਲਟੋਹਾ ਆਦਿ ਨੇ ਧਮਕੀ ਦਿੱਤੀ ਹੈ ਕਿ ਜਦੋਂ ਤੱਕ ਸਰਕਾਰ ਫੈਡਰੇਸ਼ਨ ਤੇ ਪਾਬੰਧੀ ਨਹੀਂ ਹਟਾਉਂਦੀ, ਉਹ ਰੋਜ਼ਾਨਾ ਇੱਕ ਨਾਮਵਰ ਲੀਡਰ ਮਾਰਨਗੇ। ਉਸ ਸਮੇਂ ਸਭ ਨੂੰ ਸਭ ਕੁਝ ਸਪੱਸ਼ਟ ਸੀ। ਇਹ ਵਿਦਵਾਨ ਪਤਾ ਨਹੀਂ ਕਿਸ ਅਧਾਰ ਤੇ ਕਹਿ ਰਹੇ ਹਨ ਕਿ ਸਰਕਾਰੀ ਏਜੰਸੀਆਂ ਸਭ ਕੁਝ ਕਰਾ ਰਹੀਆਂ ਸਨ?

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਵਰਗੇ ਅਣ-ਵਿਕਸਤ ਦੇਸ਼ ਵਿੱਚ ਸਿੱਖਾਂ ਸਮੇਤ ਸਭ ਦੀਆਂ ਅਨੇਕਾਂ ਸਮੱਸਿਆਵਾਂ ਹਨ। ਉਨ੍ਹਾਂ ਦੇ ਹੱਲ ਲਈ ਸੰਘਰਸ਼ ਕਰਨਾ ਵੀ ਸਭ ਦਾ ਲੋਕਤੰਤਰੀ ਹੱਕ ਹੈ। ਪਰ ਕਿਸੇ ਸਪੱਸ਼ਟ ਅਤੇ ਢੁੱਕਵੀਂ ਯੁੱਧਨੀਤੀ ਨੂੰ ਧਿਆਨ ਵਿੱਚ ਨਾ ਰੱਖ ਕੇ ਅਤੇ ਉਸਦੇ ਨਿਕਲਣ ਵਾਲ਼ੇ ਦੂਰਰਸ ਸਿੱਟਿਆਂ ਦੇ ਲੜਾਈ ਲੜਨੀ ਜਾਂ ਅਕਾਲ ਤਖਤ ਦੀ ਮੋਰਚਾਬੰਦੀ ਕਰਨੀ ਜਾਂ ਆਮ ਲੋਕਾਂ ਦੇ ਅੰਨ੍ਹੇਵਾਹ ਕਤਲ ਕਰਕੇ ਭੜਕਾਹਟ ਪੈਦਾ ਕਰਨੀ, ਕਿਤਨੀ ਕੁ ਜ਼ਾਇਜ ਸੀ? ਫਿਰ ਜਦੋਂ ਸਰਕਾਰਾਂ ਸੰਘਰਸ਼ਕਾਰੀਆਂ ਦੀ ਹਿੰਸਾ ਨੂੰ ਅੱਤਵਾਦ ਦਾ ਨਾਮ ਦੇ ਕੇ ਜਬਰ ਕਰਦੀਆਂ ਹਨ ਤਾਂ ਸਾਡਾ ਰੌਲ਼ਾ ਪਾਉਣਾ ਕਿਤਨਾ ਕੁ ਉਚਿਤ ਰਹਿ ਜਾਂਦਾ ਹੈ? ਜਦੋਂ ਸਿੱਖ ਲੀਡਰਾਂ ਨੇ 47 ਵਿੱਚ ਭਾਰਤ ਨਾਲ਼ ਕਿਸਮਤ ਜੋੜਨ ਦਾ ਫੈਸਲਾ ਕਰ ਹੀ ਲਿਆ ਸੀ ਤਾਂ ਕੀ ਉਨ੍ਹਾਂ ਨੂੰ ਜੋ ਕੁਝ ਉਹ ਬਾਅਦ ਵਿੱਚ ਕਰ ਰਹੇ ਸਨ, ਉਸ ਬਾਰੇ ਪਹਿਲਾਂ ਨਹੀਂ ਸੋਚਣਾ ਚਾਹੀਦਾ ਸੀ? ਸਿੱਖ ਲੀਡਰਾਂ ਦੀ ਮਾਨਸਿਕਤਾ ਬਾਰੇ ਇਥੇ ਇੱਕ ਉਦਾਹਰਣ ਦੇਣੀ ਵਾਜਿਬ ਰਹੇਗੀ।ਇਸ ਬਾਰੇ ਡਾ. ਗੋਪਾਲ ਸਿੰਘ ਦੀ ਕਿਤਾਬ 'ਏ ਹਿਸਟਰੀ ਆਫ ਸਿੱਖ ਪੀਪਲਜ਼' ਵਿਚੋਂ ਹਵਾਲਾ ਦੇਣਾ ਚਾਹੁੰਦਾ ਹਾਂ ਕਿ ਲੇਖਕ ਨੂੰ ਸਿੱਖ ਲੀਡਰ ਮਾਸਟਰ ਤਾਰਾ ਸਿੰਘ ਨੇ 1947 ਤੋਂ ਕੁਝ ਸਾਲ ਬਾਅਦ ਆਪਣੀ ਰਾਜਨੀਤਕ ਸੋਚ ਦਾ ਇੰਕਸ਼ਾਫ ਇਵੇਂ ਕੀਤਾ ਸੀ: ਜਿੰਨੀ ਦੇਰ ਤੱਕ ਮੈਂ ਆਪਣੇ ਖਾੜਕੂ (ਗਰਮ ਖਿਆਲੀ) ਪੈਰੋਕਾਰਾਂ ਨੂੰ ਕਿਸੇ ਨਾ ਕਿਸੇ ਅੰਦੋਲਨ ਵਿੱਚ ਨਾ ਉਲਝਾਈ ਰੱਖਾਂ, ਓਨੀ ਦੇਰ ਤੱਕ ਉਹ ਜਾਂ ਤਾਂ ਖਿੰਡ-ਪੁੰਡ ਕੇ ਆਪਸ ਵਿੱਚ ਲੜਨ ਲੱਗ ਜਾਣਗੇ ਅਤੇ ਜਾਂ ਫਿਰ ਲੀਡਰਸ਼ਿਪ ਦੀ ਕੁਰਸੀ ਖਿੱਚਣ ਲੱਗਣਗੇ? ਉਨ੍ਹਾਂ ਅੱਗੇ ਕਿਹਾ ਕਿ ਸਿੱਖਾਂ ਨੂੰ ਆਪਣੇ ਕੰਟਰੋਲ ਵਿੱਚ ਰੱਖਣ ਲਈ 'ਅਫਗਾਨਿਸਤਾਨ ਦੇ ਤਖਤ ਉਤੇ ਬੈਠਣ ਜਿਤਨਾ ਖਤਰਾ ਮੁੱਲ ਲੈਣਾ ਪੈਂਦਾ ਹੈ।" ਜੇ ਮਾਸਟਰ ਤਾਰਾ ਸਿੰਘ ਦੀ ਇਮਾਨਦਾਰੀ ਤੇ ਸ਼ੱਕ ਨਾ ਵੀ ਕਰੀਏ ਤਾਂ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਅਨੁਸਾਰ ਉਹ ਬਾਹਰੋਂ ਭਾਸ਼ਾ ਦੇ ਅਧਾਰ ਤੇ 'ਪੰਜਾਬੀ ਸੂਬੇ' ਦੇ ਨਾਮ ਤੇ ਮੋਰਚਾ ਲਗਾ ਕੇ ਅੰਦਰੋਂ (ਦਿਲੋਂ) 'ਸਿੱਖ ਸੂਬਾ' ਬਣਾਉਣਾ ਚਾਹੁੰਦੇ ਸਨ ਤਾਂ ਕਿ ਗਰਮ ਖਿਆਲੀ ਸਿੱਖਾਂ ਨੂੰ ਸ਼ਾਂਤ ਕੀਤਾ ਜਾ ਸਕੇ। ਪਰ ਉਹ ਕਦੇ ਵੀ ਸਪੱਸ਼ਟ ਸਟੈਂਡ ਨਹੀਂ ਲੈ ਸਕੇ? ਜਿਸ ਕਾਰਨ ਨਾ ਢੰਗ ਦਾ ਪੰਜਾਬੀ ਭਾਸ਼ਾ ਸੂਬਾ ਬਣ ਸਕਿਆ, ਸਿੱਖ ਸੂਬਾ ਤਾਂ ਕੀ ਬਣਨਾ ਸੀ? ਹੁਣ ਦੇ ਲੀਡਰਾਂ ਤੇ ਵਿਦਵਾਨਾਂ ਦੀ ਵੀ ਇਹੀ ਸਮੱਸਿਆ ਹੈ ਕਿ ਉਹ ਕਿਸੇ ਵੀ ਪੱਖ ਤੋਂ ਸਪੱਸ਼ਟ ਨਹੀਂ ਹਨ? ਜਦੋਂ ਦਰਿਆਈ ਪਾਣੀਆਂ ਦੇ ਮਸਲਿਆਂ ਦੇ ਮਾਹਰ ਸ. ਪ੍ਰੀਤਮ ਸਿੰਘ ਕੁਮੇਦਾਨ ਵਰਗੇ ਉਘੇ ਚਿੰਤਕ 'ਰੈਫਰੈਂਡਮ 2020' ਬਾਰੇ ਨਿਰਪ੍ਰੀਤ ਸਿੰਘ ਨਾਲ਼ ਆਪਣੀ ਇੱਕ ਅਹਿਮ ਇੰਟਰਵਿਊ ਵਿੱਚ ਸਵਾਲ ਉਠਾਉਂਦੇ ਹਨ ਕਿ ਸਾਨੂੰ ਦੱਸ ਤਾਂ ਦਿਉ ਤੁਹਾਡਾ ਖਾਲਿਸਤਾਨ ਕਿਥੇ, ਕਿਹੋ ਜਿਹਾ ਹੋਵੇਗਾ ਤਾਂ ਕੋਈ ਜਵਾਬ ਨਹੀਂ ਦਿੰਦਾ? ਸ. ਕੁਮੇਦਾਨ ਅਨੁਸਾਰ ਕੀ ਵੱਖਰੇ ਸਿੱਖ ਰਾਜ ਦੀ ਮੰਗ ਕਰਨ ਵਾਲ਼ਿਆਂ ਨੇ ਸੋਚਿਆ ਹੈ ਕਿ ਜੇ ਵਸੋਂ ਦਾ ਤਬਾਦਲਾ ਹੋਇਆ ਤਾਂ ਮੌਜੂਦਾ ਪੰਜਾਬ ਦੇ ਪੱਲੇ ਕੀ ਰਹੇਗਾ? ਸਾਡੇ ਤਾਂ ਤਿੰਨੇ ਦਰਿਆ ਵੀ ਉਨ੍ਹਾਂ ਇਲਾਕਿਆਂ ਵਿੱਚੋਂ ਹੀ ਲੰਘਦੇ ਹਨ, ਜੋ ਭਾਰੀ ਹਿੰਦੂ ਵਸੋਂ ਵਾਲ਼ੇ ਹਨ? ਪਰ ਸਾਡੇ ਲੀਡਰ ਤੇ ਵਿਦਵਾਨ ਸਿਰਫ ਨਾਹਰੇਬਾਜ਼ੀ ਤੇ ਮਾਰਕੇਬਾਜ਼ੀ ਦੀ ਜਜ਼ਬਾਤੀ ਸਿਆਸਤ ਹੀ ਕਰਦੇ ਹਨ? ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਜੂਨ, 1984 ਦੀ ਫੌਜੀ ਕਾਰਵਾਈ ਸਰਕਾਰ ਦੀ ਬੱਜਰ ਗਲਤੀ ਸੀ, ਉਸ ਕੋਲ਼ ਹੋਰ ਵੀ ਰਾਹ ਸਨ, ਫੌਜ ਭੇਜਣ ਵਰਗੀ ਗਲਤੀ ਨਹੀਂ ਕਰਨੀ ਚਾਹੀਦੀ ਸੀ, ਪਰ ਕੀ ਉਸ ਸਿੱਖ ਮਨਾਂ ਨੂੰ ਭਾਰੀ ਠੇਸ ਪਹੁੰਚਾਣ ਵਾਲ਼ੀ ਇਸ ਗਲਤੀ ਲਈ ਸਿਰਫ ਸਰਕਾਰ ਹੀ ਜ਼ਿੰਮੇਵਾਰ ਸੀ? ਹੁਣ ਜਦੋਂ ਅਸੀਂ ਜੂਨ 84 ਦੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਸਾਨੂੰ ਇਹ ਦੇਖਣ ਦੀ ਥਾਂ ਕਿ ਇਹ ਕਿਵੇਂ ਵਾਪਰੀਆਂ? ਇਹ ਦੇਖਣ ਦੀ ਵੱਧ ਲੋੜ ਹੈ ਕਿ ਕਿਉਂ ਵਾਪਰੀਆਂ? ਤਾਂ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਰੋਕੀਆਂ ਜਾ ਸਕਣ? ਕੀ ਸਿੱਖ ਕੌਮ ਦੇ ਇਹ ਸਿਰਮੌਰ ਵਿਦਵਾਨ ਕਦੇ ਕੌਮ ਨੂੰ ਜਵਾਬਦੇਹ ਹੋਣਗੇ?

ਤੂ ਇਧਰ ਉਧਰ ਕੀ ਬਾਤ ਨਾ ਕਰ,
ਯੇ ਬਤਾ ਕੇ ਕਾਫਲਾ ਕਿਉਂ ਲੁੱਟ ਗਆ।
ਮੁਝੇ ਰਾਹਜਨੋਂ ਸੇ ਗਿਲਾ ਨਹੀਂ,
ਤੇਰੀ ਰਹਿਬਰੀ ਕਾ ਸਵਾਲ ਹੈ।



ਹਰਿਮੰਦਰ ਦੇ ਉਪਰ ਹਮਲਾ ਸਿੱਖ ਦਾ ਪੁੱਤ ਤੇ ਸਹਿ ਨਹੀਂ ਸਕਦਾ ਇਹ ਵੀ ਸੱਚ ਹੈ ਕਿ ਕਰਨ ਵਾਲਾ ਕਦੇ ਜਿਊਂਦਾ ਰਹਿ ਨਹੀਂ ਸਕਦਾ




ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ

**88 Second St, San Francisco**

ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ

ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।

ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ।



## ਆਪ ਸਭ ਨੂੰ ਹੁੰਮ-ਹੁੰਮਾ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

ਸਿੱਖ ਯੂਥ ਆਫ਼ ਅਮਰੀਕਾ ਦੇ ਫਾਊਂਡਰ ਮੈਂਬਰ
ਪ੍ਰਧਾਨ ਗੁਰਦੁਆਰਾ ਸਾਹਿਬ ਫਰੀਮਾਂਟ

## ਸ੍ਰ. ਜਸਵਿੰਦਰ ਸਿੰਘ ਜੰਡੀ

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ



**88 Second St, San Francisco**

**ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ**

**ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।**



ਆਪ ਸਭ ਨੂੰ ਹੁੰਮ-ਹੁੰਮਾ ਕੇ ਪਰਿਵਾਰ ਸਮੇਤ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

## A&I Trucking Co.

123 E. Lee Road Watsonville, CA

**931-247-4637**



ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



Gurvinder Singh Gakhal



Paramvir Singh Gakhal



Jaskaran Singh Gakhal



Karamvir Singh Gakhal



Amarvir Singh Gakhal

ਆਓ ਸਰਬੱਤ ਦੇ ਭਲੇ ਦੇ ਧਾਰਨੀ ਬਣੀਏ ਸਰਬਸਾਂਝੀ ਗੁਰਬਾਣੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਖੇਡਾਂ ਨੂੰ ਦੁਨੀਆਂ ਭਰ ਵਿਚ ਪ੍ਰਮੋਟ ਕਰਨ ਵਾਲੇ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਪੰਜਾਬ ਦੀ ਧਰਤੀ ਉਪਰ ਨਸ਼ਿਆਂ ਵਿਰੁੱਧ ਵਿਆਪਕ ਲਹਿਰ ਛੇੜਨ ਵਾਲੇ ਗੋਲਡਨ ਜਿਮ ਅਤੇ ਏ ਐਂਡ ਆਈ ਟਰੱਕਿੰਗ ਕੈਲੀਫੋਰਨੀਆ ਦੇ ਮਾਲਕ

# ਗਾਖਲ ਬ੍ਰਦਰਜ਼

**ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ**

ਸਾਡੇ ਲੋਕ

# ਜਦੋਂ ਇੱਕ ਸਿੱਖ ਡੀਆਈਜੀ ਨੇ ਦਰਬਾਰ ਸਾਹਿਬ ਤੇ ਫਾਇਰ ਖੋਲਣੋਂ ਕੋਰਾ ਜਵਾਬ ਦਿੱਤਾ...

3 ਜੂਨ 1984 ਨੂੰ ਸਵੇਰੇ ਫੌਜ ਦੇ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਨੇ ਬੀਐਸਐਫ ਦੇ ਡੀਆਈਜੀ ਸ. ਗੁਰਦਿਆਲ-ਸਿੰਘ-ਪੰਧੇਰ ਨੂੰ ਵੱਡੇ ਫੌਜੀ ਅਤੇ ਸਿਵਲ ਅਫਸਰਾਂ ਮੀਟਿੰਗ ਵਿੱਚ ਹੁਕਮ ਕੀਤਾ ਕਿ ਉਹ ਉੱਚੀਆਂ ਇਮਾਰਤਾਂ ਤੋਂ ਦਰਬਾਰ ਸਾਹਿਬ ਵੱਲ ਨੂੰ ਫਾਇਰਿੰਗ ਸ਼ੁਰੂ ਕਰਾਵੇ, ਪਰ ਸ. ਪੰਧੇਰ ਨੇ ਅਜਿਹੀ ਕਾਰਵਾਈ 'ਤੇ ਹੈਰਾਨੀ ਜ਼ਾਹਿਰ ਕਰਦਿਆਂ ਆਮ ਲੋਕਾਂ 'ਤੇ ਗੋਲੀ ਚਲਾਉਣ ਨੂੰ ਮਾੜੀ ਗੱਲ ਕਿਹਾ।

ਬਰਾੜ ਦੇ ਦੁਬਾਰਾ ਕਹਿਣ 'ਤੇ ਸ. ਪੰਧੇਰ ਨੇ ਬਰਾੜ ਤੋਂ ਇਸ ਸਬੰਧੀ ਲਿਖਤੀ ਹੁਕਮਾਂ ਦੀ ਮੰਗ ਕੀਤੀ। ਬਰਾੜ ਨੂੰ ਉਮੀਦ ਨਹੀਂ ਸੀ ਕਿ ਉਹਦੇ ਹੁਕਮ 'ਤੇ ਕੋਈ ਉਜਰ ਕਰੇਗਾ। ਪੰਧੇਰ ਵੱਲੋਂ ਫਾਇਰਿੰਗ ਵਾਲੇ ਹੁਕਮ ਨੂੰ ਸਤ ਬਚਨ ਵਾਂਗ ਨਾ ਮੰਨਣ ਕਰਕੇ ਜਨਰਲ ਬਰਾੜ ਨੇ ਇਨਾਂ ਗੁੱਸਾ ਕੀਤਾ ਕਿ ਜੇ ਇਸ ਦੀ ਪੇਂਡੂ ਮੁਹਾਵਰੇ 'ਚ ਗੱਲ ਕਰਨੀ ਹੋਵੇ, ਤਾਂ ਇਉਂ ਕਿਹਾ ਜਾ ਸਕਦਾ ਹੈ ਕਿ ਉਹ ਕੁਰਸੀ ਤੋਂ ਬੁੜਕ ਕੇ ਸਿੱਧਾ ਛੱਤਣ ਨਾਲ ਵੱਜਿਆ।

ਬਰਾੜ ਨੇ ਸੰਘ ਪਾੜਦਿਆਂ ਹੋਇਆ ਜ਼ੋਰ-ਜ਼ੋਰ ਨਾਲ ਮੇਜ 'ਤੇ ਮੁੱਕੇ ਮਾਰਦਿਆਂ ਪੰਧੇਰ ਨੂੰ ਅੰਗਰੇਜ਼ੀ 'ਚ ਕਿਹਾ, 'ਦਿਸ ਇਜ਼ ਐਨ ਓਪਨ ਮਿਊਟਨੀ' ਤੂੰ ਖੁੱਲੀ ਬਗ਼ਾਵਤ ਕਰ ਰਿਹਾ ਹੈਂ। ਸਰਦਾਰ ਪੰਧੇਰ ਨੇ ਬਰਾੜ ਨੂੰ ਕਿਹਾ ਕਿ ਮੈਂ ਤੇਤੋਂ ਲਿਖ਼ਤੀ ਹੁਕਮ ਹੀ ਮੰਗ ਰਿਹਾ ਹਾਂ, ਇਸ 'ਚ ਬਗ਼ਾਵਤ ਵਾਲੀ ਕਿਹੜੀ ਗੱਲ ਹੈਂ।'

ਅੱਗ ਬਬੂਲੇ ਹੋਏ ਬਰਾੜ ਨੇ ਕਿਹਾ ਕਿ ਲਿਖਤੀ ਹੁਕਮਾਂ ਦੀ ਕੀ ਲੋੜ ਹੈ? ਪੰਧੇਰ ਨੇ ਜਵਾਬ ਦਿੱਤਾ ਕਿ ਮੈਂ ਵੀਂ ਆਪਦੇ ਕਾਗਜ਼ ਪੂਰੇ ਕਰਨੇ ਨੇ। ਸਾਨੂੰ ਪਲੀਸ ਟੈਕਟੀਕਲ ਵਰਕ ਦੇ ਸਲੇਬਸ ਰਾਹੀਂ ਪੁਲੀਸ ਟ੍ਰੇਨਿੰਗ ਵੇਲੇ ਇਹ ਪੜ੍ਹਾਇਆ ਜਾਂਦਾ ਹੈ ਕਿ ਗੋਲੀ ਚਲਾਉਣ ਤੋਂ ਪਹਿਲਾਂ ਉਹ 8 ਗੱਲਾਂ ਦੇ ਜਵਾਬ ਲਿਖ ਕੇ ਰੱਖਣ ਜਿਵੇਂ ਕਿ

1. ਜਿੰਨਾਂ 'ਤੇ ਗੋਲੀ ਚਲਾਉਣੀ ਹੈ
2. ਉਨ੍ਹਾਂ ਦੀ ਗਿਣਤੀ ਕਿੰਨੀ ਹੈ,
3. ਉਨ੍ਹਾਂ ਕੋਲ ਕਿਸ ਕਿਸਮ ਦੇ ਹਥਿਆਰ ਨੇ,
4. ਉਨ੍ਹਾਂ ਕੋਲ ਕਿੰਨੀ ਤਾਕਤ ਹੈ,
5. ਫਾਇਰਿੰਗ ਵੇਲੇ ਕਿੰਨੀਆ ਮੌਤਾਂ ਹੋ ਸਕਦੀਆਂ ਨੇ,
6. ਅਜਿਹੇ ਮੌਕੇ ਕਾਨੂੰਨ ਦਾ ਕੀ ਤਕਾਜ਼ਾ ਹੈ? ਵਗ਼ੈਰਾ-ਵਗ਼ੈਰਾ।

ਇਹ ਪੜ੍ਹਾਇਆ ਜਾਂਦਾ ਹੈ ਕਿ ਬਾਅਦ ਵਿੱਚ ਹੋਣ ਵਾਲੀ ਕਿਸੇ ਇਨਕੁਆਰੀ ਮੌਕੇ ਤੁਹਾਨੂੰ ਇਹ ਅੱਠ ਗੱਲਾਂ ਦੇ ਜ਼ਰੂਰ ਜਵਾਬ ਦੇਣੇ ਪੈਣਗੇ। ਤੁਸੀਂ ਮੈਨੂੰ ਜੇ ਮੈਨੂੰ ਲਿਖ਼ਤੀ ਹੁਕਮ ਦਿਉਗੇ, ਤਾਂ ਹੀ ਮੈਂ ਅੱਠ ਗੱਲਾਂ ਦੇ ਜਵਾਬ ਕਾਗਜ਼ਾਂ 'ਤੇ ਪਹਿਲਾਂ ਲਿਖ ਕੇ ਰੱਖੂੰਗਾ, ਫਿਰ ਗੋਲੀ ਚਲਾਉਂਗਾ।"

ਪੰਧੇਰ ਨੂੰ ਨਾ ਮੰਨਦਾ ਦੇਖ ਕੇ ਜਨਰਲ ਬਰਾੜ ਨੇ ਨਾਲ ਹੀ ਬੈਠੇ ਆਪਣੇ ਸੀਨੀਅਰ ਲੈਫਟੀਨੈਂਟ ਜਨਰਲ ਕੇ ਸੁੰਦਰ ਜੀ ਨੂੰ ਕਿਹਾ ਕਿ ਤੁਸੀਂ ਪੰਧੇਰ ਦੀ ਥਾਂ 'ਤੇ ਹੋਰ ਡੀ.ਆਈ.ਜੀ. ਦਾ ਪ੍ਰਬੰਧ ਕਰੋ।

ਇਹ ਸੁਣਦਿਆਂ ਸਾਰ ਸ. ਪੰਧੇਰ ਮੀਟਿੰਗ 'ਚੋਂ ਬਾਹਰ ਆ ਗਏ ਤੇ ਉਨਾਂ ਨੇ ਆਪਣੇ ਬੀਐਸਐਫ ਦੇ ਡਾਇਰੈਕਟਰ ਜਨਰਲ ਬੀਰਬਲ ਨਾਥ ਨੂੰ ਸਾਰੀ ਗੱਲ ਵਾਇਰਲੈਸ 'ਤੇ ਦੱਸੀ ਅਤੇ ਕਿਹਾ ਕਿ ਹੁਣ ਮੈਂ ਇੱਕ ਦਿਨ ਵੀ ਇਸ ਅਹੁਦੇ 'ਤੇ ਨਹੀਂ ਰਹਿਣਾ ਚਾਹੁੰਦਾ। ਮੈਨੂੰ ਤੁਰੰਤ ਇੱਕ ਮਹੀਨੇ ਦੀ ਛੁੱਟੀ ਦਿੱਤੀ ਜਾਵੇ।

3 ਜੂਨ ਨੂੰ ਸ਼ਹੀਦੀ ਗੁਰਪੁਰਬ ਸੀ, ਕਰਫਿਊ ਖੁੱਲਾ ਸੀ, ਜਿਸ ਕਰਕੇ ਹਜ਼ਾਰਾਂ ਸੰਗਤਾਂ ਗੁਰਪੁਰਬ ਮਨਾਉਣ ਖ਼ਾਤਰ ਸ੍ਰੀ ਦਰਬਾਰ ਸਾਹਿਬ 'ਚ ਇਕੱਠੀਆਂ ਹੋਈਆਂ ਸਨ। ਜਨਰਲ ਬਰਾੜ ਉਸੇ ਦਿਨ ਦਰਬਾਰ ਸਾਹਿਬ ਨਾਲ ਲੱਗਦੀਆਂ ਉੱਚੀਆਂ ਇਮਾਰਤਾਂ ਤੋਂ ਦਰਬਾਰ ਸਾਹਿਬ ਵੱਲ ਬੀਐਸਐਫ ਤੋਂ ਉਵੇਂ ਫਾਇਰਿੰਗ ਕਰਾਉਣਾ ਚਾਹੁੰਦਾ ਸੀ, ਜਿਵੇਂ 1 ਜੂਨ ਨੂੰ ਸੀਆਰਪੀਐਫ ਅਤੇ ਬੀਐਸਐਫ ਨੇ ਕੀਤੀ ਸੀ।

ਹਾਲਾਂਕਿ 4 ਜੂਨ ਨੂੰ ਫੌਜ ਨੇ ਖ਼ੁਦ ਹੀ ਦਰਬਾਰ ਸਾਹਿਬ 'ਤੇ ਧਾਵਾ ਬੋਲ ਦੇਣਾ ਸੀ, ਪਰ ਬਰਾੜ ਪਤਾ ਨਹੀਂ ਕਿਉਂ ਬੀਐਸਐਫ ਹੱਥੋਂ ਅਜਿਹੀ ਫਾਇਰਿੰਗ 3 ਜੂਨ ਨੂੰ ਹੀ ਕਰਾਉਣੀ ਚਾਹੁੰਦਾ ਸੀ। ਜੇ ਫੌਜ ਦੇ ਚਿੱਤ ਵਿੱਚ ਅਜਿਹਾ ਕਰਨਾ ਸਿਰਫ਼ ਖਾੜਕੂਆਂ ਦੇ ਖ਼ਿਲਾਫ਼ ਹੀ ਕਿਸੇ ਵੱਡੇ ਹਮਲੇ ਦਾ



ਹਿੱਸਾ ਹੁੰਦਾ, ਤਾਂ ਕਰਫਿਊ ਲਗਾ ਕੇ ਗੁਰਪੁਰਬ ਮੌਕੇ ਆਮ ਲੋਕਾਂ ਨੂੰ ਦਰਬਾਰ ਸਾਹਿਬ ਵਿੱਚ ਇਕੱਠਾ ਹੋਣੋਂ ਇਹ ਸੋਚ ਕੇ ਰੋਕ ਸਕਦੀ ਸੀ।

ਬੀਐਸਐਫ ਵੱਲੋਂ ਹੋਣ ਵਾਲੀ ਫਾਇਰਿੰਗ ਨਾਲ ਆਮ ਲੋਕ ਮਾਰੇ ਜਾਣਗੇ। ਹਜ਼ਾਰਾਂ ਲੋਕਾਂ ਨੂੰ ਇਕੱਠੇ ਹੋਣ ਦੇਣਾ ਅਤੇ ਦਰਬਾਰ ਸਾਹਿਬ ਵੱਲ ਉੱਚੀਆਂ ਇਮਾਰਤਾਂ ਤੋਂ ਅੰਨ੍ਹੇ ਵਾਹ ਫਾਇਰਿੰਗ ਕਰਾਉਣ ਦੀ ਸੋਚਣਾ ਹੀ ਆਪਣੇ ਆਪ ਵਿੱਚ ਇਹ ਸਾਬਿਤ ਕਰਨ ਵਿੱਚ ਕਾਫ਼ੀ ਹੈ ਕਿ ਫੌਜ ਦੇ ਇਰਾਦੇ ਕੀ ਸਨ।

Day and Night ਚੈਨਲ ਵੱਲੋਂ ਤਿਆਰ ਕਰਾਈ ਗਈ ਇੱਕ ਡਾਕੂਮੈਂਟਰੀ ਵਿੱਚ ਉੱਪਰਲਾ ਸਭ ਕੁਝ ਦੱਸਣ ਤੋਂ ਇਲਾਵਾ ਡੀਆਈਜੀ ਸ. ਪੰਧੇਰ ਦੱਸਦੇ ਹਨ ਕਿ 1 ਜੂਨ ਨੂੰ ਮੈਂ ਬੀਐਸਐਫ ਹੈਡਕੁਆਟਰ ਜਲੰਧਰ ਵਿੱਚ ਇੱਕ ਮੀਟਿੰਗ ਵਿੱਚ ਸ਼ਾਮਿਲ ਸਾਂ। ਉੱਥੇ ਦੁਪਹਿਰ 1 ਵਜੇ ਮੈਨੂੰ ਪਤਾ ਲੱਗਿਆ ਕਿ ਬੀਐਸਐਫ ਨੇ ਉੱਚੀਆਂ ਇਮਾਰਤਾਂ ਤੋਂ ਦਰਬਾਰ ਸਾਹਿਬ ਵੱਲ ਫਾਇਰਿੰਗ ਸ਼ੁਰੂ ਕਰ ਦਿੱਤੀ ਹੈ, ਤਾਂ ਮੈਂ ਫੌਰਨ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ। ਮੈਂ ਸਿੱਧਾ ਕੋਤਵਾਲੀ ਪਹੁੰਚਿਆ, ਉੱਥੇ ਜਾ ਕੇ ਬੀਐਸਐਫ ਵੱਲੋਂ ਕੀਤੀ ਜਾਂਦੀ ਫਾਇਰਿੰਗ ਰੁਕਵਾਈ। ਨਾਲ ਦੀ ਨਾਲ ਮੈਂ ਸੀਆਰਪੀਐਫ ਦੇ ਡੀਆਈਜੀ ਨੂੰ ਵੀ ਸਲਾਹ ਦਿੱਤੀ ਕਿ ਉਹ ਵੀ ਆਪਣੀ ਫਾਇਰਿੰਗ ਬੰਦ ਕਰਾਵੇ।

ਪਰ ਸੀਆਰਪੀਐਫ ਨੇ ਫਾਇਰਿੰਗ ਜਾਰੀ ਰੱਖੀ, ਜਿਸ ਨਾਲ ਕਈ ਮੌਤਾਂ ਤੇ ਦਰਜ਼ਨਾਂ ਲੋਕ ਪਰਿਕਰਮਾ ਵਿੱਚ ਜਾਂਦੇ ਹੋਏ ਫੱਟੜ ਹੋਏ। ਇਹ ਫਾਇਰਿੰਗ ਰਾਤ 9 ਵਜੇ ਤੱਕ ਜਾਰੀ ਰਹੀ। ਖ਼ਿਆਲ ਕੀਤਾ ਜਾਂਦਾ ਹੈ ਕਿ ਇਹ ਫਾਇਰਿੰਗ ਇਸ ਮਕਸਦ ਨਾਲ ਕਰਵਾਈ ਗਈ ਸੀ ਕਿ ਖਾੜਕੂ ਇਸ ਫਾਇਰਿੰਗ ਦਾ ਜਵਾਬ ਦੇ ਕੇ ਇਹ ਦੱਸ ਦੇਣਗੇ ਕਿ ਉਨਾਂ ਦੇ ਮੋਰਚੇ ਕਿੱਥੇ-ਕਿੱਥੇ ਨੇ ਤੇ ਉਨਾਂ ਕੋਲ ਕਿਸ ਕਿਸਮ ਦੇ ਹਥਿਆਰ ਨੇ, ਪਰ ਖਾੜਕੂਆਂ ਨੇ ਇਸ ਫਾਇਰਿੰਗ ਦਾ ਕੋਈ ਜਵਾਬ ਨਾ ਦਿੱਤਾ, ਪਰ ਇਸ ਟੈਸਟਿੰਗ ਵਿੱਚ ਦਰਜ਼ਨਾ ਆਮ ਲੋਕ ਬਲੀ ਚੜੇ।

4 ਜੂਨ ਨੂੰ ਸਵੇਰੇ ਡੀਆਈਜੀ ਪੰਧੇਰ ਨੇ ਆਪਣੇ ਡਾਇਰੈਕਟਰ ਜਨਰਲ ਨੂੰ ਵਾਇਰਲੈਸ ਸਿੰਗਨਲ ਘੱਲ ਕੇ ਇਹ ਦੱਸਿਆ ਕਿ ਫੌਜ ਨੇ ਅੱਜ ਸਵੇਰੇ ਦਰਬਾਰ ਸਾਹਿਬ 'ਤੇ 2 ਇੰਚ ਦੀਆਂ ਮੋਰਟਾਰ ਤੋਪਾਂ ਨਾਲ 5 ਤੋਂ 7 ਵਜੇ ਤੱਕ ਗੋਲਾਬਾਰੀ ਕੀਤੀ ਹੈ, ਜਿਸ ਨਾਲ ਦਰਬਾਰ ਸਾਹਿਬ ਦੇ ਪ੍ਰਵੇਸ਼ ਦਵਾਰ ਦਾ ਇੱਕ ਹਿੱਸਾ ਨੁਕਸਾਨਿਆਂ ਗਿਆ ਹੈ। ਮੈਨੂੰ ਇਸ ਬਾਰੇ ਹਨੇਰੇ 'ਚ ਰੱਖਿਆ ਗਿਆ ਹੈ। ਬੀਐਸਐਫ ਅਤੇ ਪੀਏਪੀ ਦੇ ਜਵਾਨਾਂ 'ਚ ਇਸ ਬਾਰੇ ਰੋਸ ਹੈ। ਮੈਨੂੰ ਇਤਲਾਵਾਂ ਮਿਲੀਆ ਨੇ ਕਿ ਪਿੰਡਾਂ 'ਚੋਂ ਦਰਬਾਰ ਸਾਹਿਬ ਦੀ ਰਾਖੀ ਲਈ ਬਹੁਤ ਸਾਰੇ ਲੋਕ ਅੰਮ੍ਰਿਤਸਰ ਵੱਲ ਨੂੰ ਤੁਰ ਪਏ ਨੇ। ਅਜੇ ਵੀ ਸੰਭਲਣ ਦਾ ਵੇਲਾ ਹੈ। ਇਸ ਸੰਦੇਸ਼ ਦੀ ਨਕਲ ਉਨ੍ਹਾਂ ਨੇ ਆਪਣੇ ਆਈਜੀ ਸ੍ਰੀ ਤ੍ਰਿਪਾਠੀ ਨੂੰ ਵੀ ਘੱਲੀ।

4 ਜੂਨ ਦੁਪਹਿਰ ਵੇਲੇ ਮਿਸਟਰ ਤ੍ਰਿਪਾਠੀ ਨੇ ਸ. ਪੰਧੇਰ ਕੋਲ ਪਹੁੰਚ ਕੇ ਇਸ ਗੱਲ ਦਾ ਗੁੱਸਾ ਦਿਖਾਇਆ ਕਿ ਉਹਨੇ ਮੇਰੀ ਸ਼ਿਕਾਇਤ ਡਾਇਰੈਕਟਰ ਜਨਰਲ ਕੋਲ ਕਿਉਂ ਕੀਤੀ। ਪੰਧੇਰ ਨੇ ਦੱਸਿਆ ਕਿ ਇਹ ਤੁਹਾਡੀ ਸ਼ਿਕਾਇਤ ਨਹੀਂ ਸੀ, ਬਲਕਿ ਮੇਰਾ ਆਪਣਾ ਵਿਚਾਰ ਸੀ ਜੋ ਮੈਂ ਦੱਸਿਆ। ਆਈ.ਜ਼ੀ. ਤ੍ਰਿਪਾਠੀ ਨੇ ਪੰਧੇਰ ਨੂੰ ਕਿਹਾ ਕਿ ਫੌਜੀ ਆਪ੍ਰੇਸ਼ਨ ਦਾ ਫੈਸਲਾ ਸਰਕਾਰ ਦਾ ਹੈ, ਸਾਡਾ ਨਹੀਂ, ਪਰ ਲੁਧਿਆਣਾ ਜ਼ਿਲੇ 'ਚ ਪੈਂਦੇ ਪਿੰਡ ਰਾੜਾ ਸਾਹਿਬ ਦੇ ਜੰਮਪਲ ਸ. ਗੁਰਦਿਆਲ ਸਿੰਘ ਪੰਧੇਰ ਨੇ ਤ੍ਰਿਪਾਠੀ ਨੂੰ ਕਿਹਾ ਕਿ ਮੈਂ ਦਰਬਾਰ ਸਾਹਿਬ 'ਤੇ ਇਸ ਤਰ੍ਹਾਂ ਦੇ ਹਮਲੇ ਦਾ ਹਿੱਸਾ ਨਹੀਂ ਬਣਨਾ ਚਾਹੁੰਦਾ, ਭਾਵੇਂ ਮੈਨੂੰ ਹੁਣੇ ਬਰਖ਼ਾਸਤ ਕਰ ਦਿਉ। ਤ੍ਰਿਪਾਠੀ ਨੇ ਪੰਧੇਰ ਨੂੰ ਇੱਕ ਮਹੀਨੇ ਦੀ ਛੁੱਟੀ ਘੱਲਦਿਆਂ



ਗੁਰਪ੍ਰੀਤ ਸਿੰਘ ਮੰਡਿਆਣੀ

ਉਸ ਦੀ ਥਾਂ 'ਤੇ ਚਾਰਜ ਡੀਆਈਜੀ ਚਤੁਰਵੇਦੀ ਨੂੰ ਦੇ ਦਿੱਤਾ। ਉਸੇ ਵਕਤ ਬੀ.ਐਸ.ਐਫ਼ ਦੀ ਗੱਡੀ ਸ. ਪੰਧੇਰ ਨੂੰ ਉਹਦੇ ਟੱਬਰ ਸਣੇ ਪਾਇਲ ਤਹਿਸੀਲ ਚ ਪੈਂਦੇ ਉਹਦੇ ਪਿੰਡ ਰਾੜਾ ਸਾਹਿਬ ਛੱਡ ਆਈ।

ਆਈ.ਜ਼ੀ. ਤ੍ਰਿਪਾਠੀ ਨੇ ਪੰਧੇਰ ਨਾਲ ਮੀਟਿੰਗ ਤੋਂ ਬਾਅਦ ਆਪਣੇ ਡਾਇਰੈਕਟਰ ਜਨਰਲ ਨੂੰ ਸਿਗਨਲ ਭੇਜ ਕੇ ਪੰਧੇਰ ਵੱਲੋਂ ਸਾਰੇ ਉਠਾਏ ਗਏ ਨੁਕਤੇ ਰੱਦ ਕਰ ਦਿੱਤੇ। ਉਹਨੇ ਲਿਖਿਆ ਕਿ ਤੇ ਬੀਐਸਐਫ ਦੇ ਪੀਏਪੀ ਜਵਾਨਾਂ ਵਿੱਚ ਕੋਈ ਨਰਾਜ਼ਗੀ ਨਹੀਂ ਹੈ ਅਤੇ ਨਾ ਹੀ ਪਿੰਡਾਂ ਵਿੱਚੋਂ ਲੋਕ ਅੰਮ੍ਰਿਤਸਰ ਵੱਲ ਨੂੰ ਆ ਰਹੇ ਨੇ। ਤ੍ਰਿਪਾਠੀ ਨੇ ਇਹ ਵੀ ਲਿਖਿਆ ਕਿ ਪੰਧੇਰ ਸਰਕਾਰੀ ਡਿਊਟੀ ਦੀ ਬਜਾਏ ਆਪਣੇ ਧਰਮ ਪ੍ਰਤੀ ਵਫਾਦਾਰ ਹੈ। ਇਸ ਕਰਕੇ ਉਸ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ। ਉਸ ਨੂੰ ਸੰਵਿਧਾਨ ਦੀ ਦਫ਼ਾ 311 ਤਹਿਤ ਨੌਕਰੀਓਂ ਬਰਖ਼ਾਸਤ ਕਰਨ ਦਾ ਕੇਸ ਵੀ ਤਿਆਰ ਹੋ ਗਿਆ। ਇਸ ਦਫ਼ਾ ਤਹਿਤ ਬਰਖ਼ਾਸਤ ਕੀਤੇ ਜਾਣ ਵਾਲੇ ਕਿਸੇ ਮੁਲਾਜ਼ਮ ਨੂੰ ਇਹ ਨਹੀਂ ਦੱਸਿਆ ਜਾਂਦਾ ਕਿ ਤੈਨੂੰ ਕਿਹੜੇ ਕਸੂਰ ਹੇਠ ਬਰਖਾਸਤ ਕੀਤਾ ਗਿਆ ਹੈ, ਨਾ ਹੀ ਇਹਦੀ ਕਿਸੇ ਅਦਾਲਤ ਕੋਲ ਅਪੀਲ ਹੋ ਸਕਦੀ ਹੈ, ਪਰ ਸ. ਪੰਧੇਰ ਦੀ ਅਜਿਹੀ ਬਰਖ਼ਾਸਤਗੀ ਤਾਂ ਭਾਵੇਂ ਨਹੀਂ ਹੋਈ, ਪਰ ਸਾਲਾਂ ਬੱਧੀ ਹੋਈਆਂ ਇਨਕੁਆਰੀਆਂ ਰਾਹੀਂ ਮਾਨਸਿਕ ਧੂਹ ਘੜੀਸ ਜ਼ਰੂਰ ਹੁੰਦੀ ਰਹੀ।

ਜਿਸ ਮੀਟਿੰਗ ਦਾ ਉੱਪਰ ਜ਼ਿਕਰ ਕੀਤਾ ਗਿਆ ਹੈ, ਉਹ ਮੀਟਿੰਗ 3 ਜੂਨ ਨੂੰ ਸਵੇਰੇ ਅੰਮ੍ਰਿਤਸਰ ਦੀ ਫੌਜੀ ਛਾਉਣੀ ਵਿੱਚ ਹੋਈ ਸੀ। ਉਸ ਮੀਟਿੰਗ ਵਿੱਚ ਫੌਜ, ਪੁਲੀਸ, ਸਿਵਲ ਅਤੇ ਖ਼ੁਫ਼ੀਆ ਮਹਿਕਮੇ ਦੇ ਆਲਾ ਅਫ਼ਸਰਾਂ ਨੇ ਸ਼ਿਰਕਤ ਕੀਤੀ ਸੀ।

2 ਜੂਨ ਸ਼ਾਮ ਨੂੰ ਗਵਰਨਰ ਭੈਰੋਂ ਦੱਤ ਪਾਂਡੇ ਨੇ ਅੰਮ੍ਰਿਤਸਰ ਦੇ ਡੀ.ਸੀ. ਸ: ਗੁਰਦੇਵ ਸਿੰਘ ਬਰਾੜ ਨੂੰ ਆਖਿਆ ਕਿ ਉਹ ਇੱਕ ਚਿੱਠੀ ਲਿਖ ਕੇ ਸਿਵਲ ਪ੍ਰਸਾਸ਼ਨ ਦੀ ਸਹਾਇਤਾ ਲਈ ਫੌਜ ਸੱਦਣ ਦੀ ਮੰਗ ਕਰੇ। ਭਾਵੇਂ ਪੰਜਾਬ 'ਤੇ ਫੌਜ ਚਾੜਣ ਦਾ ਫੈਸਲਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਸੀ, ਇਸ ਸਬੰਧੀ ਫੌਜ ਪੰਜਾਬ ਵੱਲ ਨੂੰ ਤੁਰ ਪਈ ਸੀ ਅਤੇ ਇਸ ਕੁਮਕ ਦਾ ਪਹਿਲਾ ਹਿੱਸਾ 29 ਮਈ ਨੂੰ ਹੀ ਮੇਰਠ ਤੋਂ 465 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਅੰਮ੍ਰਿਤਸਰ ਪੁੱਜ ਵੀ ਗਿਆ ਸੀ, ਪਰ ਸਰਕਾਰ ਨੇ ਲੋਕਾਂ ਨੂੰ ਇਹ ਦੱਸਣਾ ਸੀ ਕਿ ਫੌਜ ਅੰਮ੍ਰਿਤਸਰ ਦੇ ਸੱਦੇ 'ਤੇ ਆਈ ਹੈ।

ਇਹ ਸੋਚ ਕੇ 2 ਜੂਨ ਨੂੰ ਡੀਸੀ ਨੂੰ ਹੁਕਮ ਕੀਤਾ ਗਿਆ ਕਿ ਡੀਸੀ ਦੀ ਕੀ ਮੰਜ਼ਾਲ ਕਿ ਉਹ ਸਰਕਾਰ ਵੱਲੋਂ ਲੋਕਾਂ 'ਤੇ ਅੱਖੀ ਘੱਟਾ ਪਾਉਣ ਵਾਲੀ ਕਾਰਵਾਈ 'ਤੇ ਦਸਖ਼ਤ ਨਾ ਕਰੇ, ਪਰ ਸ. ਬਰਾੜ ਵੱਲੋਂ ਕੋਰੀ ਨਾਂਹ ਕਰਨ 'ਤੇ ਡੀ.ਸੀ. ਨੂੰ ਡੀਆਈਜੀ ਪੰਧੇਰ ਵਾਂਗ ਬਦਲਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ ਸੀ। ਗਵਰਨਰ ਨੇ ਸ. ਬਰਾੜ ਨੂੰ ਕਿਹਾ ਕਿ ਮੈਂ ਸਵੇਰ ਥਾਈਂ ਨਵਾਂ ਡੀਸੀ ਘੱਲ ਰਿਹਾ ਹਾਂ। ਸੋ ਤੁਸੀਂ ਅੰਮ੍ਰਿਤਸਰ ਛਾਉਣੀ ਵਿੱਚ ਫੌਜ ਵੱਲੋਂ ਸੱਦੀ ਗਈ ਮੀਟਿੰਗ ਵਿੱਚ ਬਤੌਰ ਡੀਸੀ ਸ਼ਿਰਕਤ ਕਰੀਓ।

ਇਸ ਮੁਤਾਬਿਕ ਸ. ਗੁਰਦੇਵ ਸਿੰਘ ਬਰਾੜ ਮੀਟਿੰਗ ਵਿੱਚ ਪਹੁੰਚ ਗਏ।

ਮੀਟਿੰਗ ਵਿੱਚ ਕੰਧ 'ਤੇ ਦਰਬਾਰ ਸਾਹਿਬ ਕੰਪਲੈਕਸ ਦਾ ਵੱਡਾ ਨਕਸ਼ਾ ਟੰਗਿਆ ਹੋਇਆ ਸੀ। ਜਨਰਲ ਕੁਲਦੀਪ ਸਿੰਘ ਬਰਾੜ ਸੋਟੀ ਨਕਸ਼ੇ 'ਤੇ ਘੁੰਮਾ ਕੇ ਦੱਸ ਰਿਹਾ ਸੀ ਕਿ ਫੌਜ ਇਵੇਂ-ਇਵੇਂ ਕਾਰਵਾਈ ਕਰੇਗੀ। ਖਾੜਕੂਆਂ ਨੂੰ ਕਾਬੂ ਕਰਨ ਦੀ ਇਹ ਕਾਰਵਾਈ ਵੱਧ ਤੋਂ ਵੱਧ 2 ਘੰਟਿਆਂ ਵਿੱਚ ਨਿੱਬੜ ਜਾਵੇਗੀ। ਜਨਰਲ ਬਰਾੜ ਵੱਲੋਂ ਦੱਸਣ ਦਾ ਭਾਵ ਅਰਥ ਇਹ ਸੀ ਕਿ ਖਾੜਕੂ ਫੌਜ ਨੂੰ ਦੇਖ ਕੇ ਹੱਥ ਜੋੜ ਕੇ ਖੜ ਜਾਣਗੇ ਤੇ ਫੌਜ ਉਨ੍ਹਾਂ ਨੂੰ ਘੜੀਸ ਕੇ ਬਾਹਰ ਲੈ ਆਵੇਗੀ। ਆਪਣੇ ਵੱਲੋਂ ਮਾਰੀਆਂ ਗਈਆਂ ਬੜਕਾਂ ਤੋਂ ਬਾਅਦ ਉਨਾਂ ਨੇ ਸ਼ਾਂਤ ਚਿੱਤ ਬੈਠੇ ਡੀਸੀ ਬਰਾੜ ਨੂੰ ਸਵਾਲ ਕੀਤਾ, 'ਮਿਸਟਰ ਗੁਰਦੇਵ ਸਿੰਘ ਵੱਟ ਇਜ਼ ਯੁਅਰ ਓਪੀਨੀਅਨ ?' (ਕਿਉਂ ਗੁਰਦੇਵ ਸਿੰਘ ਤੁਹਾਡਾ ਕੀ ਖਿਆਲ ਹੈ) 'ਤਾਂ ਡੀਸੀ ਸਾਹਿਬ ਨੇ ਅੰਗਰੇਜ਼ੀ 'ਚ ਜਵਾਬ ਦਿੱਤਾ, 'ਹੀ ਵਿੱਲ ਨੌਟ ਗਿਵ ਅੱਪ' (ਉਹ ਭਿੰਡਰਾਂਵਾਲਾ ਗੋਡੇ ਨਹੀਂ ਟੇਕੇਗਾ)

ਇਹ ਗੱਲ ਸੁਣ ਕੇ ਜਨਰਲ ਕੁਲਦੀਪ ਸਿੰਘ ਬਰਾੜ ਫਿਰ ਛੱਤ ਨਾਲ ਵੱਜਣ ਵਾਂਗੂ ਬੁੜਕਿਆ ਤੇ ਗਰਜ ਕੇ ਬੋਲਿਆ, 'ਜਦੋਂ ਟੈਂਕ ਗੈੜ-ਗੈੜ ਕਰਦੇ ਨੇ, ਜਹਾਜ਼ ਸ਼ੂਕਦੇ ਹਨ ਅਤੇ ਜ਼ਮੀਨ ਅੱਗ ਛੱਡਣ ਲੱਗਦੀ ਹੈ, ਤਾਂ ਕਹਿੰਦੇ ਕਹਾਉਂਦੇ ਜਰਨੈਲਾਂ ਦੀਆਂ ਵੀ ਪਤਲੂਣਾਂ ਅੰਦਰ ਲੱਤਾਂ ਕੰਬਲ ਲੱਗ ਪੈਂਦੀਆਂ ਹਨ। ਦੇਖ ਲੈਣਾ, ਇਹ ਸ਼ਖ਼ਸ (ਭਾਵ ਸੰਤ ਜਰਨੈਲ ਸਿੰਘ) ਵੀ ਸਿਰਫ਼ 2 ਘੰਟਿਆ ਅੰਦਰ ਹੀ ਗੋਡਿਆਂ ਪਰਨੇ ਹੋ ਜਾਵੇਗਾ।'

ਡੀਸੀ ਗੁਰਦੇਵ ਸਿੰਘ ਬਰਾੜ ਨੇ ਬੜੀ ਹਲੀਮੀ ਨਾਲ ਜਨਰਲ ਕੁਲਦੀਪ ਸਿੰਘ ਬਰਾੜ ਨੂੰ ਕਿਹਾ, 'ਜਨਰਲ ਸਾਹਿਬ ਦਿਸ ਇਜ਼ ਯੂਅਰ ਓਪੀਨੀਅਨ ਦੈਟ ਯੂ ਮੇ ਹੈਵ, ਯੂ ਹੈਵ ਆਸਕਡ ਮਾਈ ਓਪੀਨੀਅਨ ਵਿੱਚ ਆਈ ਹੈਵ ਗਿਵਨ।'' (ਜਨਰਲ ਸਾਹਿਬ ਇਹ ਤੁਹਾਡਾ ਖ਼ਿਆਲ ਹੈ ਤੁਸੀਂ ਅਜਿਹਾ ਖਿਆਲ ਜੀ ਸਦਕੇ ਰੱਖੋ, ਪਰ ਤੁਸੀਂ ਮੇਰਾ ਖ਼ਿਆਲ ਪੁੱਛਿਆ ਸੀ, ਜੋ ਮੈਂ ਦੱਸ ਦਿੱਤਾ ਹੈ)।

ਇਹੀ ਸਵਾਲ ਮੀਟਿੰਗ ਵਿੱਚ ਕੁਲਦੀਪ ਸਿੰਘ ਬਰਾੜ ਨੇ ਖਾੜਕੂਆਂ ਨੂੰ ਬਾਹਰ ਘੜੀਸ ਲਿਆਉਣ ਦੀ ਕਾਰਵਾਈ ਨੂੰ ਨਿੱਕਾ ਜਿਹਾ ਕੰਮ ਦੱਸਦਿਆਂ ਅੰਗਰੇਜ਼ੀ 'ਚ ਕਿਹਾ, 'ਦਿਸ ਇਜ਼ ਏ ਮਾਈਨਰ ਸਰਜੀਕਲ ਆਪ੍ਰੇਸ਼ਨ' ਜੇ ਇਹਨੂੰ ਮੁਹਾਵਰੇ 'ਚ ਕਹਿਣਾ ਹੋਵੇ, ਤਾਂ ਜਨਰਲ ਬਰਾੜ ਨੇ ਇਸ ਨੂੰ ਪੈਰ 'ਚੋਂ ਕੰਡਾ ਕੱਢਣ ਜਿੰਨਾ ਕੰਮ ਦੱਸਿਆ।

ਉੱਥੇ ਹਾਜ਼ਰ ਡੀਆਈਜੀ ਪੰਧੇਰ ਨੇ ਬਰਾੜ ਨੂੰ ਕਿਹਾ ਕਿ, 'ਨੋ ਸਰ ! ਨੌਟ ਮਾਈਨਰ ਬੱਟ ਇਟ ਵਿੱਲ ਬੀ ਮੇਜਰ ਆਪ੍ਰੇਸ਼ਨ ਭਿੰਡਰਾਵਾਲੇ ਹੈਜ਼ 100 ਕੁਮਿਟਡ ਫੌਲੋਅਰਜ਼ ਦੇ ਵਿੱਲ ਪਰੈਫਰ ਟੂ ਡਾਈ ਦੈਨ ਸੁਰੈਂਡਰ' (ਨਹੀਂ ਸ੍ਰੀਮਾਨ ਜੀ ਇਹ ਛੋਟਾ ਕੰਮ ਨਹੀਂ ਹੈ ਬਲਕਿ ਬਹੁਤ ਵੱਡਾ ਕੰਮ ਹੈ। ਭਿੰਡਰਾਂਵਾਲੇ ਕੋਲ 100 ਕੱਟੜ ਸਮਰਥਕ ਨੇ ਜੋ ਆਤਮ ਸਮਰਪਣ ਨਾਲੋਂ ਜਾਨ ਕੁਰਬਾਨ ਕਰਨ ਨੂੰ ਤਰਜੀਹ ਦੇਣਗੇ।)

ਸ. ਪੰਧੇਰ ਨੇ ਇਹ ਵੀ ਦੱਸਿਆ ਕਿ ਜੇ ਸੰਤ ਭਿੰਡਰਾਂਵਾਲੇ ਨੇ ਆਤਮ ਸਮਰਪਣ ਕਰ ਵੀ ਦਿੱਤਾ, ਤਾਂ ਉਹਦੀ ਥਾਂ ਹੋਰ ਲੋਕ ਲੜਣਗੇ। ਚੰਗਾ ਇਹ ਹੋਵੇਗਾ ਕਿ ਕਿਸੇ ਨਾ ਕਿਸੇ ਤਰੀਕੇ ਪਹਿਲਾਂ ਨਿਰਦੋਸ਼ ਬੰਦਿਆਂ ਨੂੰ ਬਾਹਰ ਕੱਢ ਲਓ ਤੇ ਫਿਰ ਹਮਲਾ ਕਰੀਓ। ਇਹ ਸੁਣ ਕੇ ਜਨਰਲ ਬਰਾੜ ਨੇ ਪੰਧੇਰ ਦੀ ਦਲੀਲ ਨੂੰ ਰੱਦ ਕਰਦਿਆਂ ਗਰਜ ਕੇ ਇੱਕ ਹੋਰ ਬੜਕ ਮਾਰੀ ਕਹਿੰਦਾ, 'ਨੌਟ! ਆਈ ਐਮ ਆਲਸੋ ਏ ਜੱਟ ਸਿੱਖ' (ਮੈਂ ਵੀ ਇੱਕ ਜੱਟ ਸਿੱਖ ਹਾਂ)। ਜਨਰਲ ਬਰਾੜ ਵੱਲੋਂ ਮਾਰੀਆਂ ਜਾ ਰਹੀਆਂ ਬੜਕਾ ਦਾ ਬੜੀ ਦਲੇਰੀ ਨਾਲ ਜਵਾਬ ਦਿੰਦਿਆਂ ਸ. ਪੰਧੇਰ ਨੇ ਕਿਹਾ ਕਿ ਜੱਟ ਸਿੱਖ ਦੀਆਂ ਦੋ ਨਿਸ਼ਾਨੀਆਂ ਹੁੰਦੀ ਨੇ, ਪਹਿਲੀ ਇਹ ਕਿ ਉਹਦੇ ਦਾੜੀ ਕੇਸ ਹੁੰਦੇ ਨੇ, ਦੂਜੀ ਇਹ ਕਿ ਉਹ ਪਿੰਡ ਵਿੱਚ ਜੰਮਿਆ ਪਲਿਆ ਹੁੰਦਾ ਹੈ। ਤੂੰ ਕਾਹਦਾ ਸਿੱਖ ਜੱਟ, ਨਾ ਤੂੰ ਪਿੰਡ 'ਚ ਰਿਹੈਂ ਦੂਜਾ ਤੂੰ ਹੈਂ ਸਫ਼ਾ ਚੱਟ।

ਪੰਧੇਰ ਨੇ ਆਪਣੇ ਤਜ਼ਰਬੇ ਦਾ ਹਵਾਲਾ ਦਿੰਦਿਆਂ ਆਖਿਆ ਕਿ ਮੈਂ ਭਾਰਤ ਦੇ ਉੱਤਰ ਪੱਛਮੀ ਸੂਬਿਆਂ ਵਿੱਚ ਨੌਕਰੀ ਕੀਤੀ ਹੈ, ਜਿੱਥੇ ਮੇਰੇ ਕੋਲ ਖਾੜਕੂਆਂ ਨਾਲ ਨਜਿੱਠਣ ਦਾ ਕਾਫ਼ੀ ਤਜ਼ਰਬਾ ਹੈ। ਖਾੜਕੂਆਂ ਨੂੰ ਤੁਸੀਂ ਤਾਕਤ ਦੇ ਜ਼ੋਰ ਨਾਲ ਕਦੇ ਵੀ ਝੁਕਾ ਨਹੀਂ ਸਕਦੇ, ਉਹਨਾਂ ਨਾਲ ਵਧੀਆ ਵਰਤਾਅ ਨਾਲ ਹੀ ਕੰਮ ਬਣਦਾ ਹੈ। ਮੀਟਿੰਗ ਵਿੱਚ ਹਾਜ਼ਰ ਕੇਂਦਰੀ #ਇੰਟੈਲੀਜੈਂਸ ਬਿਊਰੋ ਦੇ ਅੰਮ੍ਰਿਤਸਰ ਵਾਲੇ ਜੁਆਇੰਟ ਡਾਇਰੈਕਟਰ ਐਮਪੀਸੀ ਔਲਖ ਨੇ ਵੀ ਬਰਾੜ ਨੂੰ ਕਿਹਾ ਕਿ ਇਹ ਕੰਮ ਐਡਾ ਸਖ਼ਾਲਾ ਨਹੀਂ, ਜਿੱਡਾ ਤੁਸੀਂ ਸਮਝਦੇ ਹੋ।

ਪੰਜਾਬ ਸੀਆਈਡੀ ਦੇ ਐਸਪੀ ਸੁਰਜੀਤ ਸਿੰਘ ਨੇ ਵੀ ਬਰਾੜ ਨੂੰ ਕਿਹਾ ਕਿ ਇਸ ਕੰਮ ਨੂੰ ਨਿੱਕਾ ਜਿਹਾ ਕੰਮ ਸਮਝਣਾ ਭੁੱਲ ਹੈ।

ਬਾਅਦ ਵਿੱਚ ਜਦੋਂ ਜਨਰਲ ਬਰਾੜ ਦੇ ਸਾਰੇ ਅੰਦਾਜ਼ੇ ਸਿਰ ਪਰਨੇ ਹੋਏ, ਤਾਂ ਉਹਨੇ ਇਸ ਦੀ ਜ਼ਿੰਮੇਵਾਰੀ ਖ਼ੁਫ਼ੀਆ ਏਜੰਸੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਦੀ ਕਮੀ 'ਤੇ ਸੁੱਟੀ। ਹਾਲਾਂਕਿ ਬਰਾੜ ਵੱਲੋਂ ਮਾਰੀਆਂ ਗਈਆਂ ਬੜਕਾਂ ਨੂੰ ਜਦੋਂ ਕਿਸੇ ਨੇ ਭੋਰਾ ਵੀ ਟੋਕਣ ਦੀ ਕੋਸ਼ਿਸ਼ ਕੀਤੀ, ਤਾਂ ਬਰਾੜ ਉਹਨੂੰ ਵੱਢ ਖਾਣਿਆਂ ਵਾਂਗੂ ਪਿਆ। ਇੱਥੇ ਸਪੱਸ਼ਟ ਹੋ ਜਾਂਦਾ ਹੈ ਕਿ ਜਨਰਲ ਬਰਾੜ ਕੋਲ ਕਿਸੇ ਜਾਣਕਾਰੀ ਦੀ ਘਾਟ ਨਹੀਂ ਸੀ, ਬਲਕਿ ਉੱਘੇ ਸਿੱਖ ਫਲਾਸਫਰ ਸ. ਅਜਮੇਰ ਸਿੰਘ ਦਾ ਕਥਨ ਇੱਕੋ ਪੂਰਾ ਢੁੱਕਦਾ ਹੈ

ਕਿ, "#ਬਰਾੜ-ਵਿੱਚ-ਸਿਰਾਂ-ਅਤੇ-ਸੀਸਾਂ-ਦਾ-ਫ਼ਰਕ-ਸਮਝਣ-ਵਾਲੀ-ਸੋਝੀ-ਦੀ-ਘਾਟ-ਸੀ।"





# ਨੀਲਾ ਤਾਰਾ ਸਾਕੇ ਤੋਂ ਬਾਅਦ-ਇਤਿਹਾਸ ਤੋਂ ਸੇਧ ਲੈ ਕੇ ਅੱਗੇ ਕਿਵੇਂ ਤੁਰਿਆ ਜਾਵੇ ?

ਤਲਵਿੰਦਰ ਸਿੰਘ ਬੁੱਟਰ

ਜੂਨ 1984 ਦਾ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਸਿੱਖ ਤਵਾਰੀਖ਼ ਵਿਚ 'ਤੀਜੇ ਘੱਲੂਘਾਰੇ' ਵਜੋਂ ਪ੍ਰਵਾਨ ਹੋਇਆ ਹੈ। ਇਸ ਖ਼ੂਨੀ ਸਾਕੇ ਉਪਰੰਤ ਸਿੱਖ ਪੰਥ ਨੇ ਸੰਘਰਸ਼ ਦਾ ਬਿਖਮ ਦੌਰ ਆਪਣੇ ਪਿੰਡੇ 'ਤੇ ਹੰਢਾਇਆ ਸੀ। ਸ੍ਰੀ ਦਰਬਾਰ ਸਾਹਿਬ 'ਤੇ ਹੋਏ 1984 ਦੇ ਹਮਲੇ ਦੇ 41 ਸਾਲ ਬਾਅਦ ਵੀ, ਇਸ ਦੀ ਪੀੜਾ ਸਿੱਖ ਮਾਨਸਿਕਤਾ ਵਿਚ ਤਾਜ਼ਾ ਜ਼ਖ਼ਮ ਵਾਂਗ ਮਹਿਸੂਸ ਕੀਤੀ ਜਾਂਦੀ ਹੈ।

ਇਸ ਘੱਲੂਘਾਰੇ ਨੂੰ ਬਿਹਤਰ ਤਰੀਕੇ ਨਾਲ ਸਮਝਣ ਲਈ ਅਤੇ ਭਵਿੱਖ ਵੱਲ ਤੁਰਨ ਲਈ ਇਸ ਦੇ ਪਿਛੋਕੜ ਵਿਚ ਜਾਣਾ ਜ਼ਰੂਰੀ ਹੈ। 1947 'ਚ ਅੰਗਰੇਜ਼ਾਂ ਕੋਲੋਂ ਭਾਰਤ ਨੂੰ ਆਜ਼ਾਦ ਕਰਵਾਉਣ 'ਚ ਸਿੱਖਾਂ ਦੀਆਂ 80 ਫੀਸਦੀ ਤੋਂ ਵੱਧ ਕੁਰਬਾਨੀਆਂ ਵਾਲੀ ਭੂਮਿਕਾ ਏਨੀ ਮਹੱਤਵਪੂਰਨ ਰਹੀ ਹੈ ਕਿ ਕਾਂਗਰਸੀ ਨੇਤਾਵਾਂ ਵਲੋਂ ਸਿੱਖਾਂ ਦੀ ਵਾਰ-ਵਾਰ ਪ੍ਰਸੰਸਾ ਕਰਦਿਆਂ ਭਰੋਸਾ ਦਿੱਤਾ ਜਾਂਦਾ ਰਿਹਾ ਸੀ ਕਿ ਘੱਟ-ਗਿਣਤੀ ਹੋਣ ਦੇ ਬਾਵਜੂਦ ਸਿੱਖਾਂ ਦੇ ਹੱਕਾਂ ਦਾ ਆਜ਼ਾਦ ਦੇਸ਼ ਅੰਦਰ ਵਿਸ਼ੇਸ਼ ਖਿਆਲ ਰੱਖਿਆ ਜਾਵੇਗਾ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਿੱਖਾਂ ਨਾਲ ਭਾਰਤ 'ਚ ਵਿਤਕਰੇ ਦੀ ਭਾਵਨਾ ਮਹਿਸੂਸ ਕਰਦਿਆਂ ਸਿੱਖਾਂ ਦੀ ਰਾਜਨੀਤਕ ਨੁਮਾਇੰਦਾ ਜਮਾਤ ਦੀ ਹੈਸੀਅਤ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਵਿਚ 20 ਫ਼ਰਵਰੀ 1949 ਨੂੰ ਵਿਰੋਧ ਰੈਲੀ ਕਰਨ ਦਾ ਫ਼ੈਸਲਾ ਕੀਤਾ ਪਰ ਸਰਕਾਰ ਵਲੋਂ ਇਸ ਰੈਲੀ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ 19 ਫ਼ਰਵਰੀ 1949 ਨੂੰ ਦਿੱਲੀ ਆਉਂਦਿਆਂ ਨਰੇਲਾ ਸਟੇਸ਼ਨ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਅਲਮੋੜਾ ਜੇਲ੍ਹ ਭੇਜ ਦਿੱਤਾ ਗਿਆ ਸੀ। ਇਸ ਤਰ੍ਹਾਂ ਮਾਸਟਰ ਤਾਰਾ ਸਿੰਘ ਆਜ਼ਾਦ ਭਾਰਤ ਦੇ ਪਹਿਲੇ ਸਿਆਸੀ ਕੈਦੀ ਬਣੇ।

ਜਦੋਂ ਭਾਰਤ ਦੇ ਸਾਰੇ ਸੂਬਿਆਂ ਦਾ ਪੁਨਰਗਠਨ ਭਾਸ਼ਾਈ ਆਧਾਰ 'ਤੇ ਹੋਣ ਲੱਗਾ ਤਾਂ ਉਸ ਵੇਲੇ ਵੀ ਪੰਜਾਬ ਨੂੰ ਵਿਚਾਰਿਆ ਨਾ ਗਿਆ। ਅਕਾਲੀ ਦਲ ਵਲੋਂ ਪੰਜਾਬੀ ਸੂਬਾ ਬਣਾਉਣ ਲਈ ਪਹਿਲਾਂ ਸੰਨ 1955 ਤੇ ਫਿਰ 1960 ਵਿਚ ਲਗਾਏ ਮੋਰਚਿਆਂ ਵਿਚ ਹਜ਼ਾਰਾਂ ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ ਤੇ ਅਨੇਕਾਂ ਸ਼ਹੀਦ ਹੋ ਗਏ। ਪੰਜਾਬੀ ਸੂਬੇ ਦੇ ਮੋਰਚੇ ਨੂੰ ਦਬਾਉਣ ਲਈ 1955 ਵਿਚ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਪੁਲਿਸ ਵਲੋਂ ਹਮਲਾ ਕੀਤਾ ਗਿਆ। 'ਪੰਜਾਬੀ ਸੂਬਾ ਮੋਰਚਾ' ਤੋਂ ਬਾਅਦ ਅਖ਼ੀਰ ਜਦੋਂ ਕੇਂਦਰ ਸਰਕਾਰ ਨੇ 1 ਨਵੰਬਰ 1966 ਨੂੰ ਭਾਸ਼ਾਈ ਆਧਾਰ 'ਤੇ ਪੰਜਾਬੀ ਸੂਬਾ ਬਣਾਇਆ ਤਾਂ ਫਿਰ ਵੀ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਕੱਢ ਕੇ ਅਤੇ ਚੰਡੀਗੜ੍ਹ ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਬਣਾ ਕੇ ਵੱਡਾ ਵਿਤਕਰਾ ਕੀਤਾ ਗਿਆ।

ਪੰਜਾਬ ਨੂੰ ਇਕ ਖ਼ੁਸ਼ਹਾਲ ਸੂਬਾ ਕਹਿ ਕੇ ਕੇਂਦਰੀ ਸਰਕਾਰਾਂ ਵਲੋਂ ਕੇਂਦਰੀ ਸਹਾਇਤਾ ਪੱਖੋਂ ਵੀ ਨਜ਼ਰਅੰਦਾਜ਼ ਕਰਨ ਦੀ ਰਣਨੀਤੀ ਅਪਣਾਈ ਗਈ। ਨਿਰਸੰਦੇਹ 1965-66 'ਚ ਹਰੇ ਇਨਕਲਾਬ ਦੀ ਆਮਦ ਨੇ ਪੰਜਾਬ ਦੀ ਆਰਥਿਕਤਾ ਨੂੰ ਕੁਝ ਹੁਲਾਰਾ ਜ਼ਰੂਰ ਦਿੱਤਾ ਪਰ ਕੁਝ ਸਮਾਂ ਬਾਅਦ ਹੀ ਇਹ ਇਨਕਲਾਬ ਦਮ ਤੋੜਨ ਲੱਗ ਪਿਆ ਸੀ ਕਿਉਂਕਿ ਖੇਤੀਬਾੜੀ ਪ੍ਰਧਾਨ ਇਸ ਸੂਬੇ ਵਿਚ ਨਵੇਂ ਬੀਜਾਂ ਅਤੇ ਨਵੀਂ ਖੇਤੀ ਤਕਨੀਕ ਨਾਲ ਵਧੇ ਖੇਤੀ ਉਤਪਾਦਨ ਦੀ ਪ੍ਰਾਸੈਸਿੰਗ ਲਈ ਰਾਜ ਵਿਚ ਖੇਤੀ ਆਧਾਰਤ ਉਦਯੋਗ ਸਥਾਪਤ ਕਰਕੇ ਪੰਜਾਬ ਦੇ ਖੇਤੀ ਖੇਤਰ ਨੂੰ ਸਥਿਰ ਤੇ ਹੰਢਣਸਾਰ ਨਹੀਂ ਬਣਾਇਆ ਗਿਆ। ਕੇਂਦਰ ਸਰਕਾਰ ਇਸ ਨੂੰ ਸਿਰਫ ਕੱਚੇ ਮਾਲ ਦੀ ਮੰਡੀ ਬਣਾ ਕੇ ਹੀ ਰੱਖਣਾ ਚਾਹੁੰਦੀ ਸੀ। ਕਿਸਾਨੀ ਤਬਕੇ ਵਿਚ ਪੀੜ੍ਹੀ-ਦਰ-ਪੀੜ੍ਹੀ ਜ਼ਮੀਨੀ ਜੋਤਾਂ ਵੀ ਵੰਡੀਆਂ ਜਾਣ ਲੱਗੀਆਂ, ਕਿਸਾਨੀ ਦੀ ਆਰਥਿਕਤਾ ਡਾਵਾਂਡੋਲ ਹੋਣ ਲੱਗੀ ਪਰ ਕੇਂਦਰ ਨੇ ਪੰਜਾਬ ਦੀ ਖੇਤੀਬਾੜੀ ਨੂੰ ਬਚਾਉਣ ਲਈ ਕੋਈ ਨਵਾਂ ਖੇਤੀ ਮਾਡਲ ਜਾਂ ਆਰਥਿਕ ਪੈਕੇਜ ਦੇਣ ਦੀ ਲੋੜ ਮਹਿਸੂਸ ਨਹੀਂ ਕੀਤੀ, ਜਿਸ ਕਾਰਨ 80ਵਿਆਂ ਤੱਕ ਖੇਤੀਬਾੜੀ ਖੇਤਰ 'ਚ ਇਕ ਵੱਡਾ ਸੰਕਟ ਸ਼ੁਰੂ ਹੋ ਗਿਆ ਸੀ । ਅਕਾਲੀ ਦਲ ਨੇ ਕਈ ਵਾਰ ਕੇਂਦਰ ਕੋਲ ਪੰਜਾਬ ਵਿਚ ਖੇਤੀ ਆਧਾਰਤ ਸਨਅਤਾਂ ਲਗਾਉਣ ਲਈ ਵਿਸ਼ੇਸ਼ ਯੋਜਨਾ ਉਲੀਕਣ ਦੀ ਮੰਗ ਰੱਖੀ, ਪਰ ਕੇਂਦਰ ਨੇ ਹਮੇਸ਼ਾ ਨਜ਼ਰਅੰਦਾਜ਼ ਕਰੀ ਰੱਖਿਆ।

ਪੰਜਾਬ ਦੇ ਦਰਿਆਵਾਂ ਦਾ ਪਾਣੀ ਕੌਮਾਂਤਰੀ ਰਿਪੇਰੀਅਨ ਕਾਨੂੰਨ ਨੂੰ ਪਾਸੇ ਰੱਖ ਕੇ ਦੂਜੇ ਸੂਬਿਆਂ ਨੂੰ ਦੇ ਦਿੱਤਾ ਗਿਆ। ਪੰਜਾਬ ਦੇ ਡੈਮ ਵੀ ਪੰਜਾਬ ਤੋਂ ਖੋਹ ਲਏ। ਫ਼ੌਜ ਤੇ ਕੇਂਦਰੀ ਸੇਵਾਵਾਂ 'ਚ ਵੀ ਪੰਜਾਬੀਆਂ ਲਈ ਨੌਕਰੀਆਂ ਘਟਾ ਦਿੱਤੀਆਂ। ਨੌਜਵਾਨਾਂ ਵਿਚ ਬੇਰੁਜ਼ਗਾਰੀ ਵਧਦੀ ਗਈ। ਪੰਜਾਬ ਵਿਚ ਕੇਂਦਰ ਦੇ ਮਤਰੇਏ ਸਲੂਕ ਕਾਰਨ ਬੇਚੈਨੀ ਲਗਾਤਾਰ ਵਧਦੀ ਗਈ। ਇਨ੍ਹਾਂ ਸਥਿਤੀਆਂ ਵਿਚ 1982 ਵਿਚ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਕਪੂਰੀ (ਪਟਿਆਲਾ) ਵਿਖੇ ਸਤਲੁਜ-ਯਮਨਾ ਲਿੰਕ ਨਹਿਰ ਦਾ ਰੱਖਿਆ ਗਿਆ ਨੀਂਹ ਪੱਥਰ ਪੰਜਾਬ ਨੂੰ ਅੰਦੋਲਨ ਦੇ ਰਾਹ ਪਾ ਗਿਆ। ਸ਼੍ਰੋਮਣੀ ਅਕਾਲੀ ਦਲ ਨੇ ਪਹਿਲਾਂ ਨਹਿਰ ਦੀ ਉਸਾਰੀ ਰੋਕਣ ਲਈ ਕਪੂਰੀ ਮੋਰਚਾ ਲਾਇਆ ਤੇ ਫਿਰ ਇਸ ਮੋਰਚੇ ਨੂੰ 'ਧਰਮ ਯੁੱਧ' ਦਾ ਨਾਂਅ ਦੇ ਕੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਤਬਦੀਲ ਕਰ ਦਿੱਤਾ ਗਿਆ। ਇਸ ਮੋਰਚੇ ਦੀ ਕੋਈ ਵੀ ਮੰਗ ਅਜਿਹੀ ਨਹੀਂ ਸੀ, ਜੋ ਦੇਸ਼ ਦੇ ਸੰਵਿਧਾਨ ਤੋਂ ਬਾਹਰ ਹੋਵੇ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖ਼ਤਰਾ ਹੋਵੇ। ਇਹ ਮੰਗਾਂ ਸਨ; ਚੰਡੀਗੜ੍ਹ ਪੰਜਾਬ ਨੂੰ ਦਿਵਾਉਣਾ, ਅਨੰਦਪੁਰ ਸਾਹਿਬ ਦਾ ਮਤਾ (ਜਿਸ 'ਚ ਦੇਸ਼ ਅੰਦਰ ਸੰਘੀ ਢਾਂਚੇ ਦਾ ਨਿਰਮਾਣ ਕਰਕੇ ਸੂਬਿਆਂ ਨੂੰ ਵਧੇਰੇ ਅਧਿਕਾਰ ਦੇਣ ਦੀ ਮੰਗ ਸ਼ਾਮਿਲ ਸੀ), ਪੰਜਾਬ ਦੇ ਪਾਣੀਆਂ ਦੀ ਵੰਡ ਦੇ ਮਾਮਲੇ ਨੂੰ ਸੁਪਰੀਮ ਕੋਰਟ ਦੇ ਹਵਾਲੇ ਕਰਵਾਉਣਾ, ਭਾਸ਼ਾਈ ਝਗੜੇ ਵਾਲੇ ਇਲਾਕਿਆਂ ਸਬੰਧੀ ਭਾਸ਼ਾਈ ਕਮਿਸ਼ਨ ਬਣਵਾਉਣਾ, ਪੰਜਾਬੀ ਨੂੰ ਗੁਆਂਢੀ ਰਾਜਾਂ ਵਿਚ ਦੂਜੀ ਭਾਸ਼ਾ ਵਜੋਂ ਮਾਨਤਾ ਦਿਵਾਉਣੀ ਅਤੇ ਕੁਲ ਹਿੰਦ ਗੁਰਦੁਆਰਾ ਐਕਟ ਬਣਵਾਉਣਾ ਆਦਿ ਸ਼ਾਮਿਲ ਸਨ। ਪਰ ਕੇਂਦਰ ਸਰਕਾਰ ਵਲੋਂ ਸੁਹਿਰਦਤਾ ਨਾਲ ਸਿੱਟਾਮੁਖੀ ਨੀਤੀਆਂ 'ਤੇ ਚੱਲ ਕੇ ਪੰਜਾਬ ਦੇ ਮਸਲਿਆਂ ਦਾ ਹੱਲ ਕਰਨ ਦੀ ਥਾਂ ਅਣਗਹਿਲੀ, ਅੜੀਅਲ ਅਤੇ ਵਿਤਕਰੇ ਭਰਪੂਰ ਰਵੱਈਏ ਕਾਰਨ 'ਧਰਮ ਯੁੱਧ ਮੋਰਚੇ' ਨੇ ਹਿੰਸਕ ਰੂਪ ਅਖ਼ਤਿਆਰ ਕਰ ਲਿਆ।

ਅਖ਼ੀਰ ਕੇਂਦਰ ਸਰਕਾਰ ਨੇ ਪੰਜਾਬ ਸਮੱਸਿਆ ਨੂੰ ਸਿਆਸੀ ਅਤੇ ਆਰਥਿਕ ਪਹਿਲੂਆਂ ਤੋਂ ਵਿਚਾਰਨ ਤੋਂ ਬਗ਼ੈਰ ਹੀ ਸਿਰਫ਼ ਅਮਨ-ਕਾਨੂੰਨ ਦੀ ਸਮੱਸਿਆ ਸਮਝਦਿਆਂ 1 ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਮੂਹ ਸਮੇਤ ਪੰਜਾਬ ਦੇ ਤਿੰਨ ਦਰਜਨ ਗੁਰਦੁਆਰਿਆਂ 'ਤੇ ਫ਼ੌਜ ਭੇਜ ਕੇ ਹਮਲਾ ਕਰ ਦਿੱਤਾ। ਧਾਰਮਿਕ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਸੈਂਕੜੇ ਸਿੰਘ ਫ਼ੌਜ ਦਾ ਟਾਕਰਾ ਕਰਦਿਆਂ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਖ਼ਾਤਰ ਸ਼ਹੀਦ ਹੋ ਗਏ। ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਪੁੱਜੇ ਸਨ, ਭਾਰਤੀ ਫ਼ੌਜ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤੇ। 'ਸਿੱਖ ਰੈਫ਼ਰੈਂਸ ਲਾਇਬਰੇਰੀ' ਦੀਆਂ ਹਜ਼ਾਰਾਂ ਦੁਰਲੱਭ ਲਿਖਤਾਂ, ਖਰੜੇ, ਕਿਤਾਬਾਂ ਅਤੇ ਪਾਵਨ ਗ੍ਰੰਥ ਜਾਂ ਤਾਂ ਹਮਲੇ ਦੌਰਾਨ ਅੱਗ ਲੱਗਣ ਕਾਰਨ ਨਸ਼ਟ ਹੋ ਗਏ ਜਾਂ ਫ਼ੌਜ ਵਲੋਂ ਜ਼ਬਤ ਕਰ ਲਏ ਗਏ। ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ 31 ਅਕਤੂਬਰ 1984 ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ 18 ਸੂਬਿਆਂ 'ਚ 7 ਹਜ਼ਾਰ ਤੋਂ ਵੱਧ ਨਿਹੱਥੇ, ਬੇਕਸੂਰ ਸਿੱਖਾਂ ਦੀ ਹੱਤਿਆ, ਸਿੱਖ ਔਰਤਾਂ ਦੀ ਬੇਪਤੀ, ਕਰੋੜਾਂ ਦੀਆਂ ਜਾਇਦਾਦਾਂ ਦੀ ਸਾੜ ਫ਼ੂਕ ਹੋਈ। ਵੱਡੀ ਪੱਧਰ 'ਤੇ ਦਿੱਲੀ ਤੇ ਹੋਰਨਾਂ ਸੂਬਿਆਂ ਵਿਚੋਂ ਸਿੱਖਾਂ ਨੇ ਪੰਜਾਬ ਵੱਲ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ। ਇਨ੍ਹਾਂ ਵੱਡੀਆਂ ਦੁਖਾਂਤ ਘਟਨਾਵਾਂ ਤੋਂ ਬਾਅਦ ਸਿੱਖਾਂ ਵਿਚ ਰੋਹ ਤੇ ਬੇਚੈਨੀ ਦਾ ਮਲਾਲ ਲਗਾਤਾਰ ਵਧਦਾ ਗਿਆ, ਜਿਸ ਨੇ ਪੰਜਾਬ ਵਿਚ ਹਿੰਸਕ ਲਹਿਰ ਨੂੰ ਜਨਮ ਦਿੱਤਾ। 1995 ਤੱਕ ਪੰਜਾਬ ਵਿਚ 'ਅੰਨ੍ਹੇ ਘੋੜਿਆਂ 'ਤੇ ਸਵਾਰਾਂ ਦੀ ਹਿੰਸਕ ਲੜਾਈ' ਵਿਚ ਹਜ਼ਾਰਾਂ ਲੋਕ ਮਾਰੇ ਗਏ। ਖਾੜਕੂਵਾਦ ਦੀ ਸਮੱਸਿਆ ਨਾਲ ਨਿਪਟਣ ਲਈ ਪੰਜਾਬ ਵਿਚ ਵੱਡੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਅਤੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰ-ਖਪਾ ਦਿੱਤਾ ਗਿਆ। ਹਜ਼ਾਰਾਂ ਨੌਜਵਾਨਾਂ ਨੂੰ ਜੇਲ੍ਹਾਂ 'ਚ 'ਟਾਡਾ' ਵਰਗੇ ਕਾਲੇ ਕਾਨੂੰਨਾਂ ਤਹਿਤ ਡੱਕ ਦਿੱਤਾ ਗਿਆ।

ਅੱਜ ਜੂਨ 1984 ਦੇ ਘੱਲੂਘਾਰੇ ਨੂੰ 41 ਵਰ੍ਹੇ ਬੀਤ ਚੁੱਕੇ ਹਨ। ਸਮੇਂ ਦਾ ਇਕ ਚੱਕਰ ਆਪਣਾ ਗੇੜ ਪੂਰਾ ਕਰ ਚੁੱਕਾ ਹੈ। ਅੱਜ ਵੀ ਪੰਜਾਬ ਦੀਆਂ ਸਿਆਸੀ, ਧਾਰਮਿਕ, ਭੂਗੋਲਿਕ ਤੇ ਰਵਾਇਤੀ ਸਮੱਸਿਆਵਾਂ ਓਸੇ ਤਰ੍ਹਾਂ ਖੜ੍ਹੀਆਂ ਹਨ। ਭਾਰਤ ਦੀਆਂ ਕੇਂਦਰੀ ਸਰਕਾਰਾਂ ਦਾ ਰਵੱਈਆ ਵੀ ਪੰਜਾਬ ਪ੍ਰਤੀ ਓਹੀ ਹੈ। ਸਰਕਾਰਾਂ ਵਲੋਂ ਦਰਿਆਈ ਪਾਣੀਆਂ, ਭਾਖੜਾ ਡੈਮ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਰਾਜਧਾਨੀ ਚੰਡੀਗੜ੍ਹ ਆਦਿ ਤੋਂ ਪੰਜਾਬ ਦੇ ਅਧਿਕਾਰ ਨੂੰ ਮਨਸੂਖ ਕਰਨ ਦੀਆਂ ਨੀਤੀਆਂ ਅਮਲ ਵਿਚ ਲਿਆਂਦੀਆਂ ਜਾ ਰਹੀਆਂ ਹਨ। ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਵਰਗੇ ਰਾਜਨੀਤਕ ਕੈਦੀਆਂ ਨੂੰ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਰਿਹਾਅ ਨਾ ਕਰਨ ਕਰਕੇ ਸਿੱਖ ਕੌਮ ਅੰਦਰ ਦੇਸ਼ ਦੇ ਸ਼ਾਸਕਾਂ ਪ੍ਰਤੀ ਰੋਸ ਅਤੇ ਅਲਹਿਦਗੀ ਦੀ ਭਾਵਨਾ ਪ੍ਰਬਲ ਹੋ ਰਹੀ ਹੈ। ਤਵਾਰੀਖ਼ ਤੋਂ ਸਬਕ ਲੈਂਦਿਆਂ ਭਾਰਤ ਵਰਗੇ ਜਮਹੂਰੀ ਦੇਸ਼ ਦੀਆਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਨੂੰ ਦੇਸ਼ ਦੇ ਵੱਖ-ਵੱਖ ਖਿੱਤਿਆਂ ਦੀਆਂ ਸਿਆਸੀ ਸਮੱਸਿਆਵਾਂ ਦਾ ਹੱਲ ਮਨੁੱਖੀ ਅਧਿਕਾਰਾਂ ਨੂੰ ਕੁਚਲਣ ਵਾਲੇ 'ਕਾਲੇ ਕਾਨੂੰਨਾਂ' ਦੀ ਥਾਂ, ਸਿਰਫ਼ ਸੁਹਿਰਦਤਾ ਅਤੇ ਫ਼ਰਾਖ਼ਦਿਲੀ ਵਾਲਾ ਵਤੀਰਾ ਧਾਰਨ ਕਰਕੇ ਕਰਨਾ ਚਾਹੀਦਾ ਹੈ। ਦੇਸ਼ ਦੀ ਅਖੰਡਤਾ ਦੇ ਹਿੱਤ ਵਿਚ ਇਹੀ ਹੋਵੇਗਾ ਕਿ ਬੇਇਨਸਾਫ਼ੀ ਦੇ ਮਲਾਲ ਵਿਚ ਜੀਅ ਰਹੇ ਭਾਈਚਾਰਿਆਂ ਤੇ ਕੌਮਾਂ ਦਾ ਭਰੋਸਾ ਜਿੱਤਿਆ ਜਾਵੇ। ਖੇਤੀ ਆਧਾਰਿਤ ਸਨਅਤੀ ਵਿਕਾਸ ਜ਼ਰੀਏ ਪੰਜਾਬ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਵਸੀਲੇ ਪੈਦਾ ਕਰਕੇ, ਕੇਂਦਰ ਸਰਕਾਰ ਨੂੰ, ਸਿੱਖਾਂ ਦੇ ਬੇਇਨਸਾਫ਼ੀ ਦੇ ਹੇਰਵੇ ਨੂੰ ਦੂਰ ਕਰਨ ਦਾ ਮੌਕਾ ਨਹੀਂ ਗੁਆਉਣਾ ਚਾਹੀਦਾ।

ਦੂਜੇ ਪਾਸੇ ਸਿੱਖ ਕੌਮ ਨੂੰ ਵੀ ਅਤੀਤ ਨਾਲ ਬੱਝੇ ਰਹਿਣ ਦੀ ਬਜਾਇ ਅੱਗੇ ਵਧਣ ਦੀ ਲੋੜ ਹੈ। ਇਸ ਦਾ ਭਾਵ ਇਹ ਹਰਗਿਜ਼ ਨਹੀਂ ਕਿ ਜੂਨ 1984 ਦੇ ਘੱਲੂਘਾਰੇ ਨੂੰ ਭੁਲਾ ਦਿੱਤਾ ਜਾਵੇ, ਬਲਕਿ ਜ਼ਖ਼ਮ ਨੂੰ ਸੂਰਜ ਬਣਾ ਕੇ ਬਿਲਕੁਲ ਓਸੇ ਤਰ੍ਹਾਂ ਅੱਗੇ ਵਧਣਾ ਚਾਹੀਦਾ ਹੈ, ਜਿਵੇਂ ਪਹਿਲੇ ਦੋ ਘੱਲੂਘਾਰਿਆਂ, 1746 ਅਤੇ 1762 ਵਿਚ ਸਿੱਖਾਂ ਨੂੰ ਨੇਸਤੋ-ਨਾਬੂਦ ਕੀਤੇ ਜਾਣ ਤੋਂ ਬਾਅਦ ਅਗਲੇ 10-15 ਸਾਲਾਂ ਵਿਚ ਸਿੱਖ ਮੁੜ ਸ਼ਕਤੀਸ਼ਾਲੀ ਭੂਮਿਕਾ ਵਿਚ ਆ ਗਏ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਰੂਪ ਵਿਚ ਸਿੱਖਾਂ ਨੇ ਗੁਰਮਤਿ ਆਧਾਰਿਤ ਰਾਜ ਸ਼ਾਸਨ ਕਾਇਮ ਕਰਕੇ ਕੀਰਤੀਮਾਨ ਸਥਾਪਿਤ ਕੀਤੇ। ਸਮਕਾਲੀ ਬ੍ਰਿਟਿਸ਼ ਰਿਪੋਰਟਾਂ ਅਨੁਸਾਰ ਪੰਜਾਬ 'ਚ ਸਿੱਖਾਂ ਦੀ ਆਬਾਦੀ ਮਸਾਂ 10-12 ਕੁ ਫ਼ੀਸਦੀ ਸੀ ਪਰ ਇਸ ਦੇ ਬਾਵਜੂਦ ਸਿੱਖਾਂ ਨੇ ਅੱਧੀ ਸਦੀ ਤੱਕ ਚੰਗਾ ਰਾਜ ਕਮਾਇਆ। ਅਜਿਹਾ ਤਾਂ ਸੰਭਵ ਹੋਇਆ ਕਿ ਉਸ ਵੇਲੇ ਹਰ ਸਿੱਖ ਦਾਰਸ਼ਨਿਕ ਸੋਝੀ ਵਾਲਾ ਅਤੇ ਸਿੱਖਿਅਤ ਸੀ। ਪੰਜਾਬ ਦੇ 78 ਫ਼ੀਸਦੀ ਲੋਕ ਪੜ੍ਹੇ-ਲਿਖੇ ਸਨ। ਅੱਜ ਹਾਲਾਤ ਉਲਟ ਹਨ। ਇਕ ਸਰਵੇਖਣ ਅਨੁਸਾਰ ਅੱਜ ਪੰਜਾਬ ਦੇ ਸਰਕਾਰੀ ਸਕੂਲਾਂ ਦੇ 75 ਫ਼ੀਸਦੀ ਬੱਚੇ ਅੰਗਰੇਜ਼ੀ ਪਾਠਕ੍ਰਮ ਦੀ ਇਕ ਕਹਾਣੀ ਸ਼ੁਰੂ ਤੋਂ ਅਖ਼ੀਰ ਤੱਕ ਨਹੀਂ ਪੜ੍ਹ ਸਕਦੇ। 53 ਫ਼ੀਸਦੀ ਬੱਚਿਆਂ ਨੂੰ ਪੰਜਾਬੀ ਪਾਠਕ੍ਰਮ ਵੀ ਪੂਰੀ ਤਰ੍ਹਾਂ ਪੜ੍ਹਨਾ ਨਹੀਂ ਆਉਂਦਾ। ਕੌਮਾਂਤਰੀ ਪੱਧਰ 'ਤੇ ਸਿੱਖਿਆ ਖੇਤਰ 'ਚ ਸਿੱਖਾਂ ਦੀ ਕਾਰਗੁਜ਼ਾਰੀ ਨਾਮਾਤਰ ਹੈ। ਸਿੱਖਾਂ ਵਾਂਗ ਹੀ ਵੱਡੀ ਨਸਲਕੁਸ਼ੀ ਵਿਚੋਂ ਗੁਜ਼ਰੇ ਯਹੂਦੀਆਂ ਦੀ ਗਿਣਤੀ ਅੱਜ ਸਿੱਖਾਂ ਨਾਲੋਂ ਅੱਧੀ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਪ੍ਰਾਪਤੀ ਹੈਰਾਨੀਜਨਕ ਹੈ। ਦੁਨੀਆ ਦੀਆਂ ਨਾਮੀ ਯੂਨੀਵਰਸਿਟੀਆਂ ਵਿਚ ਯਹੂਦੀ ਪ੍ਰੋਫੈਸਰ, ਵਿਗਿਆਨੀ, ਤਕਨਾਲੋਜੀ ਮਾਹਿਰ ਅਤੇ ਪੱਤਰਕਾਰ ਵੱਡੀ ਭੂਮਿਕਾ ਨਿਭਾਉਂਦੇ ਹਨ। ਇਹੀ ਵਰਗ ਖੋਜ ਆਧਾਰਿਤ ਸੰਵਾਦ ਰਚਾ ਕੇ ਕੋਈ ਵੀ ਬਿਰਤਾਂਤ ਬਦਲਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਅੱਜ ਸਿੱਖਾਂ ਅੱਗੇ ਦਸ ਗੁਰੂ ਸਾਹਿਬਾਨ ਦੇ ਸਰਬ-ਕਲਿਆਣਕਾਰੀ ਫ਼ਲਸਫ਼ੇ ਨੂੰ ਅਜੋਕੇ ਵਿਸ਼ਵ ਸੰਕਟ ਦੇ ਹੱਲ ਵਜੋਂ ਪੇਸ਼ ਕਰਨ ਦੀ ਵੱਡੀ ਜ਼ਿੰਮੇਵਾਰੀ ਦਰਕਾਰ ਹੈ। ਜਿਵੇਂ ਕਿ ਵਿਸ਼ਵ ਦੇ ਬਦਲਵੇਂ ਤੇ ਸਰਬ ਸਾਂਝੇ ਰਾਜਨੀਤਕ ਨਮੂਨੇ ਦੀ ਭਾਲ ਲਈ ਅਤੇ ਆਲਮੀ ਸਰਮਾਏਦਾਰੀ ਪ੍ਰਧਾਨ ਯੁੱਗ ਵਿਚ ਅਸੀਂ ਸਿੱਖੀ ਸਿਧਾਂਤ ਤੋਂ ਕਿਵੇਂ ਸੇਧ ਲੈ ਸਕਦੇ ਹਾਂ ? ਅਤੇ ਇਸ ਪ੍ਰਸੰਗ ਵਿਚ ਨਵੀਆਂ ਚੁਣੌਤੀਆਂ ਵਿਚੋਂ ਬਾਹਰ ਨਿਕਲਣ ਲਈ ਸਿੱਖ ਫ਼ਲਸਫ਼ਾ ਵਿਸ਼ਵ ਭਾਈਚਾਰੇ ਦਾ ਕਿਵੇਂ ਮਾਰਗ ਦਰਸ਼ਕ ਬਣ ਸਕਦਾ ਹੈ, ਆਲਮੀ ਤਪਸ਼ ਵਰਗੀਆਂ ਵਾਤਾਵਰਨ ਚੁਣੌਤੀਆਂ ਦੇ ਸੰਦਰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਕੀ ਸੇਧ ਦੇ ਸਕਦੀਆਂ ਹਨ ਪਰ ਅਜਿਹਾ ਤਾਂ ਹੀ ਹੋ ਸਕੇਗਾ ਜੇਕਰ ਪਹਿਲਾਂ ਸਿੱਖ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਦੇ ਧਾਰਨੀ ਹੋਣਗੇ। ਸਾਨੂੰ ਅਜਿਹੇ ਕੌਮਾਂਤਰੀ ਪੱਧਰ ਦੇ ਬੁੱਧੀਜੀਵੀ ਪੈਦਾ ਕਰਨ ਦੀ ਲੋੜ ਹੈ, ਜਿਨ੍ਹਾਂ ਦੀ ਗੱਲ ਸਾਰੀ ਦੁਨੀਆ ਸੁਣੇ ਅਤੇ ਉਹ ਨਿਆਰੇ ਸਿੱਖ ਫ਼ਲਸਫ਼ੇ ਤੋਂ ਪੂਰੀ ਦੁਨੀਆ ਨੂੰ ਜਾਣੂ ਕਰਵਾ ਸਕਣ ਤਾਂ ਜੋ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਸੰਵਾਦ ਨੂੰ ਅੱਗੇ ਵਧਾ ਸਕੀਏ। ਕਿਉਂਕਿ ਇਕ ਸੰਵਾਦ ਹੀ ਅਜਿਹਾ ਜ਼ਰੀਆ ਹੈ, ਜਿਸ ਨਾਲ ਦੁਨੀਆ ਵਿਚ ਕੋਈ ਵੀ ਤਬਦੀਲੀ ਲਿਆਂਦੀ ਜਾ ਸਕਦੀ ਹੈ।

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ

**88 Second St, San Francisco**

ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ

ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।

ਆਪ ਸਭ ਨੂੰ ਪਰਿਵਾਰ ਸਮੇਤ ਹੁੰਮ-ਹੁੰਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।












ਧੰਨਵਾਦ ਸਾਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

## ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿਚ




# ਨਗਰ ਕੀਰਤਨ

**88 Second St, San Francisco**

ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ

ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।

ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ।

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿਚ 7 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।



## ਆਪ ਸਭ ਨੂੰ ਹੁੰਮ-ਹੁੰਮਾ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼

**ਸ:ਹਰਮਿੰਦਰ ਸਿੰਘ ਸਮਾਣਾ**

**(209) 481-7750**

# ਜੂਨ '84 ਦੇ ਦਰਦਨਾਕ ਸੀਨ ਨੂੰ ਯਾਦ ਕਰਕੇ ਅੱਜ ਵੀ ਅੱਖਾਂ 'ਚੋਂ ਵਹਿ ਤੁਰਦੇ ਹਨ ਆਪ ਮੁਹਾਰੇ ਨੀਰ : ਭਾਈ ਮੱਲੇਵਾਲ

## ਮਹਿਜ 15 ਸਾਲ ਦੀ ਉਮਰ ਵਿਚ ਵੇਖਿਆ ਸਾਰਾ ਮੰਜ਼ਰ

ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) : ਜੂਨ 1984 ਵਿਚ ਵਾਪਰੇ ਘੱਲੂਘਾਰੇ ਨੂੰ ਭਾਈ ਗੁਰਪ੍ਰੀਤ ਸਿੰਘ ਮੱਲੇਵਾਲ, ਜੋ ਅੱਜ ਕੱਲ੍ਹ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਸਾਹਿਬ ਵਿਖੇ ਬਤੌਰ ਮੈਨੇਜਰ ਸੇਵਾਵਾਂ ਨਿਭਾ ਰਹੇ ਹਨ, ਇਸ ਸਾਕੇ ਦੇ ਚਸ਼ਮਦੀਦ ਗਵਾਹ ਹਨ, ਜਿਨ੍ਹਾਂ ਨੇ ਮਹਿਜ 15 ਸਾਲ ਦੀ ਉਮਰ ਵਿਚ ਹੀ ਉਕਤ ਸਾਰਾ ਦੁਖਾਂਤ ਆਪਣੀ ਅੱਖੀਂ ਦੇਖਿਆ ਹੈ। ਇਸ ਸੰਬੰਧੀ ਗੱਲਬਾਤ ਕਰਦਿਆਂ ਭਾਈ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਅੱਜ ਵੀ ਉਕਤ ਦਰਨਦਨਾਕ ਸੀਨ ਯਾਦ ਕਰਕੇ ਅੱਖਾਂ ਵਿਚੋਂ ਆਪ ਮੁਹਾਰੇ ਨੀਰ ਵਹਿ ਤੁਰਦੇ ਹਨ। ਭਾਈ ਮੱਲੇਵਾਲ ਨੇ ਹੱਡਬੀਤੀ ਬਿਆਨਦਿਆਂ ਦੱਸਿਆ ਕਿ 3 ਜੂਨ 1984 ਨੂੰ ਸਵੇਰੇ 9 ਵਜੇ ਦੇ ਕਰੀਬ ਧੂਰੀ ਤੋਂ ਧਰਮ ਯੁੱਧ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਲਈ ਇਕ ਜੱਥਾ ਜਥੇ: ਨਛੱਤਰ ਸਿੰਘ ਭਲਵਾਨ, ਜਥੇ: ਮਹਿੰਦਰ ਸਿੰਘ ਕਾਂਝਲੀ ਦੀ ਰਹਿਨੁਮਾਈ ਹੇਠ ਰਵਾਨਾ ਹੋਇਆ। ਮੈਂ ਉਸ ਜਥੇ ਵਿਚ ਸਭ ਤੋਂ ਛੋਟੀ ਉਮਰ (15 ਸਾਲ ਦੇ ਕਰੀਬ) ਦਾ ਸੀ, ਤਕਰੀਬਨ 3-4 ਵਜੇ ਸ਼ਾਮ ਤੀਕ ਜਥਾ ਅੰਮ੍ਰਿਤਸਰ ਵਿਖੇ ਪਹੁੰਚ ਗਿਆ। ਉਥੇ ਕਰਫਿਊ ਲੱਗਣ ਕਾਰਨ ਅਸੀਂ ਹਾਲ ਗੇਟ ਦੇ ਬਾਹਰ ਬੈਠੇ ਰਹੇ ਅਤੇ ਸ਼ਾਮ ਨੂੰ ਕਰਫਿਊ ਖੁੱਲਣ ਤੋਂ ਬਾਅਦ ਅਸੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚੇ ਅਤੇ ਗੁਰੂ ਰਾਮਦਾਸ ਸਰਾਂ ਵਿਖੇ ਠਹਿਰੇ, 4 ਜੂਨ ਦੀ ਸਵੇਰ ਨੂੰ ਇਕ ਵੱਡਾ ਧਮਾਕਾ ਹੋਇਆ, ਬੱਸ ਫਿਰ ਕੀ ਸੀ ਗੋਲੀਬਾਰੀ ਸ਼ੁਰੂ ਹੋਈ, ਲਗਾਤਾਰ ਗੋਲੀ ਚੱਲਦੀ ਰਹੀ, 5 ਜੂਨ ਨੂੰ ਸਾਨੂੰ ਸਾਰੇ ਜਥੇ ਨੂੰ ਗੁਰੂ ਰਾਮਦਾਸ ਸਰਾਂ ਤੋਂ ਤੇਜ਼ਾ ਸਿੰਘ ਸਮੁੰਦਰੀ ਹਾਲ ਵਿਖੇ ਭੇਜ ਦਿੱਤਾ ਗਿਆ। 6 ਜੂਨ ਦੀ ਸਵੇਰ ਤਕਰੀਬਨ 4 ਕੁ ਵਜੇ ਮਿਲਟਰੀ ਵਾਲਿਆਂ ਨੇ ਸਮੁੰਦਰੀ ਹਾਲ ਵਿਚ ਵੜ ਕੇ ਗੁਰੂ ਰਾਮਦਾਸ ਦੇ ਵਿਚਲੇ ਵਿਹੜੇ ਵਿਚ ਲਿਆਂਦਾ, ਜਿੱਥੇ ਕਿ ਲਾਸ਼ਾਂ ਦੇ ਢੇਰ ਲੱਗੇ ਪਏ ਸਨ, ਵੇਖ ਕੇ ਦਿਲ ਦਹਿਲ ਗਿਆ। ਸਰਾਂ ਦੇ ਕਮਰਿਆਂ ਦੇ ਚਾਰੇ ਪਾਸੇ ਅੱਗ ਲੱਗੀ ਪਈ ਸੀ। ਸਾਨੂੰ ਵੀ ਸਰਾਂ ਵਿਚਲੀ ਜਗ੍ਹਾ 'ਤੇ ਬਿਠਾ ਕੇ ਉਪਰੋਂ ਬੰਬ ਸੁਟੇ ਗਏ। ਸਾਡੇ ਤਕਰੀਬਨ 70-80 ਬੰਦਿਆਂ ਵਿਚੋਂ ਅੱਧੇ ਮਾਰੇ ਗਏ, ਸਾਰਾ ਵਿਹੜਾ ਲਾਸ਼ਾਂ ਨਾਲ ਭਰਿਆ ਪਇਆ ਸੀ, ਉਸ ਦਿਨ ਸਵੇਰੇ ਥੋੜਾ ਜਿਹਾ ਮੀਂਹ ਪੈਣ ਕਾਰਨ ਜੋ ਪਾਣੀ ਵਿਹੜੇ ਵਿਚ ਖੜਾ ਸੀ, ਜਿਸ ਵਿਚ ਲਾਸ਼ਾਂ ਦੇ ਢੇਰ ਪਏ ਸਨ, ਉਸ ਪਾਣੀ ਦਾ ਰੰਗ ਬਦਲ ਕੇ ਲਾਲ ਹੋ ਚੁੱਕਾ ਸੀ, ਉਹੀ ਪਾਣੀ (ਆਪਣੀਆਂ ਦਸਤਾਰਾਂ ਨਾਲ ਪੁਣ ਕੇ) ਪੀ ਕੇ ਅਸੀਂ ਪਿਆਸ ਬੁਝਾਈ। ਫਿਰ ਸਾਨੂੰ ਤਕਰੀਬਨ 3-4 ਕੁ ਵਜੇ ਗਿਣਤੀ ਕਰ-ਕਰ ਕੇ ਸਰਾਂ ਦੇ ਪਿਛਲੇ ਪਾਸੇ ਕੱਢ ਲਿਆ ਗਿਆ। ਉਥੇ ਬੱਸਾਂ ਵਿਚ ਬਿਠਾ ਕੇ ਮਿਲਟਰੀ ਸਕੂਲ ਵਿਚ ਭੇਜ ਦਿੱਤਾ। ਜਦੋਂ ਸਾਨੂੰ ਬੱਸਾਂ ਵਿਚ ਫੜ ਕੇ ਲਿਜਾਇਆ ਜਾ ਰਿਹਾ ਸੀ ਤਾਂ ਬੱਸਾਂ ਵਿਚ ਵੀ ਬੜੀ ਕੁੱਟਮਾਰ ਕੀਤੀ ਗਈ। ਜੇ ਕੋਈ ਪਾਣੀ ਵੀ ਮੰਗਦਾ ਸੀ ਤਾਂ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਜਾਂਦਾ ਸੀ ਅਤੇ ਸੰਤ ਭਿੰਡਰਾਂਵਾਲਿਆਂ ਦਾ ਨਾਮ ਲੈ ਕੇ ਗਾਲੀ ਗਲੋਚ ਕੀਤੀ ਜਾਂਦੀ ਸੀ। ਫਿਰ ਮੈਨੂੰ ਮਿਲਟਰੀ ਸਕੂਲ ਅੰਮ੍ਰਿਤਸਰ ਜੇਲ੍ਹ ਅਤੇ ਪਟਿਆਲੇ ਦੀ ਜੇਲ੍ਹ ਵਿਚ ਰੱਖ ਕੇ ਰਿਹਾਅ ਕਰ ਦਿੱਤਾ ਗਿਆ।



# ਜੂਨ '84 ਘੱਲੂਘਾਰੇ ਦਾ ਹੱਡੀਂ ਹੰਢਾਇਆ ਦਰਦ-6 ਜੀਅ ਸ਼ਹੀਦ ਹੋਣ ਬਾਅਦ ਮਾਤਾ ਗੁਰਜੀਤ ਕੌਰ ਨੇ ਆਪਣਾ ਜੀਵਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਤੇ ਸਿਮਰਨ ਨੂੰ ਕੀਤਾ ਸਮਰਪਿਤ

## ਅੰਤਿਮ ਇੱਛਾ ਕਿ ਗੁਰੂ ਘਰ 'ਚ ਸੇਵਾ ਕਰਦਿਆਂ ਹੀ ਨਿਕਲੇ ਅੰਤਿਮ ਸੁਆਸ

ਅੰਮ੍ਰਿਤਸਰ : ਜੂਨ 1984 ਦੇ ਘੱਲੂਘਾਰੇ ਦੌਰਾਨ ਫੌਜ ਦਾ ਮੁਕਾਬਲਾ ਕਰਦਿਆਂ ਪਤੀ, ਦੋ ਪੁੱਤਰਾਂ ਤੇ ਬੇਟੀ ਦੇ ਸ਼ਹੀਦ ਹੋ ਜਾਣ ਅਤੇ ਬਾਅਦ ਵਿਚ ਦੋ ਹੋਰ ਬੇਟਿਆਂ ਦੇ ਝੂਠੇ ਪੁਲਿਸ ਮੁਕਾਬਲੇ 'ਚ ਸ਼ਹੀਦ ਕਰ ਦਿੱਤੇ ਜਾਣ ਅਤੇ ਬਾਂਹ ਵਿਚ ਦੋ ਗੋਲੀਆਂ ਲੱਗਣ ਤੇ ਪੰਜ ਸਾਲ ਦੀ ਕੈਦ ਕੱਟਣ ਬਾਅਦ 83 ਸਾਲਾ ਮਾਤਾ ਗੁਰਜੀਤ ਕੌਰ ਨੇ ਹੁਣ ਆਪਣਾ ਰਹਿੰਦਾ ਜੀਵਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ, ਸਿਮਰਨ ਤੇ ਸਿੱਖੀ ਪ੍ਰਚਾਰ ਸਮਰਪਿਤ ਕੀਤਾ ਹੋਇਆ ਹੈ। ਸਾਦਗੀ ਤੇ ਬੰਦਗੀ ਦੀ ਮੂਰਤ ਮਾਤਾ ਗੁਰਜੀਤ ਕੌਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਅੰਦਰ ਹੀ ਆਟਾ ਮੰਡੀ ਵਾਲੇ ਪਾਸੇ ਸ਼੍ਰੋਮਣੀ ਕਮੇਟੀ ਵਲੋਂ ਅਲਾਟ ਕੀਤੇ ਛੋਟੇ ਜਿਹੇ ਕੁਆਟਰ ਵਿਚ ਜੀਵਨ ਬਸਰ ਕਰ ਰਹੇ ਹਨ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਛਬੀਲ 'ਤੇ ਸੰਗਤਾਂ ਨੂੰ ਜਲ ਵਰਤਾਉਂਦਿਆਂ, ਜੂਠੇ ਬਰਤਨ ਸਾਫ਼ ਕਰਦਿਆਂ ਤੇ ਪਰਿਕਰਮਾ ਦੀ ਧੁਵਾਈ ਅਤੇ ਝਾੜੂ ਫੇਰਨ ਦੀ ਸੇਵਾ ਕਰਦਿਆਂ ਅਕਸਰ ਨਜ਼ਰ ਆ ਜਾਂਦੇ ਹਨ। ਘੱਲੂਘਾਰੇ ਦੀ 41ਵੀਂ ਵਰੇਗੰਢ ਮੌਕੇ ਵਿਸ਼ੇਸ਼ ਗੱਲਬਾਤ ਦੌਰਾਨ ਮਾਤਾ ਗੁਰਜੀਤ ਕੌਰ ਨੇ ਆਪਣੀ ਹੰਝੂਆਂ ਭਰੀ ਦਾਸਤਾਨ ਸੁਣਾਉਂਦਿਆਂ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਫ਼ਿਰੋਜ਼ਪੁਰ ਜ਼ਿਲ੍ਹੇ ਨਾਲ ਸੰਬੰਧਤ ਸੀ ਤੇ ਉਨ੍ਹਾਂ ਦੇ ਪਤੀ ਸ: ਗੁਰਮੀਤ ਸਿੰਘ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਅੰਗ ਰੱਖਿਅਕ ਵਜੋਂ ਸੇਵਾ ਨਿਭਾਅ ਰਹੇ ਸਨ। ਉਨ੍ਹਾਂ ਦੱਸਿਆ ਕਿ ਜੂਨ 1984 ਹਮਲੇ ਸਮੇਂ ਉਹ ਵੀ ਆਪਣੇ ਪਤੀ ਤੇ ਦੋ ਪੁੱਤਰਾਂ ਤਰਲੋਕ ਸਿੰਘ ਤੇ ਜਸਪਾਲ ਸਿੰਘ ਤੇ ਬੇਟੀ ਜਸਵਿੰਦਰ ਕੌਰ ਸਮੇਤ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਹੀ ਇੱਕ ਸਾਲ ਤੋਂ ਰਹਿ ਰਹੇ ਸਨ। ਉਨ੍ਹਾਂ ਦੱਸਿਆ ਕਿ 4 ਤੇ 5 ਜੂਨ ਨੂੰ ਭਾਰੀ ਗੋਲਾਬਾਰੀ ਹੋਈ ਜਿਸ ਦਾ ਸਿੰਘਾਂ ਨੇ ਵੀ ਮੋੜਵਾਂ ਜਵਾਬ ਦਿੱਤਾ। ਉਨ੍ਹਾਂ ਦੇ ਪਤੀ ਤੇ ਇੱਕ ਵੱਡਾ ਬੇਟਾ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਫੌਜ ਨਾਲ ਜੂਝਦਿਆਂ ਸ਼ਹੀਦ ਹੋਏ ਸਨ ਤੇ ਛੋਟਾ ਬੇਟਾ ਲੰਗਰ ਸਾਹਿਬ ਦੀ ਇਮਾਰਤ ਨੇੜੇ ਬੁੰਗੇ ਵਿਖੇ ਫੌਜ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋਇਆ ਸੀ। ਉਨ੍ਹਾਂ ਕਿਹਾ ਕਿ ਪਰਿਕਰਮਾ ਵਿਚ ਪੈਰ ਧਰਨ ਵੀ ਨੂੰ ਥਾਂ ਨਹੀਂ ਸੀ ਤੇ ਹਰ ਪਾਸੇ ਨੌਜਵਾਨਾਂ, ਬੀਬੀਆਂ, ਭੁਝੰਗੀਆਂ ਤੇ ਸੰਗਤਾਂ ਦੀਆਂ ਲਾਸ਼ਾ ਪਈਆਂ ਸਨ। ਉਨ੍ਹਾਂ ਜੂਨ 1984 ਗੋਲੀਬਾਰੀ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਫੌਜੀ ਹਮਲੇ ਦੌਰਾਨ ਉਨ੍ਹਾਂ ਦਾ ਆਪਣੇ ਪਰਿਵਾਰ ਨਾਲ ਕੇਵਲ 4 ਜੂਨ ਨੂੰ ਹੀ ਸੰਪਰਕ ਹੋ ਸਕਿਆ, ਉਸ ਤੋਂ ਬਾਅਦ ਨਹੀਂ। ਉਨ੍ਹਾਂ ਦੱਸਿਆ ਕਿ ਉਹ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਆਪਣੇ ਪਤੀ, ਦੋ ਪੁੱਤਰਾਂ ਤੇ ਬੇਟੀ ਦੇ ਨਾ ਅੰਤਿਮ ਦਰਸ਼ਨ ਕਰ ਸਕੇ ਤੇ ਨਾ ਹੀ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਸਕੇ। ਇਸੇ ਤਰ੍ਹਾਂ ਉਨ੍ਹਾਂ ਦੀ ਜੇਲ੍ਹ ਬੰਦੀ ਦੌਰਾਨ ਉਨ੍ਹਾਂ ਦੇ ਦੋ ਹੋਰ ਛੋਟੇ ਬੇਟੇ ਕਸ਼ਮੀਰ ਸਿੰਘ ਤੇ ਬਲਜਿੰਦਰ ਸਿੰਘ ਵੀ ਝੂਠੇ ਪੁਲਿਸ ਮੁਕਾਬਲਿਆਂ ਵਿਚ ਸ਼ਹੀਦ ਹੋ ਗਏ, ਜਿਨ੍ਹਾਂ ਬਾਰੇ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਹੀਦ ਹੋਣ ਵਾਲੇ ਛੋਟੇ ਬੇਟੇ ਤੇ ਬੇਟੀ ਦੀਆਂ ਸ਼ਹਾਦਤਾਂ ਹੋ ਜਾਣ ਦਾ ਪਤਾ ਮੈਨੂੰ ਜੇਲ੍ਹ ਵਿਚੋਂ ਰਿਹਾਅ ਹੋਣ ਬਾਅਦ ਲੱਗਾ। ਉਨ੍ਹਾਂ ਦੱਸਿਆ ਕਿ ਸਾਰੇ ਪਰਿਵਾਰ ਵਿਚੋਂ ਕੇਵਲ ਇੱਕ ਛੋਟੀ ਬੇਟੀ ਹੀ ਬਚੀ ਸੀ। ਮਾਤਾ ਗੁਰਜੀਤ ਕੌਰ ਨੇ ਕਿਹਾ ਹੁਣ ਮੇਰੀ ਅੰਤਿਮ ਇੱਛਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਸਿਮਰਨ ਕਰਦਿਆਂ ਹੀ ਆਖਰੀ ਸਵਾਸ ਨਿਕਲੇ।



ਮਾਤਾ ਗੁਰਜੀਤ ਕੌਰ ਆਪਣੇ ਸ਼ਹੀਦ ਹੋਏ ਪਰਿਵਾਰਕ ਮੈਂਬਰਾਂ ਦੀਆਂ ਤਸਵੀਰਾਂ ਨਾਲ।

# ਘੱਲੂਘਾਰਾ ਦਿਵਸ: ਦੋਵਾਂ ਧਿਰਾਂ ਵਿਚਾਲੇ ਸਥਿਤੀ ਜਿਉਂ ਦੀ ਤਿਉਂ





ਅੰਮ੍ਰਿਤਸਰ : ਜੂਨ 1984 ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਦੀ 41ਵੀਂ ਵਰ੍ਹੇਗੰਢ ਦੇ ਸਬੰਧ ਵਿੱਚ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਕਾਲ ਤਖ਼ਤ ਵਿਖੇ ਅਖੰਡ ਪਾਠ ਆਰੰਭ ਕੀਤੇ ਗਏ। ਉਧਰ, ਦੂਜੇ ਪਾਸੇ ਸ਼੍ਰੋਮਣੀ ਕਮੇਟੀ ਅਤੇ ਦਮਦਮੀ ਟਕਸਾਲ ਵਿਚਾਲੇ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ। ਦੋਵਾਂ ਧਿਰਾਂ ਵੱਲੋਂ ਛੇ ਜੂਨ ਨੂੰ ਹੋਣ ਵਾਲੇ ਸਮਾਗਮ ਵਿੱਚ ਆਪਸੀ ਟਕਰਾਅ ਟਾਲਣ ਬਾਰੇ ਫਿਲਹਾਲ ਕੋਈ ਫੈਸਲਾ ਸਾਹਮਣੇ ਨਹੀਂ ਆਇਆ।

ਅਖੰਡ ਪਾਠ ਆਰੰਭ ਕਰਨ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਮੈਂਬਰ ਤੇ ਹੋਰ ਹਾਜ਼ਰ ਸਨ। ਅਖੰਡ ਪਾਠ ਦੇ ਭੋਗ 6 ਜੂਨ ਨੂੰ ਪਾਏ ਜਾਣਗੇ। ਮਗਰੋਂ ਗੁਰਬਾਣੀ ਕੀਰਤਨ ਹੋਵੇਗਾ, ਰਵਾਇਤ ਅਨੁਸਾਰ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਜਾਵੇਗਾ ਅਤੇ ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਅਖੰਡ ਪਾਠ ਦੇ ਆਰੰਭ ਮਗਰੋਂ ਐਡਵੋਕੇਟ ਧਾਮੀ ਨੇ ਕਿਹਾ ਕਿ ਜੂਨ 1984 ਵਿੱਚ ਸਮੇਂ ਦੀ ਹਕੂਮਤ ਵੱਲੋਂ ਸਿੱਖ ਕੌਮ ਨੂੰ ਡੂੰਘੇ ਜ਼ਖ਼ਮ ਦਿੱਤੇ ਗਏ ਹਨ, ਜੋ ਕੌਮ ਕਦੇ ਵੀ ਭੁੱਲ ਨਹੀਂ ਸਕਦੀ। ਇਸ ਘੱਲੂਘਾਰੇ ਵਿੱਚ ਅਨੇਕਾਂ ਸ਼ਹਾਦਤਾਂ ਹੋਈਆਂ। ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਵੀ ਗੋਲੀਆਂ ਲੱਗੀਆਂ ਅਤੇ ਸਰੂਪ ਜ਼ਖ਼ਮੀ ਹੋਇਆ। ਉਨ੍ਹਾਂ ਕਿਹਾ ਕਿ ਘੱਲੂਘਾਰੇ ਦੀ ਯਾਦ ਵਿੱਚ ਹਰ ਸਾਲ ਅਕਾਲ ਤਖ਼ਤ ਵਿਖੇ ਸਮਾਗਮ ਕਰਕੇ ਸ਼ਹੀਦਾਂ ਨੂੰ ਸਤਿਕਾਰ ਭੇਟ ਕੀਤਾ ਜਾਂਦਾ ਹੈ। ਜ਼ਿਕਰਯੋਗ ਹੈ ਕਿ ਦਮਦਮੀ ਟਕਸਾਲ ਤੇ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਵਿਰੋਧ ਕੀਤਾ ਜਾ ਰਿਹਾ ਹੈ। ਦਮਦਮੀ ਟਕਸਾਲ ਨੇ ਐਲਾਨ ਕੀਤਾ ਹੈ ਕਿ ਜੇ ਜਥੇਦਾਰ ਗੜਗੱਜ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦੇ ਹਨ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕਰਦੇ ਹਨ ਤਾਂ ਉਹ ਇਸ ਦਾ ਵਿਰੋਧ ਕਰਨਗੇ। ਇਸ ਸਬੰਧ ਵਿੱਚ ਬੀਤੇ ਦਿਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਿਚਾਲੇ ਮੀਟਿੰਗ ਵੀ ਹੋਈ ਸੀ। ਮੀਟਿੰਗ ਵਿੱਚ ਦਮਦਮੀ ਟਕਸਾਲ ਦੇ ਮੁਖੀ ਨੇ ਸੁਝਾਅ ਦਿੱਤਾ ਸੀ ਕਿ ਜਥੇਦਾਰ ਦੀ ਥਾਂ 'ਤੇ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਜਾ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰ ਸਕਦੇ ਹਨ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨ ਦੇ ਸਕਦੇ ਹਨ, ਜਿਸ ਨਾਲ ਸਥਿਤੀ ਟਕਰਾਅ ਤੋਂ ਬਚ ਸਕਦੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਵੀ ਭਰੋਸਾ ਦਿੱਤਾ ਸੀ ਕਿ ਇੱਕ ਦੋ ਦਿਨਾਂ ਵਿੱਚ ਇਸ ਮਸਲੇ ਨੂੰ ਹੱਲ ਕਰ ਲਿਆ ਜਾਵੇਗਾ ਪਰ ਫਿਲਹਾਲ ਸਥਿਤੀ ਜਿਵੇਂ ਦੀ ਤਿਵੇਂ ਬਣੀ ਹੋਈ ਹੈ। ਮਿਲੇ ਵੇਰਵਿਆਂ ਅਨੁਸਾਰ ਦੋਵੇਂ ਧਿਰਾਂ ਆਪੋ ਆਪਣੇ ਸਟੈਂਡ 'ਤੇ ਅੜੀਆਂ ਹੋਈਆਂ ਹਨ।

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ

## 88 Second St, San Francisco

ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ

ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।





ਆਪ ਸਭ ਨੂੰ ਪਰਿਵਾਰ ਸਮੇਤ
ਹੁੰਮ-ਹੁੰਮਾ ਕੇ ਪਹੁੰਚਣ
ਦੀ ਬੇਨਤੀ
ਕੀਤੀ ਜਾਂਦੀ ਹੈ।



**Jugraj Singh Sahota**
President United Sports Club USA



**Late : S. Kashmir Singh Sahota**

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



**Narinder Singh Sahota**
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ

# ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਵੱਲੋਂ ਰਾਏਪੁਰ (ਛੱਤੀਸਗੜ੍ਹ) ਦੇ ਐਡੀਸ਼ਨਲ ਸੈਸ਼ਨ ਜੱਜ ਅਮਿਤ ਕੋਹਲੀ ਨਾਲ ਵਿਸ਼ੇਸ਼ ਮੁਲਾਕਾਤ

## ਵਕੀਲ ਤੋਂ ਜੱਜ ਬਣਨ ਦੇ ਸਫ਼ਰ ਅਤੇ ਨਿਆਂਪ੍ਰਣਾਲੀ ਨਾਲ ਸੰਬੰਧਿਤ ਹੋਰ ਅਹਿਮ ਸਵਾਲਾਂ 'ਤੇ ਹੋਈ ਖ਼ਾਸ ਗੱਲਬਾਤ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨੇ ਐਡੀਸ਼ਨਲ ਸੈਸ਼ਨ ਜੱਜ ਅਮਿਤ ਕੋਹਲੀ ਨਾਲ ਇਕ ਖਾਸ ਮੁਲਾਕਾਤ ਕੀਤੀ, ਜਿਸ ਵਿੱਚ ਉਨ੍ਹਾਂ ਦੇ ਵਕੀਲ ਤੋਂ ਜੱਜ ਬਣਨ ਤੱਕ ਦੇ ਪ੍ਰੇਰਣਾਦਾਇਕ ਸਫ਼ਰ ਬਾਰੇ ਗੱਲਬਾਤ ਹੋਈ। ਇਸ ਦੌਰਾਨ ਨਿਆਂਪ੍ਰਣਾਲੀ, ਸਮਾਜਿਕ ਨਿਆਂ, ਜੁਡੀਸ਼ਰੀ ਦੀਆਂ ਚੁਣੌਤੀਆਂ ਅਤੇ ਆਮ ਲੋਕਾਂ ਦੀਆਂ ਉਮੀਦਾਂ ਜਿਹੇ ਅਹਿਮ ਮਾਮਲਿਆਂ 'ਤੇ ਵਿਚਾਰ ਸਾਂਝੇ ਕੀਤੇ ਗਏ।

ਜੱਜ ਅਮਿਤ ਕੋਹਲੀ ਨੇ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਵਕਾਲਤ ਦੀ ਦੁਨੀਆਂ ਤੋਂ ਨਿਆਂਪਾਲਿਕਾ ਵਿਚ ਕਦਮ ਰੱਖਿਆ ਅਤੇ ਇਸ ਯਾਤਰਾ ਦੌਰਾਨ ਕਿੰਨੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਕਿਹਾ ਕਿ ਨਿਆਂ ਦੀ ਪਰਕਿਰਿਆ ਵਿਚ ਪਾਰਦਰਸ਼ਤਾ ਅਤੇ ਇਮਾਨਦਾਰੀ ਬਹੁਤ ਜ਼ਰੂਰੀ ਹੈ।

ਇਸ ਖ਼ਾਸ ਮੁਲਾਕਾਤ ਵਿਚ ਉਨ੍ਹਾਂ ਨੇ ਨੌਜਵਾਨਾਂ ਨੂੰ ਨਿਆਂਪ੍ਰਣਾਲੀ ਵਿਚ ਆਉਣ ਲਈ ਪ੍ਰੇਰਿਤ ਵੀ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕੋਲ ਮਹਿਨਤ, ਸੱਚਾਈ ਅਤੇ ਲਗਨ ਹੈ ਤਾਂ ਉਹ ਨਿਆਂਪਾਲਿਕਾ ਵਿਚ ਵਧੀਆ ਭੂਮਿਕਾ ਨਿਭਾ ਸਕਦਾ ਹੈ। ਦਲਜੀਤ ਅਜਨੋਹਾ ਵੱਲੋਂ ਕੀਤੀ ਗਈ ਇਹ ਮੁਲਾਕਾਤ ਨਿਆਂਪ੍ਰਣਾਲੀ ਦੇ ਮਨੁੱਖੀ ਪੱਖ ਨੂੰ ਬਾਹਰ ਲਿਆਉਂਦੀ ਹੈ ਅਤੇ ਆਮ ਲੋਕਾਂ ਨੂੰ ਨਿਆਂ ਨਾਲ ਜੋੜਨ ਦੀ ਕੋਸ਼ਿਸ਼ ਕਰਦੀ ਹੈ।

## ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨਾਲ ਮੁਲਾਕਾਤ

# ਸੁਆਮੀ ਵਿਸ਼ਵਾਨੰਦ ਜੀ ਵੱਲੋਂ ਧਿਆਨ ਦੀ ਸ਼ਕਤੀ ਤੇ ਧਰਮਾਂ ਵਿਚ ਏਕਤਾ 'ਤੇ ਜ਼ੋਰ



ਕਾਲੇਸ਼ਵਰ ਮੰਦਿਰ (ਹਿਮਾਚਲ ਪ੍ਰਦੇਸ਼)/ (ਦਲਜੀਤ ਅਜਨੋਹਾ) : ਹਾਲ ਹੀ ਵਿੱਚ ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨੇ ਹਿਮਾਚਲ ਪ੍ਰਦੇਸ਼ ਦੇ ਪ੍ਰਸਿੱਧ ਕਾਲੇਸ਼ਵਰ ਮੰਦਰ ਦੇ ਮੁੱਖ ਪੁਜਾਰੀ ਸੁਆਮੀ ਵਿਸ਼ਵਾਨੰਦ ਜੀ ਨਾਲ ਇੱਕ ਵਿਸ਼ੇਸ਼ ਤੇ ਗਿਆਨਮਈ ਗੱਲਬਾਤ ਕੀਤੀ। ਇਹ ਸੰਵਾਦ ਆਧਿਆਤਮਕਤਾ, ਧਿਆਨ ਦੀ ਸ਼ਕਤੀ ਅਤੇ ਸਾਰੇ ਧਰਮਾਂ ਵਿਚ ਮੌਜੂਦ ਸਾਂਝੀ ਸੱਚਾਈਆਂ ਨੂੰ ਕੇਂਦਰ ਬਣਾਕੇ ਕੀਤਾ ਗਿਆ।

ਸੁਆਮੀ ਵਿਸ਼ਵਾਨੰਦ ਜੀ ਨੇ ਆਖਿਆ ਕਿ ਅੱਜ ਦੇ ਤੇਜ਼ ਰਫ਼ਤਾਰ ਅਤੇ ਤਣਾਵ ਭਰੇ ਸਮੇਂ ਵਿੱਚ ਧਿਆਨ (ਮੈਡੀਟੇਸ਼ਨ) ਸਿਰਫ਼ ਇੱਕ ਆਧਿਆਤਮਿਕ ਅਭਿਆਸ ਨਹੀਂ, ਸਗੋਂ ਅੰਦਰੂਨੀ ਸ਼ਾਂਤੀ ਅਤੇ ਮਨ ਦੀ ਸਫ਼ਾਈ ਹਾਸਲ ਕਰਨ ਦਾ ਸਸ਼ਕਤ ਸਾਧਨ ਹੈ।

ਉਨ੍ਹਾਂ ਕਿਹਾ, 'ਜਦੋਂ ਮਨ ਸ਼ਾਂਤ ਹੁੰਦਾ ਹੈ, ਤਦੋਂ ਹੀ ਆਤਮਾ ਦੀ ਅਸਲ ਯਾਤਰਾ ਸ਼ੁਰੂ ਹੁੰਦੀ ਹੈ। ਧਿਆਨ ਕੋਈ ਰਵਾਜ ਨਹੀਂ, ਇਹ ਮੁਕਤੀ ਵੱਲ ਪਹਿਲਾ ਕਦਮ ਹੈ।'

ਸੁਆਮੀ ਜੀ ਨੇ ਇਹ ਵੀ ਕਿਹਾ ਕਿ ਭਾਵੇਂ ਹਰ ਧਰਮ ਦਾ ਰਸਤਾ ਵੱਖਰਾ ਹੋ ਸਕਦਾ ਹੈ, ਪਰ ਸਭ ਦਾ ਮਕਸਦ ਇੱਕੋ ਹੀ ਹੁੰਦਾ ਹੈ - ਆਤਮਕ ਮੁਕਤੀ ਅਤੇ ਪਰਮ ਸੱਚ ਦੀ ਪ੍ਰਾਪਤੀ।

'ਰਸਤੇ ਵੱਖ ਵੱਖ ਹੋ ਸਕਦੇ ਨੇ, ਪਰ ਹਰ ਧਰਮ ਇੱਕੋ ਗੱਲ ਸਿਖਾਂਦਾ ਹੈ - ਆਤਮਾ ਨੂੰ ਸੰਸਾਰਕ ਬੰਧਨਾਂ ਤੋਂ ਮੁਕਤ ਕਰਕੇ ਪਰਮ ਸੱਚ ਨਾਲ ਜੋੜਨਾ।'

ਸੁਆਮੀ ਜੀ ਨੇ ਆਧੁਨਿਕ ਸਮਾਜ ਵਿੱਚ ਵਧ ਰਹੀ ਭੌਤਿਕਤਾ ਅਤੇ ਅੰਦਰਲੀ ਖੋਜ ਤੋਂ ਦੂਰੀ ਉੱਤੇ ਚਿੰਤਾ ਜਤਾਈ। ਉਨ੍ਹਾਂ ਕਿਹਾ ਕਿ ਅਜਿਹੇ ਸਮੇਂ ਵਿੱਚ ਧਿਆਨ ਅਤੇ ਆਤਮਕ ਅਨੁਸ਼ਾਸਨ ਬਹੁਤ ਜ਼ਰੂਰੀ ਹਨ ਤਾਂ ਜੋ ਇਨਸਾਨ ਆਪਣੀ ਅਸਲ ਪਹਚਾਣ ਨਾਲ ਮੁੜ ਜੁੜ ਸਕੇ।

ਇਸ ਮੁਲਾਕਾਤ ਦੌਰਾਨ, ਦਲਜੀਤ ਅਜਨੋਹਾ ਨੇ ਅਰਥਪੂਰਨ ਤੇ ਸੋਚਣ ਲਈ ਮਜਬੂਰ ਕਰਨ ਵਾਲੇ ਸਵਾਲ ਪੁੱਛੇ, ਜਿਨ੍ਹਾਂ ਦਾ ਸੁਆਮੀ ਜੀ ਨੇ ਬੜੀ ਗਹਿਰਾਈ ਤੇ ਬੁੱਧੀਮਤਤਾ ਨਾਲ ਜਵਾਬ ਦਿੱਤਾ। ਇਹ ਉੱਤਰ ਨਾ ਸਿਰਫ਼ ਸਮੇਂ ਰਾਹੀਂ ਕਾਇਮ ਰਹਿਣ ਵਾਲੇ ਹਨ, ਸਗੋਂ ਅੱਜ ਦੇ ਸਮੇਂ ਲਈ ਵੀ ਬਹੁਤ ਸਾਰਥਕ ਹਨ।

ਇਸ ਸੰਵਾਦ ਨੇ ਇਕ ਵੱਡੀ ਸੱਚਾਈ ਨੂੰ ਦੁਹਰਾਇਆ-ਆਧਿਆਤਮਿਕ ਜਾਗਰੂਕਤਾ ਧਰਮ, ਜਾਤ ਜਾਂ ਪੰਥ ਉੱਤੇ ਨਹੀਂ, ਸਗੋਂ ਇਕ ਇਨਸਾਨ ਦੀ ਸੱਚੀ ਖੋਜ ਅਤੇ ਮਨ ਦੀ ਏਕਾਗਰਤਾ ਉੱਤੇ ਨਿਰਭਰ ਕਰਦੀ ਹੈ।

# ਨਸ਼ਾ ਤਸਕਰਾਂ ਦੀ 61 ਲੱਖ ਦੀ ਅਚੱਲ ਤੇ 2 ਲੱਖ ਦੀ ਚੱਲ ਜਾਇਦਾਦ ਫਰੀਜ਼ ਕੀਤੀ ਗਈ : ਡੀ ਐਸ ਪੀ ਜਸਪ੍ਰੀਤ ਸਿੰਘ

## ਸਬ ਡਿਵੀਜ਼ਨ ਗੜ੍ਹਸ਼ੰਕਰ ਵਿਚੋਂ 52 ਨੌਜਵਾਨ ਵੱਖ-ਵੱਖ ਨਸ਼ਾ ਛੁਡਾਊ ਕੇਂਦਰਾਂ ਵਿੱਚ ਭੇਜ ਚੁੱਕੇ ਹਨ





ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੁਲਿਸ ਥਾਣਾ ਮਾਹਿਲ ਪੁਰ ਦੇ ਪਿੰਡ ਹਵੇਲੀ ਰੋਡ ਦੇ ਨਿਵਾਸੀ 2 ਸਕੇ ਨਸ਼ਾ ਤਸਕਰ ਭਰਾਵਾਂ ਦੀ 61ਲੱਖ ਫਲਦੀ ਅਚੱਲ ਤੇ 2 ਲੱਖ ਦੀ ਚੱਲ ਜਾਇਦਾਦ ਫਰੀਜ ਕੀਤੀ ਗਈ ਇਸ ਸਬੰਧੀ ਡੀ ਐਸ ਪੀ ਗੜ੍ਹਸ਼ੰਕਰ ਜਸਪ੍ਰੀਤ ਸਿੰਘ ਹੋਰਾਂ ਦੱਸਿਆ ਕਿ ਸਰਕਾਰ ਵਲੋਂ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿਮ ਦੇ ਤਹਿਤ ਇਹ ਕਾਰਵਾਈ ਕੀਤੀ ਗਈ ਹੈ ਉਨਾਂ ਦੱਸਿਆ ਕਿ ਉਪਰੋਕਤ ਦੋਨੋ ਨਸ਼ਾ ਤਸਕਰ ਇਸ ਮੌਕੇ ਜੇਲ ਵਿੱਚ ਹਨ ਤੇ ਪਿਛਲੇ ਸਮੇਂ ਜਦੋਂ ਉਹ ਜੇਲ੍ਹ ਵਿਚੋਂ ਬਾਹਰ ਆਏ ਤਾਂ ਉਨ੍ਹਾਂ ਨੇ ਫਿਰ ਨਸ਼ਾ ਤਸਕਰੀ ਦਾ ਕੰਮ ਸ਼ੁਰੂ ਕਰ ਦਿੱਤਾ ਸੀ ਪੁਲਸ ਦੀ ਕਾਫੀ ਸਮੇਂ ਤੋਂ ਉਨਾਂ ਤੇ ਨਿਗਾਹ ਸੀ ਪੂਰੀ ਜਾਂਚ ਉਪਰੰਤ ਪੁਲਸ ਵਲੋਂ ਉਨ੍ਹਾਂ ਦੀ ਜਾਇਦਾਦ ਫਰੀਜ ਕੀਤੀ ਗਈ ਹੈ ਯੁੱਧ ਨਸ਼ਿਆਂ ਵਿਰੁੱਧ ਮੁਹਿਮ ਸਬੰਧੀ ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਰੋਜ਼ਾਨਾ ਆਪਣੇ ਹਲਕੇ ਦੇ 5/6 ਪਿੰਡ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਦੀ ਅਗਵਾਈ ਵਿੱਚ ਮੀਟਿੰਗਾਂ ਕਰਕੇ ਲੋਕਾਂ ਨੂੰ ਨਸ਼ਿਆ ਤੋਂ ਬਚਣ ਲਈ ਜਾਗਰੂਕ ਕਰਦੇ ਹਨ ਤੇ ਇਸੇ ਤਰ੍ਹਾਂ ਮਾਹਿਲ ਪੁਰ ਦੇ ਕੁਝ ਪਿੰਡ ਐਮ ਪੀ ਡਾਕਟਰ ਰਾਜ ਕੁਮਾਰ ਚੱਬੇਵਾਲ ਤੇ ਵਿਧਾਇਕ ਡਾਕਟਰ ਇਸ਼ਾਕ ਕੁਮਾਰ ਦੀ ਅਗਵਾਈ ਵਿੱਚ ਕਰਦੇ ਹਨ ਉਨ੍ਹਾਂ ਦੱਸਿਆ ਕਿ ਉਸ ਮੁਹਿਮ ਤਹਿਤ ਉਨਾਂ ਨੂੰ ਲੋਕਾਂ ਦਾ ਭਰਪੂਰ ਸਹਿਯੋਗ ਮਿਲ ਰਿਹਾ ਹੈ ਲੋਕ ਜਿੱਥੇ ਆਪਣੇ ਕਿਸੇ ਪਰਿਵਾਰ ਦੇ ਮੈਂਬਰ ਦੇ ਨਸ਼ੇ ਵਿੱਚ ਗ੍ਰਸਤ ਹੋਣ ਨੂੰ ਤੌਹੀਨ ਸਮਝਦੇ ਸਨ ਤੇ ਸਾਹਮਣੇ ਨਹੀਂ ਆਉਂਦੇ ਸਨ ਹੁਣ ਉਹ ਪੁਲਸ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਕਾਰਨ ਇਲਾਜ਼ ਲਈ ਬਿਨਾਂ ਝਿਜਕ ਸਾਹਮਣੇ ਆਉਂਦੇ ਹਨ ਤੇ ਨਸ਼ਾ ਤਸਕਰਾਂ ਦੀ ਜਾਣਕਾਰੀ ਵੀ ਬਿਨਾਂ ਕਿਸੇ ਡਰ ਭੈਅ ਦੇ ਜਾਣਕਾਰੀ ਦਿੰਦੇ ਹਨ ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਤਰ੍ਹਾਂ ਦੇ ਲੋਕਾਂ ਦੇ ਜਾਇਦਾਦ ਤੇ ਰਹਿਣ ਸਹਿਣ ਦੇ ਭ੍ਰਮਿਤ ਨਾ ਹੋਣ ਕਿਉਂਕਿ ਇਸ ਤਰ੍ਹਾਂ ਦੀ ਕਮਾਈ ਜਿਆਦਾ ਤਰ ਨੁਕਸਾਨ ਦੇਹ ਹੁੰਦੀ ਹੈ ਤੇ ਕਦੀ ਕਦੀ ਉਸ ਤੇ ਅਧਿਕਾਰ ਸਰਕਾਰ ਦਾ ਹੀ ਹੁੰਦਾ ਹੈ ਇਸ ਮੌਕੇ ਥਾਣਾ ਮੁੱਖੀ ਪਰਵਿੰਦਰ ਜੀਤ ਪਾਲ ਸਿੰਘ ਤੇ ਉਨ੍ਹਾਂ ਦੀ ਟੀਮ ਗੁਰਨੇਕ ਸਿੰਘ, ਸੁਖਵਿੰਦਰ ਸਿੰਘ, ਸਤਨਾਮ ਸਿੰਘ, ਰਮਨਦੀਪ ਕੌਰ ਸਬ ਇੰਸਪੈਕਟਰ, ਅਮਰਜੀਤ ਸਿੰਘ, ਸੁਖਵਿੰਦਰ ਸਿੰਘ, ਸੁਖਪ੍ਰੀਤ ਸਿੰਘ ਤੇ ਹੋਰ ਕਰਮਚਾਰੀ ਹਾਜਰ ਸਨ।

# ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਵੱਲੋਂ ਪ੍ਰੋ. ਨਜ਼ਮ ਰਿਆਜ਼ ਹੋਰਾਂ ਨਾਲ ਵਿਸ਼ੇਸ਼ ਗੱਲਬਾਤ — 'FutureReady School' ਦੀ ਸ਼ੁਰੂਆਤ ਦਾ ਐਲਾਨ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਹੁਸ਼ਿਆਰਪੁਰ ਦੇ ਪ੍ਰਸਿੱਧ ਵਿਦਿਆ ਸੰਸਥਾਨ ਵਿਦਿਆ ਮੰਦਰ ਸਕੂਲ ਦੀ 75ਵੀਂ ਵਰ੍ਹੇਗੰਢ ਮੌਕੇ ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨੇ ਪ੍ਰਸਿੱਧ ਵਿਦਵਾਨ ਅਤੇ ਸਿੱਖਿਆ ਸ਼ਾਸਤਰੀ ਪ੍ਰੋ. ਨਜ਼ਮ ਰਿਆਜ਼ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਪ੍ਰੋ. ਰਿਆਜ਼ ਨੇ ਇਕ ਨਵੇਂ ਸਿੱਖਿਆਤਮਕ ਉਪਰਾਲੇ 'FutureReady School' ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ।

ਪ੍ਰੋ. ਨਜ਼ਮ ਰਿਆਜ਼ ਨੇ ਦੱਸਿਆ ਕਿ ਇਸ ਨਵੇਂ ਸਕੂਲ ਦਾ ਮਕਸਦ 10ਵੀਂ ਜਾਂ 12ਵੀਂ ਪਾਸ ਕਰ ਚੁੱਕੇ ਉਹ ਵਿਦਿਆਰਥੀ ਹਨ, ਜੋ ਆਪਣੇ ਭਵਿੱਖ ਨੂੰ ਲੈ ਕੇ ਉਲਝਣ ਵਿੱਚ ਰਹਿੰਦੇ ਹਨ ਕਿ ਕਿਹੜਾ ਕੋਰਸ ਕਰਨਾ ਚਾਹੀਦਾ ਹੈ ਜਾਂ ਕਿਹੜੇ ਖੇਤਰ ਵਿਚ ਕਰੀਅਰ ਬਣਾਉਣਾ ਚਾਹੀਦਾ ਹੈ। FutureReady School ਵਿਦਿਆਰਥੀਆਂ ਨੂੰ ਰੁਚੀ ਅਨੁਸਾਰ ਕੋਰਸ ਚੁਣਨ, ਕਰੀਅਰ ਗਾਈਡੈਂਸ, ਸਕਿਲ ਡਿਵੈਲਪਮੈਂਟ, ਅਤੇ ਉਦਯੋਗ ਨਾਲ ਜੁੜੇ ਅਨੁਭਵ ਰਾਹੀਂ ਭਵਿੱਖ ਲਈ ਤਿਆਰ ਕਰੇਗਾ।

ਉਨ੍ਹਾਂ ਕਿਹਾ, "ਅੱਜ ਸਿੱਖਿਆ ਸਿਰਫ਼ ਅੰਕ ਲੈਣ ਤੱਕ ਸੀਮਤ ਨਹੀਂ ਰਹਿ ਗਈ। ਜਦ ਤੱਕ ਵਿਦਿਆਰਥੀਆਂ ਨੂੰ ਆਪਣੀ ਯੋਗਤਾ ਅਤੇ ਰੁਝਾਨ ਦੇ ਬਾਰੇ ਨਹੀਂ ਪਤਾ ਲੱਗਦਾ, ਉਹ ਭਟਕਦੇ ਰਹਿੰਦੇ ਹਨ। FutureReady School ਇਸ ਖਾਲੀਪਨ ਨੂੰ ਪੂਰਾ ਕਰਨ ਦਾ ਉਦੇਸ਼ ਰੱਖਦੀ ਹੈ। ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨੇ ਪ੍ਰੋ. ਰਿਆਜ਼ ਦੀ ਇਸ ਸੋਚ ਦੀ ਸਿਫ਼ਤ ਕਰਦਿਆਂ ਕਿਹਾ ਕਿ ਇਹ ਇੱਕ ਇਨਕਲਾਬੀ ਕਦਮ ਹੈ ਜੋ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਦੇਵੇਗਾ। ਉਨ੍ਹਾਂ ਕਿਹਾ ਕਿ ਅਜਿਹੀਆਂ ਸਿੱਖਿਆਤਮਕ ਸੰਸਥਾਵਾਂ ਦੀ ਲੋੜ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਮੰਗ ਹੈ।

ਇਸ ਸਮਾਰੋਹ ਵਿੱਚ ਸ਼ਹਿਰ ਦੇ ਕਈ ਪ੍ਰਮੁੱਖ ਸਿੱਖਿਆਸ਼ਾਸਤਰੀ, ਸਮਾਜਿਕ ਸਰਗਰਮੀਆਂ ਨਾਲ ਜੁੜੇ ਲੋਕ, ਪੁਰਾਣੇ ਵਿਦਿਆਰਥੀ ਅਤੇ ਹੋਰ ਮਹਾਨੁਭਾਵ ਹਾਜ਼ਰ ਸਨ। ਵਿਦਿਆ ਮੰਦਰ ਸਕੂਲ ਦੇ ਇਤਿਹਾਸ ਅਤੇ ਉਪਲਬਧੀਆਂ ਨੂੰ ਵੀ ਵਿਸ਼ੇਸ਼ ਰੂਪ ਵਿੱਚ ਉਜਾਗਰ ਕੀਤਾ ਗਿਆ।

FutureReady School ਦੀ ਆਉਣ ਵਾਲੀ ਸ਼ੁਰੂਆਤ ਨੂੰ ਲੈ ਕੇ ਨੌਜਵਾਨਾਂ ਅਤੇ ਮਾਪਿਆਂ ਵਿੱਚ ਉਤਸ਼ਾਹ ਵਧਦਾ ਨਜ਼ਰ ਆ ਰਿਹਾ ਹੈ ਅਤੇ ਉਮੀਦ ਕੀਤੀ ਜਾ ਰਹੀ ਹੈ ਕਿ ਇਹ ਸੰਸਥਾ ਬੱਚਿਆਂ ਦੇ ਭਵਿੱਖ ਨਿਰਮਾਣ ਵਿੱਚ ਇਕ ਨਵਾਂ ਮਾਪਦੰਡ ਸਾਬਤ ਹੋਵੇਗੀ।

# ਮਾਹਿਲਪੁਰ 'ਚ ਡੀ.ਜੀ.ਪੀ. ਡਾ. ਨਰੇਸ਼ ਕੁਮਾਰ ਅਰੋੜਾ ਵੱਲੋਂ ਨਸ਼ਾ ਮੁਕਤੀ ਸੰਬੰਧੀ ਵੱਡਾ ਸਮਾਗਮ, ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਦਿੱਤੀ ਸਪਸ਼ਟ ਅਪੀਲ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਿਆਂ ਵਿਰੁੱਧ ਯੁੱਧ ਅਭਿਆਨ ਤਹਿਤ, ਅੱਜ ਏ.ਡੀ.ਜੀ.ਪੀ. (ਹਿਊਮਨ ਰਾਈਟਸ) ਡਾ. ਨਰੇਸ਼ ਕੁਮਾਰ ਅਰੋੜਾ ਨੇ ਮਾਹਿਲਪੁਰ ਵਿਖੇ ਇੱਕ ਨਿੱਜੀ ਪੈਲੇਸ 'ਚ ਆਯੋਜਿਤ ਵਿਸ਼ਾਲ ਸਮਾਗਮ ਦੌਰਾਨ ਭਾਰੀ ਸੰਖਿਆ ਵਿੱਚ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕੀਤਾ।

ਇਸ ਮੌਕੇ ਉਨ੍ਹਾਂ ਨੇ ਨਸ਼ਿਆਂ ਦੇ ਵੱਧ ਰਹੇ ਚਲਣ 'ਤੇ ਚਿੰਤਾ ਪ੍ਰਗਟਾਈ ਅਤੇ ਕਿਹਾ ਕਿ ਇਹ ਸਮਾਜ ਅਤੇ ਨੌਜਵਾਨੀ ਦੀ ਜੜਾਂ ਨੂੰ ਖੋਖਲਾ ਕਰ ਰਿਹਾ ਹੈ। ਡਾ. ਅਰੋੜਾ ਨੇ ਲੋਕਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਨਸ਼ਿਆਂ ਤੋਂ ਪਾਰ ਰਹਿਣ ਦੀ ਸੰਜੀਵਨੀ ਸ਼ਪਥ ਲੈਣ ਅਤੇ ਆਪਣੇ ਪਰਿਵਾਰ, ਗਾਂਵ ਤੇ ਸ਼ਹਿਰ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਆਪਣੀ ਭੂਮਿਕਾ ਨਿਭਾਉਣ।

ਉਨ੍ਹਾਂ ਸਾਫ ਕੀਤਾ ਕਿ ਨਸ਼ਾ ਕੇਵਲ ਨਿੱਜੀ ਮੁੱਦਾ ਨਹੀਂ, ਸਗੋਂ ਸਮਾਜਕ ਬਿਮਾਰੀ ਹੈ ਜਿਸ ਨਾਲ ਲੜਨ ਲਈ ਹਰ ਇੱਕ ਨਾਗਰਿਕ ਦੀ ਭੂਮਿਕਾ ਜ਼ਰੂਰੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਉਹਨਾਂ ਕੋਲ ਕਿਸੇ ਵੀ ਤਸਕਰ ਜਾਂ ਨਸ਼ਾ ਫੈਲਾਉਣ ਵਾਲੇ ਤੱਤ ਦੀ ਜਾਣਕਾਰੀ ਹੋਵੇ, ਤਾਂ ਉਹ ਤੁਰੰਤ ਪੁਲਿਸ ਨੂੰ ਜਾਣਕਾਰੀ ਦੇਣ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਜਾਣਕਾਰੀ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ ਅਤੇ ਉਨ੍ਹਾਂ ਦੀ ਸੁਰੱਖਿਆ ਸਰਕਾਰ ਦੀ ਜ਼ਿੰਮੇਵਾਰੀ ਹੋਵੇਗੀ।

ਡਾ. ਅਰੋੜਾ ਨੇ ਦੱਸਿਆ ਕਿ ਪੰਜਾਬ ਪੁਲਿਸ ਵੱਲੋਂ ਹਰ ਜ਼ਿਲ੍ਹੇ ਵਿੱਚ ਨਸ਼ਾ ਵਿਰੋਧੀ ਟਾਸਕ ਫੋਰਸ ਬਣਾਈ ਗਈ ਹੈ, ਜੋ ਨਸ਼ਾ ਮਾਫੀਆ ਖ਼ਿਲਾਫ਼ ਕੜੀ ਕਾਰਵਾਈ ਕਰ ਰਹੀ ਹੈ।

ਸਮਾਗਮ ਦੌਰਾਨ ਕਈ ਸਥਾਨਕ ਸਮਾਜ ਸੇਵੀ ਸੰਸਥਾਵਾਂ ਅਤੇ ਸਿੱਖਿਆ ਸੰਸਥਾਵਾਂ ਨੇ ਵੀ ਆਪਣੀ ਭੂਮਿਕਾ ਨਿਭਾਉਂਦੇ ਹੋਏ ਨਸ਼ਾ ਮੁਕਤੀ ਦੀ ਸ਼ਪਥ ਲਈ।

ਇਸ ਮੌਕੇ 'ਤੇ ਮਾਹਿਲਪੁਰ ਅਤੇ ਆਸ-ਪਾਸ ਦੇ ਪਿੰਡਾਂ ਤੋਂ ਆਏ ਲੋਕਾਂ ਨੇ ਡਾ. ਅਰੋੜਾ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਉਣ ਦਾ ਸੰਕਲਪ ਕੀਤਾ।

# ਬੱਚਿਆਂ 'ਤੇ ਵਧ ਰਹੀ ਮੋਬਾਈਲ ਦੀ ਲਤ ਦਾ ਅਸਰ, ਸੁਰ ਸੰਗਮ ਟਰਸਟ ਵੱਲੋਂ ਸ਼ੁਰੂ ਹੋਈ ਵਿਲੱਖਣ ਪਹਿਲ: ਬਲਜਿੰਦਰ ਮਾਨ ਨੇ ਕੀਤੀ ਸਰਾਹਨਾ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਮੂਲ ਰੂਪ ਵਿੱਚ ਮੋਬਾਈਲ ਫ਼ੋਨ ਸੰਚਾਰ ਦੀ ਲੋੜ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਸੀ, ਪਰ ਸਮੇਂ ਦੇ ਨਾਲ ਇਹ ਹਰ ਉਮਰ ਦੇ ਲੋਕਾਂ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਗਿਆ ਹੈ। ਘਰੇਲੂ ਕੰਮ ਹੋਣ, ਦਫ਼ਤਰੀ ਕੰਮ ਹੋਣ, ਬੱਚਿਆਂ ਦੀ ਪੜਾਈ ਹੋਵੇ ਜਾਂ ਹੋਰ ਕੋਈ ਗਤੀਵਿਧੀ—ਅੱਜਕੱਲ੍ਹ ਹਰੇਕ ਕੰਮ ਲਈ ਲੋਕ ਮੋਬਾਈਲ ਫ਼ੋਨ 'ਤੇ ਨਿਰਭਰ ਹੋ ਗਏ ਹਨ। ਇਸ ਡਿਜੀਟਲ ਨਿਰਭਰਤਾ ਦਾ ਸਭ ਤੋਂ ਵੱਡਾ ਅਸਰ ਬੱਚਿਆਂ 'ਤੇ ਪੈ ਰਿਹਾ ਹੈ। ਵਿਸ਼ੇਸ਼ਜ਼ਾਂ ਦਾ ਕਹਿਣਾ ਹੈ ਕਿ ਲਗਾਤਾਰ ਮੋਬਾਈਲ ਦੇ ਸੰਪਰਕ 'ਚ ਰਹਿਣ ਨਾਲ ਬੱਚੇ ਮਾਨਸਿਕ ਅਤੇ ਸ਼ਾਰਰੀਕ ਤੌਰ 'ਤੇ ਕਮਜ਼ੋਰ ਹੋ ਰਹੇ ਹਨ। ਇਸ ਚਿੰਤਾ ਨੂੰ ਦੇਖਦਿਆਂ ਸੁਰ ਸੰਗਮ ਟਰਸਟ ਵੱਲੋਂ ਸਮਾਜ ਵਿੱਚ ਇਕ ਸਕਾਰਾਤਮਕ ਪਹਿਲ ਕੀਤੀ ਗਈ ਹੈ। ਨਿੱਕੀਆਂ ਕਰੂੰਬਲਾ ਦੀ ਅਗਵਾਈ ਹੇਠ ਟਰਸਟ ਨੇ ਬੱਚਿਆਂ ਨੂੰ ਉਨ੍ਹਾਂ ਦੀ ਉਮਰ ਅਨੁਸਾਰ ਗਿਆਨਵਰਧਕ ਕਿਤਾਬਾਂ ਵੰਡਣ ਦਾ ਕਾਰਜਕ੍ਰਮ ਸ਼ੁਰੂ ਕੀਤਾ ਹੈ। ਇਹ ਕਾਰਜਕ੍ਰਮ ਇਸ ਮਾਇਨੇ ਵਿੱਚ ਖ਼ਾਸ ਹੈ ਕਿ ਕਿਤਾਬਾਂ ਪਹਿਲਾਂ ਅਧਿਆਪਕਾਂ ਨੂੰ ਦਿੱਤੀਆਂ ਜਾਂਦੀਆਂ ਹਨ, ਜੋ ਪਹਿਲਾਂ ਖੁਦ ਪੜ੍ਹਦੇ ਹਨ ਅਤੇ ਫਿਰ ਬੱਚਿਆਂ ਨੂੰ ਉਨ੍ਹਾਂ ਦੀ ਭਾਸ਼ਾ ਅਤੇ ਸਮਝ ਅਨੁਸਾਰ ਗਿਆਨ ਪ੍ਰਦਾਨ ਕਰਦੇ ਹਨ। ਇਸ ਪਹਿਲ ਬਾਰੇ ਪ੍ਰਸਿੱਧ ਲੇਖਕ, ਬੁੱਧਿਜੀਵੀ ਅਤੇ ਸਿੱਖਿਆ ਵਿਦ ਬਲਜਿੰਦਰ ਮਾਨ ਨਾਲ ਵਿਸ਼ੇਸ਼ ਗੱਲਬਾਤ ਕੀਤੀ ਗਈ। ਉਨ੍ਹਾਂ ਨੇ ਟਰਸਟ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ, 'ਅੱਜ ਦੇ ਸਮੇਂ ਵਿੱਚ ਬੱਚਿਆਂ ਨੂੰ ਮੋਬਾਈਲ ਦੀ ਦੁਨੀਆ ਤੋਂ ਬਾਹਰ ਕੱਢ ਕੇ ਉਨ੍ਹਾਂ ਨੂੰ ਕਿਤਾਬਾਂ ਦੀ ਸੰਸਕ੍ਰਿਤੀ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਸੁਰ ਸੰਗਮ ਟਰਸਟ ਦਾ ਇਹ ਕਦਮ ਨਿਸ਼ਚਤ ਤੌਰ 'ਤੇ ਇਕ ਮਿਸਾਲ ਬਣੇਗਾ।' ਸਥਾਨਕ ਸਮਾਜ ਸੇਵਕਾਂ ਅਤੇ ਸਿੱਖਿਆ ਵਿਦਵਾਨਾਂ ਨੇ ਵੀ ਇਸ ਪਹਿਲ ਦਾ ਸਵਾਗਤ ਕਰਦਿਆਂ ਇਸਨੂੰ ਸਮੇਂ ਦੀ ਲੋੜ ਦੱਸਿਆ ਹੈ।

# ਗੜਸ਼ੰਕਰ ਵਿਧਾਇਕ ਅਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਦਲਜੀਤ ਅਜਨੋਹਾ ਨਾਲ ਵਿਸ਼ੇਸ਼ ਮੁਲਾਕਾਤ ਦੌਰਾਨ ਰੱਖੇ ਅਹਿਮ ਵਿਚਾਰ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਵਰਿਸ਼ਠ ਪੱਤਰਕਾਰ ਦਲਜੀਤ ਅਜਨੋਹਾ ਨਾਲ ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਮੌਜੂਦਾ ਸਿਆਸੀ ਅਤੇ ਸਮਾਜਿਕ ਮਸਲਿਆਂ 'ਤੇ ਖੁਲ੍ਹ ਕੇ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਆਮ ਆਦਮੀ ਪਾਰਟੀ ਸਰਕਾਰ ਵਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ, ਸਿੱਖਿਆ ਅਤੇ ਸਿਹਤ ਖੇਤਰ ਵਿੱਚ ਆ ਰਹੇ ਸੁਧਾਰਾਂ ਅਤੇ ਨਸ਼ਿਆਂ ਦੇ ਖਿਲਾਫ ਚਲ ਰਹੀ ਮੁਹਿੰਮ ਸਬੰਧੀ ਅਹੰ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਰੋੜੀ ਨੇ ਦੱਸਿਆ ਕਿ 'ਸਿੱਖਿਆ ਕ੍ਰਾਂਤੀ' ਤਹਿਤ ਗੜ੍ਹਸ਼ੰਕਰ ਹਲਕੇ ਦੇ ਸਰਕਾਰੀ ਸਕੂਲਾਂ ਨੂੰ ਆਧੁਨਿਕ ਸੁਵਿਧਾਵਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਹਾਲ ਹੀ ਵਿੱਚ ਕਈ ਸਕੂਲਾਂ ਵਿੱਚ ਨਵੇਂ ਭਵਨ ਅਤੇ ਸਮਾਰਟ ਕਲਾਸਰੂਮ ਦਾ ਉਦਘਾਟਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਸਿੱਖਿਆ ਨੂੰ ਆਪਣੀ ਪਹਿਲੀ ਪ੍ਰਾਥਮਿਕਤਾ ਦੇ ਰਹੀ ਹੈ ਅਤੇ ਵਿਦਿਆਰਥੀਆਂ ਨੂੰ ਉੱਚ ਗੁਣਵੱਤਾ ਵਾਲੀ ਸਿੱਖਿਆ ਦੇਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿਹਤ ਖੇਤਰ ਸਬੰਧੀ ਗੱਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਜਲਦੀ ਹੀ ਇਲਾਕੇ ਨੂੰ ਨਵਾਂ ਮੈਡੀਕਲ ਕਾਲਜ ਮਿਲਣ ਜਾ ਰਿਹਾ ਹੈ, ਜਿਸ ਨਾਲ ਨਾ ਸਿਰਫ਼ ਇਥੋਂ ਦੇ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਮਿਲਣਗੀਆਂ, ਸਗੋਂ ਨੌਜਵਾਨਾਂ ਲਈ ਮੈਡੀਕਲ ਸਿੱਖਿਆ ਖੇਤਰ ਵਿੱਚ ਨਵੇਂ ਮੌਕੇ ਵੀ ਉਪਲਬਧ ਹੋਣਗੇ।

ਨਸ਼ਿਆਂ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਸਰਕਾਰ ਇਸ ਸੰਕਟ ਨੂੰ ਲੈ ਕੇ ਬਹੁਤ ਗੰਭੀਰ ਹੈ। ਪੁਲਿਸ ਅਤੇ ਪ੍ਰਸ਼ਾਸਨ ਦੀ ਸਹਿਯੋਗ ਨਾਲ ਨਸ਼ਾ ਤਸਕਰਾਂ ਖ਼ਿਲਾਫ ਕੜੀ ਕਾਰਵਾਈ ਕੀਤੀ ਜਾ ਰਹੀ ਹੈ। ਨਾਲ ਹੀ ਜਾਗਰੂਕਤਾ ਮੁਹਿੰਮਾਂ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਦੇ ਕੁਝ ਪਿੰਡਾਂ ਦੀ ਪ੍ਰਸ਼ਾਸਨਿਕ ਅਦਲਾ-ਬਦਲੀ ਸਬੰਧੀ ਵੀ ਉਨ੍ਹਾਂ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਇਸ ਨਾਲ ਖੇਤਰੀ ਵਿਕਾਸ ਨੂੰ ਤੇਜ਼ੀ ਮਿਲੇਗੀ ਅਤੇ ਲੋਕਾਂ ਨੂੰ ਹੋਰ ਵਧੀਆ ਸੁਵਿਧਾਵਾਂ ਮਿਲਣਗੀਆਂ। ਬਾਈਪਾਸ ਬਣਾਉਣ ਦੇ ਮਾਮਲੇ ਵਿੱਚ ਵੀ ਉਨ੍ਹਾਂ ਦੱਸਿਆ ਕਿ ਸਰਕਾਰ ਇਸ 'ਤੇ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਅਤੇ ਜਲਦੀ ਹੀ ਲੋਕਾਂ ਨੂੰ ਇਸ ਦਾ ਲਾਭ ਮਿਲੇਗਾ।

ਆਖ਼ਰ ਵਿੱਚ, ਜੈ ਕ੍ਰਿਸ਼ਨ ਸਿੰਘ ਰੋੜੀ ਨੇ ਆਮ ਆਦਮੀ ਪਾਰਟੀ ਦੀ ਨੀਤੀਆਂ, ਯੋਜਨਾਵਾਂ ਅਤੇ ਕੰਮਕਾਜ 'ਤੇ ਪੂਰਾ ਭਰੋਸਾ ਜਤਾਉਂਦੇ ਹੋਏ ਕਿਹਾ ਕਿ ਪਾਰਟੀ ਲੋਕ-ਭਲਾਈ ਲਈ ਵਚਨਬੱਧ ਹੈ ਅਤੇ ਖੇਤਰੀ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਲਈ ਨਿਰੰਤਰ ਯਤਨ ਕਰ ਰਹੀ ਹੈ।

# ਯੁੱਧ ਨਸ਼ਿਆ ਵਿਰੁੱਧ "ਮੁਹਿਮ ਤਹਿਤ ਚੱਬੇਵਾਲ ਵਿਧਾਇਕ ਡਾ. ਇਸ਼ਾਂਕ ਦੀ ਇੱਕ ਅਨੋਖੀ ਪਹਿਲ

## ਸਮੂਹ ਸੰਤ ਸਮਾਜ ਦੇ ਅਸ਼ੀਰਵਾਦ ਨਾਲ ਨਸ਼ਿਆਂ ਵਿਰੁੱਧ ਯੁੱਧ ਦੀ ਸਫਲਤਾ ਲਈ ਕੀਤੀ ਅਰਦਾਸ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਜਿੱਥੇ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ-ਨਿਰਦੇਸ਼ਾਂ ਤਹਿਤ ਪੂਰੇ ਪੰਜਾਬ ਵਿੱਚ ਨਸ਼ਿਆਂ ਖਿਲਾਫ ਯੁੱਧ ਵਿੱਚ ਵੱਖ-ਵੱਖ ਉਪਰਾਲੇ ਕਰ ਨਸ਼ਿਆਂ 'ਤੇ ਠੱਲ੍ਹ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਉੱਥੇ ਇਸ ਮੁਹਿੰਮ ਤਹਿਤ ਅੱਜ ਹਲਕਾ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਇੱਕ ਅਨੋਖਾ ਉਪਰਾਲਾ ਕਰਦੇ ਹੋਏ ਸਮਾਜ ਦੇ ਸਭ ਤੋਂ ਪ੍ਰਭਾਵਸ਼ਾਲੀ ਅੰਗ ਭਾਵ ਸਮੂਹ ਸੰਤ ਸਮਾਜ ਨੂੰ ਬੇਨਤੀ ਕਰਕੇ ਪੰਜਾਬ ਨੂੰ ਇਸ ਨਸ਼ੇ ਦੇ ਚੁੰਗਲ ਤੋਂ ਕੱਢਣ ਲਈ ਵਾਹਿਗੁਰੂ ਜੀ ਦੇ ਚਰਨਾ ਵਿੱਚ ਅਰਦਾਸ ਕਰਕੇ, ਸਾਡੇ ਭਟਕੇ ਹੋਏ ਯੁਵਾ ਵਰਗ ਨੂੰ ਇਸ ਤੋਂ ਬਾਹਰ ਲਿਆਉਣ ਲਈ ਯਤਨ ਕਰਨ ਲਈ ਅਪੀਲ ਕੀਤੀ ਨਾਲ ਹੀ ਉਹਨਾਂ ਨੇ ਸਮੂਹ ਸੰਤ ਸਮਾਜ ਨੂੰ ਵੀ ਇਸ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ 'ਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ।



ਅੱਜ ਗੁਰਦਵਾਰਾ ਬਣਾ ਸਾਹਿਬ, ਬਾਹੋਵਾਲ ਵਿਖੇ ਸੁਖਮਨੀ ਸਾਹਿਬ ਪਾਠ ਦਾ ਆਯੋਜਨ ਕਰ ਅਰਦਾਸ ਕੀਤੀ ਗਈ ਜਿਸ ਵਿਚ ਸੈਂਕੜੇ ਸੰਤਾਂ ਮਹਾਤਮਾਵਾਂ, ਸਾਧ ਸੰਗਤ ਅਤੇ ਸਰਪੰਚਾਂ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਸੰਤ ਬਾਬਾ ਨਾਗਰ ਸਿੰਘ, ਸੰਤ ਬਾਬਾ ਹਰਮੀਤ ਸਿੰਘ, ਸੰਤ ਬਾਬਾ ਜਗਤਾਰ ਸਿੰਘ, ਸੰਤ ਬਲਰਾਜ ਸਿੰਘ ਜਿਆਣ, ਸੰਤ ਬਾਬਾ ਸੁੱਖਾ ਸਿੰਘ ਜੀ ਪੀਰਬਾਲਾ, ਸੰਤ ਬਾਬਾ ਅਮਰਜੀਤ ਸਿੰਘ ਹਰਖੋਵਾਲ, ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ, ਸੰਤ ਮਹਾਂਵੀਰ ਸਿੰਘ ਤਾਜੇਵਾਲ, ਸੰਤ ਪ੍ਰੀਤਮ ਸਿੰਘ ਬਾੜੀਆਂ, ਸੰਤ ਹਰਮਨਜੀਤ ਸਿੰਘ ਸਿੰਗੜੀਵਾਲਾ, ਸੰਤ ਬਲਬੀਰ ਸਿੰਘ ਹਰਿਆਣਾ, ਸੰਤ ਓਂਕਾਰ ਸਿੰਘ, ਬਾਬਾ ਜਰਨੈਲ ਸਿੰਘ, ਬਾਬਾ ਅਜੀਤ ਸਿੰਘ ਦਿਹਾਣਾ, ਸੰਤ ਰਣਜੀਤ ਸਿੰਘ ਬਾਹੋਵਾਲ, ਸੰਤ ਪਵਨ ਜੀ ਤਾਜੇਵਾਲ, ਸੰਤ ਰਾਜੇਸ਼ ਕੁਮਾਰ ਬਜਵਾੜਾ, ਸੰਤ ਹਰੀ ਕ੍ਰਿਸ਼ਨ ਸੋਢੀ ਠੱਕਰਵਾਲ, ਸੰਤ ਕਸ਼ਮੀਰਾ ਸਿੰਘ, ਸੰਤ ਜਗਤਾਰ ਸਿੰਘ ਨੇਕੀ ਵਾਲੇ, ਸੰਤ ਮੱਖਣ ਸਿੰਘ, ਸੰਤ ਬਲਵੀਰ ਸਿੰਘ ਟੂਟੋ ਮਜਾਰਾ, ਭਾਈ ਰਵਿੰਦਰ ਸਿੰਘ ਬਿਹਾਲਾ, ਸੰਤ ਬਾਬਾ ਗੁਰਦੇਵ ਸਿੰਘ ਬਜਵਾੜਾ, ਮੌਲਵੀ ਜੀ ਜੇਜੋਂ, ਸੰਤ ਸਤੋਖ ਸਿੰਘ ਭਾਰਟਾ ਓਤ ਅਜਮੇਰ ਸਿੰਘ ਬਾੜੀਆਂ , ਸੰਤ ਦਰਸ਼ਨ ਸਿੰਘ ਬੱਡੋਂ ਅਤੇ ਸੰਤਵੰਤ ਸਿੰਘ ਸਿਆਣ ਜ਼ਿਲ੍ਹਾ ਕੁਆਰਡੀਨੇਟ, ਹਰਦੀਪ ਸਿੰਘ ਬਾਹੋਵਾਲ ਆਦਿ ਸ਼ਾਮਿਲ ਸਨ।

ਡਾ. ਇਸ਼ਾਂਕ ਨੇ ਕਿਹਾ ਕਿ ਸਾਡੇ ਸੰਤ ਮਹਾਤਮਾਂ ਸਾਡੇ ਸਮਾਜ ਦਾ ਸਭ ਤੋਂ ਪ੍ਰਭਾਵਸ਼ਾਲੀ ਅੰਗ ਹਨ ਕਿਉਂਕਿ ਸਾਧ ਸੰਗਤ ਭਾਰੀ ਗਿਣਤੀ ਵਿੱਚ ਇਹਨਾਂ ਦੇ ਪ੍ਰਵਚਨਾ ਅਤੇ ਬਾਣੀ ਨੂੰ ਸੁਣ ਕੇ ਆਪਣੇ ਜੀਵਨ ਨੂੰ ਸਹੀ ਮਾਰਗ 'ਤੇ ਲਿਜਾਣ ਦਾ ਯਤਨ ਕਰਦੇ ਹਨ। ਇਸ ਕਰਕੇ ਜੋ ਪ੍ਰਭਾਵ ਸਾਡੇ ਯੁਵਾ ਵਰਗ ਅਤੇ ਉਹਨਾਂ ਦੇ ਪਰਿਵਾਰਾਂ ਤੇ ਇਸ ਸੰਤ ਸਮਾਜ ਦੀ ਸੋਚ ਅਤੇ ਮਾਰਗ ਦਰਸ਼ਨ ਦਾ ਹੋ ਸਕਦਾ ਹੈ, ਉਹ ਹੋਰ ਕਿਸੇ ਦਾ ਨਹੀਂ ਹੋ ਸਕਦਾ। ਇਸ ਲਈ ਮੈਂ ਇਹਨਾਂ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਨਸ਼ਿਆਂ ਖਿਲਾਫ ਲੜੇ ਜਾ ਰਹੇ ਇਸ ਯੁੱਧ ਵਿੱਚ ਸਾਡਾ ਭਰਪੂਰ ਸਾਥ ਦੇਣ ਅਤੇ ਨਾਲ ਹੀ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਨਸ਼ਿਆਂ ਦੇ ਇਸ ਕੋਹੜ ਤੋਂ ਨਿਜ਼ਾਤ ਪਾਉਣ ਲਈ ਅਰਦਾਸ ਵੀ ਕਰਨ।

ਇਸ ਮੌਕੇ ਤੇ ਹਲਕਾ ਹੁਸ਼ਿਆਰਪੁਰ ਲੋਕ ਸਭਾ ਤੋਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਵਿਸ਼ੇਸ ਤੌਰ ਤੇ ਇਸ ਸਮਾਗਮ ਵਿੱਚ ਸ਼ਾਮਿਲ ਹੋਏ ਅਤੇ ਉਹਨਾਂ ਨੇ ਗੁਰੁ ਚਰਨਾਂ ਵਿੱਚ ਆਪਣੀ ਹਾਜ਼ਰੀ ਭਰੀ। ਇਸ ਮੌਕੇ ਤੇ ਡਾ. ਇਸ਼ਾਂਕ ਵੱਲੋਂ ਕੀਤੇ ਗਏ ਇਸ ਅਨੋਖੇ ਉਪਰਾਲੇ ਲਈ ਉਹਨਾਂ ਨੇ ਉਹਨਾਂ ਦੀ ਸ਼ਲਾਘਾ ਕੀਤੀ ਅਤੇ ਨਾਲ ਹੀ ਸਮੂਹ ਮਹਾਂਪੁਰਸ਼ਾ ਅਤੇ ਸਾਧ ਸੰਗਤ ਦਾ ਇਸ ਉਪਰਾਲੇ ਵਿੱਚ ਸ਼ਾਮਿਲ ਹੋਣ ਲਈ ਸਵਾਗਤ ਅਤੇ ਧੰਨਵਾਦ ਕੀਤਾ।ਉਹਨਾਂ ਕਿਹਾ ਕਿ ਡਾ. ਇਸ਼ਾਂਕ ਕੁਮਾਰ ਖ਼ੁੱਦ ਇੱਕ ਯੁਵਾ ਹਨ ਅਤੇ ਉਹ ਪੰਜਾਬ ਦੀ ਯੂਥ ਦੀ ਸੋਚ ਤੋਂ ਭਲੀਭਾਂਤੀ ਜਾਣੂ ਹਨ ਅਤੇ ਉਹਨਾਂ ਨੂੰ ਪ੍ਰਭਾਵੀ ਢੰਗ ਨਾਲ ਪ੍ਰੇਰਿਤ ਕਰ ਸਕਦੇ ਹਨ। ਇਸ ਕਰਕੇ ਮੈਨੂੰ ਯਕੀਨ ਹੈ ਕਿ ਉਹਨਾਂ ਦੇ ਮਾਰਗ ਦਰਸ਼ਨ ਵਿੱਚ ਹਲਕਾ ਚੱਬਵੇਾਲ ਨੂੰ ਨਸ਼ਾ ਮੁਕਤ ਬਣਾਉਣ ਦਾ ਉਹਨਾਂ ਦਾ ਸੁਪਨਾ ਜਲਦ ਹੀ ਪੂਰਾ ਹੋਵੇਗਾ।

# ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਤੇ ਕੀਤੀ ਵਿਸ਼ੇਸ਼ ਗੱਲਬਾਤ - ਵਿਕਾਸ, ਸਿੱਖਿਆ ਅਤੇ ਨੌਕਰੀਆਂ ਸੰਬੰਧੀ ਵੀ ਦਿੱਤੀ ਮਹੱਤਵਪੂਰਨ ਜਾਣਕਾਰੀ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸਬੰਧੀ ਇਕ ਵਿਸ਼ੇਸ਼ ਗੱਲਬਾਤ ਦੌਰਾਨ ਕਈ ਅਹੰਮ ਮਸਲਿਆਂ 'ਤੇ ਆਪਣੀ ਰਾਏ ਦਿੱਤੀ। ਗੱਲਬਾਤ ਦੌਰਾਨ ਉਨ੍ਹਾਂ ਨੇ ਨਸ਼ਿਆਂ ਵਿਰੁੱਧ ਸਰਕਾਰ ਦੀ ਜ਼ੀਰੋ ਟੌਲਰੇਂਸ ਨੀਤੀ ਦੀ ਖੁੱਲ੍ਹ ਕੇ ਵਕਾਲਤ ਕੀਤੀ ਅਤੇ ਇਸਨੂੰ ਪੰਜਾਬ ਦੇ ਭਵਿੱਖ ਲਈ ਲਾਜ਼ਮੀ ਕਦਮ ਦੱਸਿਆ।

ਡਾ. ਚੱਬੇਵਾਲ ਨੇ ਕਿਹਾ, 'ਪੰਜਾਬ ਨੌਜਵਾਨਾਂ ਦੀ ਧਰਤੀ ਹੈ ਅਤੇ ਨਸ਼ਿਆਂ ਦੀ ਗਿਰਫਤ ਤੋਂ ਉਨ੍ਹਾਂ ਨੂੰ ਬਚਾਉਣਾ ਸਾਡੀ ਪਹਿਲੀ ਤਰਜੀਹ ਹੈ। ਇਸ ਸਬੰਧੀ ਸਰਕਾਰ ਵੱਲੋਂ ਪਿੰਡ ਪੱਧਰ 'ਤੇ ਜਾਗਰੂਕਤਾ ਕੈਂਪ, ਸਪੈਸ਼ਲ ਟਾਸਕ ਫੋਰਸ ਦੀ ਤਾਇਨਾਤੀ ਅਤੇ ਨਸ਼ਾ ਮੁਕਤੀ ਕੇਂਦਰਾਂ ਨੂੰ ਮਜ਼ਬੂਤ ਬਣਾਉਣ ਵਰਗੇ ਠੋਸ ਕਦਮ ਚੁੱਕੇ ਗਏ ਹਨ।' ਸਿੱਖਿਆ ਖੇਤਰ ਵਿੱਚ ਆ ਰਹੇ ਬਦਲਾਵਾਂ ਬਾਰੇ ਵੀ ਉਨ੍ਹਾਂ ਨੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ 'ਸਕੂਲ ਆਫ ਐਮੀਨੇਨਸ' ਵਰਗੀਆਂ ਯੋਜਨਾਵਾਂ ਰਾਹੀਂ ਸਰਕਾਰੀ ਸਕੂਲਾਂ ਦੀ ਕਾਇਆ ਪਲਟ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਬੱਚਿਆਂ ਨੂੰ ਆਧੁਨਿਕ ਤਕਨੀਕ ਅਤੇ ਖੁਲ੍ਹੇ ਵਿਚਾਰਾਂ ਵਾਲੀ ਸਿੱਖਿਆ ਮਿਲੇ ਤਾਂ ਜੋ ਉਹ ਵਿਸ਼ਵ ਪੱਧਰੀ ਮੁਕਾਬਲੇ ਲਈ ਤਿਆਰ ਹੋ ਸਕਣ।



ਮਾਈਨਿੰਗ ਦੇ ਮਸਲੇ 'ਤੇ ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀ ਪਾਰਦਰਸ਼ੀ ਨੀਤੀ ਅਧੀਨ ਸਾਰੇ ਮਾਈਨਿੰਗ ਕੰਮ ਦੀ ਨਿਗਰਾਨੀ ਕੀਤੀ ਜਾ ਰਹੀ ਹੈ ਤਾਂ ਜੋ ਗੈਰਕਾਨੂੰਨੀ ਖਣਨ ਰੋਕਿਆ ਜਾ ਸਕੇ ਅਤੇ ਸਰਕਾਰ ਨੂੰ ਆਮਦਨ ਦੀ ਹਾਨੀ ਨਾ ਹੋਵੇ। ਉਨ੍ਹਾਂ ਨੇ ਦੱਸਿਆ ਕਿ ਨਵੀਆਂ ਸੜਕਾਂ, ਪੁਲਾਂ ਅਤੇ ਸਿੰਚਾਈ ਪ੍ਰਾਜੈਕਟਾਂ 'ਤੇ ਵੀ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ।

ਨੌਕਰੀਆਂ ਸਬੰਧੀ ਗੱਲ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਸਰਕਾਰ ਨਿਯਮਤ ਤੌਰ 'ਤੇ ਰੋਜ਼ਗਾਰ ਮੇਲੇ ਲਗਾ ਰਹੀ ਹੈ ਅਤੇ ਸਕਿਲ ਡਿਵੈਲਪਮੈਂਟ ਪ੍ਰੋਗਰਾਮ ਨੂੰ ਵੀ ਵਧਾਏ ਜਾ ਰਹੇ ਹਨ ਤਾਂ ਜੋ ਨੌਜਵਾਨਾਂ ਨੂੰ ਸਰਕਾਰੀ ਤੇ ਨਿੱਜੀ ਖੇਤਰ ਵਿਚ ਰੋਜ਼ਗਾਰ ਮਿਲ ਸਕੇ।

ਡਾ. ਚੱਬੇਵਾਲ ਨੇ ਬਿਸਤ ਦੋਆਬ ਨਹਿਰ ਦੇ ਕਿਨਾਰੇ ਰੇਲਿੰਗ ਲਾਉਣ ਅਤੇ ਨੇੜਲੇ ਖੇਤਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣ ਬਾਰੇ ਵੀ ਆਪਣੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਦਿਸ਼ਾ ਵਿੱਚ DPR ਤਿਆਰ ਹੋ ਚੁੱਕੀ ਹੈ ਅਤੇ ਸਬੰਧਤ ਵਿਭਾਗਾਂ ਨੂੰ ਕੰਮ ਸ਼ੁਰੂ ਕਰਨ ਦੇ ਹੁਕਮ ਦਿੱਤੇ ਜਾ ਚੁੱਕੇ ਹਨ।

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ



**88 Second St, San Francisco**

ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ

ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।



ਆਪ ਸਭ ਨੂੰ ਹੁੰਮ-ਹੁੰਮਾ ਕੇ ਪਰਿਵਾਰ ਸਮੇਤ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।



ਸ੍ਰ. ਸੁਚਖੈਨ ਸਿੰਘ ਬੱਚਾਜੀਵੀ ਬੇਗੋਵਾਲ, ਸ੍ਰ. ਕੈਮੀ ਸਿੰਘ ਬੱਚਾਜੀਵੀ ਬੇਗੋਵਾਲ
ਅਤੇ ਸਮੂਹ ਬੱਚਾਜੀਵੀ ਪਰਿਵਾਰ

# ਜੂਨ 84 ਦਾ ਤੀਜਾ ਸ਼ਹੀਦੀ ਘੱਲੂਘਾਰਾ ਜਾਂ ਨੀਲਾ ਤਾਰਾ (ਆਪਰੇਸ਼ਨ ਬਲੂ ਸਟਾਰ) ?





ਇੱਕ ਸੰਖੇਪ ਜਿਹੀ ਗਾਥਾ ਸਾਂਝੀ ਕਰਦੇ ਹਾਂ। 23 ਮਈ 2025 ਨੂੰ ਵੈਨਕੂਵਰ ਦੇ ਸਮੁੰਦਰੀ ਤੱਟ 'ਤੇ ਗੁਰੂ ਨਾਨਕ ਜਹਾਜ਼ ਦੀ 111ਵੀਂ ਵਰ੍ਹੇਗੰਢ ਦੇ ਸਮਾਗਮ ਹੋਏ। ਇਥੋਂ ਹੀ ਗੁਰੂ ਨਾਨਕ ਜਹਾਜ਼ ਕੈਨੇਡਾ ਦੀ ਨਸਲਵਾਦੀ ਸਰਕਾਰ ਨੇ ਵਾਪਸ ਮੋੜਿਆ ਸੀ। ਸਮਾਗਮਾਂ ਵਿੱਚ ਬਜ਼ੁਰਗਾਂ, ਨੌਜਵਾਨਾਂ ਬੱਚਿਆਂ ਨੇ ਵੱਧ-ਚੜ ਕੇ ਹਿੱਸਾ ਲਿਆ। ਇਸ ਦੌਰਾਨ ਇੱਕ ਪੁਰਾਣੀ ਸੰਸਥਾ ਦੇ ਆਗੂਆਂ ਨੇ ਇੱਕ ਮੀਡੀਏ ਰਾਹੀਂ ਸਵਾਲ ਖੜੇ ਕਰ ਦਿੱਤੇ ਕਿ 'ਗੁਰੂ ਨਾਨਕ ਜਹਾਜ਼' ਨਾਂ ਹੀ ਕਿਉ ?, ਕਾਮਾਗਾਟਾ ਮਾਰੂ ਨਾਂ ਕਿਉਂ ਨਹੀਂ ? ਅਖੇ ਇਹੀ ਨਾਂ ਪਹਿਲਾਂ ਤੋਂ ਵਰਤਿਆ ਜਾਂਦਾ ਰਿਹਾ ਹੈ ਤੇ ਇਹੀ ਨਾਂ ਕਿਤਾਬਾਂ ਵਿੱਚ ਵੀ ਹੈ।' ਸੱਚ ਇਹ ਹੈ ਕਿ 'ਕਾਮਾਗਾਟਾ ਮਾਰੂ' ਕਰਾਏ 'ਤੇ ਲਏ ਜਹਾਜ਼ ਨਾਂ ਸੀ, ਜੋ ਬ੍ਰਿਟਿਸ਼ ਬ੍ਰਿਟਿਸ਼ ਕਲੋਨੀਅਲ ਸਿਸਟਮ ਨੇ ਸਾਡੇ ਮੂੰਹਾਂ ਅਤੇ ਦਿਮਾਗਾਂ ਵਿੱਚ ਪਾ ਦਿੱਤਾ, ਜਦ ਕਿ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਰਾਹੀਂ ਇਹ ਜਹਾਜ਼ ਬਾਬਾ ਗੁਰਦਿੱਤ ਸਿੰਘ ਨੇ 66 ਹਜ਼ਾਰ ਡਾਲਰ ਭਾੜਾ ਦੇ ਕੇ ਛੇ ਮਹੀਨੇ ਲਈ ਕਿਰਾਏ 'ਤੇ ਲਿਆ ਸੀ। ਦੇਸ਼ ਪੰਜਾਬ ਦੇ ਵਿਰਸੇ, ਬੋਲੀ ਅਤੇ ਸੱਭਿਆਚਾਰ ਮੁਤਾਬਕ "ਗੁਰੂ ਨਾਨਕ ਜਹਾਜ਼" ਨਾਂ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ, ਸਮੂਹ ਮੁਸਾਫਰਾਂ ਨੇ ਸਾਂਝੇ ਤੌਰ 'ਤੇ ਰੱਖਿਆ ਸੀ, ਜੋ ਸਾਜਿਸ਼ੀ ਢੰਗ ਨਾਲ ਦਿਮਾਗਾਂ ਵਿੱਚੋਂ ਮਿਟਾ ਦਿੱਤਾ ਗਿਆ। ਦੁੱਖਦਾਈ ਗੱਲ ਇਹ ਹੈ ਕਿ ਬ੍ਰਿਟਿਸ਼ ਬਸਤੀਵਾਦੀ ਸੋਚ ਵਾਲਿਆਂ ਵੱਲੋਂ ਦਿੱਤਾ ਗਿਆ 'ਕਾਮਾਗਾਟਾ ਮਾਰੂ' ਨਾਂ ਪੰਜਾਬੀਆਂ ਨੇ ਵੀ ਅਪਨਾ ਲਿਆ, ਜਦ ਕਿ ਆਪਣੀ ਬੋਲੀ ਅਤੇ ਵਿਰਸੇ 'ਚੋਂ ਪੈਦਾ ਹੋਇਆ 'ਗੁਰੂ ਨਾਨਕ ਜਹਾਜ਼' ਨਾਂ ਖੁਦ ਹੀ ਭੁਲਾ ਦਿੱਤਾ।

ਜਿਹੜੇ ਆਖਦੇ ਹਨ ਕਿ ਨਾਂ 'ਚ ਕੀ ਪਿਆ ਹੈ, ਉਹ ਮਾਨਸਿਕ ਦਿਵਾਲੀਏਪਣ ਦਾ ਸ਼ਿਕਾਰ ਹਨ। ਜੇ ਤੁਸੀਂ ਆਪਣੀ ਸ਼ਬਦਾਵਲੀ ਅਤੇ ਆਪਣੇ ਬਿਰਤਾਂਤ ਤੋਂ ਮੂੰਹ ਮੋੜ ਲੈਂਦੇ ਹੋ, ਤਾਂ ਭਵਿੱਖ ਵਿੱਚ ਤੁਹਾਡੀ ਪਛਾਣ ਕਾਇਮ ਨਹੀਂ ਰਹੀ ਸਕਦੀ। ਰਸੂਲ ਹਮਜ਼ਾਤੋਵ ਆਪਣੀ ਕਿਤਾਬ 'ਮੇਰਾ ਦਾਗਿਸਤਾਨ' ਵਿੱਚ ਲਿਖਦਾ ਹੈ ਜੇ ਬੀਤੇ 'ਤੇ ਪਿਸਤੌਲ ਨਾਲ ਗੋਲੀ ਚਲਾਉਗੇ, ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ।

ਦਰਅਸਲ ਸ਼ਬਦ ਦੀ ਅਸੀਮ ਸ਼ਕਤੀ ਹੈ। ਨੇਕ ਸੋਚ ਰਾਹੀਂ ਸ਼ਬਦ ਦੀ ਸਹੀ ਵਰਤੋਂ ਬਿਰਤਾਂਤ ਦੀ ਸੱਚਾਈ ਉਜਾਗਰ ਕਰਦੀ ਹੈ, ਜਦਕਿ ਕਪਟੀ ਸੋਚ ਰਾਹੀਂ ਸ਼ਬਦ ਦੀ ਕੀਤੀ ਸਾਜਿਸ਼ੀ ਵਰਤੋਂ ਬਿਰਤਾਂਤ ਨੂੰ ਵਿਗਾੜਦੀ ਹੈ। ਸੱਤਾ ਵੱਲੋਂ ਬਾਗੀਆਂ ਨੂੰ ਕੁਚਲਣ ਦਾ ਆਸਾਵੀਂ ਜੰਗ ਦਾ ਵੱਡਾ ਹਥਿਆਰ, 'ਸ਼ਬਦ ਬਿਰਤਾਂਤ' ਨੂੰ ਵਿਗਾੜਨਾ ਹੁੰਦਾ ਹੈ। ਸਟੇਟ ਵੱਲੋਂ ਲੋਕਾਂ ਅੰਦਰ ਬਾਗੀਆਂ ਪ੍ਰਤੀ ਨਫਰਤ ਪੈਦਾ ਕਰਕੇ, ਆਪਣੇ ਕਪਟੀ ਸ਼ਬਦ ਲੋਕ ਮਾਨਸਿਕਤਾ ਵਿੱਚ ਭਰ ਦਿੱਤੇ ਜਾਂਦੇ ਹਨ। 'ਹਕੂਮਤ ਦੀ ਫਰੇਬੀ ਸ਼ਬਦਾਵਲੀ' ਦਾ ਸ਼ਿਕਾਰ ਸਿਰਫ ਭੋਲੇ-ਭਾਲੇ ਲੋਕ ਹੀ ਨਹੀਂ ਹੁੰਦੇ, ਬਲਕਿ ਆਗੂ ਵੀ ਹੋ ਜਾਂਦੇ ਹਨ, ਜਿਸ ਦੇ ਅਧੀਨ ਉਹ 'ਆਪਣਾ ਬਿਰਤਾਂਤ' ਛੱਡ ਕੇ, 'ਸਟੇਟ ਦੇ ਬਿਰਤਾਂਤ' ਦੇ ਮੋਹਰੇ ਬਣ ਕੇ, ਕੌਮੀ ਇਤਿਹਾਸ ਨੂੰ ਵਿਗਾੜਨ ਦੇ ਦੋਸ਼ੀ ਬਣ ਜਾਂਦੇ ਹਨ।

ਇਸ ਦੀ ਪ੍ਰਤੱਖ ਮਿਸਾਲ 41 ਸਾਲ ਪਹਿਲਾਂ, ਜੂਨ 84 ਨੂੰ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਦੇ ਹਮਲੇ ਲਈ ਭਾਰਤੀ ਸਟੇਟ ਵੱਲੋਂ ਨੀਲਾ ਤਾਰਾ (ਆਪਰੇਸ਼ਨ ਬਲੂ ਸਟਾਰ) ਸ਼ਬਦ ਵਰਤਣਾ ਛਲ-ਕਪਟੀ ਭਾਸ਼ਾ ਦਾ ਸਿਖਰ ਕਿਹਾ ਜਾ ਸਕਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਨਾ ਕੇਵਲ ਸਟੇਟ ਦੇ ਸੰਦ ਬਣ ਕੇ ਵਿਚਰਨ ਵਾਲੇ ਲਿਖਾਰੀਆਂ ਅਤੇ ਇਤਿਹਾਸਕਾਰਾਂ ਵੱਲੋਂ ਹੀ, ਬਲਕਿ ਸਿੱਖ ਬੁੱਧੀਜੀਵੀਆਂ ਅਤੇ ਵਿਦਵਾਨਾਂ ਵੱਲੋਂ ਵੀ, ਦਰਬਾਰ ਸਾਹਿਬ 'ਤੇ ਹਮਲੇ ਨੂੰ 'ਨੀਲਾ ਤਾਰਾ' (ਆਪਰੇਸ਼ਨ ਬਲੂ ਸਟਾਰ) ਕਹਿਣਾ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਉਹ ਕਿਸ ਹੱਦ ਤੱਕ ਸਟੇਟ ਦੇ ਛਲ-ਕਪਟ ਦਾ ਸ਼ਿਕਾਰ ਹੋ ਕੇ, ਆਪਣੇ ਹੀ ਇਤਿਹਾਸ ਦੇ ਉਲਟ ਭੁਗਤ ਰਹੇ ਹਨ।

ਸਿੱਖ ਕੌਮ ਦੇ ਤੀਜੇ ਘੱਲੂਘਾਰੇ ਦੇ 41ਵੇਂ ਸ਼ਹੀਦੀ ਸਾਲ ਮੌਕੇ 'ਸਾਕਾ ਨੀਲਾ ਤਾਰਾ' ਸ਼ਬਦ ਦੀ ਵਰਤੋਂ ਸਬੰਧੀ ਆਪਣੀਆਂ ਗਲਤੀਆਂ ਨੂੰ ਦਰੁਸਤ ਕਰਨਾ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਦੀ ਲੋੜ ਕਿਉਂ ਹੈ ਅਤੇ ਇਸ ਸੋਧ ਨਾਲ ਕੀ ਫਰਕ ਪਏਗਾ ? ਆਓ ਇਹਨਾਂ ਮੁੱਦਿਆਂ 'ਤੇ ਗੌਰ ਫਰਮਾਈਏ ! ਸਿੱਖ ਵਿਦਵਾਨ ਡਾ. ਸੇਵਕ ਸਿੰਘ ਦੀ ਕਿਤਾਬ 'ਸ਼ਬਦ ਜੰਗ' ਇਸ ਸਿਧਾਂਤਕ ਪ੍ਰਸੰਗ ਨੂੰ ਸਮਝਣ ਵਿੱਚ ਸਹਾਈ ਸਿੱਧ ਹੋਏਗੀ। ਇਸ ਅਨੁਸਾਰ ਸ਼ਬਦ ਜੰਗ, ਵਿਆਖਿਆ ਜੰਗ, ਪਰਚਾਰ ਜੰਗ, ਸਵਾਲਾਂ ਦੀ ਜੰਗਬਾਜੀ ਅਤੇ ਨਿਖੇਧਕਾਰੀ ਨੂੰ ਸਟੇਟ ਹਥਿਆਰ ਵਜੋਂ ਵਰਤਦੀ ਹੈ। 'ਸ਼ਬਦ ਜੰਗ' ਹਥਿਆਰਬੰਦ ਜੰਗ ਨਾਲੋਂ ਨਾ ਸਿਰਫ ਵੱਡੀ ਹੁੰਦੀ ਹੈ, ਸਗੋਂ ਹਥਿਆਰਬੰਦ ਜੰਗ ਸ਼ਬਦ ਜੰਗ ਦਾ ਇੱਕ ਛੋਟਾ ਹਿੱਸਾ ਹੈ। ਸ਼ਬਦ ਜੰਗ ਲੋਕਾਂ ਦੇ ਮਨਾਂ ਉੱਤੇ ਕਬਜ਼ੇ ਦੀ ਜੰਗ ਹੈ।

ਸੱਤਾਹੀਣ ਧਿਰ ਜੰਗਜੂ ਹੋਣ ਦੇ ਬਾਵਜੂਦ ਹਕੂਮਤੀ ਜਾਂ ਭਾਰੂ ਧਿਰ ਦੀ ਕਿੰਨੀ ਗੁਲਾਮੀ ਕਬੂਲਦੀ ਹੈ, ਇਹਦਾ ਪਤਾ ਉਹਦੀ ਬੋਲੀ ਦੇ ਸ਼ਬਦਾਂ ਵਿੱਚ ਆਉਂਦੇ ਬਦਲਾਅ ਤੋਂ ਲੱਗਦਾ ਹੈ। ਸੱਤਾ ਸਦਾ ਹੀ ਬਗਾਵਤੀ ਧਿਰਾਂ ਨੂੰ ਬਹੁਭਾਂਤ ਦੀ ਕਪਟੀ ਅਤੇ ਉਲਝਾਊ ਸ਼ਬਦਾਵਲੀ ਨਾਲ ਘੇਰਦੀ ਹੈ। ਸ਼ਬਦ ਜੰਗ ਹੀ ਇਹ ਉਜਾਗਰ ਕਰਦੀ ਹੈ ਕਿ ਕਿਵੇਂ ਸ਼ਬਦਾਂ ਦੀ ਚੋਣ ਮਾਅਨੇ ਰੱਖਦੀ ਹੈ ਅਤੇ ਸ਼ਬਦ ਤੋਂ ਲੈ ਕੇ ਨਿਖੇਧ ਤੱਕ ਦੇ ਸਾਰੇ ਵਰਤਾਰੇ, ਕਿਵੇਂ ਜੰਗ ਲਈ ਵਰਤੇ ਗਏ। ਸ਼ਬਦ ਜੰਗ ਪ੍ਰਤੀ ਸੁਚੇਤ ਨਾ ਹੋਣ ਕਾਰਨ ਹਕੂਮਤ ਦੇ ਜਬਰ ਤੋਂ ਬਾਅਦ, ਜੰਗਜੂ ਧਿਰਾਂ ਅੰਦਰਲੇ ਵਿਰੋਧਾਂ ਅਤੇ ਬਾਹਰਲੇ ਹਮਲਿਆਂ ਦਾ ਦੁਵੱਲਾ ਸ਼ਿਕਾਰ ਹੋ ਜਾਂਦੀਆਂ ਹਨ।

ਸਿਧਾਂਤਕ ਘੇਰਾਬੰਦੀ ਤੋਂ ਬਚਣ ਲਈ ਜੰਗਜੂ ਧਿਰਾਂ ਸ਼ਬਦ ਜੰਗ ਤੋਂ ਕਿਨਾਰਾ ਨਹੀਂ ਕਰ ਸਕਦੀਆਂ, ਬਲਕਿ ਉਹਨਾਂ ਕੋਲ ਇੱਕੋ ਇੱਕ ਰਾਹ, ਇਸ ਨੂੰ ਸਮਝਣ ਦਾ ਹੈ। ਦਰਬਾਰ ਸਾਹਿਬ ਉੱਪਰ ਭਾਰਤੀ ਫੌਜ ਦੇ ਹਮਲੇ ਨੂੰ 'ਨੀਲਾ ਤਾਰਾ' ਨਾਂ ਦੇਣਾ ਦਰਅਸਲ ਇੰਡੀਅਨ ਸਟੇਟ ਦੀ ਅਸਾਵੀਂ ਸ਼ਬਦ ਜੰਗ, ਇਸ ਦੀ ਵਿਆਖਿਆ ਜੰਗ, ਪ੍ਰਚਾਰ ਜੰਗ ਅਤੇ ਸਵਾਲਾਂ ਦੀ ਜੰਗਬਾਜੀ ਦਾ ਪ੍ਰਤੱਖ ਰੂਪ ਹੈ। ਅਸੀਂ ਇਹ ਵੇਖਦੇ ਹਾਂ ਕਿ 'ਨੀਲਾ' ਸ਼ਬਦ ਦੀ ਵਰਤੋਂ ਸਿੱਖਾਂ ਦੇ ਮੁਕੱਦਸ ਨਿਸ਼ਾਨ ਸਾਹਿਬ ਨੂੰ ਅਤੇ ਅਕਾਲੀ ਦਸਤਾਰਾਂ ਨੂੰ ਨਿਸ਼ਾਨਾ ਬਣਾ ਕੇ, ਭਾਰਤੀ ਸਟੇਟ ਵੱਲੋਂ ਕੀਤੀ ਗਈ ਹੈ।

ਸਿੱਖਾਂ ਦੇ ਪਵਿੱਤਰ ਅਸਥਾਨ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਨੂੰ 'ਨੀਲਾ ਤਾਰਾ' ਦਾ ਸਰਕਾਰੀ ਨਾਂ ਦੇਣ ਦੀ ਦੁਸ਼ਟ-ਸੋਚ ਨੂੰ ਸਮਝਣ ਲਈ ਛਲ-ਕਪਟ ਦੀ ਸ਼ਬਦਾਵਲੀ ਦੇ ਕੁਝ ਅਹਿਮ ਨਮੂਨੇ ਧਿਆਨ ਮੰਗਦੇ ਹਨ। ਇਹ ਸੱਚ ਹੈ ਕਿ ਬੁੱਧ ਧਰਮ ਮਨੂਵਾਦ ਅਤੇ ਬ੍ਰਾਹਮਣਵਾਦ ਦਾ ਵੱਡਾ ਦੁਸ਼ਮਣ ਰਿਹਾ ਹੈ, ਜਿਸ ਪ੍ਰਤੀ ਮਨੂਵਾਦੀਆਂ ਦੀ ਨਫਰਤ ਲਗਾਤਾਰ ਸਦੀਆਂ ਤੱਕ ਕਾਇਮ ਰਹੀ। ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਦਾ ਬੁੱਧ ਧਰਮ ਪ੍ਰਤੀ, ਫਰੇਬੀ ਸੋਚ ਦਾ ਮਖੌਟਾ ਉਸ ਵੇਲੇ ਲਹਿ ਜਾਂਦਾ ਹੈ, ਜਦੋਂ ਭਾਰਤ ਵੱਲੋਂ 18 ਮਈ 1974 ਨੂੰ ਪੋਖਰਨ, ਰਾਜਸਥਾਨ ਵਿਖੇ ਨਿਊਕਲੀਅਰ ਟੈਸਟ ਕੀਤਾ ਜਾਂਦਾ ਹੈ ਤੇ ਉਸਦਾ ਨਾਂ ਫਰੇਬੀ ਸ਼ਬਦਾਵਲੀ ਵਿੱਚ 'ਸਮਾਈਲਿੰਗ ਬੁੱਧਾ' ਭਾਵ ਮਹਾਤਮਾ ਬੁੱਧ ਦਾ ਮੁਸਕਰਾਉਣਾ ਰੱਖਿਆ ਜਾਂਦਾ ਹੈ। ਸਿਤਮਜ਼ਰੀਫੀ ਦੇਖੋ ਕਿ ਜਿਸ ਮਹਾਤਮਾ ਬੁੱਧ ਨੂੰ 'ਅਹਿੰਸਾ ਪਰਮੋ ਧਰਮਾ' ਕਰਕੇ ਜਾਣਿਆ ਜਾਂਦਾ ਹੈ, ਉਸ ਦੇ ਨਾਂ 'ਤੇ ਹੀ ਇਹ ਨਿਊਕਲੀਅਰ ਟੈਸਟ ਕੀਤੇ ਗਏ ਅਤੇ ਦੁਨੀਆ ਅੱਗੇ ਇਸ ਦਾ ਸੰਕੇਤਕ ਨਾਂ 'ਮੁਸਕਰਾਉਂਦਾ ਬੁੱਧ' ਦਿੱਤਾ ਗਿਆ।

ਅਫਸੋਸ ਇਸ ਗੱਲ ਦਾ ਹੈ ਕਿ ਪੀੜਤ ਧਿਰ ਭਾਵ ਬੁੱਧ ਧਰਮ ਦੇ ਪੈਰੋਕਾਰਾਂ ਵੱਲੋਂ ਇਸ ਤੇ ਨਾ ਕੋਈ ਇਤਰਾਜ਼ ਕੀਤਾ ਗਿਆ ਅਤੇ ਨਾ ਹੀ ਇਸ ਸਬਦ ਜੰਗ ਅਤੇ ਵਿਆਖਿਆ ਜੰਗ ਵਿੱਚ ਆਪਣਾ ਬਿਰਤਾਂਤ ਦੱਸਣ ਦੀ ਖੇਚਲ ਕੀਤੀ ਗਈ। ਕੌਮਾਂਤਰੀ ਮੰਚ 'ਤੇ ਦੇਖੀਏ, ਤਾਂ ਛਲ-ਕਪਟ ਵਾਲੀ ਸ਼ਬਦਾਵਲੀ ਦੀ ਵਰਤੋਂ ਵਿਸ਼ਵ ਜੰਗਾਂ ਦੌਰਾਨ ਵੀ ਸਾਹਮਣੇ ਆਈ। ਅਮਰੀਕਾ ਨੇ 6 ਅਗਸਤ 1945 ਨੂੰ ਦੂਜੇ ਮਹਾਂ-ਯੁੱਧ ਦੌਰਾਨ ਜਪਾਨ 'ਤੇ 9700 ਪੌਂਡ ਦਾ ਐਟਮੀ ਬੰਬ ਸੁੱਟਦਿਆਂ, ਉਸ ਦਾ ਨਾਂ 'ਲਿਟਲ ਬੁਆਏ' ਭਾਵ 'ਨੰਨਾ ਮੁੰਨਾ' ਰੱਖ ਕੇ ਮਨੁੱਖਤਾ ਨੂੰ ਸ਼ਰਮਸ਼ਾਰ ਕੀਤਾ। ਇੱਥੇ ਹੀ ਵੱਸ ਨਹੀਂ, ਤਿੰਨ ਦਿਨਾਂ ਬਾਅਦ ਅਮਰੀਕਾ ਨੇ ਵਿਗਿਆਨਿਕ ਫਰੇਬੀਆਂ ਦਾ ਸਹਾਰਾ ਲੈ ਕੇ, ਦੂਜੇ ਸ਼ਹਿਰ ਨਾਗਾਸਾਕੀ 'ਤੇ 10,300 ਪੌਂਡ ਦਾ ਨਿਊਕਲੀਅਰ ਬੰਬ ਸੁੱਟਿਆ, ਜਿਸ ਦਾ ਨਾਂ 'ਫੈਟ ਮੈਨ' ਭਾਵ 'ਮੋਟੂ' ਰੱਖਿਆ। ਇਹਨਾਂ ਬੰਬਾਂ ਨਾਲ ਲੱਖ ਤੋਂ ਵੱਧ ਮਨੁੱਖ, ਜਿੰਨਾਂ 'ਚ ਵੱਡੀ ਗਿਣਤੀ ਬੱਚਿਆਂ ਤੇ ਔਰਤਾਂ ਦੀ ਸੀ, ਖਤਮ ਹੋ ਗਏ।



ਡਾ. ਗੁਰਵਿੰਦਰ ਸਿੰਘ
604 825 1550

ਘੱਲੂਘਾਰਿਆਂ ਦੀ ਗੱਲ ਕਰਦਿਆਂ ਫਰੇਬੀ ਸ਼ਬਦਾਵਲੀ ਦੀ ਸਭ ਤੋਂ ਘਿਨਾਉਣੀ ਮਿਸਾਲ ਨਾਜ਼ੀਵਾਦੀਆਂ ਵੱਲੋਂ ਯਹੂਦੀਆਂ ਦੇ ਘੱਲੂਘਾਰੇ ਨੂੰ 'ਫਾਈਨਲ ਸਲੂਸ਼ਨ' (ਅੰਤਿਮ ਹੱਲ) ਦਾ ਸੰਕੇਤਕ ਨਾਂ ਦੇਣਾ ਹੈ। ਇਹ ਕਤਲੇਆਮ 1941 ਤੋਂ 1945 ਤੱਕ ਹੋਇਆ, ਜਿਸ ਵਿੱਚ ਛੇ ਮਿਲੀਅਨ ਯਹੂਦੀਆਂ ਨੂੰ ਅੰਤਾਂ ਦੇ ਤਸ਼ੱਦਦ ਨਾਲ ਮਾਰਿਆ ਗਿਆ। ਇਸ ਦੌਰਾਨ ਇੱਕ ਹੋਰ ਦਿਲ ਕੰਬਾਊ ਸੰਕੇਤਕ ਸ਼ਬਦਾਵਲੀ ਨਾਜ਼ੀਆਂ ਵੱਲੋਂ ਯਹੂਦੀਆਂ ਗੈਸ ਭੱਠੀਆਂ ਵਿੱਚ ਜਿਉਂਦਿਆਂ ਸਮੂਹਿਕ ਤੌਰ 'ਤੇ ਸਾੜਨ ਨੂੰ 'ਸ਼ਾਵਰ ਬਾਥ' (ਫੁਹਾਰਾ ਇਸ਼ਨਾਨ) ਕਰਵਾਉਣਾ ਕਹਿਣਾ ਹੈ।

ਨਾਜ਼ੀਆਂ ਦੀ ਤਰਜ਼ 'ਤੇ ਹੀ ਹਿਟਲਰ ਦੀ ਪੈਰੋਕਾਰ ਮਨੂਵਾਦੀ ਹਕੂਮਤ ਵੱਲੋਂ ਨੀਲੇ ਨਿਸ਼ਾਨ ਸਾਹਿਬ ਅਤੇ ਨੀਲੀਆਂ ਦਸਤਾਰਾਂ ਵਾਲੇ ਸਿੱਖਾਂ ਨੂੰ ਸਬਕ ਸਿਖਾਉਣ ਲਈ 1 ਜੂਨ 1984 ਤੋਂ 10 ਜੂਨ 1984 ਤੱਕ, ਮਿਲਟਰੀ 'ਆਪਰੇਸ਼ਨ ਬਲੂ ਸਟਾਰ' (ਨੀਲਾ ਤਾਰਾ) ਦੇ ਸਰਕਾਰੀ ਨਾਂ ਹੇਠ ਕੀਤਾ ਗਿਆ। ਉਸ ਵੇਲੇ ਦੀ ਕਾਂਗਰਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਇਹ ਹਮਲਾ ਅਚਨਚੇਤ ਨਹੀਂ, ਬਲਕਿ ਭਾਰਤੀ ਜਨਤਾ ਪਾਰਟੀ ਅਤੇ ਹੋਰਨਾਂ ਵਿਰੋਧੀ ਧਿਰਾਂ ਦੀ ਸਮੂਹਿਕ ਸਹਿਮਤੀ ਲੈ ਕੇ, ਬਹੁ-ਗਿਣਤੀ ਨੂੰ ਭਰਮਾਉਣ, ਵੋਟਾਂ ਦੇ ਧਰੁਵੀਕਰਨ, ਐਮਰਜੈਂਸੀ ਦੌਰਾਨ ਸਿੱਖਾਂ ਨੂੰ ਤਿੱਖੇ ਵਿਰੋਧ ਲਈ ਸਬਕ ਸਿਖਾਉਣ ਤੇ ਘੱਟ-ਗਿਣਤੀ ਕੌਮ ਦਾ ਸ਼ਿਕਾਰ ਕਰਨ ਲਈ, ਯੋਜਨਾਵੱਧ ਢੰਗ ਨਾਲ ਕੀਤਾ ਗਿਆ।

ਕੌਮਾਂਤਰੀ ਪੱਧਰ ਤੇ ਬਰਤਾਨੀਆ ਅਤੇ ਰੂਸ ਦੀ ਭਾਈਵਾਲੀ ਨਾਲ, ਫੌਜੀ ਹਮਲਾ 'ਸਾਕਾ ਨੀਲਾ ਤਾਰਾ' ਦੇ ਸਰਕਾਰੀ ਨਾਂ ਹੇਠ ਕੇਵਲ ਦਰਬਾਰ ਸਾਹਿਬ ਅੰਮ੍ਰਿਤਸਰ ਤੱਕ ਨਹੀਂ, ਬਲਕਿ ਪੰਜਾਬ ਦੇ 37 ਹੋਰ ਗੁਰਦੁਆਰਿਆਂ ਸਮੇਤ, ਸਮੂਹ ਪੰਜਾਬ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ। ਸਿੱਖਾਂ ਨੂੰ ਜ਼ਲੀਲ ਕਰਨ ਲਈ ਛਲ-ਕਪਟ ਦੀ ਸ਼ਬਦਾਵਲੀ ਹੇਠ ਦਰਬਾਰ ਸਾਹਿਬ 'ਤੇ ਹਮਲੇ ਲਈ ਵਰਤੇ ਜਾਂਦੇ ਸਰਕਾਰੀ ਫੌਜੀ ਨਾਂ 'ਅਪਰੇਸ਼ਨ ਬਲੂ ਸਟਾਰ' ਦੇ ਅੱਗੇ ਹੋਰ ਵੀ ਵੱਖਰੇ ਸਰਕਾਰੀ ਸੰਕੇਤਕ ਫੌਜੀ ਨਾਂ ਰੱਖੇ ਗਏ, ਜਿਨ੍ਹਾਂ ਦਾ ਵਰਗੀਕਰਨ ਇਉ ਕੀਤਾ ਗਿਆ; ਪਹਿਲਾ 'ਆਪਰੇਸ਼ਨ ਮੈਟਲ', ਜਿਸ ਦਾ ਮਕਸਦ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਅਕਾਲ ਤਖਤ ਅਤੇ ਹੋਰਨਾਂ ਇਮਾਰਤਾਂ ਉੱਪਰ ਹਮਲਾ ਕਰਨਾ ਅਤੇ ਉੱਥੇ ਮੌਜੂਦ ਸਿੱਖਾਂ ਨੂੰ ਖਤਮ ਕਰਨਾ ਸੀ। ਦੂਜਾ 'ਆਪਰੇਸ਼ਨ ਸ਼ਾਪ' ਸੀ, ਜਿਸ ਵਿੱਚ ਦਰਬਾਰ ਸਾਹਿਬ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਗੁਰਦੁਆਰਿਆਂ ਨੂੰ 'ਸ਼ੱਕੀ ਅਸਥਾਨ' ਕਰਾਰ ਦੇ ਕੇ ਨਿਸ਼ਾਨਾ ਬਣਾਉਣਾ ਅਤੇ ਸਿੱਖਾਂ ਦਾ ਕਤਲੇਆਮ ਕਰਨਾ ਸੀ। ਤੀਸਰਾ ਪੜਾਓ ਸੀ 'ਆਪਰੇਸ਼ਨ ਵਡਰੋਜ', ਜਿਸ ਵਿੱਚ ਇੰਡੀਅਨ ਆਰਮੀ ਅਤੇ ਉਸ ਨਾਲ ਨੈਸ਼ਨਲ ਸਿਕਿਉਰਟੀ ਗਾਰਡ ਨੇ, ਮਿਲ ਕੇ 9 ਮਈ 1988 ਨੂੰ 'ਆਪਰੇਸ਼ਨ ਬਲੂ ਸਟਾਰ' ਦੀ ਦੂਸਰੀ ਕੜੀ ਨੂੰ ਅੱਗੇ ਤੋਰਿਆ ਅਤੇ ਦਰਬਾਰ ਸਾਹਿਬ 'ਤੇ ਮੁੜ ਹਮਲਾ ਕੀਤਾ।

'ਅਪਰੇਸ਼ਨ ਬਲੂ ਸਟਾਰ', 'ਆਪਰੇਸ਼ਨ ਮੈਟਲ', 'ਆਪਰੇਸ਼ਨ ਸ਼ਾਪ', 'ਆਪਰੇਸ਼ਨ ਵਡਰੋਜ' ਅਤੇ 'ਆਪਰੇਸ਼ਨ ਬਲੈਕ ਥੰਡਰ ਆਦਿ 'ਸਰਕਾਰੀ ਨਾਂ' ਸਿੱਖਾਂ ਦੇ ਜ਼ਖਮਾਂ ਤੇ ਲੂਣ ਛਿੜਕਣ ਲਈ ਵਰਤੇ ਗਏ। ਅਫਸੋਸ ਕਿ ਸਿੱਖ ਵਿਦਵਾਨ ਅਤੇ ਸਿੱਖ ਸੰਸਥਾਵਾਂ ਆਪਣੇ ਅਦਾਰਿਆਂ ਵਿੱਚ ਇਨਾਂ ਨਾਂਵਾਂ ਦਾ ਇਸਤੇਮਾਲ ਕਰਕੇ ਬੌਧਿਕ ਦਿਵਾਲੀਏਪਨ ਦੀ ਮਿਸਾਲ ਪੇਸ਼ ਕਰਦੀਆਂ ਹਨ, ਜਿਵੇਂ ਕਿ 'ਅਪਰੇਸ਼ਨ ਬਲੂ ਸਟਾਰ ਨੂੰ ਯਾਦ ਕਰਦਿਆਂ', 'ਸਾਕਾ ਨੀਲਾ ਧਾਰਾ ਦੀ 41ਵੀਂ ਵਰ੍ਹੇਗੰਢ 'ਤੇ', 'ਸਾਕਾ ਨੀਲਾ ਤਾਰਾ ਤੋਂ ਬਾਅਦ' ਆਦਿ। ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਕਿਰਪਾਲ ਸਿੰਘ ਦੀ ਕਿਤਾਬ 'ਅੱਖੀਂ ਡਿੱਠਾ ਸਾਕਾ ਨੀਲਾ ਤਾਰਾ' ਅਤੇ ਕਈ ਹੋਰ ਸਿੱਖ ਇਤਿਹਾਸਕਾਰਾਂ ਦੀਆਂ ਅਜਿਹੀਆਂ ਲਿਖਤਾਂ ਇਸ ਦੀ ਪ੍ਰਤੱਖ ਮਿਸਾਲ ਹਨ। ਵਿਦਵਾਨ ਡਾ. ਸਿਕੰਦਰ ਸਿੰਘ ਦਾ ਕਥਨ ਹੈ ਕਿ ਸ਼ਬਦ ਜੰਗ ਹੁੰਦੀ ਇਹ ਹੈ ਕਿ ਸੱਤਾ ਵੱਲੋਂ ਆਪਣੇ ਵਿਰੋਧੀ ਦੀ ਧਰਤੀ ਨੂੰ, ਧਰਮ ਨੂੰ, ਕਿੱਤੇ ਨੂੰ, ਦੇਹ ਨੂੰ, ਇਤਿਹਾਸ ਨੂੰ, ਬੋਲੀ ਨੂੰ, ਸੱਭਿਆਚਾਰ ਨੂੰ, ਸਭ ਨੂੰ ਹੀਣਾ ਅਤੇ ਨੀਵਾਂ ਕਰ ਦੇਣਾ, ਉਹਨਾਂ ਦੇ ਅੱਖਰਾਂ ਤੱਕ ਘਟਾ ਦੇਣਾ।

41 ਸਾਲ ਪਹਿਲਾਂ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਮੇਤ ਪੰਜਾਬ ਉੱਪਰ ਭਾਰਤੀ ਸਟੇਟ ਦਾ ਫੌਜੀ ਹਮਲਾ ਸਿੱਖੀ ਨੂੰ, ਪੰਜਾਬੀਆਂ ਨੂੰ, ਪੰਜਾਬੀ ਬੋਲੀ ਨੂੰ, ਸੱਭਿਆਚਾਰ ਨੂੰ ਅਤੇ ਇਤਿਹਾਸ ਨੂੰ ਖਤਮ ਕਰਨ ਦਾ ਖ਼ੂਨੀ ਵਰਤਾਰਾ ਸੀ, ਜਿਸ ਨੂੰ 'ਅਪਰੇਸ਼ਨ ਬਲੂ ਸਟਾਰ' ਕਹਿ ਕੇ, ਸੰਸਾਰ ਭਰ ਵਿੱਚ, ਸਿੱਖਾਂ ਨੂੰ ਭੰਡਿਆ ਗਿਆ। ਪੰਜਵੇਂ ਗੁਰੂ ਨਾਨਕ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਪੁਰਬ 'ਤੇ ਮਿਥ ਕੇ ਕੀਤੇ ਗਏ ਇਸ ਫੌਜੀ ਹਮਲੇ ਨੇ, ਸਿੱਖ ਨਸਲਕੁਸ਼ੀ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਪੰਜਾਬ ਦੇ ਅੰਦਰ ਆਉਂਦੇ 10 ਸਾਲਾਂ ਵਿੱਚ ਅਤੇ ਦਿੱਲੀ ਸਮੇਤ ਭਾਰਤ ਦੇ ਕੋਨੇ-ਕੋਨੇ ਵਿੱਚ ਨਵੰਬਰ 84 ਨੂੰ ਹਜ਼ਾਰਾਂ ਸਿੱਖਾਂ ਦੀ ਨਸਲਕੁਸ਼ੀ ਹੋਈ। ਸਿੱਖ ਬਿਰਤਾਂਤ ਅਨੁਸਾਰ ਦਰਬਾਰ ਸਾਹਿਬ ਤੇ ਭਾਰਤੀ ਫੌਜੀ ਹਮਲੇ ਨੂੰ 'ਸਿੱਖਾਂ ਦਾ ਤੀਜਾ ਘੱਲੂਘਾਰਾ' ਹੀ ਕਹਿਣਾ ਉਚਿਤ ਹੈ। ਇਸ ਬਿਰਤਾਂਤ ਨੂੰ ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ 'ਝਨਾਂ ਦੀ ਰਾਤ' ਵਿੱਚ ਢੁਕਵੀਂ ਸ਼ਬਦਾਵਲੀ ਰਾਹੀਂ ਪੇਸ਼ ਕਰਦੇ ਬਿਆਨ ਕਰਦੇ ਹਨ :

**'ਕਟਕ ਅਕ੍ਰਿਤਘਣਾਂ ਦੇ ਧਮਕੇ ਹਰਿਮੰਦਰ ਦੇ ਬੂਹੇ**
**ਮੀਆਂ ਮੀਰ ਦਾ ਖ਼ੂਨ ਵੀਟ ਕੇ ਕਰੇ ਸਰੋਵਰ ਸੂਹੇ**
**ਦੂਰ ਸਮੇਂ ਦੇ ਗਰਭ 'ਚ ਸੁੱਤੇ ਬੀਜ ਮਾਸੂਮ ਵਣਾਂ ਦੇ,**
**ਲੂਣ-ਹਰਾਮ ਦੀ ਨਜ਼ਰ ਪੈਂਦਿਆਂ ਗਏ ਪਲਾਂ ਵਿਚ ਲੂਹੇ**

**ਨਾਰ ਸਰਾਲ ਸਰਕਦਾ ਘੇਰਾ ਹਰਿਮੰਦਰ ਨੂੰ ਪਾਇਆ**
**ਰਿਜ਼ਕ ਫ਼ਕੀਰਾਂ ਵਾਲਾ ਸੁੱਚਾ ਆ ਤਕਦੀਰ ਜਲਾਇਆ**
**ਬੁੱਤ-ਪੂਜਾਂ ਦੇ ਸੀਨੇ ਦੇ ਵਿਚ ਫੱਫੇਕੁੱਟਨੀ ਸੁੱਤੀ,**
**ਜਿਸ ਦੀ ਵਿਸ ਨੂੰ ਭਸਮ ਕਰਨ ਲਈ ਤੀਰ ਬੇਅੰਤ ਦਾ ਆਇਆ**

**ਘਾਇਲ ਹੋਏ ਹਰਿਮੰਦਰ ਕੋਲੇ ਕਿੜਾਂ ਬੇਅੰਤ ਨੂੰ ਪਈਆਂ**
**ਤੱਤੀ ਤਵੀ ਦੇ ਵਾਂਗ ਦੁਪਹਿਰਾਂ ਨਾਲ ਨਾਲ ਬਲ ਰਹੀਆਂ**
**ਮੀਆਂ ਮੀਰ ਦੇ ਸੁਪਨੇ ਦੇ ਵਿੱਚ ਵਗੇ ਵਗੇ ਪਈ ਰਾਵੀ,**
**ਵਹਿਣ 'ਚ ਹੱਥ ਉਠੇ, ਸਭ ਲਹਿਰਾਂ ਉਲਰ ਬੇਅੰਤ ਤੇ ਪਈਆਂ'**

ਜੂਨ 84 ਵਿੱਚ ਦਰਬਾਰ ਸਾਹਿਬ ਦੇ ਫੌਜੀ ਹਮਲੇ ਦਾ 41ਵਾਂ ਸ਼ਹੀਦੀ ਸਾਲ ਚੇਤੇ ਕਰਦਿਆਂ, ਅੱਜ ਤੋਂ ਇਹ ਪ੍ਰਣ ਕਰਨਾ ਬਣਦਾ ਹੈ ਕਿ ਜਾਣੇ-ਅਣਜਾਣੇ ਵਿੱਚ ਸਟੇਟ ਦੇ ਬਿਰਤਾਂਤ ਅਤੇ ਕਪਟੀ ਸ਼ਬਦਾਵਲੀ ਆਪਰੇਸ਼ਨ ਬਲੂ ਸਟਾਰ (ਨੀਲਾ ਤਾਰਾ) ਨੂੰ ਆਪਣੇ ਜਜ਼ਬਾਤ ਬਿਆਨ ਕਰਨ ਲਈ ਨਾ ਵਰਤਿਆ ਜਾਵੇ। ਹਾਂ, ਜਿੱਥੇ ਸਰਕਾਰੀ ਜਬਰ ਅਤੇ ਫੌਜ ਦੇ ਕਹਿਰ ਨੂੰ ਦੱਸਣਾ ਹੋਵੇ, ਉਥੇ ਭਾਰਤ ਸਰਕਾਰ ਦੇ ਛਲ-ਕਪਟੀ ਸ਼ਬਦਾਂ ਦੇ ਰੂਪ ਵਿੱਚ ਇਸ ਨੂੰ ਕੋਝੀ ਅਤੇ ਨੀਚ ਕਾਰਵਾਈ ਵਜੋਂ ਬਿਆਨ ਕਰਨਾ ਠੀਕ ਹੋਏਗਾ। ਇਸ ਤੋਂ ਇਲਾਵਾ ਇਹ ਗੱਲ ਵੀ ਗੌਰ ਕਰਨ ਵਾਲੀ ਹੈ ਕਿ ਜੂਨ 84 ਦਾ ਤੀਜਾ ਸ਼ਹੀਦੀ ਘੱਲੂਘਾਰਾ ਸਿੱਖ ਕੌਮ ਲਈ ਇੱਕ ਯੁਗ ਪਲਟਾਊ ਵਰਤਾਰਾ ਹੈ, ਜਿਸ ਨੇ ਦੇਸ਼ ਵਿਦੇਸ਼ ਵਿੱਚ ਲੱਖਾਂ ਸਿੱਖਾ ਦਾ ਜੀਵਨ ਬਦਲ ਦਿੱਤਾ। ਅਜਿਹੇ ਜੀਵਨ ਪਲਟਾਊ ਬਿਰਤਾਂਤ ਨੂੰ ਡਾਕਟਰ ਹਰਭਜਨ ਸਿੰਘ ਤੋਂ ਵਧੀਆ ਢੰਗ ਨਾਲ ਸ਼ਾਇਦ ਹੀ ਕਿਸੇ ਨੇ ਬਿਆਨ ਕੀਤਾ ਹੋਵੇ ;

**'ਦਿੱਲੀ ਨੇ ਜਦ ਅੰਮ੍ਰਿਤਸਰ 'ਤੇ**
**ਜਮ ਕਰ ਮੁਗਲ ਚੜ੍ਹਾਇਆ**
**ਹੈਵਰ ਗੈਵਰ ਤੋਂ ਵੀ ਤਕੜਾ ਜਦ ਲੋਹਯਾਨ ਦੁੜਾਇਆ**
**ਫੌਜਾਂ ਨੇ ਜਦ ਸੋਨਕਲਸ਼ 'ਤੇ ਤੁਪਕ ਤਾਨ ਚਲਾਇਆ**
**ਖਖੜੀ ਖਖੜੀ ਹੋ ਕੇ ਡਿੱਗਾ ਜਦ ਮੇਰੇ ਸਿਰ ਦਾ ਸਾਇਆ**
**ਸੱਚ ਤਖਤ ਜਿਨ੍ਹੇ ਸੀ ਢਾਇਆ ਉਸੇ ਜਦੋਂ ਬਣਾਇਆ**
**ਤਾਂ ਅਪਰਾਧੀ ਦੂਣਾ ਨਿਵਦਾ ਮੈਨੂੰ ਨਜ਼ਰੀਂ ਆਇਆ**
**ਸਤਿਗੁਰ ਇਹ ਕੀ ਕਲਾ ਵਿਖਾਈ,**
**ਤੂੰ ਕੀ ਭਾਣਾ ਵਰਤਾਇਆ**
**'ਮੈਂ ਪਾਪੀ ਦੀ ਸੋਧ ਲਈ ਤੂੰ'**
**ਆਪਣਾ ਘਰ ਢਠਾਇਆ**
**ਮੈਂ ਰੱਬ ਨੂੰ ਬਹੁਤ ਧਿਆਇਆ'**

# ਅਖੌਤੀ ਵਿਕਾਸ ਨੇ ਤਬਾਹੀ ਦੇ ਕੰਢੇ ਪਹੁੰਚਾ ਦਿੱਤੀ ਹੈ ਦੁਨੀਆ !




ਸਾਡੀਆਂ ਸਰਕਾਰਾਂ ਲੋਕਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹਨ ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਅਖੌਤੀ ਵਿਕਾਸ ਵਿਚੋਂ ਲੋਕ ਮਨਫ਼ੀ ਕਰ ਦਿੱਤੇ ਗਏ ਹਨ।

ਕੁਦਰਤੀ ਵਸੀਲਿਆਂ ਨੂੰ ਤਬਾਹ ਕਰਕੇ ਜੀਵਨ ਦੀ ਕੀਮਤ 'ਤੇ ਕੀਤਾ ਗਿਆ ਹਰ ਤਰ੍ਹਾਂ ਦਾ ਵਿਕਾਸ ਵਿਨਾਸ਼ ਸਾਬਤ ਹੁੰਦਾ ਹੈ। ਇਸ ਸਮੇਂ ਆਦਮਜਾਤ ਨੇ ਅਖੌਤੀ ਵਿਕਾਸ ਦੀ ਕਹੀ ਨਾਲ ਆਪਣੀ ਕਬਰ ਪੁੱਟ ਲਈ ਹੈ। ਦੁਨੀਆ ਇਕ ਖਤਰਨਾਕ ਮੋੜ 'ਤੇ ਆ ਖੜ੍ਹੀ ਹੋਈ ਹੈ ਅਤੇ ਧਰਤੀ 'ਤੇ ਜੀਵਨ ਹਰ ਦਿਨ ਮਰ ਰਿਹਾ ਹੈ। ਅਸੀਂ ਵਿਕਾਸ ਕਰ ਰਹੇ ਹਾਂ ਪਰ ਸਾਡੇ ਜਿਉਣ ਦੇ ਹਾਲਾਤ ਨਿੱਘਰ ਹਨ। ਸਾਨੂੰ ਦੱਸਿਆ ਜਾ ਰਿਹਾ ਹੈ 'ਵਿਕਾਸ' ਲਈ ਇਹ ਬੜਾ ਜ਼ਰੂਰੀ ਹੈ ਕਿ ਜਲ, ਜੰਗਲ, ਜ਼ਮੀਨ ਤੇ ਪਹਾੜਾਂ ਦੀ ਤਬਾਹੀ ਹੋਣ ਦਿੱਤੀ ਜਾਵੇ। ਵਿਕਾਸ ਲਈ ਬੜਾ ਜ਼ਰੂਰੀ ਹੈ ਅਰਬਨ ਅਸਟੇਟਾਂ ਅਤੇ ਮੈਗਾ ਪ੍ਰਾਜੈਕਟਾਂ ਲਈ ਜ਼ਮੀਨਾਂ ਐਕਵਾਇਰ ਕੀਤੀਆਂ ਜਾਣ, ਵਿਸ਼ਾਲ ਚਾਰ-ਚਾਰ ਜਾਂ ਛੇ-ਛੇ ਮਾਰਗੀ ਸੜਕਾਂ ਦਾ ਨਿਰਮਾਣ ਕੀਤਾ ਜਾਵੇ, ਬੰਬਾਂ-ਬਾਰੂਦਾਂ ਨਾਲ ਪਹਾੜਾਂ ਦੀ ਕੁਦਰਤੀ ਦਿੱਖ ਨੂੰ ਤਹਿਸ-ਨਹਿਸ ਕਰਕੇ ਪੱਧਰਾ ਕੀਤਾ ਜਾਵੇ। ਅਖੌਤੀ ਵਿਕਾਸ ਦੇ ਬੇਫਿਕਰ ਭਰਮ-ਜਾਲ ਵਿਚ ਹੁਣ ਜਲ, ਜੰਗਲ, ਜ਼ਮੀਨਾਂ, ਦਰਿਆਵਾਂ ਨੂੰ ਬਰਬਾਦ ਕਰਨ ਦੇ ਰਾਹ ਵਿਚ ਆ ਰਹੀਆਂ ਸਭ ਰੋਕਾਂ ਹਟਾਈਆਂ ਜਾ ਰਹੀਆਂ ਹਨ।

**ਗੰਭੀਰ ਹੋ ਗਿਆ ਸੰਕਟ :** ਸਰਕਾਰਾਂ ਦਾ ਇਹ ਸੰਵਿਧਾਨਕ ਫ਼ਰਜ਼ ਹੈ ਕਿ ਉਹ ਲੋਕਾਂ ਨੂੰ ਸ਼ੁੱਧ ਹਵਾ- ਪਾਣੀ ਅਤੇ ਸ਼ੁੱਧ ਖ਼ੁਰਾਕ ਮੁਹੱਈਆ ਕਰਨ ਪ੍ਰਤੀ ਸੁਚੇਤ ਰਹਿਣ ਤੇ ਆਮ ਲੋਕਾਂ ਨੂੰ ਵੀ ਇਸ ਬਾਰੇ ਸੁਚੇਤ ਕਰਨ। ਸਰਕਾਰਾਂ ਦਾ ਫ਼ਰਜ਼ ਇਹ ਵੀ ਹੈ ਕਿ ਲੋਕਾਂ ਕੋਲ ਉਨ੍ਹਾਂ ਦੇ ਰਿਜ਼ਕ ਦੇ ਵਸੀਲੇ ਬਣੇ ਰਹਿਣ। ਇਨ੍ਹਾਂ ਵਿਚ ਨਵੀਨਤਾ ਬੇਸ਼ੱਕ ਲਿਆਂਦੀ ਜਾਵੇ ਪਰ ਇਸ ਦੇ ਬਾਵਜੂਦ ਸੰਬੰਧਿਤ ਖਿੱਤੇ ਵਿਚ ਮਨੁੱਖਾਂ ਲਈ ਹੀ ਨਹੀਂ, ਬਲਕਿ ਸਭ ਜੀਵ ਜਾਤੀਆਂ ਦੇ ਜੀਵਨ ਲਈ ਵੀ ਸੁਚੱਜੇ ਹਾਲਾਤ ਬਣੇ ਰਹਿਣ। ਬਦਕਿਸਮਤੀ ਦੀ ਗੱਲ ਇਹ ਹੈ ਕਿ ਲੋਕਤੰਤਰਿਕ ਢੰਗ ਨਾਲ ਚੁਣੀਆਂ ਸਰਕਾਰਾਂ ਜੀਵਨ ਨਾਲ ਜੁੜੇ ਮੁੱਦਿਆਂ 'ਤੇ ਲੋਕਾਂ ਦੇ ਜੀਵਨ ਨੂੰ ਤਰਜੀਹ ਦੇਣ ਦੀ ਬਜਾਏ, ਅਖੌਤੀ ਵਿਕਾਸ ਲਈ ਵਧੇਰੇ ਤਰਲੋਮੱਛੀ ਹੋ ਰਹੀਆਂ ਹਨ। ਇਸ ਸਮੇਂ ਲੋਕਾਂ ਨੂੰ ਬੜੀ ਸ਼ਿੱਦਤ ਨਾਲ ਇਹ ਸਮਝਣ ਦੀ ਲੋੜ ਹੈ ਕਿ ਸਾਡੀਆਂ ਸਰਕਾਰਾਂ ਦਾ ਫ਼ਿਕਰ ਲੋਕਾਂ ਦੀਆਂ ਜਿਊਣ ਹਾਲਤਾਂ ਨਹੀਂ, ਬਲਕਿ ਉਹ ਅਖੌਤੀ ਵਿਕਾਸ ਹੈ, ਜਿਸ 'ਤੇ ਚਲਦਿਆਂ ਜੀਵਨ ਲਈ ਬਰਬਾਦੀਆਂ ਦੇ ਬਾਨ੍ਹਣੂ ਬੰਨ੍ਹੇ ਜਾ ਰਹੇ ਹਨ। ਇਸ ਅਖੌਤੀ ਵਿਕਾਸ ਦੇ ਰਾਹ 'ਤੇ ਚਲਦਿਆਂ ਧਰਤੀ ਦੇ ਵਾਯੂਮੰਡਲ ਵਿਚ ਗਰੀਨ ਹਾਊਸ ਗੈਸਾਂ ਦਾ ਪ੍ਰਭਾਵ ਲਗਾਤਾਰ ਵਧ ਰਿਹਾ ਹੈ। ਕਾਰਬਨ ਡਾਈਆਕਸਾਈਡ ਅਤੇ ਮੀਥੇਨ ਗੈਸਾਂ ਦੀ ਹਵਾ ਵਿਚ ਮਾਤਰਾ ਵਧਣੀ ਸ਼ੁਰੂ ਹੋ ਗਈ ਹੈ। ਜੀਵਨ ਲਈ ਵੱਡੇ ਖ਼ਤਰੇ ਪੈਦਾ ਹੋ ਗਏ ਹਨ ਤੇ ਧਰਤੀ ਦਾ ਵਾਯੂਮੰਡਲ ਗਰਮ ਹੋਣ ਲੱਗਿਆ ਹੈ। ਇਸ ਲਈ ਫ਼ਿਕਰਮੰਦੀ ਜੋ ਕਿਸੇ ਪਾਸੇ ਦਿਸਣੀ ਚਾਹੀਦੀ ਹੈ, ਉਹ ਕਿਧਰੇ ਵੀ ਨਜ਼ਰ ਨਹੀਂ ਆਉਂਦੀ। ਜੇਕਰ ਭਵਿੱਖ ਵਿਚ ਇਕ ਅੱਧਾ ਫ਼ੀਸਦੀ ਤਾਪਮਾਨ ਹੋਰ ਵਧਦਾ ਹੈ ਤਾਂ ਅਜਿਹੀ ਸਥਿਤੀ ਪੈਦਾ ਹੋ ਜਾਵੇਗੀ, ਕਿ ਜਿਸ ਨਾਲ ਕੋਸ਼ਿਸ਼ ਕਰਕੇ ਵੀ ਨਜਿੱਠਿਆ ਨਹੀਂ ਜਾ ਸਕੇਗਾ। ਜਲਵਾਯੂ ਪਰਿਵਰਤਨ ਅਜਿਹਾ ਇਕ ਗੰਭੀਰ ਮੁੱਦਾ ਹੈ ਜਿਸ ਨੇ ਮਨੁੱਖੀ ਸਿਹਤ, ਵਾਤਾਵਰਨ ਅਤੇ ਅਰਥਚਾਰੇ 'ਤੇ ਇੰਨੇ ਮਾੜੇ ਪ੍ਰਭਾਵ ਪਾਉਣੇ ਹਨ ਕਿ ਜਿਨ੍ਹਾਂ ਦਾ ਮਨੁੱਖ ਜਾਤੀ ਨੇ ਹੁਣ ਤੱਕ ਕਿਆਸ ਵੀ ਨਹੀਂ ਕੀਤਾ ਹੋਵੇਗਾ।

**ਕਿਸ ਵਿਕਾਸ ਲਈ ਯਤਨ :** ਇਕ ਉਦਾਹਰਨ ਨਾਲ ਅਸੀਂ ਸਮਝ ਸਕਦੇ ਹਾਂ ਕਿ ਲੋਕਾਂ ਨਾਲ ਕੀ ਹੋ ਰਿਹਾ ਹੈ। ਪਾਣੀ ਪ੍ਰਦੂਸ਼ਣ ਨੂੰ ਰੋਕਣ ਲਈ ਸਾਡੇ ਕੋਲ 1974 ਦਾ ਐਕਟ ਹੈ। ਇਸ ਐਕਟ ਵਿਚ ਅਜਿਹੀਆਂ ਧਾਰਾਵਾਂ ਸਨ, ਜਿਸ ਵਿਚ ਜੇਕਰ ਕੋਈ ਧਰਤੀ ਹੇਠਲੇ ਜਾਂ ਦਰਿਆਈ ਪਾਣੀ ਨੂੰ ਪ੍ਰਦੂਸ਼ਿਤ ਕਰਦਾ ਹੈ ਤਾਂ ਉਸ ਲਈ ਜੇਲ੍ਹ ਜਾਣ ਤੱਕ ਦੀ ਸਜ਼ਾ ਸੀ। ਹੁਣ ਕਿਉਂਕਿ ਵਿਕਾਸ ਨੂੰ ਯਕੀਨੀ ਬਣਾਇਆ ਜਾਣਾ ਹੈ, ਇਸ ਲਈ ਐਕਟ ਦੀਆਂ ਕੁਝ ਧਾਰਾਵਾਂ ਨੂੰ ਬਦਲ ਜੇਲ੍ਹ ਜਾਣ ਦੀ ਵਿਵਸਥਾ ਨੂੰ ਦਸ ਹਜ਼ਾਰ ਤੋਂ ਕੁੱਝ ਲੱਖ ਤੱਕ ਦੇ ਜੁਰਮਾਨੇ ਵਿਚ ਤਬਦੀਲ ਕਰ ਦਿੱਤਾ ਗਿਆ। ਸ਼ਾਇਦ ਸਰਕਾਰ ਅਨੁਸਾਰ ਇਹ ਕੀਤਾ ਜਾਣਾ ਬੜਾ ਜ਼ਰੂਰੀ ਸੀ ਕਿਉਂਕਿ ਧਰਤੀ ਜਾਂ ਹੇਠਲੇ ਪਾਣੀ ਨੂੰ ਬਚਾਉਣ ਦੇ ਚੱਕਰ ਵਿਚ ਵਿਕਾਸ ਨੂੰ ਤਾਂ ਨਹੀਂ ਰੋਕਿਆ ਜਾਣਾ ਚਾਹੀਦਾ! ਜੇਕਰ ਧਰਤੀ ਹੇਠਲਾ ਪਾਣੀ ਬਰਬਾਦ ਹੋਵੇਗਾ ਲੋਕ ਬਰਬਾਦ ਹੋਣਗੇ, ਬਿਮਾਰੀਆਂ ਦਾ ਪ੍ਰਕੋਪ ਵਧੇਗਾ ਤਾਂ ਉਸ ਲਈ ਹਸਪਤਾਲਾਂ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ ਪਰ ਇਸ ਲਈ ਅਖੌਤੀ ਵਿਕਾਸ ਨੂੰ ਕਿਸੇ ਤਰ੍ਹਾਂ ਦੀ ਆਂਚ ਨਹੀਂ ਆਉਣੀ ਚਾਹੀਦੀ। ਜੇਕਰ ਗੰਦੇ ਨਾਲਿਆਂ, ਫੈਕਟਰੀਆਂ ਦੇ ਗੰਦ-ਮੰਦ ਨਾਲ ਦਰਿਆ ਗੰਦੇ ਹੋ ਗਏ ਹਨ, ਇਨ੍ਹਾਂ ਵਿਚ ਮੁਸ਼ਕ ਮਾਰਦਾ ਪਾਣੀ ਜਲ ਜੀਵਾਂ ਅਤੇ ਮਨੁੱਖਾਂ ਲਈ ਬਿਮਾਰੀਆਂ ਦਾ ਬਿਰਤਾਂਤ ਸਿਰਜ ਰਿਹਾ ਹੈ ਤਾਂ ਲੋਕਾਂ ਲਈ ਆਰ.ਓ. ਦਾ ਪ੍ਰਬੰਧ ਹੋ ਜਾਵੇਗਾ। ਉਸ ਲਈ ਕੰਪਨੀਆਂ ਆਪਣਾ ਬੋਤਲ ਬੰਦ ਪਾਣੀ ਲੋਕਾਂ ਨੂੰ ਵੇਚਣ ਲੱਗ ਜਾਣਗੀਆਂ-ਦਰਿਆਵਾਂ ਦੇ ਪਾਣੀਆਂ ਦੇ ਫ਼ਿਕਰ ਵਿਚ ਅਖੌਤੀ ਵਿਕਾਸ ਦਾ ਚੱਕਰ ਨਹੀਂ ਰੁਕਣਾ ਚਾਹੀਦਾ।

**-ਗੁਰਚਰਨ ਸਿੰਘ ਨੂਰਪੁਰੀ**

ਪੂਰੀ ਦੁਨੀਆ ਵਿਚ ਇਸ ਸਮੇਂ ਕਾਰਪੋਰੇਟ ਕੰਪਨੀਆਂ ਦੇ ਵਿਕਾਸ ਲਈ ਹਰ ਤਰ੍ਹਾਂ ਦੇ ਰਾਹ ਪੱਧਰੇ ਕੀਤੇ ਜਾ ਰਹੇ ਹਨ। ਦੁਨੀਆ ਦੀਆਂ ਵੱਡੀਆਂ ਕਾਰਪੋਰੇਟ ਕੰਪਨੀਆਂ ਦੇ ਕਾਰੋਬਾਰਾਂ ਦਾ ਫੈਲਾਅ ਕਰਨ ਲਈ ਜੰਗਲਾਂ ਦੀ ਕਟਾਈ ਹੋ ਰਹੀ ਹੈ, ਵਾਹੀਯੋਗ ਜ਼ਮੀਨਾਂ ਵਿਚ ਖੁੱਲ੍ਹੀਆਂ ਵਿਸ਼ਾਲ ਸੜਕਾਂ ਦਾ ਨਿਰਮਾਣ ਹੋ ਰਿਹਾ ਹੈ, ਪਹਾੜੀ ਖੇਤਰਾਂ ਵਿਚ ਸੜਕਾਂ ਤੇ ਸੁਰੰਗਾਂ ਬਣਾਈਆਂ ਜਾ ਰਹੀਆਂ ਹਨ, ਪਹਾੜੀ ਖੇਤਰਾਂ ਵਿਚ ਕੁਦਰਤੀ ਮਾਹੌਲ ਨੂੰ ਤਹਿਸ-ਨਹਿਸ ਕਰਕੇ ਉਸਾਰੀਆਂ ਹੋ ਰਹੀਆਂ ਹਨ। ਬੜੀ ਤੇਜ਼ੀ ਨਾਲ ਗਰਮੀਆਂ ਵਿਚ ਵੀ ਠੰਢੀਆਂ ਰਹਿਣ ਵਾਲੀਆਂ ਥਾਵਾਂ 'ਤੇ ਕਾਰਪੋਰੇਟ ਕੰਪਨੀਆਂ ਆਪਣੇ ਕਾਰੋਬਾਰਾਂ ਨੂੰ ਵਿਸਥਾਰ ਦੇ ਰਹੀਆਂ ਹਨ। ਆਮ ਲੋਕਾਂ ਨੂੰ ਇਨ੍ਹਾਂ ਥਾਵਾਂ ਤੋਂ ਖਦੇੜਿਆ ਜਾ ਰਿਹਾ ਹੈ। ਇਸ ਤਰ੍ਹਾਂ ਦੀਆਂ ਉਦਾਹਰਨਾਂ ਨਾਲ ਅਸੀਂ ਇਸ ਅਖੌਤੀ ਵਿਕਾਸ ਦੀ ਹਕੀਕਤ ਸਮਝ ਸਕਦੇ ਹਾਂ।

**ਵਿਗਿਆਨੀਆਂ ਦੇ ਤੌਖਲੇ :** ਪਿਛਲੇ ਲੰਮੇ ਸਮੇਂ ਤੋਂ ਭੂ-ਵਿਗਿਆਨੀ ਸਾਨੂੰ ਵਾਤਾਵਰਨ ਦੀਆਂ ਤਬਦੀਲੀਆਂ ਪ੍ਰਤੀ ਸੁਚੇਤ ਕਰ ਰਹੇ ਹਨ। ਜਿੰਨਾ ਵੱਡਾ ਇਹ ਮਸਲਾ ਹੈ, ਉਨੀ ਵੱਡੀ ਇਸ ਦੀ ਚਰਚਾ ਕਿਸੇ ਪਾਸੇ ਨਹੀਂ ਹੋ ਰਹੀ। ਜਦੋਂ ਕਿਸੇ ਪਾਸੇ ਇਸ ਦੀ ਖੁੱਲ੍ਹ ਕੇ ਚਰਚਾ ਹੀ ਨਹੀਂ ਹੋ ਰਹੀ ਤਾਂ ਇਸ ਦੇ ਸੁਧਾਰ ਲਈ ਯਤਨ ਕਰਨੇ ਤਾਂ ਬਹੁਤ ਦੂਰ ਦੀ ਗੱਲ ਹੈ। ਵਾਤਾਵਰਨ ਵਿਗਿਆਨੀ ਪ੍ਰੋ. ਸੋਨੀਆ ਸੇਨੇਵੀਰਤਨੇ ਲਿਖਦੀ ਹੈ ਕਿ ਸਾਡੇ ਕੋਲ ਇੰਨੇ ਸਬੂਤ ਕਾਫ਼ੀ ਹਨ ਕਿ ਆਪਾਂ ਵਾਤਾਵਰਨ ਦੇ ਗੰਭੀਰ ਸੰਕਟ ਵਿਚ ਪਹੁੰਚ ਗਏ ਹਾਂ। ਨੀਤੀ ਘਾੜਿਆਂ ਕੋਲ ਇਸ ਸਬੰਧੀ ਹੁਣ ਉੱਚਿਤ ਜਾਣਕਾਰੀ ਹੈ। ਇਸੇ ਤਰ੍ਹਾਂ ਵਾਤਾਵਰਨ ਵਿਗਿਆਨੀ ਜੋਏਰੀ ਰੋਗੇਲਜ਼ ਫ਼ਿਕਰਮੰਦੀ ਜਾਹਿਰ ਕਰਦਿਆਂ ਆਖਦਾ ਹੈ ਕਿ ਅਸੀਂ ਆਪਣੀ ਧਰਤੀ ਨੂੰ ਪਹਿਲਾਂ ਹੀ ਬਹੁਤ ਬਦਲ ਚੁੱਕੇ ਹਾਂ ਅਤੇ ਕੁਝ ਤਬਦੀਲੀਆਂ ਦੇ ਪ੍ਰਭਾਵ ਆਉਣ ਵਾਲੇ ਸਮੇਂ ਵਿਚ ਜ਼ਾਹਿਰ ਹੋਣਗੇ। ਹੁਣ ਸਵਾਲ ਇਹ ਉੱਠਦਾ ਹੈ ਕਿ ਭਵਿੱਖ ਵਿਚ ਹੋਰ ਕਿੰਨੀਆਂ ਤਬਦੀਲੀਆਂ ਤੋਂ ਅਸੀਂ ਆਪਣੇ ਗ੍ਰਹਿ ਨੂੰ ਬਚਾ ਸਕਦੇ ਹਾਂ। 'ਯੂ. ਐਨ. ਓ. ਦੇ ਜਨਰਲ ਸਕੱਤਰ ਐਂਟੋਨੀਓ ਗੁਟਰੇਸ ਨੇ ਜਲਵਾਯੂ ਪਰਿਵਰਤਨ ਬਾਰੇ ਅੰਤਰ-ਸਰਕਾਰੀ ਪੈਨਲ (ਆਈ.ਪੀ.ਸੀ.ਸੀ.) ਦੀਆਂ ਇਸ ਸੰਬੰਧੀ ਆਈਆਂ ਰਿਪੋਰਟਾਂ ਪ੍ਰਤੀ ਫ਼ਿਕਰਮੰਦ ਹੁੰਦਿਆਂ ਕਿਹਾ, 'ਖ਼ਤਰੇ ਦੀ ਘੰਟੀ ਬਹਿਰਾ ਕਰ ਦੇਣ ਵਾਲੀ ਹੈ। ਇਸ ਤੋਂ ਪਹਿਲਾਂ ਕਿ ਸਾਡੀ ਧਰਤੀ ਤਬਾਹ ਹੋ ਜਾਵੇ ਸਾਨੂੰ ਕੋਲੇ ਅਤੇ ਬਹੁਤ ਜ਼ਿਆਦਾ ਪ੍ਰਦੂਸ਼ਣ ਫੈਲਾਉਣ ਵਾਲੇ ਈਂਧਨਾਂ ਦੀ ਵਰਤੋਂ ਖ਼ਤਮ ਕਰਨੀ ਹੋਵੇਗੀ।' ਧਰਤੀ ਦੇ ਵੱਖ-ਵੱਖ ਖੇਤਰਾਂ ਵਿਚ ਲੱਗ ਰਹੀਆਂ ਭਿਆਨਕ ਅੱਗਾਂ, ਸੋਕੇ ਅਤੇ ਔੜ ਦੇ ਪ੍ਰਕੋਪ, ਹੜ੍ਹਾਂ ਦੇ ਸੰਤਾਪ, ਵਧਦੀ ਤਪਸ਼ ਤੇ ਬਰਫ਼ਾਂ ਦੇ ਖੁਰਨ, ਹਨੇਰੀਆਂ ਤੇ ਝੱਖੜਾਂ ਆਦਿ ਨੇ ਸਾਡੇ ਵਾਤਾਵਰਨ ਵਿਚ ਇਕ ਅੱਥਰਾ ਵੇਗ ਪੈਦਾ ਕੀਤਾ ਹੈ। ਧਰਤੀ ਦੇ ਬਹੁਤ ਸਾਰੇ ਹਿੱਸਿਆਂ ਵਿਚ ਤਾਪਮਾਨ ਖ਼ਤਰਨਾਕ ਹੱਦ ਤੋਂ ਪਾਰ ਹੋ ਗਿਆ ਹੈ। ਸੋਕੇ ਤੇ ਗਰਮੀ ਵਾਲੇ ਦਿਨਾਂ ਦੀ ਗਿਣਤੀ ਦੋਗੁਣੀ ਹੋ ਗਈ ਹੈ। ਹੜ੍ਹਾਂ, ਭੂਚਾਲਾਂ, ਸੁਨਾਮੀਆਂ ਅਤੇ ਸੋਕੇ ਨਾਲ ਲੋਕਾਂ ਦੇ ਉਜਾੜੇ ਵਧ ਗਏ ਹਨ।

**ਫ਼ਿਕਰਮੰਦ ਕੌਣ :** ਹੁਣ ਸਾਨੂੰ ਸਮਝਣਾ ਚਾਹੀਦਾ ਹੈ ਕਿ ਸਾਡੇ ਜੀਵਨ ਨਾਲ ਸਿੱਧੇ ਤੌਰ 'ਤੇ ਜੁੜਿਆ ਵਾਤਾਵਰਨ ਦਾ ਸੰਕਟ ਜਦੋਂ ਇੰਨਾ ਗੰਭੀਰ ਹੈ ਤਾਂ ਇਸ ਪ੍ਰਤੀ ਅਸੀਂ ਸੁਚੇਤ ਕਿਉਂ ਨਹੀਂ ਹਾਂ? ਫ਼ਿਕਰਮੰਦ ਕਿਉਂ ਨਹੀਂ ਹਾਂ? ਇੱਥੇ ਅਸੀਂ ਕਹਾਂਗੇ ਕਿ ਸਾਡੀਆਂ ਸਰਕਾਰਾਂ ਇਸ ਪ੍ਰਤੀ ਚਿੰਤਤ ਨਹੀਂ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਇਸ ਸੰਕਟ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਪਰ ਅਜਿਹਾ ਕਿਸੇ ਪਾਸੇ ਹੋ ਰਿਹਾ ਦਿਸਦਾ ਨਹੀਂ। ਦੂਜੇ ਪਾਸੇ ਇਸ ਗੰਭੀਰ ਸੰਕਟ ਲਈ ਸਾਡੇ ਚੁਣੇ ਲੋਕ ਨੁਮਾਇੰਦੇ ਕਿੰਨੇ ਕੁ ਗੰਭੀਰ ਹਨ, ਇਹ ਵੀ ਆਸਾਨੀ ਨਾਲ ਵੇਖਿਆ ਸਮਝਿਆ ਜਾ ਸਕਦਾ ਹੈ। ਜਦੋਂ ਇਹ ਸੰਕਟ ਕਿਸੇ ਦੇਸ਼ ਦੀ ਅਗਵਾਈ ਕਰਨ ਵਾਲਿਆਂ ਦੇ ਜ਼ਿਹਨ ਦਾ ਹਿੱਸਾ ਨਹੀਂ ਬਣਦਾ ਤਾਂ ਆਮ ਲੋਕ ਇਸ ਲਈ ਕੀ ਕਰ ਸਕਣਗੇ? ਵਾਤਾਵਰਨ ਦਾ ਸੰਕਟ ਕੁਝ ਕੁ ਸਾਲਾਂ ਵਿਚ ਏਨਾ ਗੰਭੀਰ ਹੋਣ ਵਾਲਾ ਹੈ ਜਿਸ ਦਾ ਅਸੀਂ ਕਿਆਸ ਵੀ ਨਹੀਂ ਕਰ ਸਕਦੇ। ਪਰ ਤ੍ਰਾਸਦੀ ਇਹ ਹੈ ਕਿ ਸਾਡੇ 'ਤੇ ਰਾਜ ਕਰਨ ਵਾਲੀਆਂ ਸਰਕਾਰਾਂ ਅਤੇ ਸਾਡੇ ਲੋਕ ਨੁਮਾਇੰਦੇ ਇਸ ਪ੍ਰਤੀ ਥੋੜ੍ਹੇ ਵੀ ਫ਼ਿਕਰਮੰਦ ਨਹੀਂ ਹਨ। ਜ਼ਰਾ ਖਿਆਲ ਕਰਨਾ ਭਿਆਨਕ ਰੁਖ਼ ਅਖ਼ਤਿਆਰ ਕਰ ਚੁੱਕੇ ਵਾਤਾਵਰਨ ਪ੍ਰਤੀ ਸਾਡੀਆਂ ਸਰਕਾਰਾਂ ਜਾਂ ਵਿਰੋਧੀ ਧਿਰਾਂ ਅਤੇ ਉਨ੍ਹਾਂ ਦੇ ਆਗੂ, ਕਿੰਨੇ ਕੁ ਇਸ ਪ੍ਰਤੀ ਚਿੰਤਤ ਹਨ? ਅਸੀਂ ਸੋਕੇ ਅਤੇ ਔੜਾਂ ਦਾ ਸੰਤਾਪ ਹੀ ਨਹੀਂ ਭੋਗ ਰਹੇ, ਬਲਕਿ ਬੌਧਿਕ ਔੜ ਦੇ ਦੌਰ ਵਿਚੋਂ ਵੀ ਗੁਜ਼ਰ ਰਹੇ ਹਾਂ।

**ਕੀ ਕੁਝ ਹੋ ਸਕਦਾ ਹੈ:** ਇਸ ਸਮੇਂ ਵਾਤਾਵਰਨ ਵਿਗਿਆਨੀਆਂ ਦਾ ਮੰਨਣਾ ਹੈ ਕਿ ਗਰੀਨ ਹਾਊਸ ਗੈਸਾਂ ਦੇ ਪ੍ਰਭਾਵ ਨਾਲ ਮੌਸਮੀ ਤਬਦੀਲੀਆਂ ਦਾ ਰੁਖ਼ ਏਨਾ ਭਿਆਨਕ ਹੋ ਗਿਆ ਹੈ ਕਿ ਅਸੀਂ ਜੀਵਨ ਨੂੰ ਬਚਾਉਣ ਲਈ ਜੋ ਕੁਝ ਵੀ ਕਰਾਂਗੇ, ਉਹ ਥੋੜ੍ਹਾ ਹੋਵੇਗਾ। ਇਸ ਸਥਿਤੀ ਨੂੰ ਇੰਝ ਸਮਝ ਸਕਦੇ ਹਾਂ ਜਿਵੇਂ ਅਸੀਂ ਕਿਸੇ ਥਾਂ ਦੀ ਤਪਸ਼ ਨੂੰ ਘੱਟ ਕਰਨ ਲਈ ਅਸੀਂ ਉੱਥੇ ਬਹੁਤ ਸਾਰੇ ਰੁੱਖ ਲਾਈਏ ਪਰ ਹਾਲਾਤ ਇਹ ਬਣ ਜਾਣ ਕਿ ਆਲੇ ਦੁਆਲੇ ਗਰਮੀ ਹੀ ਇੰਨੀ ਹੋਵੇ ਕਿ ਰੁਖ਼ ਗਰਮੀ ਤੇ ਸੋਕੇ ਨਾਲ ਹੀ ਮਰ ਜਾਣ। ਇਸ ਸਥਿਤੀ ਵਿਚ ਹੁਣ ਅਸੀਂ ਪ੍ਰਵੇਸ਼ ਕਰ ਚੁੱਕੇ ਹਾਂ। ਇਸ ਸਮੇਂ ਲਾਏ ਜਾ ਰਹੇ ਬੂਟਿਆਂ ਦੇ ਰੁੱਖ ਬਣਨ ਦੀ ਦਰ ਦੋ ਫ਼ੀਸਦੀ ਹੈ। ਇਸ ਦਾ ਭਾਵ ਇਹ ਹੈ ਕਿ ਜੇਕਰ ਕਿਸੇ ਥਾਂ ਸੌ ਬੂਟਾ ਲਾਇਆ ਜਾਂਦਾ ਹੈ ਤਾਂ ਇਸ ਵਿਚੋਂ ਸਿਰਫ਼ ਦੋ ਦੇ ਰੁੱਖ ਬਣਨ ਦੀ ਸੰਭਾਵਨਾ ਹੈ, ਬਾਕੀ ਸੋਕੇ ਨਾਲ ਮਰ ਜਾਣਗੇ। ਜ਼ਰਾ ਅੰਦਾਜ਼ਾ ਕਰੋ ਅਸੀਂ ਕਿਸ ਦਿਸ਼ਾ ਵੱਲ ਵਧ ਰਹੇ ਹਾਂ।

ਵਾਤਾਵਰਨ ਦੇ ਸੰਕਟ ਪ੍ਰਤੀ ਅਸੀਂ ਸੁੱਤੇ ਪਏ ਹਾਂ। ਸਾਡੀਆਂ ਸਰਕਾਰਾਂ ਅਵੇਸਲੀਆਂ ਹੀ ਨਹੀਂ ਹੋਈਆਂ, ਸਗੋਂ ਵਿਕਾਸ ਦੀ ਉਹ ਡੁਗਡੁਗੀ ਵਜਾ ਰਹੀਆਂ ਹਨ ਜਿਸ ਨਾਲ ਇਹ ਸੰਕਟ ਹੋਰ ਤੇਜ਼ੀ ਨਾਲ ਵਧਣੇ ਹਨ। ਜਿੰਨੀ ਜਲਦੀ ਹੋ ਸਕੇ ਦੁਨੀਆ ਭਰ ਦੇ ਲੋਕਾਂ ਨੂੰ ਇਸ ਨੀਂਦ ਵਿਚੋਂ ਜਾਗਣਾ ਹੋਵੇਗਾ। ਬਾਹਰ ਸੜਕ 'ਤੇ ਨਿਕਲ ਕੇ ਕਹਿਣਾ ਪਵੇਗਾ ਕਿ ਬੰਦ ਕਰੋ ਇਹ ਜੀਵਨ ਨੂੰ ਤਬਾਹ ਕਰਨ ਵਾਲਾ ਅਖੌਤੀ ਵਿਕਾਸ, ਜੀਵਨ ਤਬਾਹ ਹੋ ਰਿਹਾ ਹੈ, ਸਾਨੂੰ ਸਰਕਾਰਾਂ ਨੂੰ ਪੁੱਛਣਾ ਪਵੇਗਾ ਕਿ ਤੁਸੀਂ ਆਖ਼ਰ ਧਰਤੀ 'ਤੇ ਜੀਵਨ ਨੂੰ ਬਚਾਉਣ ਲਈ ਕੀ ਕਰ ਰਹੀਆਂ ਹੋ? ਇਸ ਸਮੇਂ ਵਾਤਾਵਰਨ ਦੇ ਸੰਕਟ ਨੂੰ ਦੂਰ ਕਰਨਾ ਹੀ ਸਾਡੀ ਮੁੱਖ ਤਰਜੀਹ ਹੋਣੀ ਚਾਹੀਦੀ ਹੈ। ਇਸ ਲਈ ਪੂਰੀ ਦੁਨੀਆ ਵਿਚ ਇਕ ਵੱਡੀ ਮੁਹਿੰਮ ਛੇੜਨ ਦੀ ਲੋੜ ਹੈ। ਸਾਨੂੰ ਵੱਡੇ ਪ੍ਰੋਗਰਾਮ ਬਣਾਉਣੇ ਪੈਣਗੇ, ਵੱਡੀਆਂ ਤਬਦੀਲੀਆਂ ਲਈ ਯਤਨਸ਼ੀਲ ਹੋਣਾ ਪਵੇਗਾ ਤਾਂ ਕਿ ਸਾਡੀ ਇਸ ਪਿਆਰੀ ਧਰਤੀ 'ਤੇ ਜੀਵਨ ਨੂੰ ਬਚਾਇਆ ਜਾ ਸਕੇ।





## ਫਤਹਿ ਦਿਵਸ ਕਿਲਾ ਲੋਹਗੜ੍ਹ ਸਾਹਿਬ ਅੰਮ੍ਰਿਤਸਰ 'ਤੇ ਵਿਸ਼ੇਸ਼:

# ਸਿੱਖਾਂ 'ਤੇ ਮੁਗਲਾਂ ਦਾ ਪਹਿਲਾ ਯੁੱਧ



ਪ੍ਰਸਿੱਧ ਲੇਖਕ ਸਤਿਬੀਰ ਸਿੰਘ ਸਿੱਖਾਂ ਤੇ ਮੁਗਲਾਂ ਵਿਚ ਹੋਇ ਇਸ ਪਹਿਲੇ ਯੁੱਧ ਬਾਰੇ ਲਿਖਦੇ ਹਨ ਕਿ 1629 ਈ. ਵਿੱਚ ਪਿੰਡ ਗੁਮਟਾਲੇ ਦੀ ਥਾਂ ਉੱਤੇ ਐਸੀ ਘਟਨਾ ਹੋ ਗਈ ਜਿਸ ਨੇ ਜੰਗ ਦਾ ਆਰੰਭ ਕਰ ਦਿੱਤਾ ਤਾਂ ਲਤੀਫ਼ ਅਨੁਸਾਰ, 'ਮੁਗ਼ਲਾਂ ਅਤੇ ਸਿੱਖਾਂ ਵਿਚਕਾਰ ਪਹਿਲੀ ਲੜਾਈ ਹੋਈ ਜਿਸ ਉਪਰੰਤ ਇਤਿਹਾਸ ਵਿੱਚ ਹੋਰ ਕਈ ਲੜਾਈਆਂ ਦਾ ਮੁੱਢ ਬੱਝਿਆ'।

ਗੁਰੂ ਹਰਿਗੋਬਿੰਦ ਜੀ ਸ਼ਿਕਾਰ ਖੇਡਣ ਲਈ ਗੁਮਟਾਲੇ ਆਪਣੇ ਸਿੱਖਾਂ ਸਮੇਤ ਗਏ। ਦੇਵ ਨੇਤ ਨਾਲ ਸ਼ਾਹੀ ਫ਼ੌਜਾਂ ਵੀ ਲਾਗੇ ਹੀ ਸ਼ਿਕਾਰ ਖੇਡਣ ਲਈ ਉਤਰੀਆਂ ਹੋਈਆਂ ਸਨ। ਗੁਰੂ ਜੀ ਦੇ ਬਾਜ਼ ਨੇ ਸ਼ਾਹੀ ਬਾਜ਼ ਨੂੰ ਜਾ ਦਬਾਇਆ। ਸਿੱਖ ਰਵਾਇਤ ਅਨੁਸਾਰ ਸ਼ਾਹੀ ਬਾਜ਼ ਆਪਣੇ ਸ਼ਿਕਾਰ ਨੂੰ ਠੂੰਗੇ ਮਾਰ ਕੇ ਤਸੀਹੇ ਦੇਂਦਾ ਸੀ। ਸ਼ਿਕਾਰ ਨੂੰ ਘੜੀ-ਮੁੜੀ ਅਸਮਾਨ ਉਤੇ ਲੈ ਜਾ ਕੇ ਭੁੰਜੇ ਜ਼ਮੀਨ ਵੱਲ ਸੁੱਟਦਾ ਸੀ। ਸਿੱਖ ਸ਼ਿਕਾਰ ਨਾਲ ਇਸ ਤਰ੍ਹਾਂ ਵਰਤਾਉ ਕੀਤੇ ਜਾ ਰਹੇ ਨੂੰ ਸਹਾਰ ਨਾ ਸਕੇ। ਉਨ੍ਹਾਂ ਆਪਣਾ ਬਾਜ਼ ਉਡਾ ਕੇ ਤਸੀਹੇ ਦੇਂਦੇ ਬਾਜ ਨੂੰ ਪਕੜ ਲਿਆਂਦਾ। ਜਦ ਅਹਿਲਕਾਰਾਂ ਨੇ ਬਾਜ਼ ਵਾਪਸ ਮੰਗਿਆ ਤਾਂ ਸਿੱਖਾਂ ਨੇ ਇਨਕਾਰ ਕਰ ਦਿੱਤਾ। ਸ਼ਾਹੀ ਫ਼ੌਜਾਂ ਨੇ ਧਮਕੀਆਂ ਦੇਣੀਆਂ ਸ਼ੁਰੂ ਕੀਤੀਆਂ ਕਿ ਇਸ ਬਾਜ਼ ਦੇ ਨਾ ਵਾਪਸ ਕਰਨ ਦਾ ਸਿੱਟਾ ਜੰਗ ਹੋਵੇਗੀ। ਗੁਰੂ ਜੀ ਨੇ ਧਮਕੀਆਂ ਅੱਗੇ ਝੁਕਣਾ ਧਰਮ ਵਿਰੁੱਧ ਸਮਝਿਆ। 'ਅਣਖ ਲਈ ਲੜਨਾ ਹੀ ਧਰਮ' ਕਿਹਾ।

ਗ਼ੁਲਾਮ ਰਸੂਲ ਖ਼ਾਨ ਦੀ ਕਮਾਨ ਹੇਠਾਂ ਮੁਖਲਿਸ ਖ਼ਾਨ ਨੇ ਸ਼ਾਹ ਜਹਾਨ ਦੇ ਕਹਿਣ ਉਤੇ 7000 ਫ਼ੌਜ਼ ਭੇਜੀ। ਸ਼ਾਹਜਹਾਨ ਨੂੰ ਇਹ ਕਹਿ ਕੇ ਚੁੱਕਿਆ ਸੀ ਕਿ ਅੱਜ ਬਾਜ਼ ਨੂੰ ਹੱਥ ਪਾਇਆ ਨੇ, ਕੱਲ੍ਹ ਤਾਜ ਨੂੰ ਪਾਉਣਗੇ। ਗੁਰੂ ਜੀ ਜੰਗ ਲਈ ਤਿਆਰ ਨਹੀਂ ਸਨ। ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਅੰਮ੍ਰਿਤਸਰ ਵਿੱਚ ਬੀਬੀ ਵੀਰੋ ਜੀ ਦੇ ਅਨੰਦ ਕਾਰਜ ਦਾ ਪ੍ਰਬੰਧ ਕਰ ਰਹੇ ਸਨ ਅਤੇ ਵਿਆਹ ਨੂੰ ਕੁਝ ਦਿਨ ਹੀ ਬਾਕੀ ਸਨ ਪਰ ਜਦ ਫ਼ੌਜ ਦੀ ਚੜ੍ਹਾਈ ਦਾ ਪਤਾ ਲੱਗਾ ਤਾਂ ਗੁਰੂ ਜੀ ਨੇ ਆਪਣੇ ਸੇਵਕਾਂ ਦੀ ਫ਼ੌਜ਼ ਨਾਲ ਲੈ ਕੇ ਟਾਕਰਾ ਕਰਨ ਦਾ ਫ਼ੈਸਲਾ ਕੀਤਾ। ਪਹਿਲੀ ਹੀ ਝਪਟ ਵਿੱਚ ਗ਼ੁਲਾਮ ਰਸੂਲ ਭੱਜ ਗਿਆ ਅਤੇ ਸਿੱਖਾਂ ਨੂੰ ਪਹਿਲੀ ਜਿੱਤ ਪ੍ਰਾਪਤ ਹੋਈ। ਇਹ ਜੰਗ ਸੰਗਰਾਣਾ ਸਾਹਿਬ ਦੇ ਅਸਥਾਨ 'ਤੇ ਹੋਈ।

**ਮੁਖਲਿਸ ਖ਼ਾਨ ਚੜ੍ਹ ਕੇ ਆਇਆ :** ਜਿੱਥੇ ਅੱਜਕੱਲ੍ਹ ਖ਼ਾਲਸਾ ਕਾਲਜ ਹੈ ਉੱਥੇ ਤੇ ਇਸ ਦੇ ਆਸ ਪਾਸ ਇਹ ਜੰਗ ਹੋਈ ਸੀ। ਇਸ ਮੁੱਢਲੀ ਹਾਰ ਨੂੰ ਵੇਖ ਕੇ ਮੁਖਲਿਸ ਖ਼ਾਨ ਨੇ ਆਪ ਗੁਰੂ ਜੀ ਵਿਰੁੱਧ ਚੜ੍ਹਾਈ ਕੀਤੀ। ਗੁਰੂ ਜੀ ਵੀ ਜਾਣ ਗਏ ਸਨ ਕਿ ਇਹ ਗੱਲ ਇੱਥੇ ਨਹੀਂ ਮੁੱਕਣੀ। ਇਸ ਲਈ ਉਨ੍ਹਾਂ ਵੀ ਜਿੱਥੋਂ ਤੱਕ ਹੋ ਸਕਿਆ, ਤਿਆਰੀ ਕਰ ਲਈ। ਸਿੱਖਾਂ ਦੇ ਕੁਝ ਕਰਾਰੇ ਹੱਥ ਸਹਿ ਕੇ ਹੀ ਮੁਗ਼ਲਾਂ ਦੀ ਫ਼ੌਜ ਘਬਰਾ ਗਈ ਪਰ ਹੱਲਾ-ਸ਼ੇਰੀ ਦੇਣ ਨਾਲ ਫ਼ੌਜ ਦੇ ਪੈਰ ਜੰਮ ਗਏ। ਸਿੱਖਾਂ ਦੀ ਫ਼ੌਜ ਵਿੱਚ ਵੀ ਹਲਚਲ ਮੱਚੀ, ਪਰ ਗੁਰੂ ਜੀ ਨੇ ਜਦੋਂ ਕਮਾਨ ਸੰਭਾਲੀ ਤਾਂ ਡਿੱਗਦੇ ਹੌਂਸਲੇ ਵੀ ਖੜ੍ਹੇ ਹੋ ਗਏ। ਸ਼ਾਮ ਤੱਕ ਲੜਾਈ ਹੁੰਦੀ ਰਹੀ। ਕੋਈ ਫ਼ੈਸਲਾ ਨਾ ਹੋ ਸਕਿਆ। ਅੰਤ ਰਾਤ ਦਾ ਅਨ੍ਹੇਰਾ ਛਾ ਗਿਆ।



ਡਾ. ਚਰਨਜੀਤ ਸਿੰਘ ਗੁਮਟਾਲਾ
001-9375739812

**ਮੁਖਲਿਸ ਖ਼ਾਨ ਨੇ ਸੋਚਿਆ ਕਿ ਗੁਰੂ ਜੀ ਕੋਲੋਂ ਨਾ-ਮਾਤਰ ਈਨ ਮੰਨਵਾ ਲਈ ਜਾਵੇ। ਉਸ ਰਾਤੀਂ ਕਾਸਦ ਭੇਜਿਆ। ਗੁਰੂ ਜੀ ਨੇ ਜਵਾਬ ਦਿੱਤਾ :** 'ਇਹ ਠੀਕ ਹੈ, ਅਸਾਂ ਕੋਈ ਮੱਲ ਨਹੀਂ ਮਾਰਨੀ, ਮੁਲਕ ਕੋਈ ਨਹੀਂ ਮੱਲਣਾ, ਪਰ ਅਸਾਂ ਅਨਿਆਂ ਦਾ ਰਾਜ ਵੀ ਚੱਲਣ ਨਹੀਂ ਦੇਣਾ, ਗਰੀਬਾਂ ਉਤੇ ਧੱਕਾ ਨਹੀਂ ਹੋਣ ਦੇਣਾ, ਮਾਸੂਮਾਂ ਨੂੰ ਜਬਰ ਤੋਂ ਬਚਾਉਣਾ ਹੈ। ਹਕੂਮਤ ਜਬਰ ਦੇ ਬਲ ਉਤੇ ਚਲ ਰਹੀ ਹੈ। ਦੁਨੀਆਂ ਦੇ ਮਾਲਕ ਨੂੰ ਹੰਕਾਰ ਕਦੇ ਨਹੀਂ ਭਾਇਆ। ਉਹ ਸੱਚਿਆ ਦਾ ਸਾਥੀ ਹੈ ਤੇ ਧਰਮੀਆਂ ਦਾ ਰਾਖਾ ਹੈ। ਈਨ ਮੰਨਣ ਜਾਂ ਨਾ ਮੰਨਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ'।

ਇਹ ਉਤਰ ਪਾ ਕੇ ਮੁਖਲਿਸ ਖ਼ਾਨ ਨੇ ਫ਼ੈਸਲਾਕੁਨ ਲੜਾਈ ਕਰਨ ਦਾ ਫ਼ੈਸਲਾ ਕੀਤਾ। ਨਾਲ ਹੀ ਮੁਖਲਿਸ ਖ਼ਾਨ ਨੇ ਇਹ ਖਾਹਿਸ਼ ਪ੍ਰਗਟ ਕੀਤੀ ਕਿ ਫ਼ੌਜਾਂ ਨੂੰ ਮਰਵਾਉਣ ਦਾ ਕੀ ਲਾਭ ਕੇਵਲ ਗੁਰੂ ਅਤੇ ਉਸ ਦੀ ਸਾਂਝੀ ਆਹਮੋ-ਸਹਾਵੀਂ ਦੁਵੱਲੀ ਲੜਾਈ ਹੋ ਜਾਏ। ਉਸ ਦੁਵੱਲੀ ਲੜਾਈ ਵਿੱਚ ਪਹਿਲਾ ਵਾਰ ਮੁਖਲਿਸ ਖ਼ਾਨ ਨੇ ਕੀਤਾ ਪਰ ਉਹ ਅੰਞਾਈਂ ਚਲਾ ਗਿਆ। ਫੇਰ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਖੰਡੇ ਨਾਲ ਅਜਿਹਾ ਵਾਰ ਕੀਤਾ ਕਿ ਮੁਖਲਿਸ ਖ਼ਾਨ ਦੀ ਢਾਲ ਚੀਰ ਕੇ ਉਸ ਦੇ ਸਿਰ ਵਿੱਚੋਂ ਪਾਰ ਕਰ ਗਿਆ। ਮੁਖਲਿਸ ਖ਼ਾਨ ਦੀਆਂ ਫ਼ੌਜਾਂ ਵਾਪਸ ਮੁੜ ਗਈਆਂ ਅਤੇ ਗੁਰੂ ਜੀ ਉਥੋਂ ਸਿੱਧੇ ਝੁਬਾਲ ਚਲੇ ਗਏ ਅਤੇ ਉਥੇ ਹੀ ਬੀਬੀ ਵੀਰੋ ਜੀ ਦਾ ਆਨੰਦ ਕਾਰਜ ਕੀਤਾ।

ਆਸਫ਼ ਖ਼ਾਨ ਪ੍ਰਧਾਨ ਮੰਤਰੀ ਨੂੰ ਜਦ ਸਾਰੀ ਗੱਲਬਾਤ ਤੇ ਲੜਾਈ ਦਾ ਪਤਾ ਲੱਗਾ ਤਾ ਉਸ ਨੇ ਗਵਰਨਰ ਕੁਲੀਜ਼ ਖ਼ਾਨ ਨੂੰ ਹਟਾ ਦਿੱਤਾ ਅਤੇ ਉਸ ਦੀ ਥਾਂ ਅਨਾਇਤ-ਉਲਾ ਏਜ਼ਦੀ ਨੂੰ ਪੰਜਾਬ ਦਾ ਗਵਰਨਰ ਥਾਪਿਆ। ਸ਼ਾਹਜਹਾਨ ਆਪ ਪੰਜਾਬ ਨਹੀਂ ਆ ਸਕਦਾ ਸੀ ਸੋ ਉਸ ਨੇ ਆਸਫ਼ ਖ਼ਾਨ ਦੇ ਪ੍ਰਬੰਧ ਦੀ ਹਮਾਇਤ ਕੀਤੀ।

ਡਾ. ਸੁਖਦਿਆਲ ਸਿੰਘ ਇਸ ਯੁੱਧ ਬਾਰੇ ਲਿਖਦੇ ਹਨ ਕਿ ਹੋਰ ਰਿਸ਼ਤੇਦਾਰਾਂ ਨੂੰ ਕਤਲ ਕਰਕੇ, ਸ਼ਾਹ ਜ਼ਹਾਨ ਨੇ ਆਪਣੇ ਸਹੁਰਾ ਆਸਿਫ਼ ਖ਼ਾਨ ਦੀ ਮਦਦ ਨਾਲ ਰਾਜ-ਭਾਗ ਸੰਭਾਲਿਆ। ਉਹ ਮੁਸਲਿਮ ਜਗਤ ਨੂੰ ਖ਼ੁਸ਼ ਕਰਨਾ ਚਾਹੁੰਦਾ ਸੀ। ਇਸ ਮਨੋਰਥ ਦੀ ਪੂਰਤੀ ਲਈ ਉਸ ਨੇ ਨਵੀਂ ਧਾਰਮਿਕ ਨੀਤੀ ਦਾ ਐਲਾਨ ਕੀਤਾ। ਇਸ ਤਹਿਤ ਮੁਸਲਮਾਨਾਂ ਵੱਲੋਂ ਧਰਮ ਬਦਲਣ 'ਤੇ ਪਾਬੰਦੀ ਲਾਈ ਗਈ ਸੀ। ਹਿੰਦੂਆਂ ਦਾ ਕੋਈ ਨਵਾਂ ਮੰਦਰ ਨਹੀਂ ਬਣ ਸਕਦਾ ਸੀ। ਇਉਂ ਇਸ ਨੀਤੀ ਤੋਂ ਹੱਲਾਸ਼ੇਰੀ ਲੈ ਕੇ ਮੁਸਲਮਾਨ ਜਗਤ ਦੇ ਕੱਟੜ ਪੈਰੋਕਾਰ ਗੈਰ-ਮੁਸਲਮਾਨਾਂ ਪ੍ਰਤੀ ਹਮਲਾ ਕਰੂ ਨੀਤੀ ਅਪਣਾਉਣ ਲੱਗ ਪਏ ਸਨ। ਇਸ ਦਾ ਅਸਰ ਪੰਜਾਬ ਵਿੱਚ ਵੀ ਹੋਇਆ। ਸਿੱਖ ਧਰਮ ਦੀ ਵਿਰੋਧਤਾ ਕਰਨ ਵਾਲੇ ਮੁਸਲਿਮ ਕੱਟੜਪੰਥੀ ਮੌਲਾਣੇ ਅਤੇ ਅਧਿਕਾਰੀ ਗੁਰੂ ਹਰਿਗੋਬਿੰਦ ਸਾਹਿਬ ਪ੍ਰਤੀ ਅਤੇ ਸਿੱਖ ਗੁਰਦੁਆਰਿਆਂ ਪ੍ਰਤੀ ਹਮਲਾ ਕਰੂ ਰੁੱਖ ਅਖਤਿਆਰ ਕਰਨ ਲੱਗ ਪਏ ਸਨ। ਲਾਹੌਰ ਵਿੱਚ ਗੁਰੂ ਰਾਮਦਾਸ ਜੀ ਵੱਲੋਂ ਲਗਵਾਈ ਗਈ ਬਾਉਲੀ ਸਾਹਿਬ ਨੂੰ ਮਿੱਟੀ ਨਲ ਭਰ ਦਿੱਤਾ ਗਿਆ ਸੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੇ ਜੀਵਨ ਕਾਲ ਵਿੱਚ ਅਨੇਕਾਂ ਲੜਾਈਆਂ ਦਾ ਵੀ ਸਾਹਮਣਾ ਕਰਨਾ ਪਿਆ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਲੜਾਈਆਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਤੁਰੰਤ ਪਿੱਛੋਂ ਨਹੀਂ ਹੋਈਆਂ ਸਗੋਂ ਉਸ ਸਮੇਂ ਹੋਈਆਂ ਸਨ ਜਦੋਂ ਸਿੱਖ ਜਗਤ ਆਪਣੇ ਸ਼ਹੀਦ ਗੁਰੂ ਦੀ ਸ਼ਹਾਦਤ ਦੇ ਗ਼ਮ ਵਿੱਚੋਂ ਸੰਭਲ ਕੇ ਧਰਮ ਪ੍ਰਚਾਰ ਵਿੱਚ ਲੱਗਾ ਹੋਇਆ ਸੀ। ਬਾਦਸ਼ਾਹ ਜਹਾਂਗੀਰ ਦਾ ਪਿਛਲਾ ਸਾਰਾ ਸਮਾਂ ਗੁਰੂ-ਘਰ ਪ੍ਰਤੀ ਦੋਸਤਾਨਾ ਸੀ। ਪਰ ਉਸ ਦੀ ਮੌਤ ਬਾਅਦ ਜਦੋਂ ਉਸ ਦਾ ਪੁੱਤਰ ਸ਼ਾਹ ਜਹਾਨ ਬਾਦਸ਼ਾਹ ਦੇ ਮੁੱਢਲੇ ਸਮੇਂ ਵਿੱਚ ਹੋਈਆਂ ਸਨ। ਸ਼ਾਹ ਜਹਾਨ 1627 ਈ. ਵਿੱਚ ਗੱਦੀ 'ਤੇ ਬੈਠਾ ਸੀ ਅਤੇ ਗੁਰੂ ਜੀ ਨੂੰ ਪਹਿਲੀ ਲੜਾਈ 1629 ਈ. ਵਿੱਚ ਕਰਨੀ ਪਈ ਸੀ। ਬਾਦਸ਼ਾਹ ਪੰਜਾਬ ਤੋਂ ਦੂਰ ਸੀ ਅਤੇ ਪੰਜਾਬ ਦੇ ਅਧਿਕਾਰੀ ਲਾਹੌਰ ਦਾ ਗਵਰਨਰ ਕੁਲੀਜ਼ ਖ਼ਾਨ ਸੀ। ਉਸ ਨੇ ਆਪਣੇ ਇੱਕ ਫ਼ੌਜਦਾਰ ਮੁਖਲਿਸ ਖ਼ਾਨ ਨੂੰ ਅੰਮ੍ਰਿਤਸਰ ਗੁਰੂ ਜੀ ਉਪਰ ਹਮਲਾ ਕਰਨ ਲਈ ਭੇਜਿਆ ਤਾਂ ਕਿ ਗੁਰੂ ਜੀ ਨੂੰ ਅੰਮ੍ਰਿਤਸਰ ਤੋਂ ਕੱਢ ਦਿੱਤਾ ਜਾਵੇ। ਇਹ ਗੱਲ ਅਪ੍ਰੈਲ 1629 ਈ. ਦੀ ਹੈ। ਉਧਰ ਗੁਰੂ ਜੀ ਆਪਣੀ ਬੇਟੀ ਬੀਬੀ ਵੀਰੋ ਜੀ ਦੇ ਵਿਆਹ ਦੀਆਂ ਰਸਮਾਂ ਵਿੱਚ ਰੁੱਝੇ ਹੋਏ ਸਨ। ਅਚਨਚੇਤ ਗੁਰੂ ਜੀ ਉਪਰ ਹਮਲਾ ਕੀਤਾ ਗਿਆ। ਜਿੰਨੀਆਂ ਕੁ ਸਿੱਖ ਸੰਗਤਾਂ ਅੰਮ੍ਰਿਤਸਰ ਵਿਖੇ ਸਨ ਉਨ੍ਹਾਂ ਨੇ ਪੂਰੀ ਦ੍ਰਿੜਤਾ ਨਾਲ ਹਮਲਾਵਰ ਫ਼ੌਜ ਦਾ ਮੁਕਾਬਲਾ ਕੀਤਾ। ਇਸ ਝੜੱਪ ਵਿੱਚ ਗੁਰੂ ਜੀ ਦਾ ਘਰਬਾਰ ਲੁੱਟ ਲਿਆ ਗਿਆ ਸੀ। ਲੜਕੀ ਦੀ ਸ਼ਾਦੀ ਲਈ ਤਿਆਰ ਕੀਤਾ ਸਮਾਨ ਲੁੱਟ ਲਿਆ ਗਿਆ ਸੀ। ਬਰਾਤ ਲਈ ਤਿਆਰ ਕੀਤੀ ਮਠਿਆਈ ਲੁੱਟ ਲਈ ਗਈ ਸੀ। ਜ਼ੁਲਿਫ਼ਕਾਰ ਅਰਧਿਸਤਾਨੀ ਲਿਖਦਾ ਹੈ ਕਿ: "ਉਸ (ਗੁਰੂ ਜੀ) ਦਾ ਸ਼ਹਿਨਸ਼ਾਹੀ ਗਮਾਸ਼ਤਿਆਂ ਦੀ ਫ਼ੌਜ ਅਤੇ ਸ਼ਾਹਜਹਾਨ ਦੇ ਨੌਕਰਾਂ ਨਾਲ, ਜੋ ਬਾਦਸ਼ਾਹੀ ਫੁਰਮਾਨ ਅਨੁਸਾਰ ਉਸ ਦੇ ਉਪਰ ਚੜ੍ਹਕੇ ਗਏ ਸੀ, ਟਾਕਰਾ ਹੋ ਗਿਆ। ਗੁਰੂ ਦਾ ਘਰ-ਬਾਰ ਲੁੱਟਿਆ ਗਿਆ। ਪਰ ਇਥੇ ਇੱਕ ਗੱਲ ਨੋਟ ਕਰਨ ਵਾਲੀ ਹੈ ਕਿ ਗੁਰੂ ਜੀ ਉਪਰ ਹਮਲਾ ਕਰਨ ਬਾਰੇ ਬਾਦਸ਼ਾਹ ਦਾ ਸ਼ਾਹੀ ਫੁਰਮਾਨ ਕੋਈ ਨਹੀਂ ਸੀ ਅਤੇ ਨਾ ਹੀ ਬਾਦਸ਼ਾਹ ਦੀ ਗੁਰੂ ਜੀ ਉਪਰ ਹਮਲਾ ਕਰਨ ਵਿੱਚ ਕੋਈ ਦਿਲਚਸਪੀ ਹੀ ਸੀ। ਇਹ ਹਮਲਾ ਨਿਰੋਲ ਸਥਾਨਕ ਅਧਿਕਾਰੀਆਂ ਵੱਲੋਂ ਸੀ ਅਤੇ ਇਹ ਵੀ ਸਿਰਫ਼ ਸੀਮਤ ਹੱਦ ਤੱਕ ਹੀ ਸੀ। ਪੰਜਾਬ ਦੀ ਸਮੁੱਚੀ ਹਕੂਮਤ ਦੀ ਵੀ ਇਸ ਵਿੱਚ ਕੋਈ ਦਿਲਚਸਪੀ ਨਹੀਂ ਸੀ।

ਗੁਰੂ ਜੀ ਦੇ ਸਿੱਖਾਂ ਵੱਲੋਂ ਜੋ ਸਿੱਖ ਸ਼ਹੀਦ ਹੋਏ ਸਨ ਉਨ੍ਹਾਂ ਦੀ ਗਿਣਤੀ ਤੇਰ੍ਹਾਂ ਦੱਸੀ ਗਈ ਹੈ ਅਤੇ ਇਨ੍ਹਾਂ ਦੇ ਨਾਂ ਇਉਂ ਹਨ : ਭਾਈ ਨੰਦ ਜੀ, ਭਾਈ ਜੈਤਾ ਜੀ, ਭਾਈ ਪਿਰਾਣਾ, ਭਾਈ ਤੋਤਾ, ਭਾਈ ਤਿਲੋਕਾ, ਭਾਈ ਸਾਂਈ ਦਾਸ, ਭਾਈ ਪੈੜਾ, ਭਾਈ ਭਗਤੂ, ਭਾਈ ਅਨੰਤਾ, ਭਾਈ ਨਿਹਾਲਾ, ਭਾਈ ਤਖ਼ਤੂ, ਭਾਈ ਮੋਹਨ ਅਤੇ ਭਾਈ ਗੋਪਾਲ ਜੀ।

ਅੰਮ੍ਰਿਤਸਰ ਦੇ ਨੇੜੇ ਹੀ ਝੁਬਾਲ ਪਿੰਡ ਹੈ। ਝਬਾਲ ਦਾ ਚੌਧਰੀ ਲੰਗਾਹ ਸੀ ਜੋ ਗੁਰੂ ਅਰਜਨ ਦੇਵ ਜੀ ਦੇ ਮੁੱਖੀ ਸਿੱਖਾਂ ਵਿੱਚੋਂ ਸੀ। ਇਸ ਲੜਾਈ ਵਿੱਚ ਚੌਧਰੀ ਲੰਗਾਹਾ ਵੀ ਗੁਰੂ ਜੀ ਦੀ ਮਦਦ ਕਰਨ ਲਈ ਆਇਆ ਸੀ। ਲੜਾਈ ਦਾ ਮੁਕਾਬਲਾ ਕਰਦੇ ਹੋਏ ਗੁਰੂ ਸਾਹਿਬ ਨੇ ਆਪਣਾ ਸਾਰਾ ਪਰਿਵਾਰ ਝੁਬਾਲ ਵਿਖੇ, ਚੌਧਰੀ ਲੰਗਾਹ ਦੀ ਨਿਗਰਾਨੀ ਹੇਠ ਤੋਰ ਦਿੱਤਾ ਸੀ। ਹਮਲਾ ਕਰਨ ਆਏ ਅਧਿਕਾਰੀ ਚੌਧਰੀ ਲੰਗਾਹ ਦੀ ਜਾਗੀਰ ਵਿੱਚ ਨਹੀਂ ਜਾ ਸਕਦੇ ਸਨ। ਝੱਟਪੱਟ ਦੇ ਹਮਲੇ ਵਿੱਚ ਦੁਸ਼ਮਣ ਜਿੰਨਾਂ ਕੁ ਨੁਕਸਾਨ ਗੁਰੂ ਜੀ ਦਾ ਕਰ ਸਕਦਾ ਸੀ ਉਤਨਾ ਕੁ ਕਰ ਦਿੱਤਾ। ਉਪਰੰਤ ਉਹ ਜਿਧਰੋਂ ਆਏ ਸਨ ਉਧਰ ਹੀ ਤੇਜ਼ੀ ਨਾਲ ਮੁੜ ਗਏ ਸਨ। ਗੁਰੂ ਜੀ ਝੁਬਾਲ ਵਿਖੇ ਪਹੁੰਚੇ ਅਤੇ ਉਥੇ ਜਾ ਕੇ ਆਪਣੀ ਪੁੱਤਰੀ ਬੀਬੀ ਵੀਰੋ ਜੀ ਦੀ ਸ਼ਾਦੀ ਕੀਤੀ। ਗੁਰੂ ਸਾਹਿਬ ਝੁਬਾਲ ਵਿਖੇ ਆਪਣੀ ਪੁੱਤਰੀ ਦੀ ਸ਼ਾਦੀ ਦਾ ਕੰਮ ਨਿਬੇੜ ਕੇ, ਸਿੱਖ ਸੰਗਤਾਂ ਸਮੇਤ ਕਰਤਾਰਪੁਰ (ਦੁਆਬੇ) ਵਿੱਚ ਆ ਗਏ ਸਨ। ਉਹ ਨਹੀਂ ਚਾਹੁੰਦੇ ਸਨ ਕਿ ਦੁਸ਼ਮਣਾਂ ਨੂੰ ਹੋਰ ਹਮਲਾ ਕਰਨ ਦਾ ਸਮਾਂ ਦਿੱਤਾ ਜਾਵੇ। ਕਰਤਾਰਪੁਰ ਦੇ ਨੇੜੇ ਹੀ ਦਰਿਆ ਬਿਆਸ ਦੇ ਇੱਕ ਕਿਨਾਰੇ ਉਪਰ ਗੁਰੂ ਅਰਜਨ ਦੇਵ ਜੀ ਦਾ ਵਸਾਇਆ ਹੋਇਆ ਨਗਰ ਸ੍ਰੀ ਹਰਿਗੋਬਿੰਦਪੁਰ ਸੀ। ਇਹ ਇੱਕ ਵਿਸ਼ਾਲ ਖਾਲੀ ਜਗਾਹ ਸੀ ਅਤੇ ਦਰਿਆ ਬਿਆਸ ਦੇ ਨੇੜੇ ਹੋਣ ਕਰਕੇ ਰਮਣੀਕ ਵੀ ਸੀ। ਗੁਰੂ ਜੀ ਨੇ ਇੱਥੇ ਹੀ ਆਪਣਾ ਠਹਿਰਾ ਕਰਨ ਦਾ ਫ਼ੈਸਲਾ ਕੀਤਾ।

**ਵਿਸਥਾਰ ਲਈ ਵੇਖੋ: 1. ਡਾ. ਸੁਖਦਿਆਲ ਸਿੰਘ, ਸ਼ਿਰੋਮਣੀ ਸਿੱਖ ਇਤਿਹਾਸ** (1469-1708), **ਜਿਲਦ ਪਹਿਲੀ, ਸੰਗਮ ਪਬਲੀਕੇਸ਼ਨਜ਼, ਸਮਾਣਾ,** 2010, **ਪੰਨਾ** 152-162.

2. **ਸਤਿਬੀਰ ਸਿੰਘ, ਸਾਡਾ ਇਤਿਹਾਸ** (**ਭਾਗ ਪਹਿਲਾ**), **ਨਿਊ ਬੁਕ ਕੰਪਨੀ ਮਾਈ ਹੀਰਾਂ ਗੇਟ, ਜਲੰਧਰ**, 2011, **ਪੰਨਾ** 291-293.

# ਧਰਤੀ ਹੇਠਲੇ ਪਾਣੀ ਦਾ ਸੰਕਟ

ਪੰਜਾਬ 'ਚ ਜ਼ਮੀਨ ਹੇਠਲੇ ਪਾਣੀ ਦਾ ਲਗਾਤਾਰ ਹੇਠਾਂ ਡਿੱਗ ਰਿਹਾ ਪੱਧਰ ਅੱਜ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਬੇਸ਼ੱਕ ਇਹ ਚਿੰਤਾ ਉਸ ਸਮੇਂ ਹੋਰ ਪੁਖ਼ਤਾ ਹੋ ਜਾਂਦੀ ਹੈ, ਜਦੋਂ ਭੂ-ਵਿਗਿਆਨੀਆਂ ਤੇ ਖੇਤੀ ਮਾਹਿਰਾਂ ਵਲੋਂ ਇਹ ਦਾਅਵਾ ਕੀਤਾ ਜਾਂਦਾ ਹੈ, ਕਿ ਜੇਕਰ ਇਸ ਸੰਕਟ ਤੋਂ ਬਚਣ ਲਈ ਤੁਰੰਤ ਉਪਾਅ ਨਾ ਕੀਤੇ ਗਏ ਤਾਂ ਪੰਜਾਬ ਦਾ ਇਕ ਵੱਡਾ ਹਿੱਸਾ ਰੇਗਿਸਤਾਨ ਬਣ ਸਕਦਾ ਹੈ। ਸੂਬੇ ਵਿਚ ਧਰਤੀ ਹੇਠਲੇ ਪਾਣੀ ਦੀ ਕਮੀ ਅਤੇ ਇਸ ਦੇ ਡਿਗਦੇ ਪੱਧਰ ਦੀ ਗੱਲ ਕੋਈ ਨਵੀਂ ਨਹੀਂ ਹੈ। ਪੰਜਾਬ ਵਿਚ ਦਹਾਕਿਆਂ ਤੋਂ ਇਹ ਖ਼ਤਰਾ ਹੌਲੀ-ਹੌਲੀ ਵਧਦਾ ਆ ਰਿਹਾ ਹੈ। ਇਸ ਸਥਿਤੀ ਨੂੰ ਲੈ ਕੇ ਖੇਤੀ ਮਾਹਿਰ ਤੇ ਖ਼ਾਸ ਤੌਰ 'ਤੇ ਪੰਜਾਬ ਦੀ ਖੇਤੀ ਬਾਰੇ ਚਿੰਤਨ ਕਰਨ ਵਾਲੇ ਲੋਕਾਂ ਵਲੋਂ ਸਮੇਂ-ਸਮੇਂ 'ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਰਹੀ ਹੈ, ਪਰ ਜਿਨ੍ਹਾਂ ਲੋਕਾਂ ਦੇ ਸਿਰ ਇਸ ਸਥਿਤੀ 'ਚ ਸੁਧਾਰ ਕਰਨ ਦੀ ਜ਼ਿੰਮੇਵਾਰੀ ਹੈ, ਉਨ੍ਹਾਂ ਦੀ ਬੇਪ੍ਰਵਾਹੀ ਦੀ ਨੀਂਦ ਕਦੇ ਨਹੀਂ ਟੁੱਟੀ। ਸੂਬੇ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਆਉਂਦੀਆਂ-ਜਾਂਦੀਆਂ ਰਹੀਆਂ, ਪਰ ਕਿਸੇ ਵੀ ਸਰਕਾਰ ਨੇ ਕਦੇ ਪੰਜਾਬ ਦੀ ਇਸ ਜ਼ਮੀਨੀ ਹਕੀਕਤ ਨੂੰ ਸਮਝਦਿਆਂ ਹਾਅ ਦਾ ਨਾਅਰਾ ਨਹੀਂ ਮਾਰਿਆ, ਸਗੋਂ ਸਥਿਤੀ ਵਿਚ ਸੁਧਾਰ ਦੀ ਗੱਲ ਇਕ ਤੋਂ ਦੂਜੀ ਸਰਕਾਰ ਤੱਕ ਅੱਗੇ ਦੀ ਅੱਗੇ ਤੁਰਦੀ ਚਲੀ ਗਈ ਅਤੇ ਅੱਜ ਹਾਲਾਤ ਇਹ ਹੋ ਚੁੱਕੇ ਹਨ ਕਿ ਪੰਜਾਬ ਵਿਚ ਆਉਣ ਵਾਲੇ ਸਮੇਂ 'ਚ ਰੇਗਿਸਤਾਨ ਜਿਹੀ ਹਾਲਤ ਪੈਦਾ ਹੋਣ ਦਾ ਖ਼ਤਰਾ ਹੋਰ ਵੀ ਵਧ ਗਿਆ ਹੈ।



ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਬਿਨਾਂ ਸ਼ੱਕ ਪੰਜਾਬ ਦੀ ਖੇਤੀ ਅਤੇ ਕਿਸਾਨਾਂ ਦੀ ਵਜ ?ਹਾ ਨਾਲ ਇਹ ਦੇਸ਼ ਅਨਾਜ ਦੀਆਂ ਜ਼ਰੂਰਤਾਂ ਨੂੰ ਲੈ ਕੇ ਆਤਮ-ਨਿਰਭਰ ਹੀ ਨਹੀਂ ਹੋਇਆ, ਸਗੋਂ ਸੂਬੇ 'ਚ ਵੀ ਖ਼ੁਸ਼ਹਾਲੀ ਦੀ ਇਕ ਵੱਡੀ ਲਹਿਰ ਪੈਦਾ ਹੋਈ ਸੀ। ਇਸ ਕਾਰਨ ਸੂਬੇ ਦੇ ਕਿਸਾਨ ਨੇ ਵੀ ਖ਼ੁਸ਼ਹਾਲੀ ਦਾ ਸੁਆਦ ਮਾਣਿਆ ਸੀ, ਪਰ ਪੰਜਾਬ ਦੀ ਖੇਤੀ ਵਿਚ ਸਮੇਂ ਅਨੁਸਾਰ ਵਿਭਿੰਨਤਾ ਨਾ ਲਿਆਉਣ ਕਾਰਨ ਅਤੇ ਕੁਝ ਕਿਸਾਨਾਂ ਦੀ ਲਾਪ੍ਰਵਾਹੀ ਕਾਰਨ ਅੱਜ ਪੂਰਾ ਸੂਬਾ ਪਾਣੀ ਦੀ ਕਮੀ ਦੇ ਸੰਕਟ ਦੇ ਕੰਢੇ ਜਾ ਖੜ੍ਹਾ ਹੋਇਆ ਹੈ। ਪੰਜਾਬ ਦੀ ਸਾਰੀ ਖੇਤੀ ਕਣਕ ਤੇ ਝੋਨੇ ਦੇ ਚੱਕਰ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਝੋਨੇ ਦੀ ਫ਼ਸਲ ਲਈ ਬਹੁਤ ਜ਼ਿਆਦਾ ਪਾਣੀ ਦੀ ਜ਼ਰੂਰਤ ਪੈਂਦੀ ਹੈ ਤੇ ਪਾਣੀ ਦੀ ਇਹ ਜ਼ਰੂਰਤ ਸੂਬੇ ਦਾ ਕਿਸਾਨ ਜ਼ਮੀਨ ਹੇਠਲਾ ਪਾਣੀ ਕੱਢ ਕੇ ਹੀ ਪੂਰੀ ਕਰਦਾ ਹੈ। ਸੂਬੇ ਦੀ ਖੇਤੀ ਕਦੇ ਮੀਂਹ ਅਤੇ ਨਹਿਰੀ ਪਾਣੀ 'ਤੇ ਨਿਰਭਰ ਕਰਦੀ ਸੀ, ਪਰ ਅੱਜ ਝੋਨੇ ਲਈ ਜ਼ਿਆਦਾਤਰ ਟਿਊਬਵੈੱਲਾਂ ਨਾਲ ਜ਼ਮੀਨ ਹੇਠਲਾ ਪਾਣੀ ਕੱਢਿਆ ਜਾਂਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਸੂਬੇ ਦੀਆਂ ਸਰਕਾਰਾਂ ਵਲੋਂ ਆਪਣੇ ਰਾਜਨੀਤਕ ਸੁਆਰਥ ਕਾਰਨ ਬਿਜਲੀ-ਪਾਣੀ ਮੁਫ਼ਤ ਦੇਣ ਦੀ ਲਾਗੂ ਕੀਤੀ ਗਈ ਨੀਤੀ ਨਾਲ ਜ਼ਮੀਨ ਹੇਠਲੇ ਪਾਣੀ ਦੀ ਵਰਤੋਂ ਨਿਰੰਤਰ ਵਧਦੀ ਗਈ ਹੈ। ਅੱਜ ਸਥਿਤੀ ਇਹ ਹੈ ਕਿ ਪੰਜਾਬ 'ਚ ਧਰਤੀ ਹੇਠਲਾ ਪਾਣੀ ਖ਼ਤਰਨਾਕ ਹੱਦ ਤੱਕ ਹੇਠਾਂ ਚਲਾ ਗਿਆ ਹੈ। ਇਕ ਅਨੁਮਾਨ ਅਨੁਸਾਰ ਸੂਬੇ ਦੇ ਕੁੱਲ ਬਲਾਕਾਂ 'ਚੋਂ 117 ਬਲਾਕ 'ਡਾਰਕ ਜ਼ੋਨ' ਵਿਚ ਚਲੇ ਗਏ ਹਨ ਅਤੇ ਹਰ ਸਾਲ 0.49 ਮੀਟਰ ਦੀ ਦਰ ਨਾਲ ਜ਼ਮੀਨ ਹੇਠਲਾ ਪਾਣੀ ਹੋਰ ਹੇਠਾਂ ਹੁੰਦਾ ਜਾ ਰਿਹਾ ਹੈ। ਝੋਨੇ ਦੀ ਅਗਾਊਂ ਬਿਜਾਈ ਕਾਰਨ ਸਥਿਤੀਆਂ ਦੇ ਹੋਰ ਗੰਭੀਰ ਹੁੰਦੇ ਜਾਣ ਦਾ ਖਦਸ਼ਾ ਹੈ।

ਅਸੀਂ ਸਮਝਦੇ ਹਾਂ ਕਿ ਸੂਬੇ ਦੀ ਇਸ ਦੁਰਦਸ਼ਾ ਲਈ ਰਾਜਨੀਤਕ ਸੁਆਰਥਾਂ ਅਧੀਨ ਲਾਗੂ ਕੀਤੀਆਂ ਗਈਆਂ ਨੀਤੀਆਂ ਜ਼ਿਆਦਾ ਜ਼ਿੰਮੇਵਾਰ ਹਨ। ਸਰਕਾਰਾਂ ਨੇ ਸੂਬੇ ਦੀ ਖੇਤੀ ਨੂੰ ਦੁਪਾਸੜ ਫ਼ਸਲੀ ਚੱਕਰ ਤੋਂ ਕੱਢਣ ਅਤੇ ਕਿਸਾਨਾਂ ਨੂੰ ਝੋਨੇ ਦੀ ਬਿਜਾਈ ਦੇ ਸਮੇਂ ਜ਼ਮੀਨ ਹੇਠਲੇ ਪਾਣੀ ਦੀ ਘੱਟ ਵਰਤੋਂ ਕਰਨ ਲਈ ਪ੍ਰੇਰਿਤ ਕਰਨ ਵਾਸਤੇ ਬਹੁਤਾ ਕੰਮ ਨਹੀਂ ਕੀਤਾ। ਸਾਉਣੀ/ਖ਼ਰੀਫ਼ ਦੇ ਵਰਤਮਾਨ ਸੀਜ਼ਨ ਦੌਰਾਨ ਸਰਕਾਰ ਵਲੋਂ ਝੋਨੇ ਦੀ ਸਿੱਧੀ ਬਿਜਾਈ ਲਈ ਬਹੁਤੇ ਕਿਸਾਨਾਂ ਨੂੰ ਸਹਿਮਤ ਨਾ ਕਰ ਸਕਣਾ ਵੀ ਇਸ ਦੀ ਇਕ ਉਦਾਹਰਨ ਹੈ।

ਅਸੀਂ ਸਮਝਦੇ ਹਾਂ ਕਿ ਭਾਵੇਂ ਬੇਰ ਬੁਰੀ ਤਰ੍ਹਾਂ ਖਿੱਲਰ ਗਏ ਹਨ, ਪਰ ਪੰਜਾਬ ਦੇ ਵਿਆਪਕ ਹਿਤਾਂ ਲਈ ਸਰਕਾਰਾਂ ਅਤੇ ਖੇਤੀ ਮਾਹਿਰ ਅਜੇ ਵੀ ਬਹੁਤ ਕੁਝ ਕਰ ਸਕਦੇ ਹਨ। ਕਿਸਾਨ ਭਾਈਚਾਰੇ ਨੂੰ ਵੀ ਇਸ ਮੁੱਦੇ 'ਤੇ ਸਮੂਹਿਕ ਹਿਤਾਂ ਦੀ ਭਾਵਨਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਪੰਜਾਬ ਦੀ ਜ਼ਮੀਨ ਜੇਕਰ ਰੇਗਿਸਤਾਨ ਬਣਨ ਵੱਲ ਵਧਦੀ ਹੈ ਤਾਂ ਇਸ ਦਾ ਵੱਡਾ ਸੇਕ ਕਿਸਾਨਾਂ ਦੇ ਆਪਣੇ ਘਰਾਂ ਅਤੇ ਖੇਤਾਂ ਤੱਕ ਹੀ ਪੁੱਜੇਗਾ। ਸਰਕਾਰਾਂ ਤੇ ਖੇਤੀ ਮਾਹਿਰਾਂ ਨੂੰ ਸੂਬੇ ਦੀ ਖੇਤੀ ਨੂੰ ਦੋ-ਫ਼ਸਲੀ ਚੱਕਰ 'ਚੋਂ ਕੱਢ ਕੇ ਵਿਭਿੰਨਤਾ ਲਿਆਉਣੀ ਚਾਹੀਦੀ ਹੈ। ਕਿਸਾਨਾਂ ਨੂੰ ਸਿੰਚਾਈ ਕਾਰਜਾਂ ਦੌਰਾਨ ਪਾਣੀ ਦੀ ਜਿੰਨੀ ਹੋ ਸਕੇ ਸੰਜਮ ਨਾਲ ਵਰਤੋਂ ਕਰਨ ਵੱਲ ਧਿਆਨ ਦੇਣਾ ਹੋਵੇਗਾ। ਇਸ ਨਾਲ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੰਜਾਬ ਖ਼ੁਸ਼ਹਾਲ ਤੇ ਹਰਿਆ ਭਰਿਆ ਸੌਂਪਣ ਦੀ ਗਾਰੰਟੀ ਦੇ ਸਕਾਂਗੇ।

# ਮਰਦਾਂ ਨਾਲੋਂ ਵੱਧ ਸਮਾਜਿਕ ਦਬਾਵਾਂ ਦਾ ਸਾਹਮਣਾ ਕਰਦੀਆਂ ਹਨ ਔਰਤਾਂ

ਆਮ ਕਰਕੇ ਦੇਖਿਆ ਗਿਆ ਹੈ ਕਿ ਦੇਸ਼-ਵਿਦੇਸ਼ ਵਿਚ ਔਰਤਾਂ ਮਾਨਸਿਕ ਤੌਰ 'ਤੇ ਮਰਦਾਂ ਨਾਲੋਂ ਜ਼ਿਆਦਾ ਬਿਮਾਰ ਹੁੰਦੀਆਂ ਹਨ। ਬਹੁਤੇ ਸਰਵੇ ਵੀ ਇਨ੍ਹਾਂ ਅੰਕੜਿਆਂ ਦੀ ਗਵਾਹੀ ਭਰਦੇ ਹਨ ਕਿ ਸਾਡੇ ਦੇਸ਼ ਦੇ ਪਿੰਡਾਂ ਵਿਚ ਔਰਤਾਂ ਨੂੰ ਮਾਨਸਿਕ ਵਿਕਾਰ ਜ਼ਿਆਦਾ ਘੇਰਦੇ ਰਹੇ ਹਨ। ਪੰਜਾਬ ਦੇ ਪਿੰਡਾਂ ਤੇ ਪਛੜੇ ਇਲਾਕਿਆਂ 'ਚ ਹਰ 5ਵੀਂ ਔਰਤ (19 ਫ਼ੀਸਦੀ) ਕਿਸੇ ਨਾ ਕਿਸੇ ਮਾਨਸਿਕ ਸਮੱਸਿਆ ਨਾਲ ਜੂਝ ਰਹੀ ਹੈ, ਜਦਕਿ ਮਰਦਾਂ ਦੀ ਗਿਣਤੀ ਇਨ੍ਹਾਂ ਦੇ ਮੁਕਾਬਲੇ 12 ਫ਼ੀਸਦੀ ਹੈ। ਚਿੰਤਾ ਰੋਗ ਤੇ ਡਿਪ੍ਰੈਸ਼ਨ ਦੇ ਸੰਬੰਧ ਵਿਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਦੁੱਗਣੀ ਹੈ। ਹਿਸਟੀਰੀਆ ਤੇ ਸ਼ੀਜ਼ੋਫਰੀਨਿਆ ਆਦਿ ਗੰਭੀਰ ਮਾਨਸਿਕ ਵਿਕਾਰਾਂ ਦੀ ਨੀਂਹ ਔਰਤਾਂ ਵਿਚ 20 ਤੋਂ 30 ਸਾਲ ਦੀ ਉਮਰ ਵਿਚ ਹੀ ਰੱਖੀ ਜਾਂਦੀ ਹੈ। ਤਰੱਕੀ ਜ਼ਾਫਤਾ ਦੇਸ਼ਾਂ ਦੇ ਲੋਕ ਵੀ ਮਾਨਸਿਕ ਰੋਗਾਂ ਤੋਂ ਬਚ ਨਹੀਂ ਸਕੇ।

ਅਮਰੀਕਾ ਵਿਚ 2021 ਦੌਰਾਨ ਹੋਏ ਸਰਵੇ ਅਨੁਸਾਰ ਉੱਥੇ 18 ਸਾਲ ਉਮਰ ਦੇ 5.78 ਕਰੋੜ ਬਾਲਗਾਂ 'ਚੋਂ 22.8 ਫ਼ੀਸਦੀ ਕਿਸੇ ਨਾ ਕਿਸੇ ਮਾਨਸਿਕ ਰੋਗ ਤੋਂ ਪੀੜਤ ਸਨ। ਜਿਨ੍ਹਾਂ 'ਚ 27.2 ਫ਼ੀਸਦੀ ਔਰਤਾਂ ਤੇ 18.1 ਫ਼ੀਸਦੀ ਮਰਦ ਸਨ। ਅਮਰੀਕਾ ਦੀ ਮਾਨਸਿਕ ਸਿਹਤ ਨਾਲ ਸੰਬੰਧਿਤ ਕੌਮੀ ਸੰਸਥਾ (ਐਨ.ਆਈ.ਐਮ.ਐਚ.) ਨੇ ਇਨ੍ਹਾਂ ਅੰਕੜਿਆਂ ਦੀ ਪੁਸ਼ਟੀ ਕੀਤੀ ਹੈ। ਕੈਨੇਡਾ ਦੇ ਬਹੁਤੇ ਮਨੋਵਿਗਿਆਨਕ ਸਰਵੇ ਵੀ ਇਸ ਗੱਲ ਦੀ ਸ਼ਾਅਦੀ ਭਰਦੇ ਹਨ ਕਿ ਔਰਤਾਂ (ਖਾਸ ਕਰਕੇ ਪੰਜਾਬੀ ਔਰਤਾਂ) ਮਰਦਾਂ ਨਾਲੋਂ ਜ਼ਿਆਦਾ ਮਾਨਸਿਕ ਰੋਗਾਂ ਤੋਂ ਗ੍ਰਸਤ ਹਨ। ਸਾਡੇ ਦੇਸ਼ ਵਿਚ ਮਾਨਸਿਕ ਰੋਗਾਂ ਦੇ ਸ਼ਿਕਾਰ ਔਰਤਾਂ ਤੇ ਮਰਦਾਂ 'ਚੋਂ 80 ਫ਼ੀਸਦੀ ਲੋਕ ਕਿਸੇ ਵੀ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਕੋਲ ਨਹੀਂ ਜਾਂਦੇ। ਆਮ ਕਰਕੇ ਅਜਿਹੇ ਰੋਗਾਂ ਦਾ ਇਲਾਜ ਅਨਪੜ੍ਹ ਸਾਧਾਂ ਜਾਂ ਭੂਤ ਕੱਢਣ ਵਾਲੇ ਚੇਲਿਆਂ ਆਦਿ ਤੋਂ ਧਾਗੇ ਤਬੀਤ ਲੈ ਕੇ ਕੀਤਾ ਜਾਂਦਾ ਰਿਹਾ ਹੈ, ਜੋ ਅਜੇ ਵੀ ਜਾਰੀ ਹੈ। ਅਸੀਂ ਪਿੰਡਾਂ ਵਿਚ ਇਲਾਜ ਦੇ ਨਾਂਅ 'ਤੇ ਚੇਲਿਆਂ ਨੂੰ ਔਰਤਾਂ 'ਤੇ ਅੱਤਿਆਚਾਰ ਕਰਦਿਆਂ ਤੇ ਉਨ੍ਹਾਂ ਦੇ ਸਰੀਰ ਨਾਲ ਖੇਡਦਿਆਂ ਵੇਖਿਆ ਹੈ। ਅਸਲ ਵਿਚ ਇਨ੍ਹਾਂ ਰੋਗਾਂ ਨੂੰ ਲੋਕ ਕੋਈ ਰੋਗ ਨਾ ਸਮਝਦੇ ਹੋਏ ਇਨ੍ਹਾਂ ਨੂੰ ਬਾਹਰਲੀਆਂ ਕਸਰਾਂ ਨਾਲ ਜੋੜ ਕੇ ਵੇਖਦੇ ਹਨ। ਭਾਵੇਂ ਹੁਣ ਗਿਆਨ ਵਧਣ 'ਤੇ ਇਨ੍ਹਾਂ ਨੂੰ ਮਾਨਸਿਕ ਰੋਗ ਸਮਝ ਕੇ ਵੀ ਇਲਾਜ ਕਰਵਾਇਆ ਜਾਣ ਲੱਗਾ ਹੈ।

ਉਪਰੋਕਤ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਔਰਤਾਂ ਮਰਦਾਂ ਨਾਲੋਂ ਵੱਧ ਗਿਣਤੀ ਵਿਚ ਮਾਨਸਿਕ ਰੋਗਾਂ ਦੀਆਂ ਸ਼ਿਕਾਰ ਹੁੰਦੀਆਂ ਹਨ। ਜੋ ਬਚਪਨ ਤੋਂ ਇਨ੍ਹਾਂ ਦੇ ਪਾਲਣ-ਪੋਸ਼ਣ ਦੇ ਢੰਗ, ਮਾਪਿਆਂ ਤੇ ਸਹੁਰਿਆਂ ਦਾ ਉਨ੍ਹਾਂ ਪ੍ਰਤੀ ਰਵੱਈਆ, ਸਮਾਜਿਕ ਵਿਵਹਾਰ ਜਾਂ ਵਿਤਕਰਾ ਤੇ ਮਰਦ ਪ੍ਰਧਾਨ ਪਰਿਵਾਰਕ ਸੰਗਠਨ ਆਦਿ ਇਸ ਦੇ ਪ੍ਰਮੁੱਖ ਕਾਰਨ ਹਨ। ਸਾਡੇ ਦੇਸ਼ ਵਿਚ ਲੋਕ ਅਨਪੜ੍ਹਤਾ ਕਾਰਨ ਲੜਕੀ ਨੂੰ ਅਜੇ ਵੀ ਲੜਕੇ ਨਾਲੋਂ ਘਟੀਆ, ਬੋਝ, ਪਰਾਇਆ ਧਨ ਆਦਿ ਸਮਝ ਕੇ ਪਾਲਦੇ ਹਨ। ਉਸ ਦੇ ਮਾਨਸਿਕ ਉਡਾਣ ਦੇ ਖੰਭ ਬਚਪਨ ਤੋਂ ਹੀ ਕੱਟਣੇ ਸ਼ੁਰੂ ਕਰ ਦਿੰਦੇ ਹਨ ਤਾਂ ਕਿ ਉਹ ਜ਼ਿੰਦਗੀ ਦਾ ਹਰ ਇਕ ਕਦਮ ਉਨ੍ਹਾਂ ਦੀ ਆਗਿਆ ਨਾਲ ਹੀ ਚੁੱਕੇ, ਇਸ ਦੇ ਉਲਟ ਲੜਕੇ ਨੂੰ ਹਰ ਤਰ੍ਹਾਂ ਦੀ ਖੁੱਲ੍ਹ ਦੇ ਛੱਡਦੇ ਹਨ। ਲੜਕੀਆਂ ਨੂੰ ਪੜ੍ਹਾਉਣ ਜਾਂ ਕੋਈ ਹੋਰ ਸਹੂਲਤਾਂ ਦੇਣ ਵੇਲੇ ਹਮੇਸ਼ਾ ਇਹੀ ਸੋਚਿਆ ਜਾਂਦਾ ਹੈ ਕਿ ਉਹ ਘਰੋਂ ਬਾਹਰ ਜਾ ਕੇ ਵਿਗੜ ਜਾਵੇਗੀ। ਲੜਕੀ ਜ਼ਿਹਨੀ ਤੌਰ 'ਤੇ ਸਾਰੀ ਜ਼ਿੰਦਗੀ ਪੇਕੇ-ਸਹੁਰੇ ਘਰ ਪਰਾਈ ਹੀ ਰਹਿੰਦੀ ਹੈ। ਜਵਾਨ ਲੜਕੀ ਦੇ ਬਾਹਰ ਜਾਣ ਵੇਲੇ ਉਸ ਦੇ 7-8 ਸਾਲ ਦੇ ਭਰਾ ਨੂੰ ਉਸ ਦੀ ਰੱਖਿਆ ਲਈ ਨਾਲ ਭੇਜਿਆ ਜਾਂਦਾ ਹੈ, ਲੜਕੀਆਂ ਦੇ ਆਤਮ ਵਿਸ਼ਵਾਸ ਤੇ ਸਵੈ-ਮਾਣ ਨੂੰ ਕਦੇ ਬਣਨ ਹੀ ਨਹੀਂ ਦਿੱਤਾ ਜਾਂਦਾ। ਅਸੀਂ ਬਚਪਨ ਵਿਚ ਹੀ ਲੜਕੀ ਦੇ ਜ਼ਿਹਨ 'ਚ ਮਾਨਸਿਕ ਰੋਗਾਂ ਦੀ ਨੀਂਹ ਧਰ ਦਿੰਦੇ ਹਾਂ। ਮਰਦਾਂ ਵਲੋਂ ਲੜਕੀਆਂ ਤੇ ਔਰਤਾਂ ਨਾਲ ਗ਼ਾਲੀ

**ਰਵਿੰਦਰ ਚੋਟ**

ਗਲੋਚ ਤੇ ਕੁੱਟਮਾਰ ਕਰਨੀ ਆਮ ਵਰਤਾਰਾ ਹੈ। ਜਦੋਂ ਮਰਦ ਲੜਨ ਸਮੇਂ ਮਾਂ, ਧੀ, ਭੈਣ ਦੀਆਂ ਗਾਲਾਂ ਕੱਢਦੇ ਹਨ ਤਾਂ ਔਰਤਾਂ ਦੇ ਮਨਾਂ ਵਿਚ ਅਜਿਹੀਆਂ ਮਾਨਸਿਕ ਗੁੰਝਲਾਂ ਬਣਦੀਆਂ ਹਨ, ਜੋ ਅੱਗੇ ਜਾ ਕੇ ਵੱਡੀਆਂ ਸਮੱਸਿਆਵਾਂ ਵਿਚ ਬਦਲ ਜਾਂਦੀਆਂ ਹਨ।

ਸਾਧਾਰਨ ਉਦਾਸੀ ਮਾਨਸਿਕ ਰੋਗ ਨਾ ਹੋ ਕੇ ਕੁਝ ਸਮੇਂ ਲਈ ਮਹਿਸੂਸ ਹੋਣ ਵਾਲੀ ਇਕ ਭਾਵਨਾ ਹੈ, ਜੋ ਸਾਰੇ ਪ੍ਰਾਣੀਆਂ ਨੂੰ ਸਮੇਂ-ਸਮੇਂ ਮਹਿਸੂਸ ਹੁੰਦੀ ਹੈ। ਜਿਸ ਦਾ ਸਾਡੇ ਰੋਜ਼ਾਨਾ ਦੇ ਕੰਮਕਾਰ ਪੜ੍ਹਾਈ, ਕਾਰੋਬਾਰ ਜਾਂ ਹੋਰ ਜ਼ਿੰਮੇਵਾਰੀਆਂ ਨਿਭਾਉਣ ਵਿਚ ਕੋਈ ਖਲਲ ਨਹੀਂ ਪੈਂਦਾ। ਪਰ ਜਦੋਂ ਇਹ ਮਾਨਸਿਕ ਵਿਕਾਰ ਜਾਂ ਉਦਾਸੀ ਰੋਗ (ਡਿਪ੍ਰੈਸ਼ਨ) ਬਣ ਜਾਵੇ ਤਾਂ ਔਰਤ/ ਮਰਦ ਨੂੰ ਸਹੀ ਤਰ੍ਹਾਂ ਸੋਚਣ, ਪੜ੍ਹਨ-ਲਿਖਣ, ਆਪਣੇ ਜਜ਼ਬਾਤਾਂ 'ਤੇ ਕੰਟਰੋਲ ਕਰਨ, ਦੂਸਰਿਆਂ ਨਾਲ ਸਹੀ ਵਿਹਾਰ ਕਰਨ, ਸਮਾਜਿਕ ਰਿਸ਼ਤੇ ਨਿਭਾਉਣ ਅਤੇ ਦੂਸਰਿਆਂ ਤੇ ਆਪਣੇ ਆਪ ਨੂੰ ਸਮਝਣ ਵਿਚ ਔਖ ਮਹਿਸੂਸ ਹੋਣ ਲੱਗਦੀ ਹੈ। ਜਿਸ ਕਰਕੇ ਕਈ ਸਰੀਰਕ ਲੱਛਣ ਵੀ ਪ੍ਰਗਟ ਹੋਣ ਲੱਗਦੇ ਹਨ, ਭੁੱਖ ਤੇ ਨੀਂਦ ਘਟ ਜਾਂ ਬਹੁਤ ਵਧ ਜਾਂਦੀ ਹੈ। ਰੋਜ਼ਾਨਾ ਦੇ ਕੰਮਕਾਰ ਵਿਚ ਦਿਲਚਸਪੀ ਘਟ ਜਾਂਦੀ ਹੈ, ਪਰਿਵਾਰਕ ਜੀਆਂ ਤੇ ਦੋਸਤਾਂ-ਮਿੱਤਰਾਂ ਨਾਲ ਲਗਾਅ ਨਹੀਂ ਰਹਿੰਦਾ ਅਤੇ ਮਾਨਸਿਕ ਤੇ ਸਰੀਰਕ ਸੰਤੁਲਨ ਵੀ ਵਿਗੜਨ ਲੱਗਦਾ ਹੈ। ਉਨ੍ਹਾਂ ਅੰਦਰ ਆਪਣੇ ਤੇ ਦੂਸਰਿਆਂ ਪ੍ਰਤੀ ਖ਼ਤਰਨਾਕ ਰੁਝਾਨ ਪੈਦਾ ਹੋਣ ਲੱਗਦੇ ਹਨ। ਔਰਤਾਂ ਬਿਨਾਂ ਸ਼ੱਕ ਮਰਦਾਂ ਨਾਲੋਂ ਜ਼ਿਆਦਾ ਸੰਵੇਦਨਸ਼ੀਲ ਹੁੰਦੀਆਂ ਹਨ। ਜੇਕਰ ਅਜਿਹਾ ਵਿਕਾਰ 2-3 ਹਫ਼ਤਿਆਂ ਤੋਂ ਜ਼ਿਆਦਾ ਸਮਾਂ ਚੱਲੇ ਤਾਂ ਕਿਸੇ ਮਨੋ-ਚਕਿਸਤਕ ਦੀ ਲੋੜ ਪੈ ਸਕਦੀ ਹੈ, ਕਿਉਂਕਿ ਰੋਗੀ ਅਕੇਵਾਂ, ਥਕੇਵਾਂ, ਨਿਰਾਸ਼ਤਾ, ਨਮੋਸ਼ੀ, ਨੀਂਦ ਤੇ ਭੁੱਖ ਘਟਣ ਜਾਂ ਬਹੁਤ ਵੱਧ ਜਾਣ, ਯਾਦਦਾਸ਼ਤ ਘਟਣ ਅਤੇ ਛੋਟੇ ਮੋਟੇ ਫ਼ੈਸਲੇ ਕਰਨ ਤੋਂ ਅਸਮਰੱਥ ਹੋਣ ਲੱਗਦਾ ਹੈ। ਰੋਗੀ ਔਰਤ ਹਮੇਸ਼ਾ ਉਦਾਸ ਤੇ ਗੰਭੀਰ ਰਹਿਣ ਲੱਗਦੀ ਹੈ, ਉਹ ਜਵਾਨੀ ਵਿਚ ਹੀ ਬੁਢਾਪਾ ਮਹਿਸੂਸ ਕਰਨ ਲੱਗਦੀ ਹੈ ਤੇ ਉਸ ਦੀ ਜ਼ਿੰਦਗੀ ਵਿਚ ਦਿਲਚਸਪੀ ਘਟਣ ਲੱਗਦੀ ਹੈ। ਸਮੇਂ ਸਿਰ ਇਲਾਜ ਨਾ ਹੋਣ 'ਤੇ ਸਰੀਰਕ ਬਿਮਾਰੀਆਂ-ਬਲੱਡ ਪ੍ਰੈਸ਼ਰ, ਸ਼ੂਗਰ ਰੋਗ ਤੇ ਪਹਿਲਾਂ ਲੱਗੀਆਂ ਹੋਰ ਬਿਮਾਰੀਆਂ ਗੰਭੀਰ ਹੋਣ ਲੱਗਦੀਆਂ ਹਨ। ਉਹ ਹਰ ਤਰ੍ਹਾਂ ਨਾਲ ਅਨਿਯਮਿਤ ਹੋਣ ਲੱਗਦੀ ਹੈ। ਇਸ ਤਰ੍ਹਾਂ ਦੀ ਸਥਿਤੀ 'ਚ ਔਰਤਾਂ 'ਚ ਆਤਮ ਵਿਸ਼ਵਾਸ ਨਹੀਂ ਰਹਿੰਦਾ ਤੇ ਉਹ ਹਰ ਗੱਲ ਲਈ ਆਪਣੇ-ਆਪ ਨੂੰ ਦੋਸ਼ੀ ਮਹਿਸੂਸ ਕਰਨ ਤੇ ਇਕਾਗਰਤਾ ਘਟਣ ਕਾਰਨ ਬੇਵਸੀ ਤੇ ਨਮੋਸ਼ੀ ਦੀ ਭਾਵਨਾ ਦਾ ਸ਼ਿਕਾਰ ਹੋਣ ਲੱਗਦੀਆਂ ਹਨ। ਔਰਤਾਂ ਨੂੰ ਗੰਭੀਰ ਮਾਨਸਿਕ ਰੋਗ ਕਾਰਨ ਸਰੀਰ ਦੇ ਕਈ ਅੰਗਾਂ ਵਿਚ ਪੀੜਾ ਮਹਿਸੂਸ ਹੁੰਦੀ ਹੈ, ਜਿਨ੍ਹਾਂ ਦਾ ਕੋਈ ਕਾਰਨ ਸਰੀਰਕ ਟੈਸਟਾਂ ਵਿਚ ਵੀ ਨਹੀਂ ਲੱਭਦਾ। ਬਹੁਤੇ ਵਿਕਸਿਤ ਦੇਸ਼ਾਂ ਵਿਚ ਤਾਂ ਔਰਤਾਂ ਬਹੁਤੇ ਮਰਦਾਂ ਵਾਂਗ ਨਸ਼ਿਆਂ ਵੱਲ ਵੀ ਹੋ ਤੁਰਦੀਆਂ ਹਨ। ਰੋਗੀ ਔਰਤ ਆਮ ਲੋਕਾਂ ਵਿਚ ਵਿਚਰਨ ਤੋਂ ਗੁਰੇਜ਼ ਕਰਨ ਲੱਗਦੀ ਹੈ। ਜਦੋਂ ਉਨ੍ਹਾਂ ਨੂੰ ਹਿਸਟੀਰੀਆ ਦੇ ਦੌਰੇ ਪੈਣ ਲੱਗਦੇ ਹਨ ਤਾਂ ਜਲਦੀ ਭੜਕ ਪੈਣਾ, ਹੱਸਦਿਆਂ-ਹੱਸਦਿਆਂ ਅਚਾਨਕ ਉੱਚੀ ਉੱਚੀ ਰੋਣ ਲੱਗਣਾ, ਅਜੀਬ ਆਵਾਜ਼ਾਂ ਸੁਣਾਈ ਦੇਣ ਕਰਕੇ ਜ਼ਿੰਦਗੀ ਬੋਝ ਮਹਿਸੂਸ ਹੋਣ ਲੱਗਦੀ ਹੈ ਅਤੇ ਉਨ੍ਹਾਂ ਨੂੰ ਖੁਦਕੁਸ਼ੀ ਕਰਨ ਦੇ ਵਿਚਾਰ ਵੀ ਆਉਣ ਲੱਗਦੇ ਹਨ।

ਔਰਤ ਦੀ ਜ਼ਿੰਦਗੀ ਮਰਦ ਨਾਲੋਂ ਬਹੁਤ ਵੱਖਰੀ ਹੈ, ਉਹ ਬਚਪਨ ਤੋਂ ਆਪਣੇ ਮਾਪਿਆਂ ਦੇ ਦਬਾਅ ਹੇਠ ਰਹਿੰਦੀ ਹੈ, ਜਵਾਨੀ ਵੇਲੇ ਭਰਾ ਉਸ ਦੀ ਨਿਗਰਾਨੀ ਕਰਨ ਲੱਗਦੇ ਹਨ, ਵਿਆਹ ਤੋਂ ਬਾਅਦ ਪਤੀ-ਪਰਮੇਸ਼ਰ ਬਣਿਆ ਰਹਿੰਦਾ ਹੈ ਅਤੇ ਬੁਢਾਪਾ ਉਸ ਨੂੰ ਪੁੱਤਰਾਂ ਦੇ ਦਬਾਅ ਹੇਠ ਕੱਟਣਾ ਪੈਂਦਾ ਹੈ। ਔਰਤ ਦੀ ਜ਼ਿੰਦਗੀ ਦੇ ਹਰ ਪੜਾਅ 'ਤੇ ਮਰਦ ਦੀ ਪ੍ਰਧਾਨਗੀ ਰਹੀ ਹੈ। ਭਾਵੇਂ ਇਹ ਵਰਤਾਰਾ ਵਿੱਦਿਆ ਦੇ ਪਸਾਰ ਕਰਕੇ ਕੁਝ ਘਟਿਆ ਹੋਵੇ ਫਿਰ ਵੀ ਇਸ ਦੇ ਪ੍ਰਭਾਵ ਨੂੰ ਨਕਾਰਿਆ ਨਹੀਂ ਜਾ ਸਕਦਾ। ਨੈਸ਼ਨਲ ਫੈਮਲੀ ਹੈਲਥ ਸਰਵੇ 2019-21 ਮੁਤਾਬਿਕ ਅਜੇ ਵੀ 30 ਫ਼ੀਸਦੀ ਔਰਤਾਂ ਕਦੇ ਨਾ ਕਦੇ ਮਰਦਾਂ ਦੀ ਮਾਰ-ਕੁੱਟ ਦਾ ਸ਼ਿਕਾਰ ਹੁੰਦੀਆਂ ਹਨ, ਜਿਸ ਕਾਰਨ ਉਹ ਚਿੰਤਾ-ਰੋਗ ਤੇ ਉਦਾਸੀ ਦੀਆਂ ਸ਼ਿਕਾਰ ਹੋ ਰਹੀਆਂ ਹਨ। ਔਰਤ ਗਰਭ ਧਾਰਨ ਕਰਨ ਤੋਂ ਲੈ ਕੇ ਬੱਚੇ ਨੂੰ ਜਨਮ ਦੇਣ ਤੱਕ ਬਹੁਤ ਗੰਭੀਰ ਪੜਾਵਾਂ ਵਿਚੋਂ ਗੁਜ਼ਰਦੀ ਹੈ, ਸਾਡਾ ਸਮਾਜ



ਉਸ ਨੂੰ ਲੜਕਾ-ਲੜਕੀ ਦੇ ਘੇਰੇ 'ਚ ਘੇਰੀ ਰੱਖਦਾ ਹੈ ਤੇ ਉਸ ਦੇ ਆਲੇ ਦੁਆਲੇ ਲੜਕੇ ਦੀਆਂ ਅਵਾਜ਼ਾਂ ਗੂੰਜਦੀਆਂ ਰਹਿੰਦੀਆਂ ਹਨ। ਅਜਿਹਾ ਵਰਤਾਰਾ ਉਸ ਨੂੰ ਡਿਪ੍ਰੈਸ਼ਨ ਵੱਲ ਲੈ ਜਾਂਦਾ ਹੈ। ਬੱਚਿਆਂ ਦਾ ਪਾਲਣ-ਪੋਸ਼ਣ, ਬਜ਼ੁਰਗਾਂ ਦੀ ਸਾਂਭ-ਸੰਭਾਲ, ਘਰ-ਰਸੋਈ ਦੇ ਕੰਮ ਵੀ ਉਸ ਲਈ ਬਾਹਰਲੀ ਨੌਕਰੀ ਤੋਂ ਇਲਾਵਾ ਸਿਰਦਰਦੀ ਬਣੇ ਰਹਿੰਦੇ ਹਨ। ਸਾਡੇ ਦੇਸ਼ ਵਿਚ ਬਹੁਤੀਆਂ ਔਰਤਾਂ ਨੂੰ ਪਹਿਲਾਂ ਹੀ ਪੜ੍ਹਾਈ ਤੇ ਰੁਜ਼ਗਾਰ ਦੇ ਸੀਮਤ ਮੌਕੇ ਮਿਲਦੇ ਹਨ, ਜੋ ਉਨ੍ਹਾਂ ਦੇ ਆਤਮ ਵਿਸ਼ਵਾਸ ਤੇ ਸਵੈਮਾਣ ਨੂੰ ਸੱਟ ਮਾਰਦੇ ਹਨ। ਮੀਨੋਪਾਜ਼ ਦਾ ਸਮਾਂ ਔਰਤ ਲਈ ਬਹੁਤ ਹੀ ਸੰਵੇਦਨਸ਼ੀਲ ਪੜਾਅ ਹੁੰਦਾ ਹੈ, ਜਦੋਂ ਉਸ ਦੇ ਸਰੀਰਕ ਢਾਂਚੇ ਵਿਚ ਬਦਲਾਅ ਦੇ ਨਾਲ-ਨਾਲ ਬਹੁਤ ਸਾਰੇ ਮਾਨਸਿਕ ਵਿਕਾਰ ਵੀ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਹਾਰਮੋਨਜ਼ 'ਚ ਅਸੰਤੁਲਨ ਪੈਦਾ ਹੋਣ ਕਰਕੇ ਕਈ ਵਾਰ ਉਨ੍ਹਾਂ ਨੂੰ ਉਦਾਸੀ ਦੇ ਨਾਲ ਹਿਸਟੀਰੀਆ ਦੇ ਦੌਰੇ ਵੀ ਪੈਣ ਲੱਗਦੇ ਹਨ। ਇਹ ਦੌਰ 45 ਤੋਂ 50 ਸਾਲ ਦੀ ਉਮਰ ਤੱਕ ਚੱਲਦਾ ਹੈ।

ਜੇ ਮਾਨਸਿਕ ਰੋਗਾਂ ਦੇ ਉਪਚਾਰ ਦੀ ਗੱਲ ਕਰੀਏ ਤਾਂ ਸਾਧਾਰਨ ਨਿਰੋਟਿਕ ਰੋਗ ਤਾਂ ਮਨੋਵਿਗਿਆਨੀ ਰੋਗੀ ਨਾਲ ਵਾਰਤਾਲਾਪ (ਮਨੋ-ਵਿਸ਼ਲੇਸ਼ਣ) ਕਰਕੇ ਹੀ ਉਨ੍ਹਾਂ ਦੇ ਅੰਦਰ ਬਣੀਆਂ ਮਾਨਸਿਕ ਗੁੰਝਲਾਂ ਨੂੰ ਸੁਲਝਾ ਕੇ ਠੀਕ ਕਰ ਦਿੰਦੇ ਹਨ। ਮਨੋ-ਚਕਿਸਤਕ ਘੋਰ ਡਿਪ੍ਰੈਸ਼ਨ ਤੇ ਵੱਡੀਆਂ ਮਾਨਸਿਕ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ ਦੀ ਮਦਦ ਲੈਂਦੇ ਹਨ। ਔਰਤਾਂ ਨੂੰ ਮਾਨਸਿਕ ਰੋਗਾਂ ਤੋਂ ਦੂਰ ਰੱਖਣ ਲਈ ਪਰਿਵਾਰਾਂ ਵਿਚ ਉਨ੍ਹਾਂ ਦਾ ਮਾਣ-ਸਨਮਾਨ ਕਾਇਮ ਰਹਿਣਾ ਚਾਹੀਦਾ ਹੈ ਅਤੇ ਜ਼ਿੰਦਗੀ ਵਿਚ ਉਨ੍ਹਾਂ ਨੂੰ ਬਰਾਬਰ ਦੇ ਮੌਕੇ ਮਿਲਣੇ ਚਾਹੀਦੇ ਹਨ। ਇਸ ਤੋਂ ਇਲਾਵਾ ਸਾਨੂੰ ਮਾਨਸਿਕ ਰੋਗਾਂ ਤੋਂ ਬਚਣ ਲਈ ਰੋਜ਼ਾਨਾ ਕਸਰਤ ਕਰਨ ਤੋਂ ਇਲਾਵਾ ਜੀਵਨ 'ਚ ਸਾਕਾਰਾਤਮਿਕ ਵਿਚਾਰ, ਸਾਦਾ ਤੇ ਸੰਤੁਲਿਤ ਭੋਜਨ, ਕਾਫ਼ੀ ਮਾਤਰਾ ਵਿਚ ਪਾਣੀ ਦਾ ਸੇਵਨ ਤੇ ਲੋੜੀਂਦੀ ਵਧੀਆ ਨੀਂਦ ਲੈਣੀ ਚਾਹੀਦੀ ਹੈ।

SINGH'S TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport, Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595

BHHS BERKSHIRE HATHAWAY HOMESERVICES
CJ Singh
License # 24012019
Real Estate Broker
NORTHWEST REAL ESTATE
BERKSHIRE HATHAWAY HOMESERVICES
M. 206-401-4000



Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

# ਓਹਨੇ ਆਪਣੇ ਸ਼ੌਕ ਨੂੰ ਪਾਏ..



ਔਰਤਾਂ ਦਾ ਗਹਿਣਿਆਂ ਨਾਲ ਸਦੀਆਂ ਤੋਂ ਹੀ ਸੁਭਾਵਿਕ ਪਿਆਰ ਹੈ। ਔਰਤ ਕਿਸੇ ਵੀ ਯੁੱਗ ਵਿੱਚ ਰਹੀ ਹੋਵੇ, ਉਸ ਨੂੰ ਗਹਿਣਿਆਂ ਨਾਲ ਸ਼ਿੰਗਾਰੀ ਜ਼ਰੂਰੀ ਦਿਖਾਇਆ ਜਾਂਦਾ ਹੈ। ਭਾਰਤ ਵਰਗੇ ਵੱਡੇ ਅਤੇ ਬਹੁ-ਜਾਤੀ ਦੇਸ਼ ਵਿੱਚ ਤਾਂ ਔਰਤਾਂ ਭਾਵੇਂ ਕਿਸੇ ਵੀ ਜਾਤੀ-ਧਰਮ ਜਾਂ ਵਰਗ ਨਾਲ ਸਬੰਧ ਰੱਖਦੀਆਂ ਹੋਣ, ਸਦੀਆਂ ਤੋਂ ਹੀ ਗਹਿਣੀਆਂ ਦੀਆਂ ਚਾਹਵਾਨ ਰਹੀਆਂ ਹਨ। ਇਹ ਗਹਿਣੇ ਸੋਨੇ-ਚਾਂਦੀ ਵਰਗੀਆਂ ਮਹਿੰਗੀਆਂ ਧਾਤਾਂ ਤੋਂ ਬਣਾਏ ਜਾਂਦੇ ਹਨ, ਪਰ ਫਿਰ ਵੀ ਹਰ ਗ਼ਰੀਬ-ਅਮੀਰ ਔਰਤ ਇਨ੍ਹਾਂ ਨੂੰ ਪਹਿਨਣ ਦਾ ਸ਼ੌਕ ਰੱਖਦੀ ਹੈ।

ਔਰਤਾਂ ਦੇ ਇਸ ਸ਼ੌਕ ਸਦਕਾ ਹੀ ਭਾਰਤ ਦੇ ਹਰ ਘਰ ਵਿੱਚ ਥੋੜ੍ਹਾ-ਬਹੁਤਾ ਸੋਨਾ ਹੁੰਦਾ ਹੈ, ਜਿਸ ਨੂੰ ਅਮੀਰੀ ਦੀ ਨਿਸ਼ਾਨੀ ਹੀ ਸਮਝਿਆ ਜਾਂਦਾ ਹੈ ਅਤੇ ਦੇਸ਼ ਨੂੰ ਸੋਨੇ ਦੀ ਚਿੜੀ ਕਰਕੇ ਜਾਣਿਆ ਜਾਂਦਾ ਸੀ। ਇਹੀ ਕਾਰਨ ਸੀ ਕਿ ਬਹੁਤ ਸਾਰੇ ਵਿਦੇਸ਼ੀ ਧਾੜਵੀਆਂ ਨੇ ਭਾਰਤ 'ਤੇ ਹਮਲੇ ਕੀਤੇ ਅਤੇ ਉਨ੍ਹਾਂ ਨੇ ਇੱਥੋਂ ਮਣਾਂ-ਮੂਹੀ ਸੋਨਾ ਅਤੇ ਸੋਨੇ ਦੇ ਬਣੇ ਗਹਿਣੇ ਲੁੱਟੇ। ਔਰਤਾਂ ਕੋਲ ਸੋਨਾ ਵੱਧ ਹੋਣ ਦੇ ਕਾਰਨ ਔਰਤਾਂ ਉਨ੍ਹਾਂ ਦੀ ਲੁੱਟ ਦਾ ਖ਼ਾਸ ਨਿਸ਼ਾਨਾ ਬਣੀਆਂ ਰਹਿੰਦੀਆਂ ਹਨ। ਦੂਜੇ ਪਾਸੇ ਇਹ ਗਹਿਣੇ ਔਰਤਾਂ ਦੀ ਸੁੰਦਰਤਾ ਵਿੱਚ ਵੀ ਹੋਰ ਵਾਧਾ ਕਰਦੇ ਹਨ ਅਤੇ ਔਰਤਾਂ ਇਸ ਪੱਖੋਂ ਵੀ ਵਧੇਰੇ ਸੋਨੇ-ਚਾਂਦੀ ਦੇ ਗਹਿਣੇ ਪਹਿਨਦੀਆਂ ਸਨ। ਵਿਦੇਸ਼ੀ ਧਾੜਵੀ ਵੀ ਇਨ੍ਹਾਂ ਕਾਰਨਾਂ ਕਰਕੇ ਭਾਰਤੀ ਔਰਤਾਂ ਜਾਂ ਹਿੰਦੁਸਤਾਨੀ ਕੁੜੀਆਂ ਨੂੰ ਆਪਣੇ ਨਾਲ ਲੈ ਜਾਂਦੇ ਸਨ ਅਤੇ ਆਪਣੇ ਦੇਸ਼ ਜਾ ਕੇ ਉਨ੍ਹਾਂ ਨੂੰ ਵੇਚ ਦਿੰਦੇ ਸਨ।

ਕੀਮਤੀ ਗਹਿਣਿਆਂ ਦੇ ਨਾਲ ਇਹ ਗੱਲ ਵੀ ਬੜੀ ਬਚਿੱਤਰ ਹੈ ਕਿ ਔਰਤਾਂ ਦੇ ਹੱਥਾਂ, ਪੈਰਾਂ, ਗਲ, ਨੱਕ ਕੰਨਾਂ ਆਦਿ ਵਾਸਤੇ ਗਹਿਣੇ ਹੀ ਵੱਖਰੇ-ਵੱਖਰੇ ਨਹੀਂ ਹੁੰਦੇ, ਬਲਕਿ ਉਨ੍ਹਾਂ ਦੇ ਨਾਂ ਵੀ ਵੱਖ-ਵੱਖ ਹੁੰਦੇ ਹਨ, ਜਿਵੇਂ ਕਿ ਗਲ ਵਿੱਚ ਜ਼ੰਜੀਰੀ, ਪੈਰਾਂ ਵਿੱਚ ਝਾਂਜਰਾਂ, ਨੱਕ ਵਿੱਚ ਲੌਂਗ ਅਤੇ ਕੰਨਾਂ ਵਿੱਚ ਵਾਲੇ ਆਦਿ ਗਹਿਣੇ ਪ੍ਰਚੱਲਿਤ ਹਨ। ਭਾਵੇਂ ਅਮੀਰ ਔਰਤਾਂ ਸਾਰੇ ਗਹਿਣੇ ਪਹਿਨਦੀਆਂ ਹਨ, ਪਰ ਗ਼ਰੀਬ ਔਰਤਾਂ ਆਪਣੇ ਪਰਿਵਾਰ ਦੀ ਆਰਥਿਕ ਵਿਵਸਥਾ ਅਨੁਸਾਰ ਹਲਕੇ ਅਤੇ ਸਸਤੇ ਗਹਿਣੇ ਪਹਿਨ ਕੇ ਆਪਣੇ ਮਨ ਨੂੰ ਖ਼ੁਸ਼ ਕਰ ਲੈਂਦੀਆਂ ਹਨ। ਭਾਰਤੀ ਸੱਭਿਅਤਾ ਅਨੁਸਾਰ ਔਰਤਾਂ ਦੀ ਇਸ ਤਰ੍ਹਾਂ ਗਹਿਣਿਆਂ ਦੀ ਚਾਹਤ ਨੇ ਸਾਡੇ ਸਮਾਜ ਵਿੱਚ ਦਾਜ ਪ੍ਰਥਾ ਨੂੰ ਜਨਮ ਦਿੱਤਾ। ਭਾਵੇਂ ਅੱਜ ਅਸੀਂ ਦਾਜ ਪ੍ਰਥਾ ਦੇ ਵਿਰੋਧੀ ਹਾਂ, ਪਰ ਮਾਪੇ ਆਪਣੀਆਂ ਧੀਆਂ ਨੂੰ ਇਹ ਛੋਟੇ-ਛੋਟੇ ਗਹਿਣੇ ਦੇ ਕੇ ਆਰਥਿਕ ਮਦਦ ਦੇਣੀ ਚਾਹੁੰਦੇ ਹਨ ਅਤੇ ਸਮਾਜਿਕ ਪੱਖੋਂ ਵੀ ਆਪਣਾ ਰੁਤਬਾ ਠੀਕ ਦਰਸਾਉਣਾ ਚਾਹੁੰਦੇ ਸਨ। ਹਰ ਧੀ-ਭੈਣ ਨੂੰ ਵਿਆਹ ਸਮੇਂ ਮਾਪੇ ਆਪਣੀ ਵਿੱਤ ਮੁਤਾਬਕ ਗਹਿਣੇ ਦਿੰਦੇ ਹਨ ਤਾਂ ਕਿ ਉਸ ਧੀ-ਭੈਣ ਦਾ ਗਹਿਣੀਆਂ ਪ੍ਰਤੀ ਪਿਆਰ ਫਿੱਕਾ ਨਾ ਪਵੇ ਅਤੇ ਉਹ ਆਪਣੇ ਆਪ ਨੂੰ ਬਹੁਤ ਨਿਰਧਨ ਜਾਂ ਨਿਮਾਣੀ ਨਾ ਸਮਝੇ। ਮੁਟਿਆਰਾਂ ਦਾ ਗਹਿਣਿਆਂ ਪ੍ਰਤੀ ਇਹ ਪਿਆਰ ਸਾਡੇ ਪੰਜਾਬੀ ਸੱਭਿਆਚਾਰ ਵਿੱਚ ਤਾਂ ਬਹੁਤ ਹੀ ਨਿਵੇਕਲਾ ਸਥਾਨ ਬਣ ਗਿਆ ਕਿਉਂਕਿ ਹਰ ਵਿਆਹ ਸ਼ਾਦੀ ਅਤੇ ਖ਼ੁਸ਼ੀ ਦੇ ਮੌਕੇ ਗੀਤਾਂ-ਬੋਲੀਆਂ, ਸਿੱਠਣੀਆਂ, ਤਾਅਨਿਆਂ, ਮਿਹਣਿਆਂ ਵਿੱਚ ਇਨ੍ਹਾਂ ਗਹਿਣਿਆਂ ਦੀ ਗੱਲ ਜ਼ਰੂਰੀ ਚੱਲਦੀ ਹੈ ਤਾਂ ਹੀ ਤਾਂ ਇੱਕ ਗ਼ਰੀਬ ਮੁਟਿਆਰ ਆਪਣੇ ਵਿਆਹ ਸਮੇਂ ਆਪਣੇ ਬਾਬਲ ਨੂੰ ਇਹ ਗਹਿਣੇ ਪਾਉਣ ਲਈ ਕਹਿੰਦੀ ਹੈ;

**ਕੰਠੀ, ਬਿੰਦੀ ਤੇ ਜ਼ੰਜੀਰੀ, ਫੁੱਲ, ਵਾਲੇ**
**ਪੰਜ ਟੂਮਾਂ ਪਾ ਦੇ ਬਾਬਲਾ।**

ਜਾਂ ਫਿਰ ਜੇ ਉਹ ਮੁਟਿਆਰ ਕਿਸੇ ਚੰਗੇ ਜ਼ਿਮੀਂਦਾਰ

**ਬਹਾਦਰ ਸਿੰਘ ਗੋਸਲ**

ਜਾਂ ਰੱਜੇ ਪੁੱਜੇ ਘਰ ਵਿੱਚ ਜੰਮੀ ਪਲੀ ਹੋਵੇ ਤਾਂ ਉਹ ਗੱਲ ਨੂੰ ਮੋੜ ਕੇ ਇੰਜ ਵੀ ਕਹਿ ਦਿੰਦੀ;

**ਤੇਰੀ ਕੱਸੀ ਤੇ ਜ਼ਮੀਨ ਬਥੇਰੀ**
**ਪੰਜ ਟੂਮਾਂ ਪਾ ਦੇ ਬਾਬਲਾ।**

ਕਈ ਵਾਰ ਤਾਂ ਵਿਆਹ ਸਮੇਂ ਆਪਣੇ ਮਾਪਿਆਂ 'ਤੇ ਮਾਣ ਕਰਦੀਆਂ ਹੋਈਆਂ ਵਿਆਂਦੜ ਮੁਟਿਆਰਾਂ ਆਪਣੇ ਗਹਿਣਿਆਂ ਦੇ ਪਿਆਰ ਨੂੰ ਇਸ ਤਰ੍ਹਾਂ ਸੱਭਿਆਚਾਰਕ ਰੂਪ ਵੀ ਦੇ ਦਿੰਦੀਆਂ ਹਨ;

**ਕੋਈ ਆਖੇ ਨਾ ਨੰਗਾਂ ਦੀ ਧੀ ਜਾਵੇ**
**ਕਾਂਟੇ ਪਾ ਕੇ ਤੋਰੀਂ ਬਾਬਲਾ।**

ਵਿਆਹ, ਸ਼ਾਦੀਆਂ ਵਿੱਚ ਗਹਿਣਿਆਂ ਦੀ ਸਰਦਾਰੀ ਹੀ ਨਹੀਂ ਹੁੰਦੀ ਸਗੋਂ ਇਹ ਤਾਂ ਘਰ ਪਰਿਵਾਰਾਂ ਵਿੱਚ ਵੀ ਆਮ ਹੀ ਪਹਿਨੇ ਜਾਂਦੇ ਹਨ। ਇੱਥੋਂ ਤੱਕ ਕੇ ਕਈ ਪਰਿਵਾਰਾਂ ਵਿੱਚ ਤਾਂ ਨੂੰਹ-ਸੱਸ ਦਾ ਗਹਿਣੇ ਪਹਿਨਣ ਵਿੱਚ ਮੁਕਾਬਲਾ ਜਿਹਾ ਹੀ ਹੋ ਜਾਂਦਾ ਹੈ। ਉਹ ਇੱਕ ਦੂਜੇ ਤੋਂ ਚੰਗਾ ਅਤੇ ਮਹਿੰਗਾ ਗਹਿਣਾ ਖ਼ਰੀਦ ਕੇ ਆਪਣੇ ਆਪ ਨੂੰ ਵੱਡੀ ਦਰਸਾਉਣ ਦਾ ਯਤਨ ਕਰਦੀਆਂ ਹਨ ਜਿਵੇਂ ਕੋਈ ਨਵ ਵਿਆਹੀ ਮੁਟਿਆਰ ਆਪਣੇ ਪੇਕੇ ਜਾ ਕੇ ਆਪਣੇ ਬਾਪੂ ਨਾਲ ਗੱਲ ਕਰਦੀ ਹੋਈ ਕਹਿੰਦੀ ਏ;

**ਮੇਰੀ ਸੱਸ ਦੇ ਲਿਸ਼ਕਦੇ ਵਾਲੇ**
**ਬਾਪੂ, ਮੈਨੂੰ ਸੰਗ ਲੱਗਦੀ।**

ਇਸ ਦੇ ਉੱਤਰ ਵਿੱਚ ਉਸ ਮੁਟਿਆਰ ਦਾ ਬਾਪੂ ਵੀ ਉਸੇ ਲਹਿਜੇ ਵਿੱਚ ਜੁਆਬ ਦਿੰਦਾ ਹੋਇਆ ਕਹਿੰਦਾ ਏ;

**ਓਹਨੇ ਆਪਣੇ ਸ਼ੌਕ ਨੂੰ ਪਾਏ**
**ਤੈਨੂੰ, ਕਾਹਦੀ ਸੰਗ ਬੱਚੀਏ ?**

ਜਿਸ ਤਰ੍ਹਾਂ ਪਹਿਲਾ ਦੱਸਿਆ ਗਿਆ ਹੈ ਕਿ ਔਰਤਾਂ ਇਹ ਗਹਿਣੇ ਸਰੀਰ ਦੇ ਵੱਖ-ਵੱਖ ਅੰਗਾਂ 'ਤੇ ਪਹਿਨਦੀਆਂ ਹਨ ਅਤੇ ਆਪਣੀ ਜਗ ?ਹਾ ਹਰ ਗਹਿਣੇ ਦੀ ਆਪਣੀ ਮਹੱਤਤਾ ਹੈ। ਜਿਸ ਤਰ੍ਹਾਂ ਮੁੰਦਰੀ, ਛੱਲਿਆਂ ਤੋਂ ਲੈ ਕੇ ਸਿਰ 'ਤੇ ਸਜਾਏ ਜਾਣ ਵਾਲੇ ਗਹਿਣੇ ਔਰਤਾਂ ਲਈ ਮਨਭਾਉਂਦੇ ਅਤੇ ਦਿਲ-ਲਭਾਊ ਹੁੰਦੇ ਹਨ, ਪਰ ਪੰਜਾਬੀ ਸੱਭਿਆਚਾਰ ਨੇ ਤਾਂ ਕਮਾਲ ਹੀ ਕਰ ਦਿੱਤੀ ਹੈ, ਛੋਟੇ ਤੋਂ ਛੋਟੇ ਗਹਿਣੇ ਤੋਂ ਲੈ ਕੇ ਵੱਡੇ ਗਹਿਣੇ ਤੱਕ ਉਨ੍ਹਾਂ ਨੂੰ ਅਜਿਹਾ ਗੀਤਾਂ, ਲੋਕ ਗੀਤਾਂ ਵਿੱਚ ਪਰੋਇਆ ਕਿ ਇਹ ਸਾਰੇ ਗਹਿਣੇ ਔਰਤਾਂ ਦੇ ਹੀ ਨਹੀਂ ਸਗੋਂ ਸਾਰੇ ਲੋਕਾਂ ਦੀ ਜ਼ੁਬਾਨ 'ਤੇ ਰਸ ਹਨ। ਜਿਵੇਂ ਲੌਂਗ ਦਾ ਨਾਂ ਹੀ ਲੈ ਲਵੋ;

**ਪਿੱਛੇ ਪਿੱਛੇ ਆਈਂ**
**ਮੇਰੀ ਤੋਰ ਵਹਿੰਦਾ ਆਈਂ**
**ਤੂੰ ਨਿਗਾਹ ਮਾਰਦਾ ਆਈਂ ਵੇ**
**ਮੇਰਾ ਲੌਂਗ ਗੁਆਚਾ।**

ਕਿਹਾ ਜਾਂਦਾ ਹੈ ਕਿ ਇਕੱਲਾ ਲੌਂਗ ਹੀ ਨਹੀਂ, ਇਕੱਲੇ ਨੱਕ ਵਿੱਚ 10 ਪ੍ਰਕਾਰ ਦੇ ਗਹਿਣੇ ਪਾਏ ਜਾਂਦੇ ਹਨ ਜਿਨ੍ਹਾਂ ਵਿੱਚ ਲੌਂਗ, ਤੀਲ੍ਹੀ, ਕੋਕਾ, ਰੇਖ ਨੱਥ, ਬੁਲਾਕ, ਬੋਹਰ, ਨੁਕਰਾ, ਗਜਰੀਆ ਅਤੇ ਟਿਪਸੀਆਂ ਆਦਿ। ਪੰਜਾਬੀ ਸੱਭਿਆਚਾਰ ਦੀ ਗੱਲ ਕਰਦਿਆਂ ਪ੍ਰਸਿੱਧ ਲੇਖਕ ਨਿਰੰਜਣ ਸਿੰਘ ਸੈਲਾਨੀ ਦਾ ਕਹਿਣਾ ਹੈ ਕਿ ਗਹਿਣੇ ਸੁਹਾਗ ਦਾ ਚਿੰਨ੍ਹ ਵੀ ਮੰਨੇ ਜਾਂਦੇ ਹਨ। ਉਨ੍ਹਾਂ ਨੇ ਡਾ. ਰਿਚਰਡ ਟੈਂਪਲ ਦੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਕਿ ਪੰਜਾਬ ਵਿੱਚ 136 ਪ੍ਰਕਾਰ ਦੇ ਗਹਿਣੇ ਪਹਿਨਣ ਦਾ ਰਿਵਾਜ ਹੈ। ਪੰਜਾਬੀ ਸੱਭਿਆਚਾਰ ਨੇ ਹਰ ਗਹਿਣੇ ਨੂੰ ਗੀਤ, ਲੋਕ ਗੀਤ ਜਾਂ ਪੰਜਾਬੀ ਬੋਲੀਆਂ ਅਤੇ ਟੱਪਿਆਂ ਵਿੱਚ ਥਾਂ ਦੇਣ ਦਾ ਯਤਨ ਕੀਤਾ ਹੈ। ਜਿਵੇਂ ਪੰਜਾਬ ਦੇ ਮੇਲਿਆਂ ਦੇ ਦਿਨਾਂ ਵਿੱਚ ਔਰਤਾਂ ਸਜ-ਧਜ ਕੇ ਮੇਲਾ ਦੇਖਣ ਜਾਂਦੀਆਂ ਸਨ ਅਤੇ ਉਹ ਗਹਿਣਿਆਂ ਦਾ ਖ਼ੂਬ ਸ਼ਿੰਗਾਰ ਕਰਦੀਆਂ ਰਹੀਆਂ ਹਨ ਤਾਂ ਹੀ ਕਿਹਾ ਜਾਂਦਾ ਸੀ;

**ਪੈਰ ਧੋ ਕੇ ਝਾਂਜਰਾ ਪਾਉਂਦੀ**
**ਮੇਲ੍ਹ ਦੀ ਆਉਂਦੀ**
**ਕਿ ਸ਼ੌਕਣ ਮੇਲੇ ਦੀ।**

ਪੰਜਾਬ ਵਿੱਚ ਫਿਰ ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਸਿੱਖਿਆ ਨੇ ਜ਼ੋਰ ਫੜਿਆ ਤਾਂ ਪੰਜਾਬੀ ਔਰਤਾਂ ਨੇ ਗਹਿਣੀਆਂ ਦੇ ਖ਼ਰਚ ਨੂੰ ਘੱਟ ਕਰਕੇ ਵਿੱਦਿਆ ਪੜ੍ਹਨ ਨੂੰ ਵਧੇਰੇ ਤਰਜੀਹ ਦਿੱਤੀ ਅਤੇ ਪੰਜਾਬੀ ਸੱਭਿਆਚਾਰ ਅਨੁਸਾਰ ਇਹ ਗੱਲ ਕੁੜੀਆਂ ਵਿੱਚ ਆਮ ਹੀ ਹੁੰਦੀ ਸੀ;

**ਛੈਣੇ ! ਛੈਣੇ ! ਛੈਣੇ !**
**ਵਿੱਦਿਆ ਪੜ੍ਹਾ ਦੇ ਬਾਬਲਾ।**
**ਭਾਵੇਂ ਦੇਈਂ ਨਾ ਦਾਜ ਵਿੱਚ ਗਹਿਣੇ।**

ਦੂਜੇ ਪਾਸੇ ਗਹਿਣਿਆਂ ਦੀ ਗੱਲ ਤਾਂ ਘਰ ਘਰ ਆਮ ਹੀ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾ ਅੰਗ ਬਣ ਚੁੱਕੀ ਹੈ। ਇੱਥੋਂ ਤੱਕ ਕਿ ਗੱਭਰੂਆਂ ਅਤੇ ਮੁਟਿਆਰਾਂ ਦੇ ਪਿਆਰ ਵਿੱਚ ਗਹਿਣੇ ਆਪਣੇ ਆਪ ਹੀ ਆਪਣੀ ਥਾਂ ਬਣਾ ਲੈਂਦੇ ਹਨ ਜਿਵੇਂ;

**ਆਹ ਲੈ ਨੱਤੀਆਂ**
**ਘੜਾ ਲੈ ਪਿੱਪਲ ਪੱਤੀਆਂ**
**ਕਿਸੇ ਕੋਲ ਗੱਲ ਨਾ ਕਰੀਂ।**

ਜਦੋਂ ਪੰਜਾਬੀ ਕਿਸਾਨ ਤੰਗੀਆਂ, ਤੁਰਸ਼ੀਆਂ ਦਾ ਸਮਾਂ ਕੱਟ ਰਹੇ ਸਨ ਤਾਂ ਆਪਣੀਆਂ ਘਰਵਾਲੀਆਂ ਵੱਲੋਂ ਛੋਟੇ ਮੋਟੇ ਗਹਿਣਿਆਂ ਦੀ ਮੰਗ ਕਰਨ 'ਤੇ ਉਹ ਨਵੀਂ ਫ਼ਸਲ ਦੇ ਆਉਣ ਦਾ ਲਾਰਾ ਲੱਪਾ ਲਾ ਰੱਖਦੇ ਅਤੇ ਉਸ ਨੂੰ ਨਵੀਂ ਫ਼ਸਲ ਦੇ ਵਿਕਣ 'ਤੇ ਕੋਈ ਗਹਿਣਾ ਜ਼ਰੂਰ ਬਣਾਉਣ ਦਾ ਦਾਅਵਾ ਵੀ ਕਰ ਦਿੰਦੇ ਜਿਵੇਂ;

**ਤੇਰੇ ਗਲ ਨੂੰ ਜ਼ੰਜੀਰੀ ਪਾਵਾਂ**
**ਨਰਮਾ, ਐਂਤਕੀ ਵਿਕ ਲੈਣ ਦੇ।**

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬੀ ਸੱਭਿਆਚਾਰ ਨੇ ਤਾਂ ਗਹਿਣਿਆਂ ਦੀ ਹੋਂਦ ਸਦਕਾ ਪੰਜਾਬੀ ਪੇਂਡੂ ਮਾਹੌਲ ਵਿੱਚ ਉਹ ਰੰਗ ਭਰੇ ਹਨ ਜਿਨ੍ਹਾਂ ਨੂੰ ਪੰਜਾਬੀ ਤਾਂ ਭੁੱਲਦੇ ਹੀ ਨਹੀਂ। ਧੀਆਂ-ਭੈਣਾਂ ਨੂੰ ਪਿਆਰ ਅਤੇ ਸਤਿਕਾਰ ਦੇਣ ਦੇ ਨਾਲ ਨਾਲ ਉਹ ਆਪਣੇ ਸੁਖੀ ਪਰਿਵਾਰ ਲਈ ਆਪਣੀਆਂ ਔਰਤਾਂ ਨੂੰ ਵੀ ਗਹਿਣਿਆਂ ਦੇ ਪੱਜ ਖ਼ੁਸ਼ ਰੱਖਦੇ ਹਨ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX
IFTA
Amarjit S Bir
amarjit@uscipp.org
Lic#0I15593CA
Ph: (925)318-1247






## .ਗ਼ਜ਼ਲ

ਅਪਣੇ ਘਰ ਨੂੰ ਰੋਜ਼ ਸਜਾਇਆ ਤੇਰੇ ਜਾਵਣ ਪਿੱਛੋਂ।
ਇਹ ਦਿਲ ਫਿਰ ਨਾ ਵਾਪਸ ਆਇਆ ਤੇਰੇ ਜਾਵਣ ਪਿੱਛੋਂ।
ਝੱਲਿਆ ਦੁਨੀਆਂ ਉੱਤੋਂ ਜਿਹੜੇ ਤੁਰ ਜਾਂਦੇ ਕਦ ਆਉਂਦੇ,
ਸਮਝੇ ਨਾ ਪਰ ਦਿਲ ਸਮਝਾਇਆ ਤੇਰੇ ਜਾਵਣ ਪਿੱਛੋਂ।
ਘਰ ਦੇ ਕੋਨੇ-ਕੋਨੇ ਦੇ ਵਿਚ ਜਿੱਥੇ ਪੈਰ ਧਰੇ ਤੂੰ,
ਤੇਰੀ ਖ਼ੁਸ਼ਬੂ ਨੇ ਤੜਪਾਇਆ ਤੇਰੇ ਜਾਵਣ ਪਿੱਛੋਂ।
ਗੁਲਦਸਤੇ ਤੇਰੀਆਂ ਯਾਦਾਂ ਦੇ ਥਾਂ-ਥਾਂ ਉੱਪਰ ਖਿਲਰੇ,
ਕੀ ਕੀ ਦੱਸਾਂ ਕਿੰਝ ਰਲਾਇਆ ਤੇਰੇ ਜਾਵਣ ਪਿੱਛੋਂ।
ਹਰ ਹੰਝੂ ਚੋਂ ਤੇਰੀ ਇਕ ਤਸਵੀਰ ਬਣੀ ਹੈ ਏਦਾਂ,
ਅੱਖਾਂ ਚੋਂ ਨਾ ਨੀਰ ਛੁਪਾਇਆ ਤੇਰੇ ਜਾਵਣ ਪਿੱਛੋਂ।
ਵਰ੍ਹਦੇ ਜਾਂਦੇ ਬੱਦਲਾਂ ਨੂੰ ਫਿਰ ਇਕ ਬਦਲੋਟੀ ਕਹਿੰਦੀ,
ਮਾਰੂਥਲ ਕਿੰਨਾ ਪਛਤਾਇਆ ਤੇਰੇ ਜਾਵਣ ਪਿੱਛੋਂ।
ਕੱਲਾ-ਕੱਲਾ ਤਾਰਾ ਟੁੱਟਿਆ ਸੂਰਜ ਚੰਨ ਗਵਾਚਾ,
ਯਾਦਾਂ ਵਾਲਾ ਗਗਨ ਰੁਲਾਇਆ ਤੇਰੇ ਜਾਵਣ ਪਿੱਛੋਂ।
ਜਿੱਦਾਂ ਖੰਜਰ ਖੋਭ ਕੇ ਕੋਈ ਵਿੱਚ ਘੁਮਾਈ ਜਾਵੇ,
ਮੁੜ-ਮੁੜ ਚਾਵਾਂ ਇੰਝ ਸਤਾਇਆ ਤੇਰੇ ਜਾਵਣ ਪਿੱਛੋਂ।
ਉਦਾਸੀ ਦੇ ਮਹਿਲ ਖੜ੍ਹੇ ਨੇ ਸ਼ੋਰ ਨਿਰਾਸ਼ਾ ਵਾਲੀ,
ਕੀ ਕੀ ਸੱਜਣਾ ਹੋਰ ਬਣਾਇਆ ਤੇਰੇ ਜਾਵਣ ਪਿੱਛੋਂ।
ਮਾਲੀ ਤੋਂ ਬਿਨ ਬਾਗ਼ ਦੀ ਹਾਲਤ ਸਭ ਫੁੱਲ ਪਏ ਦਸਦੇ ਨੇ,
ਪੱਤਾ-ਪੱਤਾ ਹੈ ਕੁਮਲਾਇਆ ਤੇਰੇ ਜਾਵਣ ਪਿੱਛੋਂ।
ਸੰਵੇਦਨਸ਼ੀਲ ਸੁਭਾਅ ਦਾ ਕੋਈ ਕਿਹੜਾ ਫੁੱਲ ਉਗਾਵਾਂ,
ਸੁਈ ਮੁਈ ਨੇ ਤੜਪਾਇਆ ਤੇਰੇ ਜਾਵਣ ਪਿੱਛੋਂ।
ਟੁਟਦੀ ਸ਼ਬਨਮ ਦਾ ਇਕ ਕਤਰਾ ਖੋਹ ਕੇ ਤਿੱਖੀ ਧੁੱਪ ਤੋਂ,
ਘੁੱਟ ਕੇ ਸੀਨੇ ਨਾਲ ਲਗਾਇਆ ਤੇਰੇ ਜਾਵਣ ਪਿੱਛੋਂ।
ਤੇਰੇ ਨਹਿਰ ਕਿਨਾਰੇ ਉੱਤੇ ਨਾ ਗੁਲਸ਼ਨ ਨਾ ਪਾਣੀ,
ਕੂੰਜਾਂ ਵਾਲਾ ਝੁੰਡ ਕੁਰਲਾਇਆ ਤੇਰੇ ਜਾਵਣ ਪਿੱਛੋਂ।
ਹੁਣ ਤਾਂ ਇਕ ਧਰਵਾਸਾ ਦਿੰਦਾ ਏਸ ਨਿਮਾਣੇਂ ਦਿਲ ਨੂੰ,
ਤੇਰੀਆਂ ਯਾਦਾਂ ਦਾ ਸਰਮਾਇਆ ਤੇਰੇ ਜਾਵਣ ਪਿੱਛੋਂ।
ਮਹਿਫ਼ਿਲ ਦੇ ਵਿਚ ਗੀਤ ਗ਼ਜ਼ਲ ਨਾ, ਨਾ ਕੋਈ ਅਪਣਾਪਣ,
ਬਾਲਮ ਹਰ ਇਕ ਸ਼ਖ਼ਸ਼ ਪਰਾਇਆ ਤੇਰੇ ਜਾਵਣ ਪਿੱਛੋਂ।

**ਬਲਵਿੰਦਰ ਬਾਲਮ ਗੁਰਦਾਸਪੁਰ**
9815625409

## ਚਿੜੀਏ

ਜਾ ਉੱਡ ਜਾ ਚਿੜੀਏ! ਮਰ ਜਾ ਚਿੜੀਏ!
ਇਹ ਕੀ ਗੱਲ ਹੋਈ! ਸਮਝਾ ਜਾ ਚਿੜੀਏ।
ਇਹ ਕੋਈ ਗੱਲ ਨਾ ਹੋਈ ਸੁਣ ਜਾ ਚਿੜੀਏ।
ਆ ਜਾ ਚਿੜੀਏ, ਬਹਿ ਜਾ ਚਿੜੀਏ...

ਨੀ ਡਰ ਨਾ, ਸਦਾ ਤੈਨੂੰ ਮੈਂ ਕੋਲ ਨਾ ਰੱਖਣਾ।
ਇਹ ਵਿਹੜਾ ਤਾਂ ਅਸਾਂ ਭੀ ਕਰਨਾ ਸੱਖਣਾ।
ਲੈ ਚੁਗ ਕੁਝ ਦਾਣੇ, ਬਰਕਤ ਪਾ ਜਾ ਚਿੜੀਏ,
ਆ ਜਾ ਚਿੜੀਏ, ਬਹਿ ਜਾ ਚਿੜੀਏ...

ਕਿਸੇ ਵੇਲੇ ਘਰ-ਘਰ ਵਿੱਚ ਤੁਹਾਡਾ ਡੇਰਾ ਸੀ।
ਵਾਂਙ ਫੱਕਰਾਂ ਤੁਹਾਡਾ ਹੁੰਦਾ ਨਿੱਤ ਦਾ ਫੇਰਾ ਸੀ।
ਪੱਕੇ ਘਰਾਂ ਦੇ ਕੱਚਿਆਂ ਨੂੰ ਖ਼ੈਰ ਪਾ ਜਾ ਚਿੜੀਏ,
ਆ ਜਾ ਚਿੜੀਏ, ਬਹਿ ਜਾ ਚਿੜੀਏ...

ਤੁਹਾਡਾ ਚਹਿਚਹਾਉਣਾ ਹੀ ਦਿਨ ਦਾ ਚੜ੍ਹਨਾ।
ਚਾਟੀ ਵਿੱਚ ਮਧਾਣੀ ਕਿਤੇ ਦੁੱਧ ਦਾ ਕੜ੍ਹਨਾ।
ਬੜਾ ਕੁਝ ਖੁੰਝਿਆ, ਕੁਝ ਯਾਦ ਕਰਾ ਜਾ ਚਿੜੀਏ,
ਆ ਜਾ ਚਿੜੀਏ, ਬਹਿ ਜਾ ਚਿੜੀਏ...

ਘੁੰਮਦਾ ਚਰਖਾ ਛੱਡ, ਬੇਬੇ ਉੱਠ ਭੱਜੀ ਸੀ।
ਤੇਰੀ ਇੱਕ ਵੱਡੀ ਵਡੇਰੀ ਪੱਖੇ ਜਾ ਵੱਜੀ ਸੀ।
ਕਿੱਕਰ ਹੇਠਾਂ ਦੱਬੀ, ਪਲਕਾਂ ਸੁਕਾ ਜਾ ਚਿੜੀਏ,
ਆ ਜਾ ਚਿੜੀਏ, ਬਹਿ ਜਾ ਚਿੜੀਏ ...

ਨੀ ਚਿੜੀਏ! ਅਸੀਂ ਕਿੰਨੀ ਤਰੱਕੀ ਕਰ ਗਏ!
ਜਿੱਤਦੇ-ਜਿੱਤਦੇ ਅਸੀਂ ਬਹੁਤ ਕੁਝ ਹਰ ਗਏ!
ਬੰਦੇ ਨੂੰ ਮੁੜ ਇਨਸਾਨ ਬਣਾ ਜਾ, ਨੀ ਅੜੀਏ!
ਆ ਜਾ ਚਿੜੀਏ ਬਹਿ ਜਾ ਚਿੜੀਏ...

ਲੋਕੀਂ ਆਖਣ ਕੁੜੀਆਂ ਚਿੜੀਆਂ ਹੁੰਦੀਆਂ।
ਚਿਹਰੇ ਹੱਸਦੇ ਨੇ ਅੱਖਾਂ ਗਿੜੀਆਂ ਹੁੰਦੀਆਂ।
ਸਜਾ ਸੁਫ਼ਨੇ ਇਨ੍ਹਾਂ ਨੂੰ ਵੀ ਹਸਾ ਜਾ ਚਿੜੀਏ,
ਆ ਜਾ ਚਿੜੀਏ, ਬਹਿ ਜਾ ਚਿੜੀਏ...

ਸੁਣ! ਜਿੰਦੜੀ ਤੇਰੀ, ਖੰਭ ਤੇਰੇ, ਉਡਾਣ ਤੇਰੀ।
ਉੱਡ-ਮਰ ਸੁਣ ਕੇ ਉੱਡੀ-ਮਰੀਂ ਨਾ, ਮੰਨ ਮੇਰੀ।
ਮੇਰੀ ਇਸ ਦਰਖ਼ਾਸਤ 'ਤੇ ਪੰਜਾ ਲਾ ਜਾ ਚਿੜੀਏ,
ਆ ਜਾ ਚਿੜੀਏ, ਬਹਿ ਜਾ ਚਿੜੀਏ...

**-ਮਨਜੀਤ ਸਿੰਘ ਬੱਧਣ**

## ਪੰਜਾਬ ਚੁਰਾਸੀ

ਉਸ ਦਾਤੇ ਦੀਆਂ ਗੁੱਝੀਆਂ ਰਮਜ਼ਾਂ,
ਭੇਤ ਕਿਸੇ ਨਾ ਪਾਇਆ।
ਘੁੱਗ ਵੱਸਦਾ ਪੰਜਾਬ ਅਸਾਡਾ,
ਬਲਦੀ ਦੇ ਮੂੰਹ ਆਇਆ।

ਐਸੀ ਕਾਲ਼ੀ 'ਨੇਰੀ ਆਈ,
ਚੜਿਆ ਜੂਨ ਚੁਰਾਸੀ।
ਅੱਖਾਂ ਖ਼ੂਨ ਦੇ ਹੰਝੂ ਰੋਵਣ,
ਉੱਡ ਗਈ ਮੂੰਹ ਤੋਂ ਹਾਸੀ।

ਗੁਰੂ ਅਰਜਨ ਦਾ ਦਿਵਸ ਸ਼ਹੀਦੀ,
ਸੰਗਤ ਮਨਾਵਣ ਚੱਲੀਆਂ।
ਡਾਢੇ ਅੱਗੇ ਜ਼ੋਰ ਨਾ ਕੋਈ,
ਚਿੱਠੀਆਂ ਮੌਤ ਦੀਆਂ ਘੱਲੀਆਂ।

ਹਰਿਮੰਦਰ ਭਗਤੀ ਦਾ ਘਰ ਹੈ,
ਸ਼ਾਂਤੀ ਮਿਲਦੀ ਜਿੱਥੇ।
ਫੌਜ-ਭਾਰਤੀ ਮਿਥੀ ਸਾਜ਼ਿਸ਼ ਸੀ,
ਭੁੰਨ 'ਤੇ ਲੋਕ ਨਿਹੱਥੇ।

ਹਿੰਦ-ਸਰਕਾਰ ਨੇ ਕਿਹਾ ਏਸਨੂੰ,
ਸਾਕਾ ਨੀਲਾ ਤਾਰਾ।
ਸਿੱਖ ਸੀਨਿਆਂ ਉੱਤੇ ਵਰ੍ਹਿਆ,
ਬਣ ਕੇ ਘੱਲੂਘਾਰਾ।

ਸਿੰਘ-ਸਿੰਘਣੀਆਂ, ਬੱਚੇ-ਬੁੱਢੇ,
ਕਿੰਨੀਆਂ ਸ਼ਹੀਦੀਆਂ ਹੋਈਆਂ।
ਕਹਿ ਨਾ ਸਕਦੀ ਜੀਭਾ ਮੇਰੀ,
ਅੱਖੀਆਂ ਦਰਦ ਪਰੋਈਆਂ।

ਤਖ਼ਤ-ਅਕਾਲ 'ਤੇ ਗੋਲ਼ੀਆਂ ਵਰ੍ਹੀਆਂ,
ਕਰ ਦਿੱਤਾ ਢਹਿ ਢੇਰੀ।
ਇਸਤੋਂ ਅੱਗੇ ਚੁੱਪ ਕਰ ਜਾਂਦੀ,
ਲਿਖਣੋਂ ਕਾਨੀ ਮੇਰੀ।

ਏਸੇ ਸਾਲ ਹੀ ਵਿੱਚ ਨਵੰਬਰ,
ਫਿਰ ਇੱਕ ਤਾਂਡਵ ਹੋਇਆ।
ਗਲ਼ੀਆਂ, ਸੜਕਾਂ ਨੂੰ ਸਿੱਖਾਂ ਨੇ,
ਅਪਣੇ ਲਹੂ ਨਾਲ਼ ਧੋਇਆ।

ਵੱਡੇ-ਵੱਡੇ ਮਹਾਂਨਗਰਾਂ ਵਿੱਚ,
ਸਿੱਖ ਨਸਲਕੁਸ਼ੀ ਹੋਈ।
ਚਾਲ਼ੀ ਸਾਲਾਂ ਤੋਂ ਸਿੱਖਾਂ ਨੂੰ,
ਨਿਆਂ ਨਾ ਮਿਲਿਆ ਕੋਈ।

ਦੇਸ਼ ਸਾਰੇ 'ਚੋਂ ਚੁਣ ਸਿੱਖਾਂ ਨੂੰ,
ਜੀਂਦੇ ਮਾਰ ਮੁਕਾਇਆ।
ਬਾਬੇ ਨਾਨਕ ਸੱਚ ਕਿਹਾ ਸੀ:
ਤੈਂ ਕੀ ਦਰਦ ਨਾ ਆਇਆ।



ਰੱਬ ਅੱਗੇ ਅਰਦਾਸ ਹੈ ਮੇਰੀ,
ਮੁੜ ਐਸਾ ਨਾ ਹੋਵੇ,
ਸੁਖੀ ਵੱਸਣ ਪੰਜਾਬੀ ਸਾਰੇ,
ਕੋਈ ਅੱਖ ਨਾ ਰੋਵੇ।

**- ਪ੍ਰੋ. ਨਵ ਸੰਗੀਤ ਸਿੰਘ**
9417692015

## ਅਸੀਂ ਅਮਨ ਚਾਹੁੰਦੇ ਹਾਂ

ਅਸੀਂ ਅਮਨ ਚਾਹੁੰਦੇ ਹਾਂ
ਲੱਗੇ ਜੰਗ ਨ੍ਹੀਂ ਚਾਹੁੰਦੇ।
ਵੱਸਣ ਸੁਹਾਗ ਤੇ ਵੀਰੇ
ਟੁੱਟੇ ਵੰਗ ਨ੍ਹੀਂ ਚਾਹੁੰਦੇ।

ਵਗੇ ਦਰਿਆ ਮੁਹੱਬਤ ਦਾ
ਫ਼ਿਰਕੂ ਰੰਗ ਨ੍ਹੀਂ ਚਾਹੁੰਦੇ।
ਖਿੜਨ ਗੁਲਾਬ ਬਾਰਡਰ 'ਤੇ
ਸ਼ਾਂਤੀ ਭੰਗ ਨ੍ਹੀਂ ਚਾਹੁੰਦੇ।

ਮਾਂ ਬੋਲੀ ਇੱਕ ਹੈ ਸਾਡੀ
ਮਮਤਾ ਡੰਗ ਨ੍ਹੀਂ ਚਾਹੁੰਦੇ।
ਰੌਂਤੇ ਉਡਾਓ ਘੁੱਗੀਆਂ
ਕੁਤਰੇ ਖੰਭ ਨ੍ਹੀਂ ਚਾਹੁੰਦੇ।

**ਰਾਜਵਿੰਦਰ ਰੌਂਤਾ**
98764-86187

## ਵਾਈ-ਫਾਈ ਦੀ ਫਾਹੀ!

ਬੰਦਾ ਹੋਇਆ ਗੁਲਾਮ ਮਸ਼ੀਨਰੀ ਦਾ
ਤਦੇ ਬੀਪੀ ਤੇ ਸ਼ੂਗਰ ਨੇ ਗ੍ਰੱਸਿਆ ਏ।
ਜਿੱਤੇ ਸੁਖ ਵਿਗਿਆਨ ਨੇ ਬਹੁਤ ਭਾਵੇਂ
ਸਬਰ ਸਹਿਜ ਵੀ ਮਨਾਂ 'ਚੋਂ ਨੱਸਿਆ ਏ।
ਹਰ ਕੋਈ ਆਪਣੇ ਆਪ 'ਚ ਮਸਤ ਹੋ ਕੇ
ਨਿੱਜ-ਵਾਦ ਦੇ 'ਨਾਗ' ਦਾ 'ਡੱਸਿਆ' ਏ।
ਦਿਸੇ ਸਾਫ ਖਿਚਾਅ ਹੁਣ ਚਿਹਰਿਆਂ 'ਤੇ
ਤਬਲਾ ਜਿਉਂ ਵਜਾਉਣ ਲਈ ਕੱਸਿਆ ਏ।



ਟੱਚ-ਫੋਨ ਨੇ ਗਲੀਆਂ ਵਿਚ ਸੁੰਨ ਪਾਈ
ਛੋਟਾ-ਬੜਾ ਸਭ ਅੰਦਰ ਜਾ ਵੱਸਿਆ ਏ।
ਸੁਣਦਾ ਮਾਹੀ ਨਾ 'ਵਾਈਫ' ਦੀ ਗੱਲ ਦੇਖੋ
'ਵਾਈ-ਫਾਈ' ਦੀ ਫਾਹੀ ਵਿਚ ਫਸਿਆ ਏ।

**-ਤਰਲੋਚਨ ਸਿੰਘ ਦੁਪਾਲ ਪੁਰ**
78146-92724

## ਏਸ ਭਿਆਨਕ ਦੌਰ ਦੇ

ਜੰਨਤ ਵਰਗੀ ਧਰਤੀ 'ਤੇ ਕੁਝ,
ਲੋਕਾਂ ਕਹਿਰ ਕਮਾਇਆ ਹੈ।
ਬੇਦੋਸ਼ਿਆਂ ਨੂੰ ਮਾਰ, ਪਤਾ ਨਹੀਂ,
ਕਿਹੜਾ ਧਰਮ ਨਿਭਾਇਆ ਹੈ।
ਜਿਨ੍ਹਾਂ ਨੇ ਇਹ ਕਾਰਾ ਕੀਤਾ।
ਸੱਚੀਂ ਬਹੁਤ ਹੀ ਮਾੜਾ ਕੀਤਾ।
ਸੁੰਦਰ ਵਾਦੀ ਦੀ ਹਿੱਕ ਉੱਤੇ,
ਕਿੰਨਾ ਖ਼ੂਨ ਵਹਾਇਆ ਹੈ।
ਮਾਨਵਤਾ ਦੀ ਕਦਰ ਕਰਨ ਦੀ,
ਸਾਰੇ ਧਰਮ ਹੀ ਸਿੱਖਿਆ ਦਿੰਦੇ।
ਕਿਸੇ ਧਰਮ ਨੇ ਬੰਦਿਆਂ ਤਾਈਂ,
ਲੜਨਾ ਨਹੀਂ ਸਿਖਾਇਆ ਹੈ।
ਧਰਮਾਂ ਦੇ ਵਿੱਚ ਵੰਡਿਆ ਬੰਦਾ,
ਥਾਂ ਥਾਂ ਵੰਡੀਆਂ ਪਾਉਂਦਾ ਫਿਰਦਾ।
ਮਾਨਸ ਜਾਤ ਹੈ ਇੱਕ ਬਰਾਬਰ,
ਗੁਰੂਆਂ ਨੇ ਸਮਝਾਇਆ ਹੈ।
ਪਹਿਲਾਂ ਪਿੰਡਾਂ ਸ਼ਹਿਰਾਂ ਦੇ ਵਿੱਚ,
ਪਿਆਰ ਮੁਹੱਬਤ ਭਾਈਚਾਰਾ ਸੀ।
ਚੰਦਰੀ ਸਿਆਸਤ ਵਸਦੇ ਰਸਦੇ,
ਘਰਾਂ 'ਚ ਪਾੜਾ ਪਾਇਆ ਹੈ।
ਆਪਣੇ ਘਰ ਦੇ ਅੰਦਰ ਹੀ ਹੁਣ,
ਕੋਈ ਵੀ ਮਹਿਫ਼ੂਜ਼ ਨਹੀਂ ਹੈ।
ਏਸ ਭਿਆਨਕ ਦੌਰ ਦੇ ਅੰਦਰ,
ਹਰ ਬੰਦਾ ਘਬਰਾਇਆ ਹੈ।
ਫ਼ਿਰਕੂ ਦੈਂਤ ਨਾ ਟਿਕ ਕੇ ਬਹਿੰਦਾ,
ਹਰ ਪਲ ਨਫ਼ਰਤ ਵੰਡਦਾ ਰਹਿੰਦਾ।
ਅਮਰਜੀਤ ਇਸ ਨਫ਼ਰਤ ਸਾਡਾ,
ਬਹੁਤ ਨੁਕਸਾਨ ਕਰਵਾਇਆ ਹੈ।

**-ਅਮਰਜੀਤ ਸਨ੍ਹੇਰਵੀ**

## ਸਾਕਾ ਪਹਿਲਗਾਮ

ਧਰਤੀ ਦੇ ਪਵਿੱਤਰ ਪਿੰਡੇ 'ਤੇ, ਨਾ ਹਿੰਸਾ ਦੀਆਂ ਲਾਸਾਂ ਪਾਵੋ।
ਧਰਮ ਨੂੰ ਮਜ਼ਹਬ ਦੀ ਪੁੱਠ ਦੇ ਕੇ, ਨਾ ਦੋਹੇ ਕਲਮਾਂ ਨੂੰ ਗਾਵੋ।
ਅੱਜ ਦਾ ਸੂਰਜ ਵੀ ਸ਼ਰਮਿੰਦਾ, ਕਿਰਨਾਂ ਮੂੰਹ ਲਕੋਇਆ ਹੈ।
ਸਾਡੇ ਹੁੰਦਿਆਂ ਰੁੱਖ ਵੀ ਸੋਚਣ, ਇਹ ਕਿਉਂ ਕਿੱਦਾਂ ਹੋਇਆ ਹੈ।
ਸਾਰੇ ਪਾਣੀ ਵਗਦੇ ਰੁਕ ਗਏ, ਸੁਣ ਚੂੜੇ ਦੀਆਂ ਚੀਕਾਂ ਇਹ।
ਨਿਰੰਕਾਰ ਦੇ ਵਿਹੜੇ ਦੇ ਵਿੱਚ, ਕਿਸਨੇ ਵਾਹੀਆਂ ਲੀਕਾਂ ਇਹ।
ਚੰਦਰਮਾ ਦੇ ਚੌਹੀਂ ਪਾਸੀਂ, ਹੁੰਮਸ ਘੇਰਾ ਪਾਇਆ ਹੈ।
ਇਨ੍ਹਾਂ ਵਾਦੀਆਂ ਅੰਦਰ ਦਹਿਸ਼ਤ ਨੇ, ਫਿਰ ਡੇਰਾ ਲਾਇਆ ਹੈ।
ਪੱਥਰ, ਪਰਬਤ, ਪੰਛੀ, ਜੰਗਲ, ਚੁੱਪ ਹੋ ਗਏ ਨੇ, ਬੁੱਤ ਹੋ ਗਏ ਨੇ।
ਦੇਂਦੇ ਪਏ ਗਵਾਹੀ ਰੋ ਰੋ, ਸਭ ਹੰਝੂਆਂ ਦੇ ਪੁੱਤ ਹੋ ਗਏ ਨੇ।
ਚਾਰੇ ਪਾਸੇ ਹਵਾ ਸੋਗ ਦੀ, ਕਿੰਨੇ ਘਰਾਂ 'ਚ ਸੱਥਰ ਨੇ।
ਮੌਤ ਦਾ ਨੰਗਾ ਨਾਚ ਵੇਖਕੇ, ਗੂੰਗੇ ਹੋ ਗਏ ਅੱਖਰ ਨੇ।
ਮਾਨਵਤਾ ਦੇ ਮੱਥੇ 'ਤੇ ਅੱਜ, ਲਹੂ ਬੇਦੋਸ਼ਾ ਹੈ ਫਿਰ ਲੱਗਾ।
ਤਾਂ ਹੀ ਕੁਦਰਤ ਦਾ ਰੰਗ ਏਨਾ, ਅੱਜ ਹੋ ਗਿਆ ਬੱਗਾ ਬੱਗਾ।
ਅਸੀਂ ਤਾਂ ਸੁਣਿਆ ਸੀ ਇੱਕੋ ਹੈ, ਰਾਮ ਰਹੀਮ ਮਸੀਹ ਜਾਂ ਅੱਲ੍ਹਾ।
ਰਜਿੰਦਰ ਇਨ੍ਹਾਂ ਸ਼ੈਤਾਨੀ ਕਾਇਰਾਂ, ਕਿਸ ਅੱਲ੍ਹਾ ਦਾ ਫੜ ਲਿਆ ਪੱਲਾ।

**ਰਜਿੰਦਰ ਕੌਰ ਪੰਨੂੰ**

## ਛੇ ਜੂਨ ਚੌਰਾਸੀ

ਇੰਦਰਾ ਨੇ ਤ੍ਰਿਯਾ ਹਠ ਸੀ ਕਰਕੇ,
ਵੈਦਿਆ ਦੇ ਮੋਢੇ 'ਤੇ ਬੰਦੂਕ ਧਰਕੇ।
ਠਾਣੀ ਸੀ ਸਬਕ ਸਿਖਾਉਣ ਲਈ,
ਪੰਜਾਬੋਂ ਸਿੱਖਾਂ ਨੂੰ ਦਬਾਉਣ ਕਰਕੇ।

ਤਿੰਨ ਜੂਨ ਨੂੰ ਵਰਤਾਏ ਸੀ ਕਹਿਰ,
ਲਾ'ਤਾ ਸੀ ਕਰਫਿਊ ਅੱਠੋ ਪਹਿਰ ।
ਮੂੰਹੀਂ ਲਾ'ਤੇ ਜੰਦਰੇ ਪੈਰਾਂ ਨੂੰ ਪੈਖੜ,
ਨੂੜੇ ਪੰਜਾਬ ਦੇ ਸਭ ਪਿੰਡ-ਸ਼ਹਿਰ।

ਸੌ ਗੁਰੂ-ਘਰਾਂ ਨੂੰ ਸੀ ਘੇਰਾ ਘੱਤਕੇ,
ਕਨੂੰਨ-ਅਸੂਲ ਸਾਰੇ ਪਾਸੇ ਰੱਖ ਕੇ।
ਸ੍ਰੀ ਹਰਿਮੰਦਰ 'ਤੇ ਫ਼ੌਜਾਂ ਨੂੰ ਚਾੜ੍ਹ,
ਹਿਰਦੇ ਵਲੂੰਧਰੇ ਰੱਖ'ਤੇ ਸੀ ਕੱਢਕੇ।

ਸੰਗਤ ਗੁਰਪੁਰਬ ਸੀ ਮਨਾਉਂਦੀ,
ਜੱਸ ਗੁਰੂ ਦਾ ਸ਼ਾਂਤ ਸੀ ਗਾਉਂਦੀ।
ਤੜ-ਤੜ ਚੁਫੇਰਿਉਂ ਝੱਟ ਸੁਣੀ ਤਾਂ,
ਨੱਠ ਭੱਜ 'ਚ ਜਾਨ ਸੀ ਬਚਾਉਂਦੀ ।

ਛੇ ਜੂਨ ਤੱਕ ਵਰਤ ਗਏ ਸੀ ਭਾਣੇ,
ਲੋਥ ਬਣਾਏ ਸੀ ਨਿਆਣੇ ਸਿਆਣੇ।
ਬੂਟਾਂ ਨੇ ਦਰੜ'ਤਾ ਚੁੱਪ ਪੰਜਾਬ ਨੂੰ,
ਚੰਦਰਿਆਂ 'ਤਖ਼ਤ' ਸੀ ਮਿਟਾਉਣੇ ।

ਲਹੂ-ਲੁਹਾਣ ਹੋ ਗਈ ਪਰਿਕ੍ਰਮਾ,
ਮਰਿਯਾਦਾ ਭੰਗ ਕੀਤੀ ਬੇਸ਼ਰਮਾਂ।
ਅਖੰਡ ਜਾਪੁ, ਗ੍ਰੰਥ ਕਤਲ ਕਰਕੇ,
ਮੁਲੋਂ ਲਾਹਕੇ ਸੁੱਟੀਆਂ ਸੀ ਸ਼ਰਮਾਂ।

ਸੈਂਕੜੇ ਮਾਵਾਂ, ਧੀਆਂ ਬੇਪੱਤ ਕਰਕੇ,
ਹਜ਼ਾਰਾਂ ਬੱਚੇ ਅਨਾਥ ਹੋਮ ਭਰਕੇ।
ਦਇਆ ਰਹਿਮ ਛੱਡ ਕੇ ਜਾਬਰਾਂ,
ਬੇਕਸੂਰੇ ਜੋਧਪੁਰ ਜੇਲ੍ਹਾਂ 'ਚ ਭਰਕੇ।

ਅਕਹਿ, ਅਸਹਿ ਦਰਦ ਨੇ ਕਲੇਜੇ,
ਖੋਭੇ ਸੀ ਜ਼ਾਲਿਮ ਜਿਗਰ 'ਚ ਨੇਜ਼ੇ।
ਘੱਲੂਘਾਰੇ ਰਲ਼ ਆਪਣਿਆਂ ਕੀਤੇ,
ਮੌਤ ਦੇ ਵਣਜਾਰੇ ਸੀ ਦਿੱਲੀਉਂ ਭੇਜੇ।

ਜਲਦੇ ਹੋਏ ਸਿਵੇ ਬੁਝਾ ਕੇ ਹਟੇ ਹਾਂ,
ਸੁੱਕ ਗਏ ਹੰਝੂ ਵੈਣ ਪਾ ਕੇ ਹਟੇ ਹਾਂ।
ਭੁੱਲੇ ਨਹੀਂ ਵਾਰੇ ਅਣਖਾਂ ਦੀ ਖਾਤਿਰ,
ਹੁਣੇ ਹੁਣੇ ਵੈਰੀ ਨੂੰ ਸੁਣਾ ਕੇ ਹਟੇ ਹਾਂ।

**ਸੇਵਾ ਸਿੰਘ 'ਨੂਰਪੁਰੀ'**

## ਹਨੇਰੀ

ਜਦ ਵੀ ਹਨੇਰੀ ਆਏ ਬੱਚਿਓ।
ਮਿੱਟੀ ਘੱਟਾ ਨਾਲ ਲਿਆਏ ਬੱਚਿਓ।

ਧੂੜ ਨਾਲ ਅੱਖਾਂ ਭਰ ਜਾਂਦੀਆਂ,
ਕੰਨਾਂ ਵਿੱਚ ਰੇਤ ਪੈ ਜਾਏ ਬੱਚਿਓ।
ਜਦ ਵੀ ਹਨੇਰੀ....

ਵੱਡੇ ਵੱਡੇ ਰੁੱਖਾਂ ਨੂੰ ਜੜ੍ਹੋਂ ਹੈ ਪੁੱਟਦੀ।
ਉੱਚੀਆਂ ਇਮਾਰਤਾਂ ਨੂੰ ਜਾਵੇ ਸੁੱਟਦੀ।
ਅਸਮਾਨਾਂ ਵਿੱਚ ਚੀਜ਼ਾਂ ਨੂੰ ਚੜ੍ਹਾਏ ਬੱਚਿਓ।
ਜਦ ਵੀ ਹਨੇਰੀ....

ਆਖਦਾ ਹੈ ਕੋਈ ਵਾ-ਵਰੋਲਾ ਇਸ ਨੂੰ।
ਓਪਰੀਆਂ ਸ਼ੈਆਂ ਆ ਦਾ ਹੈ ਰੌਲਾ ਇਸ ਨੂੰ।
ਗੂੰਜ ਸੁਣ ਮਨ ਘਬਰਾਏ ਬੱਚਿਓ।
ਜਦ ਵੀ ਹਨੇਰੀ....

ਜੇਠ ਹਾੜ ਵਿੱਚ ਨ੍ਹੇਰੀਆਂ ਨੇ ਆਉਂਦੀਆਂ।
ਝੱਖੜ ਦਾ ਰੂਪ ਇਹ ਨੇ ਵਟਾਉਂਦੀਆਂ।
ਰੱਬ ਹੀ ਇਸ ਤੋਂ ਬਚਾਏ ਬੱਚਿਓ।
ਜਦ ਵੀ ਹਨੇਰੀ....

ਵਿਗਿਆਨ ਆਖੇ, ਇਹ ਹਵਾ ਦਾ ਦਬਾਅ ਹੈ।
ਬਹੁਤੀ ਗਰਮੀ 'ਚ ਜਾਂਦਾ ਆ ਹੈ।
'ਪੱਤੋ' ਗੱਲ ਸੱਚੀ ਸੁਣਾਏ ਬੱਚਿਓ।
ਜਦ ਵੀ ਹਨੇਰੀ ਆਏ ਬੱਚਿਓ।
ਮਿੱਟੀ ਘੱਟਾ ਨਾਲ ਲਿਆਏ ਬੱਚਿਓ।

**-ਹਰਪ੍ਰੀਤ ਪੱਤੋ**
94658-21417

# ਦੇਸ਼ 'ਚ ਭੋਜਨ ਬਰਬਾਦੀ ਦੀ ਸਮੱਸਿਆ ਨਾਲ ਨਜਿੱਠਣ ਦੀ ਲੋੜ





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਭਾਰਤੀ ਸੱਭਿਆਚਾਰ ਵਿੱਚ ਭੋਜਨ ਨੂੰ ਦੇਵਤੇ ਦਾ ਦਰਜਾ ਪ੍ਰਾਪਤ ਹੈ ਤੇ ਇਸ ਨੂੰ ਜੀਵਨ ਦਾ ਅਹਿਮ ਹਿੱਸਾ ਮੰਨਿਆ ਜਾਂਦਾ ਹੈ ਇਹੀ ਕਾਰਨ ਹੈ ਕਿ ਭੋਜਨ ਦਾ ਅਪਮਾਨ ਕਰਨਾ, ਉਸ ਨੂੰ ਸੁੱਟਣਾ ਜਾਂ ਜੂਠਾ ਛੱਡਣਾ ਸਾਰੇ ਧਾਰਮਿਕ ਅਤੇ ਸੱਭਿਆਚਾਰ ਦ੍ਰਿਸ਼ਟੀਕੋਣਾਂ ਤੋਂ ਇੱਕ ਵੱਡਾ ਪਾਪ ਮੰਨਿਆ ਜਾਂਦਾ ਹੈ ਪਰ ਅੱਜ ਦੇ ਸਮੇਂ ਵਿੱਚ, ਜਦੋਂ ਆਧੁਨਿਕਤਾ ਦੀ ਅੰਨ੍ਹੀ ਦੌੜ ਸਾਨੂੰ ਆਪਣੀ ਸੱਭਿਆਚਾਰਕ ਵਿਰਾਸਤ ਤੋਂ ਦੂਰ ਕਰ ਰਹੀ ਹੈ ਤਾਂ ਅਸੀਂ ਹੌਲੀ-ਹੌਲੀ ਇਸ ਮਹੱਤਵਪੂਰਨ ਸੰਸਕਾਰ ਨੂੰ ਭੁੱਲਦੇ ਜਾ ਰਹੇ ਹਾਂ ਨਤੀਜਾ ਇਹ ਹੋਇਆ ਹੈ ਕਿ ਅੱਜ ਹੋਟਲਾਂ, ਰੈਸਟੋਰੈਂਟਾਂ ਤੋਂ ਲੈ ਕੇ ਵਿਆਹ ਵਰਗੇ ਸਮਾਗਮਾਂ ਵਿੱਚ ਹਰ ਰੋਜ਼ ਸੈਂਕੜੇ ਟਨ ਭੋਜਨ ਬਰਬਾਦ ਹੋ ਰਿਹਾ ਹੈ।

ਇਹ ਸਿਰਫ਼ ਭਾਰਤ ਦਾ ਹੀ ਨਹੀਂ ਸਗੋਂ ਪੂਰੀ ਦੁਨੀਆ ਦਾ ਸੱਚ ਬਣ ਗਿਆ ਹੈ। ਇੱਕ ਪਾਸੇ ਜਿੱਥੇ ਅਰਬਾਂ ਲੋਕ ਭੁੱਖਮਰੀ ਤੇ ਕੁਪੋਸ਼ਣ ਦਾ ਸ਼ਿਕਾਰ ਹਨ, ਉੱਥੇ ਹੀ ਦੂਜੇ ਪਾਸੇ, ਹਰ ਰੋਜ਼ ਲੱਖਾਂ ਟਨ ਭੋਜਨ ਬਰਬਾਦ ਹੋ ਰਿਹਾ ਹੈ। ਸੰਸਾਰ ਭਰ ਵਿੱਚ ਹਰ ਸਾਲ ਜਿੰਨਾ ਭੋਜਨ ਤਿਆਰ ਕੀਤਾ ਜਾਂਦਾ ਹੈ, ਉਸ ਦਾ ਇੱਕ ਤਿਹਾਈ ਭਾਵ ਲਗਭਗ 1 ਅਰਬ 40 ਕਰੋੜ ਟਨ ਭੋਜਨ ਬਰਬਾਦ ਹੋ ਜਾਂਦਾ ਹੈ, ਇਹ ਬਰਬਾਦੀ ਇੰਨੀ ਵੱਡੀ ਹੈ ਕਿ ਇਸ ਨਾਲ ਲਗਭਗ ਦੋ ਅਰਬ ਲੋਕ ਭੋਜਨ ਦੀ ਜ਼ਰੂਰਤ ਪੂਰੀ ਕਰ ਸਕਦੇ ਹਨ ਇਹ ਸਮੱਸਿਆ ਭਾਰਤ ਵਿੱਚ ਵੀ ਬਹੁਤ ਗੰਭੀਰ ਹੈ। ਵਿਆਹਾਂ ਤੇ ਹੋਰ ਸਮਾਗਮਾਂ ਵਿੱਚ ਭੋਜਨ ਦੀ ਬਰਬਾਦੀ ਦਾ ਪੱਧਰ ਇੰਨਾ ਜ਼ਿਆਦਾ ਹੈ ਕਿ ਵਿਆਹ ਵਾਲੀਆਂ ਥਾਵਾਂ ਦੇ ਨੇੜੇ ਕੂੜੇ ਦੇ ਢੇਰਾਂ ਵਿੱਚ ਲਗਭਗ 40 ਪ੍ਰਤੀਸ਼ਤ ਭੋਜਨ ਦੀ ਬਰਬਾਦੀ ਪਾਈ ਜਾਂਦੀ ਹੈ।

ਇਹ ਸਥਿਤੀ ਨਾ ਸਿਰਫ਼ ਆਰਥਿਕ ਦ੍ਰਿਸ਼ਟੀਕੋਣ ਤੋਂ, ਬਲਕਿ ਸਮਾਜਿਕ ਤੇ ਵਾਤਾਵਰਣਕ ਦ੍ਰਿਸ਼ਟੀਕੋਣ ਤੋਂ ਵੀ ਬਹੁਤ ਚਿੰਤਾਜਨਕ ਹੈ। ਇੰਡੀਅਨ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ ਦੀ ਇੱਕ ਰਿਪੋਰਟ ਅਨੁਸਾਰ, ਭਾਰਤ ਵਿੱਚ ਹਰ ਸਾਲ 23 ਕਰੋੜ ਟਨ ਦਾਲਾਂ, 12 ਕਰੋੜ ਟਨ ਫਲ ਤੇ 21 ਕਰੋੜ ਟਨ ਸਬਜ਼ੀਆਂ ਵੰਡ ਪ੍ਰਣਾਲੀ ਵਿੱਚ ਖਾਮੀਆਂ ਕਾਰਨ ਹੀ ਖਰਾਬ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ, ਸੰਸਾਰਿਕ ਖੁਰਾਕ ਸੰਗਠਨ ਦੀ ਰਿਪੋਰਟ ਅਨੁਸਾਰ, ਭਾਰਤ ਵਿੱਚ ਹਰ ਸਾਲ 70 ਹਜ਼ਾਰ ਕਰੋੜ ਰੁਪਏ ਦਾ ਭੋਜਨ ਬਰਬਾਦ ਹੁੰਦਾ ਹੈ, ਜੋ ਕਿ ਦੇਸ਼ ਦੇ ਕੁੱਲ ਉਤਪਾਦਨ ਦਾ 40 ਪ੍ਰਤੀਸ਼ਤ ਹੈ। ਇਹ ਭੋਜਨ ਦੀ ਬਰਬਾਦੀ ਨਾ ਸਿਰਫ਼ ਸਾਡੀ ਵਿੱਤੀ ਸਥਿਤੀ ਨੂੰ ਪ੍ਰਭਾਵਿਤ ਕਰਦੀ ਹੈ ਸਗੋਂ ਸਾਡੇ ਕੁਦਰਤੀ ਸਰੋਤਾਂ 'ਤੇ ਵੀ ਭਾਰੀ ਦਬਾਅ ਪਾਉਂਦੀ ਹੈ।

ਸਾਡੇ ਦੇਸ਼ ਵਿੱਚ ਪਾਣੀ ਦੀ ਬਹੁਤ ਵੱਡੀ ਘਾਟ ਹੈ, ਜਦੋਂਕਿ ਭੋਜਨ ਦੇ ਉਤਪਾਦਨ ਵਿੱਚ ਹਰ ਸਾਲ 350 ਘਣ ਮੀਟਰ ਪਾਣੀ ਬਰਬਾਦ ਹੋ ਰਿਹਾ ਹੈ। ਸਾਡੇ ਦੇਸ਼ ਵਿੱਚ ਭੁੱਖਮਰੀ ਤੇ ਕੁਪੋਸ਼ਣ ਇੱਕ ਗੰਭੀਰ ਸਮੱਸਿਆ ਹੈ, ਖਾਸ ਕਰਕੇ ਲੱਖਾਂ ਪਰਿਵਾਰਾਂ ਲਈ ਜਿਨ੍ਹਾਂ ਦੀ ਆਮਦਨ ਅਸਥਾਈ ਮਜ਼ਦੂਰੀ 'ਤੇ ਨਿਰਭਰ ਕਰਦੀ ਹੈ। ਭਾਰਤੀ ਸਮਾਜ ਵਿੱਚ ਵੱਡੀ ਗਿਣਤੀ ਵਿੱਚ ਲੋਕ ਕੂੜਾ ਚੁੱਕ ਕੇ ਜਾਂ ਭੀਖ ਮੰਗ ਕੇ ਆਪਣਾ ਗੁਜ਼ਾਰਾ ਕਰਦੇ ਹਨ। ਦੇਸ਼ ਦੇ 60 ਫੀਸਦੀ ਤੋਂ ਵੱਧ ਪਰਿਵਾਰਾਂ ਕੋਲ ਆਮ ਮਜ਼ਦੂਰੀ ਆਮਦਨ ਦਾ ਮੁੱਖ ਸਰੋਤ ਹੈ ਅਤੇ ਪਿੰਡਾਂ ਵਿੱਚ ਰਹਿਣ ਵਾਲੇ ਲਗਭਗ 40 ਫੀਸਦੀ ਪਰਿਵਾਰਾਂ ਦੀ ਮਹੀਨੇਵਾਰ ਆਮਦਨ 10,000 ਰੁਪਏ ਤੋਂ ਘੱਟ ਹੈ। ਅਜਿਹੀ ਸਥਿਤੀ 'ਚ, ਇਹ ਚਿੰਤਾ ਦਾ ਵਿਸ਼ਾ ਹੈ ਕਿ ਇੱਕ ਪਾਸੇ ਲੱਖਾਂ ਲੋਕ ਭੁੱਖਮਰੀ ਨਾਲ ਜੂਝ ਰਹੇ ਹਨ। ਜਦੋਂਕਿ ਦੂਜੇ ਪਾਸੇ ਸਾਡੇ ਦੇਸ਼ ਵਿੱਚ ਅਨਾਜ ਦੀ ਭਾਰੀ ਬਰਬਾਦੀ ਹੋ ਰਹੀ ਹੈ। ਭਾਰਤ ਵਿੱਚ ਹਰ ਸਾਲ ਬਰਬਾਦ ਹੋਣ ਵਾਲੀ ਕਣਕ ਅਸਟਰੇਲੀਆ ਦੇ ਕੁੱਲ ਕਣਕ ਉਤਪਾਦਨ ਦੇ ਬਰਾਬਰ ਹੈ। ਤਬਾਹ ਹੋਈ ਕਣਕ ਦੀ ਕੀਮਤ ਲਗਭਗ 50,000 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ, ਜੋ ਲਗਭਗ 30 ਕਰੋੜ ਲੋਕਾਂ ਨੂੰ ਪੂਰੇ ਸਾਲ ਲਈ ਭੋਜਨ ਪ੍ਰਦਾਨ ਕਰ ਸਕਦੀ ਹੈ। ਇਸ ਤੋਂ ਇਲਾਵਾ, ਸਾਡਾ 50 ਮਿਲੀਅਨ ਟਨ ਅਨਾਜ ਸਿਰਫ਼ ਇਸ ਲਈ ਬਰਬਾਦ ਹੋ ਜਾਂਦਾ ਹੈ ਕਿਉਂਕਿ ਸਾਡੇ ਕੋਲ ਇਸ ਨੂੰ ਸੰਭਾਲਣ ਲਈ ਢੁੱਕਵੀਆਂ ਸਟੋਰੇਜ ਸਹੂਲਤਾਂ ਨਹੀਂ ਹਨ। ਇਹ ਸਾਡੀ ਸਟੋਰੇਜ ਤੇ ਸਪਲਾਈ ਲੜੀ ਵਿੱਚ ਕਮੀਆਂ ਨੂੰ ਉਜਾਗਰ ਕਰਦਾ ਹੈ, ਜਿਸ ਕਾਰਨ ਵੱਡੀ ਮਾਤਰਾ ਵਿੱਚ ਅਨਾਜ ਦੀ ਬਰਬਾਦੀ ਹੁੰਦੀ ਹੈ। ਭਾਰਤ 'ਚ ਵਿਆਹਾਂ, ਜਸ਼ਨਾਂ ਤੇ ਤਿਉਹਾਰਾਂ ਦੌਰਾਨ ਭੋਜਨ ਦੀ ਬਰਬਾਦੀ ਇੱਕ ਆਮ ਦ੍ਰਿਸ਼ ਬਣ ਗਈ ਹੈ।

ਇਨ੍ਹਾਂ ਮੌਕਿਆਂ 'ਤੇ ਬਹੁਤ ਸਾਰਾ ਭੋਜਨ ਬਰਬਾਦ ਹੋ ਜਾਂਦਾ ਹੈ, ਜੋ ਕਿ ਸਾਡੇ ਸੱਭਿਆਚਾਰ ਦੇ ਵਿਰੁੱਧ ਹੈ। ਹਾਲਾਂਕਿ, ਭਾਰਤ ਸਰਕਾਰ ਇਸ ਬਰਬਾਦੀ ਨੂੰ ਰੋਕਣ ਲਈ ਚਿੰਤਤ ਹੈ ਅਤੇ ਇਸ ਲਈ ਕਈ ਯੋਜਨਾਵਾਂ ਚਲਾ ਰਹੀ ਹੈ। ਪਰ ਇਸ ਦਿਸ਼ਾ ਵਿੱਚ ਔਰਤਾਂ ਦੀ ਭੂਮਿਕਾ ਮਹੱਤਵਪੂਰਨ ਹੋ ਸਕਦੀ ਹੈ। ਖਾਸ ਕਰਕੇ ਬੱਚਿਆਂ ਨੂੰ ਓਨਾ ਹੀ ਖਾਣਾ ਪਰੋਸਣਾ ਸਿਖਾਇਆ ਜਾਣਾ ਚਾਹੀਦਾ ਹੈ ਜਿੰਨਾ ਉਹ ਭੁੱਖੇ ਹਨ। ਇੱਕ-ਦੂਜੇ ਨਾਲ ਖਾਣਾ ਸਾਂਝਾ ਕਰਨ ਦੀ ਆਦਤ ਵੀ ਭੋਜਨ ਦੀ ਬਰਬਾਦੀ ਨੂੰ ਰੋਕਣ ਵਿੱਚ ਮੱਦਦ ਕਰ ਸਕਦੀ ਹੈ। ਸਾਨੂੰ ਆਪਣੀਆਂ ਪਰੰਪਰਾਵਾਂ ਅਤੇ ਦਰਸ਼ਨ ਦੀ ਮੁੜ ਘੋਖ ਕਰਨ ਦੀ ਲੋੜ ਹੈ, ਤਾਂ ਜੋ ਅਸੀਂ ਭੋਜਨ ਤੇ ਅਨਾਜ ਦੀ ਬਰਬਾਦੀ ਨੂੰ ਘਟਾ ਸਕੀਏ।

ਸਾਨੂੰ ਆਪਣੀਆਂ ਆਦਤਾਂ ਬਦਲਣ ਦੀ ਲੋੜ ਹੈ ਅਤੇ ਸਵੈ-ਇੱਛੁਕ ਸੰਸਥਾਵਾਂ ਨੂੰ ਵੀ ਇਸ ਦਿਸ਼ਾ ਵਿੱਚ ਸਰਗਰਮ ਕਦਮ ਚੁੱਕਣੇ ਚਾਹੀਦੇ ਹਨ। ਇਸ ਤੋਂ ਇਲਾਵਾ, ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੁਆਰਾ ਚਲਾਈ ਜਾ ਰਹੀ 'ਸੋਚੋ, ਖਾਓ ਅਤੇ ਬਚਾਓ' ਮੁਹਿੰਮ ਵਰਗੀਆਂ ਪਹਿਲਕਦਮੀਆਂ ਵੀ ਇੱਕ ਸਕਾਰਾਤਮਕ ਕਦਮ ਹਨ। ਜੇਕਰ ਅਸੀਂ ਸਾਰੇ ਇਸ ਮੁਹਿੰਮ ਵਿੱਚ ਸ਼ਾਮਲ ਹੋਈਏ ਅਤੇ ਸਮਾਜਿਕ ਜਾਗਰੂਕਤਾ ਫੈਲਾਈਏ, ਤਾਂ ਭੋਜਨ ਦੀ ਬਰਬਾਦੀ ਨੂੰ ਰੋਕਿਆ ਜਾ ਸਕਦਾ ਹੈ।

ਇਹ ਸਿਰਫ਼ ਸਰਕਾਰ ਤੇ ਸੰਗਠਨਾਂ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਸਾਨੂੰ ਸਾਰਿਆਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ। ਜੇਕਰ ਅਸੀਂ ਭੋਜਨ ਬਚਾਉਣ, ਇਸ ਨੂੰ ਸਹੀ ਢੰਗ ਨਾਲ ਸਟੋਰ ਕਰਨ ਤੇ ਢੁੱਕਵੀਂ ਮਾਤਰਾ ਵਿੱਚ ਭੋਜਨ ਤਿਆਰ ਕਰਨ ਦੀ ਆਦਤ ਅਪਣਾਈਏ ਤਾਂ ਅਸੀਂ ਆਪਣੇ ਪੱਧਰ 'ਤੇ ਭੋਜਨ ਦੀ ਬਰਬਾਦੀ ਨੂੰ ਘਟਾ ਸਕਦੇ ਹਾਂ। ਇਹ ਉਹ ਸਮਾਂ ਹੈ ਜਦੋਂ ਸਾਨੂੰ ਆਪਣੀ ਰਵਾਇਤੀ ਪਹੁੰਚ ਨੂੰ ਦੁਬਾਰਾ ਅਪਣਾ ਕੇ ਭੋਜਨ ਦੀ ਕਦਰ ਕਰਨ ਦੀ ਲੋੜ ਹੈ। ਕੇਵਲ ਤਦ ਹੀ ਅਸੀਂ ਇਸ ਗੰਭੀਰ ਸਮੱਸਿਆ ਦਾ ਹੱਲ ਲੱਭ ਸਕਦੇ ਹਾਂ ਤੇ ਸਮਾਜ ਨੂੰ ਸਕਾਰਾਤਮਕ ਦਿਸ਼ਾ ਵਿੱਚ ਅੱਗੇ ਲੈ ਜਾ ਸਕਦੇ ਹਾਂ।

# ਦੁਨੀਆ ਦੀ 'ਫੈਕਟਰੀ' ਬਣ ਚੁੱਕਾ ਹੈ ਚੀਨ



ਅਭੈ ਕੁਮਾਰ ਦੂਬੇ

ਅੱਸੀ ਦੇ ਦਹਾਕੇ ਦੇ ਮੱਧ ਵਿਚ ਜਦੋਂ ਮੇਰੀ ਪੀੜ੍ਹੀ ਰਾਸ਼ਟਰੀ ਪੱਧਰ ਦੀ ਪੱਤਰਕਾਰੀ 'ਚ ਆਪਣਾ ਕਦਮ ਜਮਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਉਸ ਸਮੇਂ ਸਾਨੂੰ ਸਿਖਾਇਆ ਗਿਆ ਸੀ ਕਿ ਪਾਕਿਸਤਾਨ ਤੇ ਚੀਨ ਸਾਡੇ ਦੁਸ਼ਮਣ ਹਨ ਅਤੇ ਰੂਸ ਸਾਡਾ ਦੋਸਤ ਹੈ। ਉਸ ਸਮੇਂ ਤੋਂ ਹੁਣ ਤੱਕ ਗੰਗਾ-ਜਮਨਾ 'ਚ ਬਹੁਤ ਪਾਣੀ ਵਹਿ ਚੁੱਕਾ ਹੈ। ਹੁਣ ਸਥਿਤੀ ਇਹ ਹੈ ਕਿ ਨਾ ਤਾਂ ਰੂਸ ਪਹਿਲਾਂ ਜਿਹਾ ਦੋਸਤ ਰਿਹਾ ਹੈ ਅਤੇ ਨਾ ਹੀ ਚੀਨ ਪਹਿਲਾਂ ਜਿਹਾ ਦੁਸ਼ਮਣ ਹੈ। ਹਾਂ, ਪਾਕਿਸਤਾਨ ਅੱਜ ਵੀ ਦੁਸ਼ਮਣ ਦੀ ਸ਼ ?ਰੇਣੀ 'ਚ ਆਉਂਦਾ ਹੈ। ਪਰ 1971 ਵਾਂਗ ਸੋਵੀਅਤ ਸੰਘ ਦਾ ਬੇੜਾ ਮਾਰਸ਼ਲ ਜ਼ੁਕਰੋਵ ਭਾਰਤ ਦੇ ਪੱਖ 'ਚ ਅਮਰੀਕਾ ਦੇ 7ਵੇਂ ਬੇੜੇ ਦੇ ਮੁਕਾਬਲੇ ਆਉਣ ਲਈ ਤਿਆਰ ਨਹੀਂ ਹੈ। ਉਲਟਾ ਰੂਸ ਕਰਾਚੀ ਵਿਚ ਪਾਕਿਸਤਾਨ ਦੇ ਲਈ ਇਕ ਵਿਸ਼ਾਲ ਪਲਾਂਟ ਲਗਾਉਣ ਜਾ ਰਿਹਾ ਹੈ। ਇਧਰ ਭਾਰਤ ਵਲੋਂ ਚੀਨ ਤੋਂ ਵੱਡੇ ਪੱਧਰ 'ਤੇ ਸਾਮਾਨ ਆਯਾਤ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਚੀਨ, ਪਾਕਿਸਤਾਨ ਦਾ ਖੁੱਲ੍ਹਾ ਸਮਰਥਨ ਕਰਦਾ ਹੋਇਆ ਵੀ ਦਿਸ ਰਿਹਾ ਹੈ। ਜੋ ਅਮਰੀਕਾ 1971 'ਚ ਖੁੱਲ੍ਹ ਕੇ ਪਾਕਿਸਤਾਨ ਦਾ ਸਾਥ ਦੇ ਰਿਹਾ ਸੀ, ਉਹ ਅੱਜ ਭਾਰਤ ਤੇ ਪਾਕਿਸਤਾਨ ਨੂੰ ਇਕੋ ਤੱਕੜੀ 'ਚ ਤੋਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਪ੍ਰਸਥਿਤੀ ਨੇ ਭਾਰਤ ਦੀ ਵਿਦੇਸ਼ ਨੀਤੀ ਦੇ ਲਈ ਨਵੀਆਂ ਚੁਣੌਤੀਆਂ ਪੈਦਾ ਕੀਤੀਆਂ ਹਨ। ਇਨ੍ਹਾਂ ਚੁਣੌਤੀਆਂ ਦਾ ਭਾਰਤੀ ਸ਼ਾਸਕਾਂ ਨੂੰ ਅਜੇ ਤੱਕ ਅਹਿਸਾਸ ਤੱਕ ਨਹੀਂ ਹੋ ਸਕਿਆ।

1962 ਦੇ ਯੁੱਧ 'ਚ ਹੋਈ ਹਾਰ ਦੀਆਂ ਕੌੜੀਆਂ ਯਾਦਾਂ ਸਾਨੂੰ ਅੱਜ ਵੀ ਬੇਚੈਨ ਕਰ ਦਿੰਦੀਆਂ ਹਨ। ਪਿਛਲੇ 63 ਸਾਲਾਂ 'ਚ ਕਈ ਵਾਰ ਆਪਣੀਆਂ ਵਿਸਤਾਰਵਾਦੀ ਹਰਕਤਾਂ ਦੇ ਜ਼ਰੀਏ ਚੀਨ ਨੇ ਇਸ ਕੁੱੜਤਣ ਨੂੰ ਹੋਰ ਵਧਾਇਆ ਹੈ। ਆਪ੍ਰੇਸ਼ਨ ਸੰਧੂਰ 'ਚ ਭਾਰਤ ਦੇ ਮੁਕਾਬਲੇ ਜੋ ਹਥਿਆਰ ਪਾਕਿਸਤਾਨ ਨੇ ਇਸਤੇਮਾਲ ਕੀਤੇ ਸਨ, ਉਨ੍ਹਾਂ 'ਚੋਂ 80 ਫ਼ੀਸਦੀ ਚੀਨ ਤੋਂ ਸਨ। ਕੀ ਇਹ ਗੱਲ ਹੈਰਾਨੀ 'ਚ ਨਹੀਂ ਪਾਉਂਦੀ ਕਿ ਸਾਡੀ ਦੇਸ਼ਭਗਤੀ ਤੇ ਰਾਸ਼ਟਰਵਾਦ ਨੂੰ ਇੰਨੀ ਵੱਡੀ ਠੇਸ ਲੱਗਣ ਦੇ ਬਾਵਜੂਦ ਆਮ ਭਾਰਤੀਆਂ 'ਤੇ ਚੀਨੀ ਸਾਮਾਨ ਨਾ ਖਰੀਦਣ ਦੀਆਂ ਅਪੀਲਾਂ ਦਾ ਕੋਈ ਬਹੁਤਾ ਅਸਰ ਦਿਖਾਈ ਨਹੀਂ ਦਿੱਤਾ। ਭਾਵੇਂ ਇਹ ਅਪੀਲ ਪ੍ਰਧਾਨ ਮੰਤਰੀ ਅਤੇ ਆਰ.ਐਸ.ਐਸ. ਵਲੋਂ ਹੀ ਕਿਉਂ ਨਾ ਕੀਤੀ ਗਈ ਹੋਵੇ। ਇਹ ਵਿਰੋਧ ਸਾਨੂੰ ਯੂਰਪ ਤੇ ਅਮਰੀਕਾ ਦੇ ਆਰਥਿਕ ਪ੍ਰਭਾਵ ਦੇ ਮੁਕਾਬਲੇ ਚੀਨ ਦੀ ਲਗਾਤਾਰ ਵਧਦੀ ਹੈਸੀਅਤ ਦੇ ਕਾਰਨਾਂ 'ਤੇ ਗੌਰ ਕਰਨ ਵੱਲ ਲੈ ਜਾਂਦਾ ਹੈ। ਇਨ੍ਹਾਂ ਕਾਰਨਾਂ ਦਾ ਸੰਬੰਧ ਇਤਿਹਾਸ ਨਾਲ ਵੀ ਹੈ ਤੇ ਵਰਤਮਾਨ ਨਾਲ ਵੀ ਹੈ।

ਮਸ਼ਹੂਰ ਵਿਦਵਾਨ ਜੋਸੇਫ ਨੀਢਮ ਨੇ 1954 ਤੋਂ 2008 ਵਿਚਕਾਰ ਲਿਖੀ ਆਪਣੀ 27 ਭਾਗਾਂ ਦੀ ਰਚਨਾ 'ਸਾਇੰਸ ਐਂਡ ਸਿਵਲਾਈਜੇਸ਼ਨ ਇਨ ਚਾਇਨਾ' 'ਚ ਦੱਸਿਆ ਹੈ ਕਿ ਈਸਾ ਪੂਰਵ ਪਹਿਲੀ ਸਦੀ ਤੋਂ ਲੈ ਕੇ 15 ਸਦੀਆਂ ਦੇ ਵਿਚਕਾਰ ਤੱਕ ਚੀਨੀ ਵਿਗਿਆਨ ਤੇ ਸਭਿਅਤਾ ਪੱਛਮ ਤੋਂ ਬਹੁਤ ਅੱਗੇ ਸੀ। ਸਿਰਫ਼ ਬੌਧਿਕ ਤੇ ਦਾਰਸ਼ਨਿਕ ਰੂਪ ਤੋਂ ਹੀ ਨਹੀਂ, ਸਗੋਂ ਮਾਨਵੀ ਜੀਵਨ ਦੀਆਂ ਵਿਵਹਾਰਕ ਜ਼ਰੂਰਤਾਂ ਦੀ ਪੂਰਤੀ ਦੇ ਮਾਮਲੇ 'ਚ ਵੀ ਚੀਨ ਦੀਆਂ ਪ੍ਰਾਪਤੀਆਂ ਦਾ ਮੁਕਾਬਲਾ ਇਸ ਦੌਰ ਦਾ ਪੱਛਮ ਨਹੀਂ ਕਰ ਸਕਦਾ ਸੀ। ਪ੍ਰਯੋਗਾਂ, ਕਾਢਾਂ ਤੇ ਤਕਨਾਲੋਜੀ ਦੇ ਮਾਮਲੇ 'ਚ ਚੀਨ ਬਹੁਤ ਅੱਗੇ ਸੀ। ਨੀਢਮ ਦੇ ਅਨੁਸਾਰ ਚੀਨ ਦੀ ਇਹ ਸ਼ ?ਰੇਸ਼ਟਤਾ ਉਸ ਦੀਆਂ ਸੱਭਿਆਚਾਰਕ ਤੇ ਸਮਾਜਿਕ ਵਿਸ਼ੇਸ਼ਤਾਵਾਂ ਦਾ ਨਤੀਜਾ ਸੀ। ਉਸ ਦੇ ਕੋਲ ਕੁਦਰਤ ਦੇ ਨਿਯਮਾਂ ਬਾਰੇ ਬਿਹਤਰ ਸਮਝ ਤਾਂ ਹੈ ਹੀ ਸੀ, ਉਸ ਦੀਆਂ ਸਮਾਜਿਕ-ਆਰਥਿਕ ਸੰਸਥਾਵਾਂ ਦੀ ਬਣਤਰ ਵੀ ਪੱਛਮ ਤੋਂ ਉੱਚਤਮ ਸੀ।

16ਵੀਂ ਸਦੀ ਤੋਂ ਅੱਗੇ ਅਸੀਂ ਸਿੱਧੇ 20ਵੀਂ ਤੇ 21ਵੀਂ ਸਦੀ 'ਚ ਛਾਲ ਮਾਰੀਏ ਤਾਂ ਸਾਨੂੰ ਵਿਖਾਈ ਦਿੰਦਾ ਹੈ ਕਿ ਚੀਨੀ ਸ਼ਾਸਕਾਂ ਨੇ ਪਿਛਲੇ 75 ਸਾਲ 'ਚ ਆਪਣੀ ਵਿਸ਼ਾਲ ਆਬਾਦੀ ਨੂੰ 100 ਫ਼ੀਸਦੀ ਸਿੱਖਿਅਤ ਕਰਨ ਦੇ ਲਈ ਬਹੁਤ ਵੱਡੇ ਪੈਮਾਨੇ 'ਤੇ ਨਿਵੇਸ਼ ਕੀਤਾ ਹੈ। ਚੀਨ ਦੀ ਉੱਚ ਸਿੱਖਿਆ ਦੀ ਗੁਣਵੱਤਾ (ਕੁਆਲਿਟੀ) ਇਸ ਸਮੇਂ ਪੱਛਮ ਦੀ ਉੱਚ ਸਿੱਖਿਆ ਤੋਂ ਕਿਤੇ ਵੀ ਘੱਟ ਨਹੀਂ ਹੈ। ਗਿਆਨ ਦੇ ਜ਼ਿਆਦਾਤਰ ਖੇਤਰਾਂ 'ਚ ਚੀਨੀ ਭਾਸ਼ਾ 'ਚ ਲਿਖੇ ਗਏ ਖੋਜ-ਪੱਤਰ ਸਿਰਫ਼ ਗਿਣਤੀ 'ਚ ਹੀ ਸਭ ਤੋਂ ਜ਼ਿਆਦਾ ਨਹੀਂ, ਸਗੋਂ ਸਾਰੀ ਦੁਨੀਆ 'ਚ ਇਨ੍ਹਾਂ ਨੂੰ ਸਭ ਤੋਂ ਵਧੇਰੇ ਸਵੀਕਾਰ ਕੀਤਾ ਜਾਂਦਾ ਹੈ। ਆਸਟ੍ਰੇਲੀਅਨ ਸਟ੍ਰੈਟਜਿਕ ਪਾਲਿਸੀ ਇੰਸਟੀਚਿਊਟ ਮੁਤਾਬਿਕ ਚੀਨ 2019 ਤੋਂ 2023 ਦਰਮਿਆਨ ਪ੍ਰਮੁੱਖ 64 ਤਕਨੀਕਾਂ 'ਚੋਂ 57 'ਚ ਅਮਰੀਕਾ ਤੋਂ ਅੱਗੇ ਨਿਕਲ ਚੁੱਕਾ ਹੈ। ਹੁਣ ਜਦੋਂ ਕਿ ਟਰੰਪ ਨੇ ਅਮਰੀਕੀ ਖੋਜ ਫੰਡਾਂ 'ਚ ਕਟੌਤੀ ਕਰ ਦਿੱਤੀ ਹੈ ਤੇ ਉੱਥੇ ਗੈਰ-ਅਮਰੀਕੀ ਮੂਲ ਦੇ ਖੋਜਕਰਤਾਵਾਂ ਨੂੰ ਨੌਕਰੀਆਂ ਤੋਂ ਹਟਾਇਆ ਜਾ ਰਿਹਾ ਹੈ, ਤਾਂ ਇਸ ਨਾਲ ਹੁਣ ਚੀਨ ਜਲਦੀ ਹੀ ਬਾਕੀ ਤਕਨਾਲੋਜੀਆਂ 'ਚ ਵੀ ਅੱਗੇ ਨਿਕਲ ਜਾਵੇਗਾ। ਦੁਨੀਆ 'ਚ ਸਭ ਤੋਂ ਜ਼ਿਆਦਾ ਇੰਡਸਟਰੀਅਲ ਰੋਬੋਟ ਚੀਨ 'ਚ ਵਰਤੇ ਜਾ ਰਹੇ ਹਨ। ਚੀਨ ਕੁਆਂਟਿੰਗ ਕੰਪਿਊਟਿੰਗ, ਜੀਨ ਐਡੀਟਿੰਗ ਤੇ ਨਵੀਂ ਦਵਾਈ ਖੋਜਣ 'ਚ ਵੀ ਬਹੁਤ ਅੱਗੇ ਹੈ, ਪਿਛਲੇ ਸਾਲ ਦਸੰਬਰ 'ਚ ਚੀਨ ਨੇ ਐਂਟੀਮਨ, ਗੈਲੀਅਮ ਤੇ ਜਰਮੇਨਿਅਮ ਜਿਹੇ ਸੁਪਰਹਾਰਡ ਪਦਾਰਥਾਂ ਨੂੰ ਅਮਰੀਕਾ ਭੇਜਣ 'ਤੇ ਪਾਬੰਦੀ ਲਗਾ ਦਿੱਤੀ, ਤਾਂ ਜੋ ਅਮਰੀਕਾ ਨੂੰ ਉਨ੍ਹਾਂ ਦਾ ਲਾਭ ਨਾ ਮਿਲ ਸਕੇ। ਇਨ੍ਹਾਂ ਸੁਪਰਹਾਰਡ ਪਦਾਰਥਾਂ ਦੇ ਬਿਨਾਂ ਅਤਿ-ਆਧੁਨਿਕ ਚਿੱਪ ਤੇ ਮਸ਼ੀਨਾਂ ਨਹੀਂ ਬਣਾਈਆਂ ਜਾ ਸਕਦੀਆਂ। ਚੀਨ ਨੇ 80 ਦੇ ਦਹਾਕੇ 'ਚ ਹੀ ਤੈਅ ਕਰ ਲਿਆ ਸੀ ਕਿ ਉਹ ਵਿਦੇਸ਼ੀ ਪੂੰਜੀ ਤੇ ਉਦਯੋਗ ਲਈ ਆਪਣੇ ਦਰਵਾਜ਼ੇ ਤਾਂ ਹੀ ਖੋਲ੍ਹੇਗਾ ਜੇਕਰ ਉਸ ਨੂੰ (ਸੌਦੇ ਦੇ ਰੂਪ 'ਚ ਤਕਨੀਕ ਤੇ ਵਿਗਿਆਨ ਹਾਸਲ ਕਰਨ) 'ਚ ਠੋਸ ਫਾਇਦਾ ਹੋਵੇਗਾ। (ਜਦਕਿ ਭਾਰਤ ਅਜੇ ਤੱਕ ਰਾਫ਼ੇਲ ਬਣਾਉਣ ਵਾਲੀ ਫਰਾਂਸੀਸੀ ਕੰਪਨੀ ਤੋਂ ਇਸ ਹਵਾਈ ਜਹਾਜ਼ ਦਾ 'ਸੋਰਸ ਕੋਡ' ਤੱਕ ਹਾਸਲ ਨਹੀਂ ਕਰ ਸਕਿਆ) ਚੀਨ ਨੇ ਆਪਣੇ ਨਿੱਜੀ ਖੇਤਰ ਨੂੰ ਨਵੀਆਂ ਖੋਜਾਂ ਲਈ ਉਤਸ਼ਾਹਿਤ ਕੀਤਾ ਤੇ ਨਿਰਯਾਤ ਤੋਂ ਮਿਲਣ ਵਾਲੇ ਵਾਧੂ ਮੁਨਾਫ਼ੇ ਨੂੰ ਮੁੱਢਲੇ ਢਾਂਚੇ (ਇੰਫਰਾਸਟਰਕਚਰ) 'ਚ ਲਗਾਇਆ। ਇਸ ਤਰ੍ਹਾਂ ਉਸ ਨੇ ਉੱਚ, ਦਰਮਿਆਨੇ ਤੇ ਹੇਠਲੇ ਪੱਧਰ 'ਤੇ ਕਾਰਖਾਨਾ-ਨਿਰਮਾਣ 'ਚ ਇਕ ਜ਼ਬਰਦਸਤ ਕ੍ਰਾਂਤੀ ਲਿਆ ਦਿੱਤੀ। ਇਸ ਸਮੇਂ ਚੀਨ ਦੁਨੀਆ ਦੀ ਫੈਕਟਰੀ ਬਣ ਚੁੱਕਾ ਹੈ। ਚੀਨ ਕਿਸੇ ਨੂੰ ਪਸੰਦ ਹੋਵੇ ਜਾਂ ਨਾ, ਪਰ ਉਸ ਦੇ ਸਾਮਾਨ ਬਿਨਾਂ ਕਿਸੇ ਦਾ ਕੰਮ ਚੱਲਣ ਵਾਲਾ ਨਹੀਂ ਹੈ।

ਭਾਰਤ ਦੀ ਚੀਨ ਨਾਲ ਨਾਰਾਜ਼ਗੀ ਜਾਇਜ਼ ਹੈ। ਉਹ ਸਿਰਫ਼ ਪਾਕਿਸਤਾਨ ਨੂੰ ਫ਼ੌਜੀ ਮਦਦ ਹੀ ਨਹੀਂ ਦੇ ਰਿਹਾ, ਸਗੋਂ ਉਸ ਦੀ ਕੋਸ਼ਿਸ਼ ਹੈ ਕਿ ਏਸ਼ੀਆ-ਪ੍ਰਸ਼ਾਂਤ ਖੇਤਰ 'ਚ ਭਾਰਤ ਨੂੰ ਇਕ ਵੱਡੀ ਤਾਕਤ ਦੀ ਮਾਨਤਾ ਨਾ ਮਿਲ ਸਕੇ। ਉਹ ਅਹਿਮੀਅਤ ਦੇ ਲਿਹਾਜ਼ ਨਾਲ ਭਾਰਤ ਤੇ ਪਾਕਿਸਤਾਨ ਨੂੰ ਬਰਾਬਰ ਰੱਖ ਕੇ ਤੋਲ ਰਿਹਾ ਹੈ । ਇਸ ਨੂੰ ਅੰਗਰੇਜ਼ੀ 'ਚ ਕਿਹਾ ਜਾਂਦਾ ਹੈ ਕਿ ਉਹ ਭਾਰਤ ਨੂੰ ਪਾਕਿਸਤਾਨ ਦੇ ਨਾਲ 'ਹਾਈਫ਼ਨੇਟਿਡ' ਕਰਨਾ ਚਾਹੁੰਦਾ ਹੈ। ਸਪੱਸ਼ਟ ਹੈ ਕਿ ਦੁਨੀਆ ਦੇ ਮੰਚ 'ਤੇ ਭਾਰਤ ਨੂੰ ਚੀਨ ਨਾਲ ਭਿੜਨਾ ਹੋਵੇਗਾ। ਪਰ ਆਪਣੀ ਸਿੱਖਿਆ ਵਿਵਸਥਾ ਦੇ ਮੂੰਹ-ਮੁਹਾਂਦਰੇ ਨੂੰ ਦਰੁਸਤ ਕਰਨ, ਪੱਛਮ ਨਾਲ ਸੌਦਾ ਕਰਨ ਦੇ ਮਾਮਲੇ 'ਚ ਆਪਣੇ ਹਿੱਤ ਦਾ ਧਿਆਨ ਰੱਖਣ ਅਤੇ ਨਿੱਜੀ ਖੇਤਰ ਨੂੰ ਖੋਜ-ਵਿਕਾਸ 'ਚ ਲਗਾਉਣ ਦੇ ਮਾਮਲੇ 'ਚ ਉਸ ਨੂੰ ਚੀਨ ਤੋਂ ਸਿੱਖਣਾ ਪਵੇਗਾ। ਇਹ ਇਕ ਲੰਬੇ ਸਮੇਂ ਦਾ ਪ੍ਰੋਜੈਕਟ ਹੈ। ਚੀਨ ਦੀ ਮੌਜੂਦਾ ਸਫਲਤਾ ਪਿਛਲੇ 50 ਸਾਲਾਂ ਦੀਆਂ ਕੋਸ਼ਿਸ਼ਾਂ ਦਾ ਸਾਂਝਾ ਨਤੀਜਾ ਹੈ। ਜਿਸ ਤਰ੍ਹਾਂ ਚੀਨ ਨੇ ਆਪਣੀ ਵੱਡੀ ਆਬਾਦੀ ਨੂੰ ਇਕ ਮੌਕੇ 'ਚ ਬਦਲਿਆ ਹੈ, ਉਸੇ ਤਰ੍ਹਾਂ ਭਾਰਤ ਨੂੰ ਵੀ ਆਪਣੀ ਵੱਡੀ ਆਬਾਦੀ ਨੂੰ ਲਾਭ ਦੇ ਮੌਕੇ 'ਚ ਬਦਲਣਾ ਹੋਵੇਗਾ।

ਭਾਰਤ ਆਪਣੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ ਸਿਰਫ਼ 0.64 ਫ਼ੀਸਦੀ ਹੀ ਖੋਜ ਵਿਕਾਸ (ਰਿਸਰਚ-ਡਿਵੈਲਪਮੈਂਟ) 'ਤੇ ਖਰਚ ਕਰਦਾ ਹੈ। ਜਦਕਿ ਕੋਰੀਆ ਤੇ ਇਜ਼ਰਾਈਲ ਜਿਹੇ ਦੇਸ਼ ਇਸ ਖੇਤਰ 'ਤੇ ਆਪਣੇ ਜੀ.ਡੀ.ਪੀ. ਦਾ 5-5 ਫ਼ੀਸਦੀ ਖਰਚ ਕਰਦੇ ਹਨ। ਹਾਲ ਹੀ 'ਚ ਭਾਰਤ ਸਰਕਾਰ ਨੇ 1 ਲੱਖ ਕਰੋੜ ਰੁਪਏ ਇਸ ਖੇਤਰ 'ਚ ਖਰਚ ਕਰਨ ਦਾ ਐਲਾਨ ਕੀਤਾ ਹੈ। ਸਵਾਲ ਇਹ ਹੈ ਕਿ ਇੰਨੀ ਵੱਡੀ ਰਕਮ ਕਿਵੇਂ ਤੇ ਕਿੱਥੇ ਖਰਚ ਹੋਵੇਗੀ? ਭਾਰਤ ਨੇ ਆਪਣੇ ਪੁਲਾੜ ਤੇ ਪ੍ਰਮਾਣੂ ਪ੍ਰੋਗਰਾਮ ਦੇ ਲਈ ਕਿਫ਼ਾਇਤੀ ਲਾਗਤ 'ਤੇ ਖੋਜ-ਵਿਕਾਸ ਕਰਕੇ ਵਿਖਾਇਆ ਹੈ। ਉਸ ਦੇ ਕੋਲ ਬਹੁਤ ਵੱਡੀ ਗਿਣਤੀ 'ਚ 'ਗਲੋਬਲ ਕੈਪਿਸਟੀ ਸੈਂਟਰ' ਹਨ, ਜਿਨ੍ਹਾਂ 'ਚ ਦੁਨੀਆ ਦੀਆਂ ਵੱਡੀਆਂ-ਵੱਡੀਆਂ ਕੰਪਨੀਆਂ ਵਿਕਾਸ ਦੇ ਕੰਮਾਂ 'ਚ ਲੱਗੀਆਂ ਹੋਈਆਂ ਹਨ। ਭਾਰਤ ਆਪਣੇ ਇਸ ਮਾਡਲ ਨੂੰ ਦੂਸਰੇ ਖੇਤਰਾਂ 'ਚ ਵਰਤ ਸਕਦਾ ਹੈ।

Dosanjh Family
AUTO GROUP

Cadillac
CHEVROLET
INFINITI
KIA
NISSAN
BUICK
GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD